Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE# 00966763
CA DRE Lic.#01180969

All International Channels
MR IPTV
"Entertainment" is his middle name!
THE ULTIMATE IPTV SERVICES
*Live TV *4K Channels *Sports *Movies
*Documentaries *PPV *News
*Bollywood/Hollywood Movies
*Web Series *Music *Local Channels
ਆਈ ਪੀ ਟੀ ਵੀ ਲਾਓ ਅਤੇ ਆਪਣੇ ਪਸੰਦੀਦਾ ਪ੍ਰੋਗਰਾਮ ਘਰ ਬੈਠੇ ਦੇਖੋ!
CALL OR TEXT BOBBY: +1-909-278-7147

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 51; December 27, 2025 20451 N. Plum Grove Rd., Palatine, IL 60074 Ph:847-359-0746, Fax:847-705-9388

# 328 ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਕਰੇਗੀ ਐੱਸ.ਆਈ.ਟੀ.

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਤੋਂ ਗਾਇਬ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਹੁਣ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਕਰੇਗੀ। ਬੀਤੀ ਸੱਤ ਦਸੰਬਰ ਨੂੰ ਇਸ ਮਾਮਲੇ 'ਚ ਦਰਜ਼ ਐੱਫ.ਆਈ.ਆਰ. ਤੋਂ ਬਾਅਦ ਮਾਮਲੇ ਦੀ ਰਪੱਖ ਜਾਂਚ ਦੀ ਮੰਗ ਵਿਚਾਲੇ ਪੰਜਾਬ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਇਸ ਉੱਚ ਪੱਧਰੀ ਜਾਂਚ ਟੀਮ ਦਾ ਗਠਨ ਕੀਤਾ ਹੈ। ਐੱਸਆਈਟੀ 'ਚ ਏਆਈਜੀ (ਵਿਜੀਲੈਂਸ) ਐੱਸ.ਏ.ਐੱਸ. ਨਗਰ ਮੋਹਾਲੀ ਜਗਤਪ੍ਰੀਤਸਿੰਘ ਨੂੰ ਚੇਅਰਮੈਨ ਬਣਾਇਆ ਗਿਆ ਹੈ। ਟੀਮ 'ਚ ਅੰਮ੍ਰਿਤਸਰ, ਪਟਿਆਲਾ ਤੇ ਲੁਧਿਆਣਾ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਐੱਸਆਈਟੀ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਦੀ ਨਿਰਗਾਨੀ 'ਚ ਕੰਮ ਕਰੇਗੀ। ਜ਼ਰੂਰਤ ਪੈਣ 'ਤੇ ਹੋਰ ਅਧਿਕਾਰੀਆਂ ਨੂੰ ਵੀ ਜਾਂਚ 'ਚ ਸ਼ਾਮਲ ਕੀਤਾ ਜਾ ਸਕੇਗਾ। ਪੁਲਿਸ ਅਧਿਕਾਰੀਆਂ ਮੁਤਾਬਕ ਐੱਸਆਈਟੀ 328 ਸਰੂਪਾਂ ਦੀ ਸਾਂਭ ਸੰਭਾਲ, ਉਨ੍ਹਾਂ ਦੀ ਟ੍ਰਾਂਸਪੋਰਟੇਸ਼ਨ, ਰਿਕਾਰਡ ਤੇ ਜ਼ਿੰਮੇਵਾਰ ਅਧਿਕਾਰੀਆਂ ਦੀ ਭੂਮਿਕਾ ਦੀ ਡੂੰਘੀ ਜਾਂਚ ਕਰੇਗੀ। ਨਾਲ ਹੀ ਇਹ ਵੀ ਦੇਖਿਆ ਜਾਵੇਗਾ ਕਿ ਇਹ ਗੜਬੜੀ ਪ੍ਰਸ਼ਾਸਨਿਕ ਲਾਪਰਵਾਹੀ ਹੈ ਜਾਂ ਇਸ ਪਿੱਛੇ ਕੋਈ ਸੰਗਠਿਤ ਸਾਜ਼ਿਸ਼ ਹੈ।



ਜ਼ਿਕਰਯੋਗ ਹੈ ਕਿ 2015-16 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਕਾਸ਼ਨ ਵਿਭਾਗ ਦੇ 328 ਪਾਵਨ ਸਰੂਪ ਗਾਇਬ ਹੋਣ ਦੀ ਗੱਲ ਸਾਹਮਣੇ ਆਈ ਸੀ। ਇਸ ਤੋਂ ਬਾਅਦ ਸਿੱਖ ਭਾਈਚਾਰੇ 'ਚ ਵਿਵਾਦ ਖੜ੍ਹਾ ਹੋ ਗਿਆ ਸੀ। ਸਤਿਕਾਰ ਕਮੇਟੀ ਨੇ ਇਸ ਮਾਮਲੇ ਦੇ ਵਿਰੋਧ 'ਚ ਸ੍ਰੀ ਹਰਿਮੰਦਰ ਸਾਹਿਬ ਦੇ ਗਲਿਆਰੇ 'ਚ ਚਾਰ ਸਾਲ ਤੱਕ ਧਰਨਾ ਵੀ ਦਿੱਤਾ ਤੇ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਵੀ ਕੀਤੀ। ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਗਿਣਤੀ 'ਚ ਭਾਰੀ ਫ਼ਰਕ ਪਾਇਆ ਗਿਆ। ਰਜਿਸਟਰਾਂ 'ਚ ਦਰਜ ਗਿਣਤੀ ਤੇ ਮੌਕੇ 'ਤੇ ਮੌਜੂਦ ਸਰੂਪਾਂ ਦਾ ਮਿਲਾਣ ਕਰਨ 'ਤੇ 328 ਸਰੂਪ ਗਾਇਬ ਪਾਏ ਗਏ। ਜਾਂਚ 'ਚ ਨਾ ਤਾਂ ਉਨ੍ਹਾਂ ਦੇ ਸੁਰੱਖਿਅਤ ਟ੍ਰਾਂਸਪੋਰਟੇਸ਼ਨ ਦਾ ਕੋਈ ਸਪਸ਼ਟ ਰਿਕਾਰਡ ਮਿਲਿਆ ਤੇ ਨਾ ਹੀ ਇਹ ਪਤਾ ਲੱਗ ਸਕਿਆ ਕਿ ਇਹ ਸਰੂਪ ਕਿਸ ਦੇ ਨਿਰਦੇਸ਼ 'ਤੇ ਅਤੇ ਕਿੱਥੇ ਲਿਜਾਏ ਗਏ। ਹਾਲਾਂਕਿ ਮਾਮਲਾ ਉਜਾਗਰ ਹੋਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਐਡਵੋਕੇਟ ਈਸ਼ਰ ਸਿੰਘ ਦੀ ਅਗਵਾਈ ਹੇਠ ਜਾਂਚ ਕਮੇਟੀ ਗਠਿਤ ਕੀਤੀ। ਇਸ ਕਮੇਟੀ ਨੇ 16 ਵਿਅਕਤੀਆਂ ਨੂੰ ਜ਼ਿੰਮੇਵਾਰ ਦੱਸਿਆ। ਸ਼੍ਰੋਮਣੀ ਕਮੇਟੀ ਨੇ ਸਤੰਬਰ 2020 'ਚ ਵਿਭਾਗੀ ਕਾਰਵਾਈ ਕਰ ਦਿੱਤੀ ਸੀ। ਜਦਕਿ ਕੁਝ ਸਿੱਖ ਜਥੇਬੰਦੀਆਂ ਇਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕਰ ਰਹੀਆਂ ਸਨ। ਇਸ ਲਈ ਸਿੱਖ ਸਦਭਾਵਨਾ ਦਲ ਦੇ ਭਾਈ ਬਲਦੇਵ ਸਿੰਘ ਦੀ ਸ਼ਿਕਾਇਤ 'ਤੇ ਸੱਤ ਦਸੰਬਰ 2025 ਨੂੰ ਐੱਫਆਈਆਰ ਨੰਬਰ 168 ਦਰਜ ਕੀਤੀ ਗਈ। ਇਸ 'ਚ ਮਾਮਲੇ ਨਾਲ ਜੁੜੇ ਉਨ੍ਹਾਂ 16

(ਬਾਕੀ ਸਫ਼ਾ 6 'ਤੇ)

## ਐੱਸ.ਜੀ.ਪੀ.ਸੀ. ਨੇ ਪ੍ਰਗਟਾਈ ਤਿੱਖੀ ਪ੍ਰਤੀਕਿਰਿਆ

**ਅੰਮ੍ਰਿਤਸਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸਬੰਧਤ ਮਾਮਲੇ 'ਚ ਪੰਜਾਬ ਸਰਕਾਰ ਵੱਲੋਂ 'ਐੱਸਆਈਟੀ' ਗਠਿਤ ਕਰਨ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਸਰਕਾਰਾਂ ਵੱਲੋਂ ਧਰਮ ਅਤੇ ਧਾਰਮਿਕ ਸੰਸਥਾਵਾਂ ਦੇ ਅੰਦਰੂਨੀ ਪ੍ਰਬੰਧਕੀ ਮਾਮਲਿਆਂ ਵਿੱਚ ਦਖ਼ਲ ਦੇਣਾ ਨਾ ਸਿਰਫ਼ ਗੈਰ-ਜ਼ਰੂਰੀ ਹੈ, ਸਗੋਂ ਸਿੱਖ ਰਵਾਇਤਾਂ ਦੇ ਖ਼ਿਲਾਫ਼ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਸਿੱਧੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਮਾਮਲਿਆਂ ਨੂੰ ਸਿਆਸੀ ਲਾਹੇ ਲਈ ਉਛਾਲਣਾ ਕਿਸੇ ਵੀ ਤਰ੍ਹਾਂ ਕਬੂਲਯੋਗ ਨਹੀਂ। ਧਾਮੀ ਨੇ ਦੋਸ਼ ਲਗਾਇਆ ਕਿ ਪੰਜਾਬ ਦੀ ਮੌਜੂਦਾ ਸਰਕਾਰ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੀ ਹੈ।

# ਪੰਜਾਬ ਵਿਰੋਧੀ ਹਰ ਕੇਂਦਰੀ ਸਕੀਮ ਦਾ ਵਿਰੋਧ ਕਰਾਂਗੇ: ਮੁੱਖ ਮੰਤਰੀ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਹਰ ਉਸ ਸਕੀਮ ਦਾ ਵਿਰੋਧ ਕੀਤਾ ਜਾਵੇਗਾ ਜੋ ਪੰਜਾਬ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਉਂਦੀ ਹੋਵੇ। ਇਸੇ ਸੰਬੰਧ ਵਿਚ ਮਨਰੇਗਾ ਦੀ ਥਾਂ ਨਵੀਂ ਸਕੀਮ 'ਜੀ ਰਾਮ ਜੀ' ਦਾ ਵਿਰੋਧ ਕਰਨ ਲਈ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬਲਾਇਆ ਗਿਆ ਹੈ, ਜਿਸ ਵਿਚ ਸਾਰੀਆਂ ਧਿਰਾਂ ਨੂੰ ਬੋਲਣ ਦਾ ਮੌਕਾ ਦਿੱਤਾ ਜਾਵੇਗਾ ਅਤੇ ਭਾਜਪਾ ਮੈਂਬਰ ਵੀ ਆਪਣੀ ਗੱਲ ਰੱਖ ਸਕਣਗੇ। ਇਥੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਵਲੋਂ ਮਨਰੇਗਾ ਦਾ ਨਾਂਅ ਬਦਲਣ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਾਂਅ ਬਦਲਣ ਨਾਲ ਗ਼ਰੀਬਾਂ ਦਾ ਢਿੱਡ ਨਹੀਂ ਭਰਨਾ, ਪਰ ਦਿਹਾੜੀਦਾਰ ਮਜ਼ਦੂਰ ਸਿਰਫ਼ ਇਸ ਗੱਲ ਦੀ ਪਰਵਾਹ ਕਰਦੇ ਹਨ ਕਿ ਉਨ੍ਹਾਂ ਨੂੰ ਕੰਮ ਮਿਲਦਾ ਰਹੇ ਤਾਂ ਜੋ ਉਹ ਆਪਣੇ ਪਰਿਵਾਰ ਨੂੰ ਪਾਲ ਸਕਣ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਇਲਾਹਾਬਾਦ ਦਾ ਨਾਂਅ ਬਦਲ ਕੇ ਪ੍ਰਯਾਗਰਾਜ ਰੱਖਿਆ ਗਿਆ ਜਾਂ ਜਦੋਂ ਸਰਾਏ ਕਾਲੇ ਖਾਨ ਸਟੇਸ਼ਨ ਦਾ ਨਾਂਅ ਬਦਲ ਕੇ ਦੀਨ ਦਿਆਲ ਉਪਾਧਿਆਏ ਨਗਰ ਰੱਖਿਆ ਗਿਆ ਤਾਂ ਲੋਕਾਂ ਦੇ ਹਿਤ 'ਚ ਸ਼ਾਇਦ ਹੀ ਕੋਈ ਬਦਲਾਅ ਦੇਖਿਆ ਗਿਆ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਇਹ ਬੇਹੱਦ ਦੁੱਖ ਦੀ ਗੱਲ ਹੈ ਕਿ ਨਾਂਅ ਬਦਲਣ ਤੋਂ ਬਾਅਦ ਇਨ੍ਹਾਂ ਸ਼ਹਿਰਾਂ 'ਚ ਸਫ਼ਾਈ ਸੰਬੰਧੀ ਕੋਈ ਸੁਧਾਰ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਸ਼ਹਿਰਾਂ ਦੇ ਨਾਂਅ ਬਦਲਣ ਵਾਲਿਆਂ ਨੇ ਅਜੇ ਤੱਕ ਦੇਸ਼ ਦਾ ਨਾਂਅ ਨਹੀਂ ਬਦਲਿਆ। ਕਾਂਗਰਸ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਦੇ ਆਗੂ ਅਜੇ ਵੀ ਨਾਵਾਂ 'ਤੇ ਬਹਿਸ ਕਰਨ 'ਚ ਹੀ ਰੁੱਝੇ ਹੋਏ ਹਨ, ਜਦੋਂ ਕਿ ਸੂਬਾ ਸਰਕਾਰ ਦਾ ਧਿਆਨ ਅਸਲ ਕੰਮਾਂ ਅਤੇ ਮੁੱਦਿਆਂ ਵੱਲ ਹੈ।



ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਜਲਦ ਹੀ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ, ਜੋ 65 ਲੱਖ ਪਰਿਵਾਰਾਂ ਲਈ ਮਿਆਰੀ ਸਿਹਤ ਸੰਭਾਲ ਯਕੀਨੀ ਬਣਾਏਗੀ। ਉਨ੍ਹਾਂ ਕਿਹਾ ਕਿ ਇਸ ਯੋਜਨਾ ਰਾਹੀਂ ਲੋਕ ਸੂਬੇ ਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿਚ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਇਲਾਜ ਪ੍ਰਾਪਤ ਕਰ ਸਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਆਮ ਜਨਤਾ ਦੀ ਭਲਾਈ ਲਈ ਅਗਲੇ ਬਜਟ ਇਜਲਾਸ 'ਚ ਕਈ ਹੋਰ ਲੋਕ ਪੱਖੀ ਯੋਜਨਾਵਾਂ ਪੇਸ਼ ਕੀਤੀਆਂ ਜਾਣਗੀਆਂ। ਪੰਜਾਬ ਸਰਕਾਰ ਸਮਾਜ ਦੇ ਹਰ

(ਬਾਕੀ ਸਫ਼ਾ 6 'ਤੇ)

Sukhsimranjit Singh LLB, LLM, Ph.D
Mediator and Arbitrator, JAMS
ਸਿਵਲ, ਬਿਜ਼ਨਸ, ਪਰਿਵਾਰਕ, ਠੇਕੇ ਜਾਂ ਜਾਇਦਾਦ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਝਗੜੇ ਦੇ ਹੱਲ ਲਈ ਅਤੇ ਆਪਣੇ ਪੈਸੇ ਤੇ ਰਿਸ਼ਤਿਆਂ ਨੂੰ ਬਚਾਉਣ ਲਈ ਮੀਡੀਏਟਰ ਅਤੇ ਆਰਬੀਟਰੇਟਰ ਸੁਖਸਿਮਰਨਜੀਤ ਸਿੰਘ ਨਾਲ ਸੰਪਰਕ ਕਰੋ।
Do you have Civil, Business, Family, Contractual or Property Disputes?
Winner of SCMA Peacemaker Award, Dr. Singh is an internationally Acclaimed Mediator and Arbitrator.
Call: 503-910-8767
Case Manager: Julie McCool ,Email: jmccool@jamsadr.com
Mediation helps save money, completed within a day and save your relationship!
Four Locations: LOS ANGELES, SAN FRANCISCO, SACRAMENTO, VISALIA/ FRESNO, NEW YORK

Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

ਐਟਲਾਂਟਾ, ਜੌਰਜੀਆ ਵਿਚ ਘਰੇਲੂ ਕੰਮਾਂ ਲਈ ਹੈਲਪਰ ਦੀ ਲੋੜ ਹੈ।

ਵੱਡੀ ਉਮਰ ਦੇ ਜੋੜੇ ਲਈ ਪਾਰਟ-ਟਾਈਮ ਘਰੇਲੂ ਕੰਮਾਂ ਲਈ ਹੈਲਪਰ ਦੀ ਲੋੜ ਹੈ। ਪੰਜਾਬੀ ਖਾਣੇ ਬਣਾਉਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।
ਕੰਮ: *ਸ਼ਾਮ ਦਾ ਖਾਣਾ ਬਣਾਉਣਾ
* ਸਮੇਂ ਅਨੁਸਾਰ ਕਦੇ-ਕਦੇ ਹੋਰ ਛੋਟੇ ਮੋਟੇ ਕੰਮ ਕਰਨਾ।
ਮੁਫ਼ਤ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇਗਾ। ਮੁਫ਼ਤ ਰਹਿਣ ਦੀ ਵਿਵਸਥਾ ਸਿਰਫ਼ ਕੰਮ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਉਦੇਸ਼ ਲਈ ਹੈ ਅਤੇ ਇਸ ਨੂੰ ਮੁੱਖ ਨਿਵਾਸ ਨਹੀਂ ਮੰਨਿਆ ਜਾਵੇਗਾ (ਅਰਥਾਤ, ਇਹ ਸਹੂਲਤ ਤਦ ਤੱਕ ਹੀ ਉਪਲਬਧ ਹੈ ਜਦੋਂ ਤੱਕ ਤੁਸੀਂ ਲੋੜੀਂਦੀਆਂ ਸੇਵਾਵਾਂ ਕਰ ਰਹੇ ਹੋ)। ਚਾਹੋ ਤਾਂ ਫੈਮਲੀ ਮੈਂਬਰ ਵਾਂਗ ਰਹਿ ਸਕਦੇ ਹੋ।
ਆਨ ਲਾਈਨ ਕੰਮ ਕਰਨ ਵਾਲਿਆਂ ਲਈ ਇਹ ਵਧੀਆ ਮੌਕਾ ਹੈ। (ਉਦਾਹਰਨ ਵਜੋਂ H-1B ਵੀਜ਼ਾ ਰੱਖਣ ਵਾਲੇ) ਜਾਂ ਹੋਰ ਜੋ ਦਿਨ ਵਿਚ ਭਾਵੇਂ ਹੋਰ ਕੰਮ ਕਰਦੇ ਹੋਣ ਤੇ ਚੁਣੀਆਂ ਹੋਈਆਂ ਸ਼ਾਮਾਂ ਅਤੇ ਐਤਵਾਰ ਨੂੰ ਮਦਦ ਲਈ ਉਪਲਬਧ ਹੋਣ।

ਹੋਰ ਜਾਣਕਾਰੀ ਲਈ ਸੰਪਰਕ ਕਰੋ:
+1 678 794 1794

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਸਿੱਖ ਸਪੋਟਰਸ ਐਸੋਸੀਏਸ਼ਨ ਯੂ ਐਸ ਏ ਵੱਲੋਂ 17ਵੀਂ ਗੁਰੂ ਨਾਨਕ ਮੈਰਾਥਨ

**ਫਰੀਮਾਂਟ: (ਕਰਮਜੀਤ ਸ਼ਾਹੀ):** ਲੰਘੀ 20 ਦਸੰਬਰ ਦਿਨ ਸ਼ਨਿਚਰਵਾਰ ਨੂੰ ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ 17ਵੀਂ ਗੁਰੂ ਨਾਨਕ ਮੈਰਾਥਨ Quarry lake Fremont Ca ਵਿਖੇ ਕਰਵਾਈ ਗਈ ਜਿਸ ਵਿਚ 2ਮੀਲ, 5ਮੀਲ ਤੇ 12 ਮੀਲ ਦੀਆਂ ਦੌੜਾਂ ਕਰਵਾਈਆਂ ਗਈਆਂ। ਇਸ ਵਿਚ ਵੱਖ-ਵੱਖ ਉਮਰ ਤੇ ਧਰਮਾਂ ਦੇ ਤਕਰੀਬਨ 200 ਦੌੜਾਕਾਂ ਨੇ ਹਿੱਸਾ ਲਿਆ।




ਇਹ ਦੌੜ ਸਵੇਰੇ ਕਰੀਬ 9 ਵਜੇ ਅਰਦਾਸ ਨਾਲ ਸ਼ੁਰੂ ਕੀਤੀ ਗਈ ਤੇ ਤਕਰੀਬਨ 11 ਵਜੇ ਸਮਾਪਤ ਹੋਈ। ਬਾਅਦ ਵਿੱਚ ਪ੍ਰਬੰਧਕਾਂ ਵੱਲੋਂ ਜੇਤੂਆਂ ਨੂੰ ਇਨਾਮ ਵੰਡੇ ਗਏ ਅਤੇ ਸਾਰੇ ਛੋਟੀ ਉਮਰ ਦੇ ਬੱਚਿਆਂ ਨੂੰ ਗਿਫਟ ਕਾਰਡ ਵੰਡੇ ਗਏ ਤਾਂ ਜੋ ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕੀਤਾ ਜਾਵੇ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਾਰੇ ਮਹਿਮਾਨਾਂ ਵਾਸਤੇ ਵਧੀਆ ਖਾਣੇ ਦਾ ਪ੍ਰਬੰਧ ਕੀਤਾ ਗਿਆ। ਹੇਵਰਡ ਦੇ ਮਸ਼ਹੂਰ ਮੂਨ ਰੈਸਟੋਰੈਂਟ ਵੱਲੋਂ ਸਾਰਿਆਂ ਲਈ ਸਵੇਰੇ ਚਾਹ ਪਕੌੜੇ ,ਫਲ ਫਰੂਟ ਅਤੇ ਬਾਅਦ ਦੁਪਹਿਰ ਛੋਲੇ ਭਟੂਰਿਆਂ ਅਤੇ ਸੈਂਡਵਿਚ ਦਾ ਲੰਗਰ ਲਗਾਇਆ ਗਿਆ ਜਿਸ ਦਾ ਸਾਰੇ ਮਹਿਮਾਨਾਂ ਨੇ ਖੂਬ ਆਨੰਦ ਮਾਣਿਆ। ਪ੍ਰਬੰਧਕਾਂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਪਣੇ ਬੱਚਿਆਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨ ਅਤੇ ਹਰੇਕ ਸਾਲ ਇਸ ਮੈਰਾਥਨ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ।

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

FedEx Linehaul Contractor ਨੂੰ CDL Class A ਟਰੱਕ ਡਰਾਈਵਰਾਂ ਦੀ ਲੋੜ ਹੈ।

Immediate Openings - 0.72 cents to 0.75 cents per mile for Solo runs, 0.85 cents for Team runs!

We are hiring **experienced CDL Class A drivers** immediately for a **FedEx Linehaul contractor**.
This is a great opportunity for professional drivers looking for steady work and consistent routes.



**Requirements:**
* Valid **CDL Class A License**
* **Minimum 1 year of verifiable driving experience** (FedEx requirement)
* **Clean background check** *Clean driving record
* **Strong work ethic and reliability**
* **References required**

**What We Offer:**
**Competitive pay based on experience**
**Consistent routes,**
**Well-maintained equipment**
**Benefits**

**FedEx Linehaul Contractor needing driver at following locations:**
Hagerstown, MD (Night Solo runs), Lehigh PA (team runs) , Carlisle, PA (Night Solo runs)
* Mutechen NJ ( team runs) , * Scranton PA (Solo runs) , * Baltimore MD (Solo runs)

**Apply Today – Positions Available Immediately!**

Call or text: A Patel 678-576-9037 or AK at 936-777-5967
Email: lotushotelsgroup@gmail.com

TBF THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION Motorcycle vs. Truck Collision

$8 MILLION Wrongful Death

$5.25 MILLION Traumatic Brain Injury

$1.1 MILLION Burn Injury

$1.1 MILLION Pedestrian vs. Motor Vehicle Collision

*Past Performance Not a Guarantee of Future Results



WILLIAM E. WEISS Of Counsel

Offices in San Francisco and Union City

No Fees Unless Recovery for Your Injuries is Made

CONTACT US AT:


Phone: (510) 474-0028 • E-mail: info@thebainsfirm.com

www.thebainsfirm.com

Homeopathicvibes

Harminder Singh Gill

Homeopathic Consultant and Practitioner



D.H.M.S; B.C.I.H

(Ex Homeopathic Medical officer Punjab Govt.)

Now we have two locations:

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

Ph: (408) 737-7100

www.homeopathicvibes.com

We sell and ship homeopathic remedies through out North America.

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage

A Nationwide Lender

Over 2 Decades of experience providing high level servicing for new and experienced borrowers!

Residential and Commercial Loans

Available In Most States!

Special loan programs for:

- Jumbo Loans
- Self Employed and with a work permit
- Business loans with or without property

(734) 330-8859

balbir.grewal@sistarmortgage.com

balbirgrewal.sistarmortgage.com

https://www.nmlsconsumeraccess.org

# Matrimonials

## ਲੜਕੇ ਦੀ ਲੋੜ ਹੈ

Looking for a suitable match (Green Card/Citizen only) for Lubana Sikh girl 28, 5’5", Pharmacist, USA-based. Preference for boys in business, software Engineer or medical field. Please contact Gopi at: 219-209-8724 **or E-Mail: gopidilpal@gmail.com** with picture and complete bio-data.

## ਲੜਕੀ ਦੀ ਲੋੜ ਹੈ

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-10" ਲੜਕਾ ਕੇਸ਼ਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਲੜਕੇ ਦਾ ਪੂਰਾ ਪਰਿਵਾਰ ਯੂ ਐਸ ਗ੍ਰੀਨ ਕਾਰਡ ਹੋਲਡਰ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈਮੇਲ gillco1977@gmail.com

---

Jat/Sikh Family looking for a suitable match for threir U.S. Citizen 1994 born, Height 5’ 10" son. He has done Bachelor’s Degree in Information Systems and working as an IT analyst. We prefer a well educated girl lives in the US or Canada with good values, loving, and caring. Contact us at: 240-702-4375

51-3

---

Jat Sikh parents looking for a suitable match for their 28, 6’-0" , US-born son, clean-shaven, vegetarian, non-drinker. He is currently working in the IT field for a multinational with Bachelor’s of Science completed and resides in Chicago. Must be a U.S. Citizen or on H1B Visa with bachelors degree completed. Please contact Paul Singh at 1-224-545-1048

---

ਬ੍ਰਾਹਮਣ ਯੂ ਐਸ ਸਿਟੀਜ਼ਨ, ਉਮਰ 24 ਸਾਲ, ਕੱਦ 6 ਫੁਟ, 4 ਦਾ ਸਾਲ ਮੈਡੀਕਲ ਕੋਰਸ ਕਰਨ ਉਪਰੰਤ ਉਚੇਰੀ ਪੜ੍ਹਾਈ ਲਈ ਯੂਨਵਰਸਿਟੀ ਪੜ੍ਹ ਰਹੇ ਲੜਕੇ ਲਈ ਪੜ੍ਹੀ-ਲਿਖੀ ਸਿਟੀਜ਼ਨ ਲੜਕੀ ਦੀ ਲੋੜ ਹੈ, ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਮੈਡੀਕਲ ਲਾਈਨ ਵਿਚ ਹੋਵੇ ਤਾਂ ਪਰੈਫਰ ਕੀਤਾ ਜਾਏਗਾ। ਸੰਪਰਕ ਕਰੋ: ਫੋਨ 201-936-005 ਜਾਂ ਈਮੇਲ sanjeevkum@aol.com

---

Jatt, Gursikh family settled in the USA seeks an eligible Gursikh, educated, family-oriented bride from USA/Canada/India for their American-citizen son (born 1980), Gursikh, well-settled, divorced, working as an engineer in a top financial company. Please send the girl’s biodata and family details via: E-mail: Amrit.Naam.2022@gmail.com WhatsApp (USA): +1-480-906-5614

47-50

---

Ramgarhia Family seeks a suitable match for their USA Born and Raised 30 year 5’6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

## ‘ਹਿਸਟੋਰੀਕਲ ਸਿੱਖ ਸ਼ਰਾਈਨਜ਼’ ਕਿਤਾਬ ਖਰੀਦੋ

## HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ ‘ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ

### ਨਵਾਂ ਤੇ ਵੱਡਾ ਮਹਾਨ ਕੋਸ਼

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ।

**ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ ‘ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:**

**ਜਸਪ੍ਰੀਤ ਕੌਰ, ਫੋਨ: 224-422-4773**

## ਗਿ. ਹਰਪ੍ਰੀਤ ਸਿੰਘ ਦੇ ਅਸਤੀਫ਼ੇ ਬਾਰੇ ਖ਼ਬਰ ਨਿਰਮੂਲ ਤੇ ਝੂਠ: ਮਾਧੋਪੁਰ




**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਹਰਵੇਲ ਸਿੰਘ ਮਾਧੋਪੁਰ ਨੇ ਪ੍ਰੈੱਸ ਦੇ ਨਾਂਅ ਜਾਰੀ ਬਿਆਨ 'ਚ ਟੀ.ਵੀ. ਚੈਨਲਾਂ ਦੇ ਉਨ੍ਹਾਂ ਬਿਆਨਾਂ ਨੂੰ ਨਿਰਮੂਲ ਤੇ ਝੂਠਾ ਦੱਸਿਆ ਹੈ, ਜਿਨ੍ਹਾਂ ਦੁਆਰਾ ਪਾਰਟੀ ਦੇ ਕੌਮੀ ਪ੍ਰਧਾਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦੀ ਪੇਸ਼ਕਸ਼ ਕੀਤੇ ਜਾਣ ਬਾਰੇ ਅਫ਼ਵਾਹ ਫੈਲਾਈ ਜਾ ਰਹੀ ਹੈ। ਮਾਧੋਪੁਰ ਨੇ ਟੀ.ਵੀ. ਚੈਨਲਾਂ ਦੀ ਖ਼ਬਰ ਦਾ ਖੰਡਨ ਕਰਦਿਆਂ ਕਿਹਾ ਕਿ ਕੱਲ੍ਹ ਚੰਡੀਗੜ੍ਹ ਵਿਖੇ ਹੋਈ ਪਾਰਟੀ ਦੀ ਉਚ ਪੱਧਰੀ ਮੀਟਿੰਗ 'ਚ ਉਹ ਵੀ ਸ਼ਾਮਿਲ ਸਨ ਅਤੇ ਮੀਟਿੰਗ ਬੜੀ ਚੜ੍ਹਦੀ ਕਲਾ 'ਚ ਹੋਈ, ਸਾਰਿਆਂ ਤੋਂ ਪਾਰਟੀ ਨੂੰ ਮਜਬੂਤ ਕਰਨ ਲਈ ਸੁਝਾਅ ਲਏ ਗਏ ਅਤੇ ਸ਼ਹੀਦੀ ਪੰਦਰਵਾੜੇ ਤੋਂ ਬਾਅਦ ਜ਼ਿਲ੍ਹਿਆਂ 'ਚ ਜ਼ਿਲ੍ਹਾ ਕਾਨਫਰੰਸਾਂ ਕਰਨ ਦਾ ਫੈਸਲਾ ਲਿਆ ਗਿਆ। ਹਰਵੇਲ ਸਿੰਘ ਮਾਧੋਪੁਰ ਨੇ ਅਜਿਹੇ ਟੀ.ਵੀ. ਚੈਨਲਾਂ ਨੂੰ ਅਪੀਲ ਕੀਤੀ ਕਿ ਬਿਨਾ ਕਿਸੇ ਠੋਸ ਸਬੂਤ ਦੇ ਅਜਿਹੀਆਂ ਖਬਰਾਂ ਨਾ ਫੈਲਾਈਆਂ ਜਾਣ।

## ਸਿੱਖ ਨੌਜਵਾਨ ਨੇ ਕੈਨੇਡਾ ਅਦਾਲਤ ਨੂੰ ਕਾਨੂੰਨ ਬਦਲਣ ਲਈ ਕੀਤਾ ਮਜਬੂਰ



**ਐਡਮਿੰਟਨ:** ਪੰਜਾਬ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਵੜਿੰਗ ਨਾਲ ਸੰਬੰਧਿਤ ਪ੍ਰਭਜੋਤ ਨੇ ਆਪਣੇ ਸਿੱਖੀ ਸਿਦਕ ਲਈ ਮਾਣਯੋਗ ਸੁਪੀਰਮ ਕੋਰਟ ਨੂੰ ਫੈਸਲਾ ਬਦਲਣ ਲਈ ਮਜਬੂਰ ਕਰ ਦਿੱਤਾ ਜੋ ਸਦੀਆਂ ਤੋਂ ਚਲਦਾ ਆ ਰਿਹਾ ਸੀ। ਜ਼ਿਕਰਯੋਗ ਹੈ ਕਿ ਪ੍ਰਭਜੋਤ ਸਿੰਘ 1987 ਵਿਚ ਕੈਨੇਡਾ ਪੈਦਾ ਹੋਇਆ ਤੇ ਹੁਣ ਉਸ ਨੇ ਵਕੀਲ ਦੀ ਡਿਗਰੀ ਪ੍ਰਾਪਤ ਕੀਤੀ ਸੀ ਤੇ ਕੈਨੇਡਾ ਦੀ ਅਦਾਲਤ ਵਿਚ ਆਪਣੀ ਵਕਾਲਤ ਕਰਨ ਲਈ ਉਸ ਨੂੰ ਕਿੰਗ ਚਾਰਲਜ ਦੀ ਸਹੁੰ ਚੁੱਕਣੀ ਪੈਣੀ ਸੀ, ਜਿਸ ਦੀ ਉਸ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਉਹ ਗੁਰੂ ਗੋਬਿੰਦ ਸਿੰਘ ਦਾ ਸਿੱਖ ਹੈ। ਤੇ ਉਹ ਆਪਣੇ ਗੁਰੂ ਤੋਂ ਵੱਡਾ ਕਿਸੇ ਨੂੰ ਨਹੀਂ ਮੰਨ ਸਕਦਾ, ਉਹ ਵਕਾਲਤ ਨਹੀਂ ਕਰੇਗਾ, ਸਹੁੰ ਨਹੀਂ ਚੁੱਕੇਗਾ। ਉਸ ਨੇ ਆਪਣੇ ਹੱਕਾਂ ਲਈ ਹੇਠਲੀ ਅਦਾਲਤ ਵਿਚ ਅਪੀਲ ਪਾ ਦਿੱਤੀ, ਅਦਾਲਤ ਨੇ ਉਸ ਦੀ ਅਪੀਲ ਖਾਰਜ ਕਰ ਦਿੱਤੀ, ਤਾਂ ਉਸ ਨੇ ਮਾਣਯੋਗ ਸੁਪਰੀਮ ਕੋਰਟ ਕੈਨੇਡਾ ਵਿਚ ਆਪਣੀਆਂ ਦਲੀਲਾਂ ਨੂੰ ਰੱਖਿਆ, ਜਿਸ ਦੀ ਸੁਣਵਾਈ ਕਰਦੇ ਹੋਏ ਮਾਣਯੋਗ ਅਦਾਲਤ ਨੇ 1912 ਤੋਂ ਚਲਦਾ ਆ ਰਿਹਾ ਕਾਨੂੰਨ ਹੀ ਬਦਲ ਦਿੱਤਾ ਤੇ ਫੈਸਲਾ ਕੀਤਾ ਕਿ ਇਸ ਵਿਅਕਤੀ ਨਾਲ ਸਹਿਮਤ ਹੁੰਦਿਆਂ ਹੁਣ ਕਦੇ ਵੀ ਕਿਸੇ ਵਿਅਕਤੀ ਨੂੰ ਕਿਸੇ ਵੀ ਅਹੁਦੇ 'ਤੇ ਜਾਣ ਲਈ ਰਾਜੇ ਦੀ ਸਹੁੰ ਦੀ ਜ਼ਰੂਰਤ ਨਹੀਂ ਹੈ। ਮਾਣਯੋਗ ਅਦਾਲਤ ਦੇ ਇਸ ਫੈਸਲੇ ਨਾਲ ਜਿੱਥੇ ਇਸ ਸਿੱਖ ਪਰਿਵਾਰ ਨੂੰ ਵੱਡੀ ਰਾਹਤ ਤੇ ਜਿੱਤ ਪ੍ਰਾਪਤ ਹੋਈ ਹੈ, ਉੱਥੇ ਹੋਰਨਾਂ ਲੋਕਾਂ ਨੂੰ ਵੀ ਵੱਡੀ ਰਾਹਤ ਮਿਲੀ ਹੈ, ਜਿਸ ਦੀ ਪੂਰੇ ਮੁਲਕ ਵਿਚ ਚਰਚਾ ਹੋ ਰਹੀ ਹੈ।

## ਐਪਸਟੀਨ ਦਸਤਾਵੇਜ਼ਾਂ 'ਚੋਂ ਟਰੰਪ ਦੀ ਤਸਵੀਰ ਸਮੇਤ 16 ਫਾਈਲਾਂ ਗਾਇਬ



**ਨਿਊਯਾਰਕ:** ਅਮਰੀਕੀ ਨਿਆਂ ਵਿਭਾਗ ਵੱਲੋਂ ਹਾਲ ਹੀ ਵਿਚ ਜਾਰੀ ਕੀਤੇ ਗਏ ਜੈਫਰੀ ਐਪਸਟੀਨ ਨਾਲ ਸੰਬੰਧਿਤ ਦਸਤਾਵੇਜ਼ਾਂ 'ਚੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਕ ਫੋਟੋ ਸਮੇਤ ਘੱਟੋ-ਘੱਟ 16 ਫਾਈਲਾਂ ਅਚਾਨਕ ਗਾਇਬ ਹੋ ਗਈਆਂ ਹਨ।

ਡੈਮੋਕ੍ਰੇਟਸ ਨੇ ਨਿਆਂ ਵਿਭਾਗ 'ਤੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ਨੇ ਜੈਫਰੀ ਐਪਸਟੀਨ ਨਾਲ ਸੰਬੰਧਿਤ ਹਾਲ ਹੀ 'ਚ ਜਾਰੀ ਕੀਤੇ ਗਏ ਦਸਤਾਵੇਜ਼ਾਂ 'ਚੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਕ ਫੋਟੋ ਹਟਾ ਦਿੱਤੀ ਹੈ।

ਇਸ ਫੋਟੋ ਨੂੰ ਫਾਈਲ ਨੰਬਰ 468 ਨੰਬਰ ਦਿੱਤਾ ਗਿਆ ਸੀ ਤੇ ਇਸ ਵਿਚ ਟਰੰਪ ਨੂੰ ਇਕ ਔਰਤ ਨਾਲ ਦਿਖਾਇਆ ਗਿਆ ਸੀ। ਇਸ ਤੋਂ ਇਲਾਵਾ, ਘੱਟੋ-ਘੱਟ 16 ਫਾਈਲਾਂ ਨਿਆਂ ਵਿਭਾਗ ਦੀ ਵੈਬਸਾਈਟ ਤੋਂ ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਗਾਇਬ ਹੋ ਗਈਆਂ ਹਨ।

ਹਾਊਸ ਓਵਰਸਾਈਟ ਕਮੇਟੀ ਦੇ ਡੈਮੋਕ੍ਰੇਟਸ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ ਕਿ ਐਪਸਟਾਈਨ ਫਾਈਲਾਂ ਦੀ ਫਾਈਲ 468, ਜੋ ਡੋਨਾਲਡ ਟਰੰਪ ਨੂੰ ਦਰਸਾਉਂਦੀ ਹੈ, ਨੂੰ ਹੁਣ ਨਿਆਂ ਵਿਭਾਗ ਦੀ ਰਿਲੀਜ਼ ਤੋਂ ਹਟਾ ਦਿੱਤਾ ਗਿਆ ਹੈ। ਫਾਈਲਾਂ ਦੇ ਅਚਾਨਕ ਗਾਇਬ ਹੋਣ ਨੇ ਸਵਾਲ ਖੜ੍ਹੇ ਕੀਤੇ ਹਨ ਕਿ ਮਹੱਤਵਪੂਰਨ ਜਾਣਕਾਰੀ ਨੂੰ ਰੋਕਿਆ ਜਾ ਰਿਹਾ ਹੈ ਤੇ ਸਰਕਾਰ ਨੇ ਇਸ ਬਾਰੇ ਜਨਤਾ ਨੂੰ ਕਿਉਂ ਨਹੀਂ ਦੱਸਿਆ। ਹਾਊਸ ਓਵਰਸਾਈਟ ਕਮੇਟੀ ਦੇ ਡੈਮੋਕਰੇਟਸ ਨੇ ਫੋਟੋ ਦੇ ਗਾਇਬ ਹੋਣ 'ਤੇ ਚਿੰਤਾ ਪ੍ਰਗਟ ਕੀਤੀ ਹੈ ਤੇ ਵਧੇਰੇ ਪਾਰਦਰਸ਼ਤਾ ਦੀ ਮੰਗ ਕੀਤੀ ਹੈ।

## ਕੈਨੇਡਾ ਦੀ ਆਬਾਦੀ ਘਟੀ




**ਐਬਟਸਫੋਰਡ:** ਕੈਨੇਡਾ ਦੀ ਆਬਾਦੀ ਜੁਲਾਈ ਤੋਂ ਅਕਤੂਬਰ ਦਰਮਿਆਨ 76,068 ਘਟ ਗਈ ਹੈ, ਜੋ ਕਿ ਮੁੱਖ ਤੌਰ 'ਤੇ ਇਮੀਗ੍ਰੇਸ਼ਨ 'ਤੇ ਲਗਾਈਆਂ ਗਈਆਂ ਪਾਬੰਦੀਆਂ ਕਾਰਨ ਹੋਇਆ ਹੈ। ਫੈਡਰਲ ਅੰਕੜਾ ਏਜੰਸੀ ਅਨੁਸਾਰ ਇਹ ਘਟਾਅ ਜ਼ਿਆਦਾਤਰ ਗੈਰ-ਸਥਾਈ ਨਿਵਾਸੀਆਂ ਦੀ ਗਿਣਤੀ ਘਟਣ ਕਾਰਨ ਹੋਇਆ ਹੈ। ਇਹ ਉਸ ਤੋਂ ਬਾਅਦ ਆਇਆ ਹੈ ਜਦੋਂ ਓਟਾਵਾ ਨੇ 2027 ਤੱਕ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ 41.6 ਮਿਲੀਅਨ ਦੀ ਕੁੱਲ ਆਬਾਦੀ ਦੇ 5 ਫੀਸਦੀ ਤੱਕ ਸੀਮਤ ਕਰਨ ਦਾ ਨਿਸ਼ਾਨਾ ਨਿਰਧਾਰਤ ਕੀਤਾ। ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੇਸ਼ ਵਿਚ ਹੋਰ ਪ੍ਰਵਾਸੀਆਂ ਨੂੰ ਆਕਰਸ਼ਿਤ ਕਰਨ ਲਈ ਕੋਸ਼ਿਸ਼ਾਂ ਕੀਤੀਆਂ। ਹਾਲਾਂਕਿ, ਨਵੇਂ ਆਏ ਲੋਕਾਂ ਦੀਗਿਣਤੀ ਵਧਣ ਨੂੰ ਰਿਹਾਇਸ਼ ਦੀ ਲਾਗਤ 'ਤੇ ਦਬਾਅ, ਸਮਾਜਿਕ ਸੇਵਾਵਾਂ 'ਤੇ ਬੋਝ ਅਤੇ ਨੌਜਵਾਨਾਂ 'ਚ ਬੇਰੁਜ਼ਗਾਰੀ ਦੀ ਦਰ ਵਧਣ ਲਈ ਦੋਸ਼ੀ ਠਹਿਰਾਇਆ ਗਿਆ। ਪਿਛਲੇ ਸਾਲ ਟਰੂਡੋ ਨੇ ਆਬਾਦੀ ਵਾਧੇ ਨੂੰ ਅਸਥਾਈ ਤੌਰ 'ਤੇ ਰੋਕਣ ਲਈ ਕੈਨੇਡਾ ਵਿਚ ਦਾਖ਼ਲ ਹੋਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ ਵੱਡੀ ਕਟੌਤੀ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀ ਇਸੇ ਰਾਹ 'ਤੇ ਅੱਗੇ ਵਧਦੇ ਹੋਏ, ਓਟਾਵਾ ਵਲੋਂ ਨਵੇਂ ਅਸਥਾਈ ਨਿਵਾਸੀਆਂ ਲਈ ਨਿਸ਼ਾਨੇ ਵਿਚ ਵੱਡੀ ਕਟੌਤੀ ਕਰਨ ਦੀ ਯੋਜਨਾ ਜਾਰੀ ਰੱਖੀ ਹੈ। ਸ਼ੁਰੂਆਤੀ ਅੰਕੜਿਆਂ ਅਨੁਸਾਰ 2025 ਦੀ ਤੀਜੀ ਤਿਮਾਹੀ 'ਚ ਦੇਸ਼ ਦੀ ਆਬਾਦੀ 0.2 ਫੀਸਦੀ ਘਟ ਗਈ। ਜੋ ਕਿ 2020 ਵਿਚ ਕੋਵਿਡ ਮਹਾਮਾਰੀ ਤੋਂ ਬਾਅਦ ਪਹਿਲੀ ਵਾਰ ਹੋਇਆ।

## ਦੱਖਣੀ ਅਫ਼ਰੀਕਾ ਵਿਚ ਗੋਲੀਬਾਰੀ 'ਚ 9 ਮੌਤਾਂ, 10 ਜ਼ਖ਼ਮੀ

**ਜੋਹਾਨਸਬਰਗ:** ਦੱਖਣੀ ਅਫ਼ਰੀਕਾ ਦੇ ਜੋਹਾਨਸਬਰਗ ਦੇ ਪੱਛਮੀ ਹਿੱਸੇ 'ਚ ਅੰਨ੍ਹੇਵਾਹ ਗੋਲੀਬਾਰੀ ਦੀ ਇਕ ਘਟਨਾ 'ਚ ਤਿੰਨ ਬੱਚਿਆਂ ਸਮੇਤ 9 ਦੀ ਮੌਤ ਹੋ ਗਈ ਹੈ ਤੇ 10 ਹੋਰ ਜ਼ਖਮੀ ਹੋ ਗਏ ਹਨ। ਪੁਲਿਸ ਦੇ ਅਨੁਸਾਰ, ਹਮਲਾਵਰ ਅਪਰਾਧ ਕਰਨ ਤੋਂ ਬਾਅਦ ਮੌਕੇ ਤੋਂ ਭੱਜ ਗਏ ਸਨ। ਤੇ ਅਜੇ ਤੱਕ ਕੋਈ ਗ੍ਰਿਫ਼ਤਾਰੀ



ਨਹੀਂ ਹੋਈ ਹੈ। ਹਮਲੇ ਦੇ ਪਿੱਛੇ ਦਾ ਉਦੇਸ਼ ਫਿਲਹਾਲ ਸਪੱਸ਼ਟ ਨਹੀਂ ਹੈ। ਗੌਟੇਂਗ ਪ੍ਰਾਂਤ ਪੁਲਿਸ ਦੇ ਬੁਲਾਰੇ ਬ੍ਰਿਗੇਡੀਅਰ ਬ੍ਰੇਡਾ ਮੁਰੀਡਿਲੀ ਨੇ ਕਿਹਾ ਕਿ ਹਮਲਾਵਰਾਂ ਦੀ ਪਛਾਣ ਬਾਰੇ ਅਜੇ ਤੱਕ ਕੋਈ ਠੋਸ ਜਾਣਕਾਰੀ ਨਹੀਂ ਹੈ। ਜ਼ਖਮੀਆਂ ਨੂੰ ਇਲਾਜ ਲਈ ਨੇੜਲੇ ਹਸਪਤਾਲਾਂ 'ਚ ਦਾਖਲ ਕਰਵਾਇਆ ਗਿਆ ਹੈ। ਸ਼ੁਰੂਆਤੀ ਰਿਪੋਰਟਾਂ ਦੇ ਅਨੁਸਾਰ, ਗੋਲੀਬਾਰੀ ਇਕ ਸ਼ਰਾਬ ਬਾਰ ਦੇ ਨੇੜੇ ਹੋਈ ਜਿੱਥੇ ਗੈਰ-ਕਾਨੂੰਨੀ ਸ਼ਰਾਬ ਵੇਚੀ ਜਾ ਰਹੀ ਸੀ। ਇਹ ਖੇਤਰ ਦੱਖਣੀ ਅਫ਼ਰੀਕਾ ਦੀਆਂ ਕੁਝ ਸਭ ਤੋਂ ਵੱਡੀਆਂ ਸੋਨੇ ਦੀਆਂ ਖਾਣਾਂ ਦੇ ਨੇੜੇ ਦੱਸਿਆ ਜਾਂਦਾ ਹੈ।

## 'ਜੀ ਰਾਮ ਜੀ' ਬਣਿਆ ਕਾਨੂੰਨ

### ਰਾਸ਼ਟਰਪਤੀ ਨੇ ਦਿੱਤੀ ਮਨਜ਼ੂਰੀ

**ਨਵੀਂ ਦਿੱਲੀ:** ਪੇਂਡੂ ਵਿਕਾਸ ਮੰਤਰਾਲੇ ਨੇ ਕਿਹਾ ਕਿ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਐਤਵਾਰ ਨੂੰ ਵਿਕਸਿਤ ਭਾਰਤ ਗਰੰਟੀ ਰੁਜ਼ਗਾਰ ਅਤੇ ਅਜੀਵਿਕਾ ਮਿਸ਼ਨ (ਗ੍ਰਾਮੀਣ) (ਵੀ.ਬੀ.-ਜੀ ਰਾਮ ਜੀ) ਬਿੱਲ ਨੂੰ ਆਪਣੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਇਹ ਬਿੱਲ ਹੁਣ ਕਾਨੂੰਨ ਬਣ ਗਿਆ ਹੈ। 'ਵੀ.ਬੀ.-ਜੀ ਰਾਮ ਜੀ ਬਿੱਲ, 2025 ਨੂੰ ਵਿਰੋਧੀ ਧਿਰ ਦੇ ਜ਼ਬਰਦਸਤ ਵਿਰੋਧ ਦੇ ਵਿਚਕਾਰ ਸੰਸਦ ਵਲੋਂ ਬੀਤੇ ਦਿਨੀਂ ਪਾਸ ਕੀਤਾ ਗਿਆ ਸੀ।ਇਹ ਮੌਜੂਦਾ ਪੇਂਡੂ ਰੁਜ਼ਗਾਰ ਕਾਨੂੰਨ ਮਨਰੇਗਾ ਨੂੰ ਦੀ ਥਾਂ ਲਵੇਗਾ ਅਤੇ ਪ੍ਰਤੀ ਵਿੱਤੀ ਸਾਲ ਪ੍ਰਤੀ ਪੇਂਡੂ ਪਰਿਵਾਰ ਨੂੰ 125 ਦਿਨਾਂ ਦੀ ਮਜ਼ਦੂਰੀ ਰੁਜ਼ਗਾਰ ਦੀ ਗਰੰਟੀ ਦਿੰਦਾ ਹੈ। ਸਰਕਾਰ ਅਨੁਸਾਰ ਨਵੀਂ ਯੋਜਨਾ ਦਾ ਉਦੇਸ਼ 'ਵਿਕਸਿਤ ਭਾਰਤ 2047' ਦੇ ਰਾਸ਼ਟਰੀ ਦ੍ਰਿਸ਼ਟੀਕੋਣ ਨਾਲ ਜੁੜੇ ਇਕ ਪੇਂਡੂ ਵਿਕਾਸ ਢਾਂਚੇ ਨੂੰ ਸਥਾਪਤ ਕਰਨਾ ਹੈ।

## ਅਦਾਕਾਰਾ ਨੋਰਾ ਫਤੇਹੀ ਕਾਰ ਹਾਦਸੇ ਦੀ ਸ਼ਿਕਾਰ



**ਮੁੰਬਈ:** ਪੱਛਮੀ ਉਪਨਗਰ 'ਚ ਇਕ ਕਾਰ ਦੇ ਉਸਦੀ ਗੱਡੀ ਨਾਲ ਟਕਰਾਉਣ ਕਾਰਨ ਬਾਲੀਵੁੱਡ ਅਦਾਕਾਰਾ ਨੋਰਾ ਫਤੇਹੀ ਨੂੰ ਮਾਮੂਲੀ ਸੱਟ ਲੱਗੀ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਪੁਲਿਸ ਨੇ ਵਿਨੈ ਸਕਪਾਲ (27) ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸਦੀ ਕਾਰ ਨੇ ਉਪਨਗਰੀ ਅੰਬੋਲੀ ਦੇ ਲਿੰਕ ਰੋਡ 'ਤੇ ਅਦਾਕਾਰਾ ਦੀ ਗੱਡੀ ਨੂੰ ਟੱਕਰ ਮਾਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਹਾਦਸੇ ਸਮੇਂ ਉਸ 'ਤੇ ਸ਼ਰਾਬ ਦੇ ਨਸ਼ੇ 'ਚ ਹੋਣ ਦਾ ਸ਼ੱਕ ਸੀ। ਫਤੇਹੀ ਇਕ ਨਿਰਧਾਰਤ ਪੇਸ਼ਕਾਰੀ ਲਈ ਸਨਬਰਨ ਸੰਗੀਤ ਉਤਸਵ 'ਚ ਜਾ ਰਹੀ ਸੀ। ਸੂਤਰਾਂ ਨੇ ਦੱਸਿਆ ਕਿ ਡਾਕਟਰੀ ਜਾਂਚ ਤੋਂ ਬਾਅਦ, ਉਹ ਦੱਖਣੀ ਮੁੰਬਈ 'ਚ ਤਿਉਹਾਰ 'ਚ ਸ਼ਾਮਿਲ ਹੋਈ।

## ਅਮਰੀਕੀ ਸ਼ਹਿਰ ਦੇ 1 ਲੱਖ ਤੋਂ ਵੱਧ ਘਰ ਬਿਜਲੀ ਤੋਂ ਹੋਏ ਵਾਂਝੇ



**ਸਾਨ ਫਰਾਂਸਿਸਕੋ:** ਅਮਰੀਕੀ ਤਕਨੀਕੀ ਕੇਂਦਰ ਸਾਨ ਫਰਾਂਸਿਸਕੋ ਸ਼ਨੀਵਾਰ ਨੂੰ ਹਨੇਰੇ 'ਚ ਡੁੱਬ ਗਿਆ, ਜਿਸ ਨਾਲ ਲਗਭਗ 130,000 ਘਰ ਬਿਜਲੀ ਤੋਂ ਬਿਨਾਂ ਰਹਿ ਗਏ। ਇਸ ਦੇ ਨਤੀਜੇ ਵਜੋਂ ਪੂਰੇ ਸ਼ਹਿਰ 'ਚ ਭਾਰੀ ਬਲੈਕਆਊਟ ਹੋ ਗਿਆ । ਬਲੈਕਆਊਟ ਨੇ ਸੈਨ ਫਰਾਂਸਿਸਕੋ ਦੇ ਕਾਰੋਬਾਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਪੈਸੀਫਿਕ ਗੈਸ ਐਂਡ ਇਲੈਕਟ੍ਰਿਕ ਕੰਪਨੀ ਦੇ ਲਗਭਗ ਇਕ ਤਿਹਾਈ ਗਾਹਕ ਪ੍ਰਭਾਵਿਤ ਹੋਏ। ਇਹ ਆਊਟੇਜ ਨਾਲ ਸ਼ਹਿਰ ਦੇ ਲਗਭਗ 15,000 ਰਿਹਾਇਸ਼ੀ ਤੇ ਵਪਾਰਕ ਗਾਹਕ ਬਿਜਲੀ ਤੋਂ ਬਿਨਾਂ ਰਹਿ ਗਏ।

# ਕਲਮ, ਸੰਵੇਦਨਾ ਅਤੇ ਪਰਵਾਸ: ਹਰਕੀਰਤ ਕੌਰ ਚਹਿਲ ਨਾਲ 'ਸਿਰਜਣਾ ਦੇ ਆਰ-ਪਾਰ'

ਬਰੈਂਪਟਨ: ਅੰਤਰਰਾਸ਼ਟਰੀ ਪੰਜਾਬੀ ਸਾਹਿਤ ਨੂੰ ਜੋੜਨ ਅਤੇ ਸਰਹੱਦਾਂ ਤੋਂ ਪਾਰ ਸਾਂਝੀ ਸਿਰਜਣਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਅੰਤਰਰਾਸ਼ਟਰੀ ਸਾਹਿਤਿਕ ਸਾਂਝਾਂ, ਬਰੈਂਪਟਨ (ਕੈਨੇਡਾ) ਵੱਲੋਂ ਮਹੀਨਾਵਾਰ ਵਿਸ਼ੇਸ਼ ਸਾਹਿਤਕ ਪ੍ਰੋਗਰਾਮ 'ਸਿਰਜਣਾ ਦੇ ਆਰ-ਪਾਰ' ਦਾ ਔਨਲਾਈਨ ਆਯੋਜਨ 22 ਦਸੰਬਰ ਸੋਮਵਾਰ ਨੂੰ ਕੀਤਾ ਗਿਆ। ਇਹ ਪ੍ਰੋਗਰਾਮ ਸੰਸਥਾ ਦੀ ਸੰਸਥਾਪਕ ਤੇ ਪ੍ਰਬੰਧਕ ਰਮਿੰਦਰ ਰੰਮੀ ਦੇ ਵਿਸ਼ੇਸ਼ ਯਤਨਾਂ ਅਤੇ ਸਾਹਿਤ ਪ੍ਰਤੀ ਸਮਰਪਿਤ ਦ੍ਰਿਸ਼ਟੀ ਦਾ ਨਤੀਜਾ ਸੀ। ਪ੍ਰੋਗਰਾਮ ਦੇ ਆਰੰਭ ਵਿਚ ਡਾ. ਸਰਬਜੀਤ ਕੌਰ ਸੋਹਲ 'ਚੇਅਰਪਰਸਨ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ' ਨੇ ਹਰਕੀਰਤ ਕੌਰ ਚਹਿਲ ਨੂੰ ਨਿੱਘੀ ਜੀ ਆਇਆਂ ਆਖਦਿਆਂ ਉਨ੍ਹਾਂ ਨੂੰ ਸਾਹਿਤ ਪ੍ਰਤੀ ਸਮਰਪਿਤ ਸ਼ਖਸੀਅਤ ਦੱਸਿਆ ਅਤੇ ਹਰਕੀਰਤ ਕੌਰ ਚਹਿਲ ਜੀ ਬਾਰੇ ਆਪਣੇ ਨਿੱਜੀ ਅਨੁਭਵ ਸਾਂਝੇ ਕਰਦਿਆਂ ਉਨ੍ਹਾਂ ਨੂੰ ਪ੍ਰੌੜ ਗਲਪੀ ਲੇਖਿਕਾ ਦੇ ਤੌਰ 'ਤੇ ਵਿਸ਼ੇਸ਼ ਹਸਤਾਖ਼ਰ ਦੱਸਿਆ। ਉਨ੍ਹਾਂ ਦੀਆਂ ਰਚਨਾਵਾਂ ਦੇ ਸਮਾਜਿਕ ਸਰੋਕਾਰਾਂ ਦੀ ਗੱਲ ਕੀਤੀ। ਉਪਰੰਤ ਰਮਿੰਦਰ ਰੰਮੀ ਨੇ ਵੀ ਹਰਕੀਰਤ ਚਹਿਲ ਜੀ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਦੀਆਂ ਲਿਖਤਾਂ ਨੂੰ ਪੰਜਾਬੀ ਸਾਹਿਤ ਦਾ ਮਾਣ ਦੱਸਿਆ।

ਇਸ ਸਾਹਿਤਕ ਸੰਵਾਦ ਦੀ ਮੁੱਖ ਮਹਿਮਾਨ ਹਰਕੀਰਤ ਕੌਰ ਚਹਿਲ ਸਨ, ਜਿਨ੍ਹਾਂ ਦੀ ਲਿਖਤ ਨੇ ਨਾਵਲ, ਕਹਾਣੀ, ਯਾਤਰਾ-ਬਿਰਤਾਂਤ ਅਤੇ ਆਤਮਕਥਾ ਦੇ ਰਾਹੀਂ ਪੰਜਾਬੀ ਸਾਹਿਤ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਜ਼ਬੂਤ ਪਛਾਣ ਦਿਵਾਈ ਹੈ।

ਪ੍ਰੋਗਰਾਮ ਨੂੰ ਪ੍ਰੋ ਕੁਲਜੀਤ ਕੌਰ ਨੇ ਮਾਡਰੇਟਰ ਦੇ ਤੌਰ 'ਤੇ ਸੰਵਾਦ ਨੂੰ ਸੁਚੱਜੇ, ਸੰਵੇਦਨਸ਼ੀਲ ਅਤੇ ਵਿਦਵਾਨਾ ਢੰਗ ਨਾਲ ਅੱਗੇ ਵਧਾਇਆ।

ਮੁੱਖ ਮਹਿਮਾਨ ਹਰਕੀਰਤ ਕੌਰ ਚਹਿਲ ਨੇ ਆਪਣੇ ਜੀਵਨ, ਸਿੱਖਿਆ ਅਤੇ ਸਾਹਿਤਕ ਯਾਤਰਾ ਨਾਲ ਜੁੜੇ ਅਨੇਕਾਂ ਮਹੱਤਵਪੂਰਨ ਪੱਖ ਸਾਂਝੇ ਕੀਤੇ। ਬੀ.ਐਸ.ਸੀ. ਐਗਰੀਕਲਚਰ ਵਰਗੀ ਵਿਗਿਆਨਕ ਅਤੇ ਸਿੱਖਿਆਤਮਕ ਪਿਠਭੂਮੀ ਹੋਣ ਦੇ ਬਾਵਜੂਦ, ਉਨ੍ਹਾਂ ਦੀ ਕਲਮ ਸੰਵੇਦਨਾ, ਮਨੁੱਖੀ ਰਿਸ਼ਤਿਆਂ ਅਤੇ ਸਮਾਜਕ ਹਕੀਕਤਾਂ ਨੂੰ ਗਹਿਰਾਈ ਨਾਲ ਛੂੰਹਦੀ ਹੈ। ਅਧਿਆਪਕਾ ਅਤੇ



ਪ੍ਰੋ: ਕੁਲਜੀਤ ਕੌਰ ਮਾਡਰੇਟਰ



ਹਰਕੀਰਤ ਕੌਰ ਚਹਿਲ



ਰਮਿੰਦਰ ਰੰਮੀ

ਸਕੂਲ ਪ੍ਰਿੰਸੀਪਲ ਦੇ ਤਜਰਬੇ ਨੇ ਉਨ੍ਹਾਂ ਦੀ ਲਿਖਤ ਨੂੰ ਅਨੁਸ਼ਾਸਨ, ਨਿਰੀਖਣ ਅਤੇ ਮਨੋਵਿਗਿਆਨਕ ਸਮਝ ਪ੍ਰਦਾਨ ਕੀਤੀ—ਇਹ ਗੱਲ ਸੰਵਾਦ ਦੌਰਾਨ ਸਪਸ਼ਟ ਰੂਪ ਵਿਚ ਉਭਰੀ।

ਨਾਵਲ ਅਤੇ ਪਰਵਾਸੀ ਅਨੁਭਵ

ਉਨ੍ਹਾਂ ਦੇ ਪ੍ਰਸਿੱਧ ਨਾਵਲ 'ਆਦਮ ਗ੍ਰਹਿਣ, 'ਚੰਨਣ ਰੁੱਖ' ਅਤੇ 'ਚਿਰਾਗਾਂ ਵਾਲੀ ਰਾਤ' ਬਾਰੇ ਗੱਲਬਾਤ ਕਰਦਿਆਂ ਇਹ ਸਪਸ਼ਟ ਹੋਇਆ ਕਿ ਉਨ੍ਹਾਂ ਦੀ ਸਿਰਜਣਾ ਮਨੁੱਖੀ ਅਸਤਿਤਵ, ਪਰਵਾਸੀ ਪੀੜਾ, ਯਾਦਾਂ ਅਤੇ ਪਛਾਣ ਦੇ ਸਵਾਲਾਂ ਨਾਲ ਗਹਿਰਾਈ ਨਾਲ ਜੁੜੀ ਹੋਈ ਹੈ। ਪਰਦੇਸ ਵਿਚ ਰਹਿ ਕੇ ਵੀ ਪੰਜਾਬ ਦੀ ਮਿੱਟੀ, ਸੰਸਕਾਰ ਅਤੇ ਬੋਲੀ ਉਨ੍ਹਾਂ ਦੀ ਲਿਖਤ ਵਿਚ ਧੜਕਦੀ ਰਹੀ। ਸੰਵਾਦ ਦਾ ਇੱਕ ਮਹੱਤਵਪੂਰਨ ਪੱਖ ਲੇਖਿਕਾ ਦੀਆਂ ਰਚਨਾਵਾਂ ਦੇ ਸ਼ਾਹਮੁਖੀ, ਹਿੰਦੀ, ਅੰਗਰੇਜ਼ੀ ਅਤੇ ਸਿੰਧੀ ਵਿਚ ਹੋਏ ਅਨੁਵਾਦ ਸਨ।

ਖ਼ਾਸ ਤੌਰ 'ਤੇ 'ਆਦਮ ਗ੍ਰਹਿਣ ਦੇ ਕਈ ਭਾਸ਼ਾਵਾਂ ਵਿਚ ਅਨੁਵਾਦ ਅਤੇ ਪਾਕਿਸਤਾਨ ਵਿਚ ਪ੍ਰਕਾਸ਼ਨ ਨੇ ਪੰਜਾਬੀ ਸਾਹਿਤ ਦੀ ਸਾਂਝੀ ਵਿਰਾਸਤ ਨੂੰ ਹੋਰ ਮਜ਼ਬੂਤ ਕੀਤਾ। ਲੇਖਿਕਾ ਨੇ ਅਨੁਵਾਦ ਨੂੰ ਸਿਰਫ਼ ਭਾਸ਼ਾਈ ਨਹੀਂ, ਸਗੋਂ ਸੱਭਿਆਚਾਰਕ ਪੁਲ ਵਜੋਂ ਵੇਖਣ ਦੀ ਗੱਲ ਕਹੀ।

ਯਾਤਰਾ-ਬਿਰਤਾਂਤਾਂ 'ਲੱਠੇ ਲੋਕ ਲਾਹੌਰ ਦੇ' ਅਤੇ 'ਰਾਵੇ ਦੇਸ ਹੋਏ ਪਰਦੇਸ' ਰਾਹੀਂ ਲੇਖਿਕਾ ਨੇ ਸਫ਼ਰ ਨੂੰ ਸਿਰਫ਼ ਥਾਂਵਾਂ ਨਹੀਂ, ਸਗੋਂ ਲੋਕਾਂ, ਸਭਿਆਚਾਰ ਅਤੇ ਇਤਿਹਾਸ ਨਾਲ ਜੋੜਿਆ। ਆਤਮਕਥਾ 'ਇੰਜ ਪਰਦੇਸੀ ਹੋਏ' ਨੇ ਲੇਖਿਕਾ ਦੀ ਅੰਦਰੂਨੀ ਯਾਤਰਾ ਨੂੰ ਬਹੁਤ ਸਚਾਈ ਅਤੇ ਹਿੰਮਤ ਨਾਲ ਪੇਸ਼ ਕੀਤਾ। ਉਨ੍ਹਾਂ ਨੂੰ ਮਿਲੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਇਨਾਮ—ਜਿਵੇਂ ਢਾਹਾਂ ਇੰਟਰਨੈਸ਼ਨਲ, ਵਾਰਿਸ ਸ਼ਾਹ ਇੰਟਰਨੈਸ਼ਨਲ ਅਵਾਰਡ ਲਾਹੌਰ, ਆਤਮ ਰਾਹੀ ਅਵਾਰਡ, ਦਿਲ ਦਰਿਆ ਅਵਾਰਡ ਪਾਕਿਸਤਾਨ, ਪੰਜਾਬ ਦੀ ਧੀ ਸੁਰਜੀਤ ਕੌਰ ਮਾਂਜੀ ਪੁਰਸਕਾਰ ਆਦਿ—ਬਾਰੇ ਗੱਲਬਾਤ ਦੌਰਾਨ ਇਹ ਸਪਸ਼ਟ ਹੋਇਆ ਕਿ ਇਨਾਮ ਉਨ੍ਹਾਂ ਲਈ ਮੰਜ਼ਿਲ ਨਹੀਂ, ਸਗੋਂ ਜ਼ਿੰਮੇਵਾਰੀ ਹਨ। ਵਰਨਣਯੋਗ ਹੈ ਕਿ ਹਰਕੀਰਤ ਕੌਰ ਚਹਿਲ ਨੇ ਆਪਣੀਆਂ ਗਲਪ ਰਚਨਾਵਾਂ ਪਰੀਆਂ ਸੰਗ ਪਰਵਾਜ਼, ਤੇਰੇ ਬਾਝੋਂ, ਥੋਹਰਾਂ ਦੇ ਫੁੱਲ, ਤੇਰੇ ਨਾਲ ਮੁਹੱਬਤ ਡਾਢੀ, ਆਦਮ ਗ੍ਰਹਿਣ, ਚੰਨਣ ਰੁੱਖ, ਪੱਤਣ ਉਡੀਕਣ ਬੇੜੀਆਂ, ਚਿਰਾਗਾਂ ਵਾਲੀ ਰਾਤ ਅਤੇ ਸਫ਼ਰਨਾਮਾ ਵੱਡੇ ਲੋਕ ਲਾਹੌਰ ਦੇ, ਪਰੀਆਂ ਤੇ ਪਰਵਾਸ, ਰਾਵੀ ਦੇਸ਼ ਹੋਇਆ ਪਰਦੇਸ ਅਤੇ ਆਤਮ ਕਥਾ ਇੰਜ ਪਰਦੇਸਣ ਹੋਈ ਨਾਲ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਪਛਾਣ ਬਣਾਈ ਹੈ। ਪ੍ਰੋਗਰਾਮ ਵਿਚ ਪਾਕਿਸਤਾਨ ਤੋਂ ਸ਼ਾਮਲ ਹੋਏ ਮੁਦੱਸਰ ਬਸ਼ੀਰ ਜੀ ਨੇ ਹਰਕੀਰਤ ਚਹਿਲ ਦੀਆਂ ਰਚਨਾਵਾਂ ਨੂੰ ਹੱਦਾਂ-ਸਰਹੱਦਾਂ ਤੋਂ ਪਾਰ ਮਾਨਵ ਹਿਤੈਸ਼ੀ ਦੱਸਿਆ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਅਹੁਦੇਦਾਰ ਸ੍ਰ. ਮਲੂਕ ਸਿੰਘ ਕਾਹਲੋਂ ਨੇ ਵੀ ਪ੍ਰੋਗਰਾਮ ਬਾਰੇ ਵਿਸ਼ੇਸ਼ ਟਿੱਪਣੀਆਂ ਕੀਤੀਆਂ। ਇਸ ਪ੍ਰੋਗਰਾਮ ਨੂੰ ਸਮੇਟਦਿਆਂ ਪ੍ਰਸਿੱਧ ਪੰਜਾਬੀ ਲੇਖਿਕਾ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਸਰਪ੍ਰਸਤ ਸੁਰਜੀਤ ਟੋਰਾਂਟੋ ਨੇ ਹਰਕੀਰਤ ਚਹਿਲ ਦੀਆਂ ਲਿਖਤਾਂ ਨੂੰ ਪ੍ਰਵਾਸੀ ਲੇਖਕਾਂ ਵਿਚੋਂ ਮੋਹਰਲੀ ਕਤਾਰ ਦੀਆਂ ਲਿਖਤਾਂ ਦੱਸਿਆ। ਉਨ੍ਹਾਂ ਚਹਿਲ ਨੂੰ ਸ਼ਬਦਾਂ ਨੂੰ ਸਮਰਪਿਤ ਸ਼ਖਸੀਅਤ ਦੱਸਿਆ ਜੋ ਪੂਰੀ ਸ਼ਿੱਦਤ ਨਾਲ ਆਪਣੇ ਕਿਰਦਾਰਾਂ ਨਾਲ ਸਾਂਝ ਪਾ ਕੇ ਗਲਪ ਰਚਨਾ ਕਰਦੀ ਹੈ। ਇਸ ਤੋਂ ਇਲਾਵਾ ਡਾ. ਪੁਸ਼ਵਿੰਦਰ, ਡਾ. ਅਮਰ ਜੋਤੀ ਮਾਂਗਟ, ਅਵਤਾਰ ਜੀਤ, ਹਰਮੀਤ ਵਿਦਿਆਰਥੀ, ਗੁਰਚਰਨ ਸਿੰਘ ਜੋਗੀ, ਸਤਬੀਰ ਸਿੰਘ ਆਦਿ ਨੇ ਆਪਣੇ ਵਿਚਾਰ ਦੱਸੇ। ਰਿੰਟੂ ਭਾਟੀਆ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਨੇ ਵੀ ਹਰਕੀਰਤ ਚਹਿਲ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਵਧੀਆ ਲੇਖਿਕਾ ਹੋਣ ਦੇ ਨਾਲ ਨਾਲ ਵਧੀਆ ਇਨਸਾਨ ਦੱਸਿਆ। ਦੇਸ਼ ਵਿਦੇਸ਼ ਤੋਂ ਬਹੁਤ ਨਾਮਵਰ ਅਦਬੀ ਸ਼ਖ਼ਸੀਅਤਾਂ ਨੇ ਇਸ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ।

'ਸਿਰਜਣਾ ਦੇ ਆਰ-ਪਾਰ' ਪ੍ਰੋਗਰਾਮ ਦਾ ਇਹ ਕੇਵਲ ਸੰਵਾਦ ਨਹੀਂ, ਸਗੋਂ ਪੰਜਾਬੀ ਸਾਹਿਤ ਦੀ ਅੰਤਰਰਾਸ਼ਟਰੀ ਸਾਂਝ, ਨਾਰੀ ਅਵਾਜ਼ ਅਤੇ ਸੰਵੇਦਨਸ਼ੀਲ ਕਲਮ ਦਾ ਇੱਕ ਜੀਂਦਾ-ਜਾਗਦਾ ਸਬੂਤ ਸੀ। ਮਾਡਰੇਟਰ ਦੇ ਤੌਰ 'ਤੇ ਪ੍ਰੋ ਕੁਲਜੀਤ ਕੌਰ ਵੱਲੋਂ ਕੀਤੀ ਗਈ ਸੰਵੇਦਨਸ਼ੀਲ ਅਤੇ ਸੁਚੱਜੀ ਅਗਵਾਈ ਨੇ ਸੰਵਾਦ ਨੂੰ ਗਹਿਰਾਈ ਪ੍ਰਧਾਨ ਕੀਤੀ।

ਇਹ ਪ੍ਰੋਗਰਾਮ ਨਿਸ਼ਚਿਤ ਹੀ ਪੰਜਾਬੀ ਸਾਹਿਤ ਦੇ ਆਗਾਮੀ ਦੌਰ ਲਈ ਇੱਕ ਪ੍ਰੇਰਕ ਅਤੇ ਯਾਦਗਾਰ ਕਦਮ ਸਾਬਤ ਹੋਇਆ। ਇਸ ਮੌਕੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦਾ ਈ ਮੈਗਜ਼ੀਨ ਨਵੰਬਰ-ਦਸੰਬਰ ਅੰਕ, ਜਿਸ ਦੀ ਸੰਪਾਦਨਾ ਰਮਿੰਦਰ ਰਮੀ ਕਰਦੇ ਹਨ ਉਹ ਰਿਲੀਜ਼ ਕੀਤਾ ਗਿਆ। ਪ੍ਰੋਗਰਾਮ ਵਿਚ ਡਾ. ਸਰਬਜੀਤ ਕੌਰ ਸੋਹਲ ਨੇ ਸਾਹਿਤ ਅਕਾਦਮੀ ਵਿਚ ਬੇਲੋੜੀ ਸਰਕਾਰੀ ਦਖ਼ਲ-ਅੰਦਾਜ਼ੀ ਪ੍ਰਤੀ ਚਿੰਤਾ ਪ੍ਰਗਟ ਕਰਦਿਆਂ ਇਸ ਦੀ ਨਿੰਦਿਆ ਕੀਤੀ।

ਰਮਿੰਦਰ ਰੰਮੀ ਨੇ ਹਰਕੀਰਤ ਕੌਰ ਚਹਿਲ ਨੂੰ ਢਾਹਾਂ ਅਵਾਰਡ ਮਿਲਣ ਦੀ ਸਮੂਹ ਮੈਂਬਰਜ਼ ਵੱਲੋਂ ਮੁਬਾਰਕਬਾਦ ਦਿੱਤੀ।

ਰਮਿੰਦਰ ਰੰਮੀ ਨੇ ਕਿਹਾ ਕਿ ਪ੍ਰੋ. ਕੁਲਜੀਤ ਕੌਰ ਜੀ 'ਸਿਰਜਨਾ ਦੇ ਆਰ ਪਾਰ' ਵਿਚ ਬਹੁਤ ਹੀ ਸਹਿਜਤਾ ਵਿਚ ਪ੍ਰੋਗਰਾਮ ਕਰਦੇ ਹਨ, ਉਨ੍ਹਾਂ ਦੇ ਬਹੁਤ ਸਾਰੇ ਪ੍ਰਸ਼ੰਸਕਾਂ ਨੂੰ ਵੀ 'ਸਿਰਜਨਾ ਦੇ ਆਰ ਪਾਰ' ਪ੍ਰੋਗਰਾਮ ਦਾ ਇੰਤਜ਼ਾਰ ਰਹਿੰਦਾ ਹੈ।

ਅੰਤ ਵਿਚ ਰਮਿੰਦਰ ਰੰਮੀ ਨੇ ਆਏ ਹੋਏ ਸਾਰੇ ਦਰਸ਼ਕਾਂ ਦਾ ਮੁੱਖ ਮਹਿਮਾਨ ਦਾ ਧੰਨਵਾਦ ਕਰਦਿਆਂ ਕਿਹਾ: 'ਤੁਸੀਂ ਘਰ ਅਸਾਡੇ ਆਏ ਅਸੀਂ ਫੁੱਲੇ ਨਾ ਸਮਾਏ।'

***-ਰਮਿੰਦਰ ਰੰਮੀ (ਫ਼ਾਊਂਡਰ ਤੇ ਪ੍ਰਬੰਧਕ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ)***

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਸੁਖਪ੍ਰੀਤ ਬੱਡੋਂ ਦੀ ਪੁਸਤਕ 'ਯਾਰ ਰਬਾਬੀ' ਲੋਕ ਅਰਪਣ

**ਸਰੀ:** ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਵੱਲੋਂ ਪਿਛਲੇ ਦਿਨੀਂ ਸੀਨੀਅਰ ਸਿਟੀਜ਼ਨ ਸੈਂਟਰ, ਸਰੀ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਚਾਰ ਸਾਹਿਬਜ਼ਾਦਿਆਂ ਅਤੇ



ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਰਿਹਾ। ਇਸ ਵਿਚ ਸੁਖਪ੍ਰੀਤ ਬੱਡੋਂ ਦੀ ਨਵੀਂ ਪੁਸਤਕ 'ਯਾਰ ਰਬਾਬੀ' ਲੋਕ ਅਰਪਣ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਲੇਖਿਕਾ ਸੁਖਪ੍ਰੀਤ ਬੱਡੋਂ, ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਅਤੇ ਡਾ. ਰਾਜਿੰਦਰ ਪਾਲ ਸਿੰਘ ਬਰਾੜ ਨੇ ਕੀਤੀ।

ਸਮਾਗਮ ਦੀ ਸ਼ੁਰੂਆਤ ਸ਼ੋਕ ਮਤੇ ਨਾਲ ਹੋਈ, ਜਿਸ ਦੌਰਾਨ ਪੰਜਾਬ ਦੇ ਜੰਮਪਲ ਅਤੇ ਉਰਦੂ ਸ਼ਾਇਰੀ ਨਾਲ ਡੂੰਘੀ ਸਾਂਝ ਰੱਖਣ ਵਾਲੇ ਪ੍ਰਸਿੱਧ ਬੌਲੀਵੁਡ ਅਭਿਨੇਤਾ ਧਰਮਿੰਦਰ ਸਿੰਘ ਦਿਓਲ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਸਭਾ ਦੇ ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ ਨੇ ਧਾਰਮਿਕ ਗੀਤ ਗਾ ਕੇ ਸਮਾਗਮ ਨੂੰ ਰੂਹਾਨੀ ਮਾਹੌਲ ਪ੍ਰਦਾਨ ਕੀਤਾ।

ਇਸ ਮੌਕੇ ਲੇਖਿਕਾ ਸੁਖਪ੍ਰੀਤ ਬੱਡੋਂ ਦੀ ਨਵੀਂ ਪੁਸਤਕ 'ਯਾਰ ਰਬਾਬੀ' ਨੂੰ ਵਿਦਵਾਨਾਂ, ਲੇਖਕਾਂ ਅਤੇ ਸਰੋਤਿਆਂ ਦੀ ਭਰਪੂਰ ਹਾਜ਼ਰੀ ਵਿਚ ਲੋਕ ਅਰਪਣ ਕੀਤਾ ਗਿਆ। ਪੁਸਤਕ ਉੱਪਰ ਵਿਚਾਰ ਪੇਸ਼ ਕਰਦਿਆਂ ਪ੍ਰਿਤਪਾਲ ਗਿੱਲ, ਪ੍ਰੋ. ਹਰਿੰਦਰ ਕੌਰ ਸੋਹੀ, ਜਸਬੀਰ ਮਾਨ, ਆਰਟਿਸਟ ਕਿਕੂ, ਅਜਮੇਰ ਰੋਡੇ, ਡਾ. ਪ੍ਰਿਥੀਪਾਲ ਸਿੰਘ ਸੋਹੀ, ਬਲਦੇਵ ਸਿੰਘ ਬਾਠ, ਡਾ. ਚਰਨਜੀਤ ਕੌਰ ਅਤੇ ਬਿੰਦੂ ਮਠਾਰੂ ਨੇ ਪਰਚੇ ਪੜ੍ਹੇ ਅਤੇ ਰਚਨਾ ਦੇ ਵਿਸ਼ੇ, ਸੰਰਚਨਾ ਅਤੇ ਸਮਕਾਲੀ ਮਹੱਤਤਾ ਉੱਤੇ ਚਾਨਣਾ ਪਾਇਆ। ਕਵਿੰਦਰ ਚਾਂਦ, ਡਾ. ਰਾਜਿੰਦਰ ਪਾਲ ਸਿੰਘ ਬਰਾੜ ਅਤੇ ਚਰਨਜੀਤ ਕੌਰ ਬਰਾੜ ਨੇ ਵੀ ਵਿਚਾਰ ਪ੍ਰਗਟ ਕੀਤੇ। ਪੁਸਤਕ ਲੋਕ ਅਰਪਣ ਉਪਰੰਤ ਲੇਖਿਕਾ ਸੁਖਪ੍ਰੀਤ ਬੱਡੋਂ ਨੇ ਆਪਣੀ ਪੁਸਤਕ ਦੀ ਰਚਨਾਤਮਕ ਯਾਤਰਾ ਅਤੇ ਮਕਸਦ ਬਾਰੇ ਮੁੱਢਲੀ ਜਾਣਕਾਰੀ ਦਿੱਤੀ। ਇਸ ਦੌਰਾਨ ਪ੍ਰੋ. ਕਸ਼ਮੀਰਾ ਸਿੰਘ ਨੇ 'ਮਹਾਨ ਸਿਕੰਦਰ ਅਤੇ ਪੰਜਾਬ' ਵਿਸ਼ੇ 'ਤੇ ਇਤਿਹਾਸਕ ਪਰਿਪੇਖ ਵਿਚ ਵਿਚਾਰ ਸਾਂਝੇ ਕੀਤੇ।

ਸਮਾਗਮ ਦੇ ਅਗਲੇ ਪੜਾਅ ਵਿਚ ਕਰਵਾਏ ਕਵੀ ਦਰਬਾਰ ਵਿਚ ਸਭਾ ਦੇ ਮੈਂਬਰਾਂ, ਸਥਾਨਕ ਅਤੇ ਮਹਿਮਾਨ ਕਵੀਆਂ-ਕਵਿਤਰੀਆਂ ਵੱਲੋਂ ਗੀਤ, ਗ਼ਜ਼ਲਾਂ ਅਤੇ ਕਵਿਤਾਵਾਂ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਕੀਤੀ ਗਈ। ਕਵੀ ਦਰਬਾਰ ਵਿਚ ਪਲਵਿੰਦਰ ਸਿੰਘ ਰੰਧਾਵਾ, ਸੁਰਜੀਤ ਸਿੰਘ ਗਿੱਲ, ਗੁਰਦਰਸ਼ਨ ਸਿੰਘ ਮਠਾਰੂ, ਅਮਰੀਕ ਪਲਾਹੀ, ਹਰਚੰਦ ਸਿੰਘ ਗਿੱਲ, ਮਨਜੀਤ ਮੱਲ੍ਹਾ, ਇੰਦਰਜੀਤ ਸਿੰਘ ਧਾਮੀ, ਬਿੱਕਰ ਸਿੰਘ ਖੋਸਾ, ਰਾਜਵੰਤ ਰਾਜ, ਬਲਬੀਰ ਕੌਰ ਢਿੱਲੋਂ, ਪ੍ਰੋ. ਹਰਿੰਦਰ ਕੌਰ ਸੋਹੀ, ਦਰਸ਼ਨ ਸੰਘਾ, ਕਵਿੰਦਰ ਚਾਂਦ, ਬਲਦੇਵ ਬਾਠ, ਪ੍ਰੀਤ ਪਾਲ ਪੂੰਨੀ, ਬਿੰਦੂ ਮਠਾਰੂ, ਅਜਮੇਰ ਰੋਡੇ, ਹਰਸ਼ਰਨ ਸਿੰਘ ਸਿੱਧੂ, ਚਰਨਜੀਤ ਕੌਰ, ਡਾ. ਰਾਜਿੰਦਰ ਪਾਲ ਸਿੰਘ ਬਰਾੜ, ਸੁਰਿੰਦਰ ਸਿੰਘ ਭਲਵਾਨ, ਆਰਟਿਸਟ ਕਿਕੂ ਅਤੇ ਨਰਿੰਦਰ ਬਾਹੀਆ ਨੇ ਰਚਨਾਵਾਂ ਪੇਸ਼ ਕੀਤੀਆਂ।

ਸਮਾਗਮ ਵਿਚ ਵੱਡੀ ਗਿਣਤੀ 'ਚ ਸਾਹਿਤ ਪ੍ਰੇਮੀ ਵੀ ਮੌਜੂਦ ਸਨ। ਅੰਤ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਲੇਖਿਕਾ ਸੁਖਪ੍ਰੀਤ ਬੱਡੋਂ, ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਅਤੇ ਜਸਬੀਰ ਸਿੰਘ ਭਲੂਰੀਆ ਨੂੰ ਸਨਮਾਨਿਤ ਕੀਤਾ ਗਿਆ। ਲੇਖਿਕਾ ਅਤੇ ਉਸ ਦੇ ਪਰਿਵਾਰ ਵੱਲੋਂ ਸੀਨੀਅਰ ਸਿਟੀਜ਼ਨ ਸੈਂਟਰ ਦੇ ਅਹੁਦੇਦਾਰਾਂ ਨੂੰ ਪੁਸਤਕਾਂ ਭੇਟ ਕੀਤੀਆਂ ਗਈਆਂ। ਅਖੀਰ ਵਿਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਾਰੇ ਲੇਖਕਾਂ, ਕਵੀਆਂ, ਵਿਦਵਾਨਾਂ, ਸਰੋਤਿਆਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਸਮਾਗਮ ਦਾ ਸੰਚਾਲਨ ਪਲਵਿੰਦਰ ਸਿੰਘ ਰੰਧਾਵਾ ਨੇ ਬਾਖ਼ੂਬੀ ਕੀਤਾ।

***-ਹਰਦਮ ਮਾਨ***

# 'ਜੀ ਰਾਮ ਜੀ ਨੂੰ ਲੈ ਕੇ ਪੰਜਾਬ ਸਰਕਾਰ ਪ੍ਰੇਸ਼ਾਨੀ ਵਿਚ

**ਚੰਡੀਗੜ੍ਹ:** ਮਨਰੇਗਾ ਯੋਜਨਾ ਦਾ ਨਾਮ ਬਦਲ ਕੇ 'ਜੀ ਰਾਮ ਜੀ' ਰੱਖਣ ਦੇ ਆਲੇ- ਦੁਆਲੇ ਦੇਸ਼ ਵਿਆਪੀ ਵਿਵਾਦ ਦੇ ਵਿਚਕਾਰ, ਕੇਂਦਰ ਸਰਕਾਰ ਨੇ ਸਾਰੇ ਰਾਜਾਂ ਨੂੰ ਸੰਸਦ ਦੁਆਰਾ ਪਾਸ ਕੀਤੇ ਗਏ ਨਵੇਂ ਕਾਨੂੰਨ ਦੇ ਅਨੁਸਾਰ 26 ਦਸੰਬਰ ਤੱਕ ਇਕ ਵਿਸ਼ੇਸ਼ ਗ੍ਰਾਮ ਸਭਾ ਦਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਮੀਟਿੰਗ ਨਵੇਂ ਕਾਨੂੰਨ



ਦੇ ਤਹਿਤ ਲੋਕਾਂ ਨੂੰ ਮਿਲਣ ਵਾਲੇ ਲਾਭਾਂ ਅਤੇ ਅਧਿਕਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰੇਗੀ। ਨਵੇਂ ਕਾਨੂੰਨ ਦਾ ਵਿਰੋਧ ਕਰ ਰਹੀ ਪੰਜਾਬ ਸਰਕਾਰ ਨੇ 30 ਦਸੰਬਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦਾ ਫ਼ੈਸਲਾ ਕੀਤਾ ਹੈ। ਨਤੀਜੇ ਵਜੋਂ, ਰਾਜ ਸਰਕਾਰ ਇਨ੍ਹਾਂ ਕੇਂਦਰ 1 ਸਰਕਾਰ ਦੇ ਨਿਰਦੇਸ਼ਾਂ ਦੀ ਪਾਲਣਾ ਨਾ ਕਰਨ 'ਤੇ ਵਿਚਾਰ ਕਰ ਰਹੀ ਹੈ। ਇਕ ਸੀਨੀਅਰ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਇਕ ਪਾਸੇ ਇਸ ਯੋਜਨਾ ਦਾ ਵਿਰੋਧ ਕਰਨ ਲਈ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣਾ ਅਤੇ ਦੂਜੇ ਪਾਸੇ ਗ੍ਰਾਮ ਸਭਾਵਾਂ ਦਾ ਆਯੋਜਨ ਕਰਨਾ ਤਰਕਸੰਗਤ ਨਹੀਂ ਹੈ। ਹਾਲਾਂਕਿ ਉਨ੍ਹਾਂ ਕਿਹਾ ਕਿ ਅੰਤਿਮ ਫ਼ੈਸਲਾ ਸਰਕਾਰ ਨੇ ਲੈਣਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰਾਲੇ ਨੇ ਮੁੱਖ ਸਕੱਤਰਾਂ ਨੂੰ ਲਿਖੇ ਇਕ ਪੱਤਰ ਵਿਚ ਸਪੱਸ਼ਟ ਕੀਤਾ ਹੈ ਕਿ ਸਾਰੀਆਂ ਗ੍ਰਾਮ ਸਭਾ ਦੀਆਂ ਕਾਰਵਾਈਆਂ ਅਸਲ ਸਮੇਂ ਵਿਚ ਅਪਲੋਡ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਕਾਰਵਾਈਆਂ ਦੀ ਜੀਓਟੈਗ ਕੀਤੀ ਫੋਟੋ ਤੇ ਵੀਡੀਓ ਰਿਕਾਰਡਿੰਗ ਵੀ ਲਾਜ਼ਮੀ ਕੀਤੀ ਗਈ ਹੈ। ਪਿੰਡਾਂ ਦੇ ਲੋਕਾਂ ਖ਼ਾਸ ਕਰ ਕੇ ਔਰਤਾਂ, ਮਜ਼ਦੂਰਾਂ ਅਤੇ ਅਨੁਸੂਚਿਤ ਜਾਤੀ ਪਰਿਵਾਰਾਂ ਦੀ ਸਰਗਰਮ ਭਾਈਵਾਲੀ ਵੀ ਲਾਜ਼ਮੀ ਕੀਤੀ ਗਈ ਹੈ।

**2,000 ਕਰੋੜ ਰੁਪਏ ਖ਼ਰਚ ਦਾ ਰੱਖਿਆ ਟੀਚਾ :** ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਯੋਜਨਾ ਨੂੰ ਲਾਗੂ ਕਰਨਾ ਹੁਣ ਕਿਸੇ ਵੀ ਰਾਜ ਲਈ ਅਸੰਭਵ ਹੈ ਕਿਉਂਕਿ ਉਨ੍ਹਾਂ ਦੀ ਵਿੱਤੀ ਸਥਿਤੀ 40 ਫ਼ੀਸਦੀ ਯੋਗਦਾਨ ਪਾਉਣ ਦੇ ਅਨੁਕੂਲ ਨਹੀਂ ਹੈ। ਜੇਕਰ ਉਹ ਅਜਿਹਾ ਨਹੀਂ ਕਰਦੇ ਹਨ, ਤਾਂ ਉਨ੍ਹਾਂ ਨੂੰ ਕੇਂਦਰ ਸਰਕਾਰ ਦਾ 60 ਫ਼ੀਸਦੀ ਹਿੱਸਾ ਵੀ ਨਹੀਂ ਮਿਲੇਗਾ। ਪੰਜਾਬ ਨੇ ਇਸ ਯੋਜਨਾ 'ਤੇ ਸਿਰਫ਼ 1,000 ਕਰੋੜ ਰੁਪਏ ਖ਼ਰਚ ਕੀਤੇ ਹਨ ਪਰ ਇਸ ਸਾਲ ਸਰਕਾਰ ਨੇ ਆਪਣਾ ਟੀਚਾ 2,000 ਕਰੋੜ ਰੁਪਏ ਰੱਖਿਆ ਹੈ। ਵਰਤਮਾਨ ਵਿਚ ਸੂਬਾ 2,000 ਕਰੋੜ ਰੁਪਏ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਔਸਤਨ 60,000 ਜੋ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕਰਨ ਦਾ ਟੀਚਾ ਰੱਖਦਾ ਹੈ। ਜੇਕਰ ਇਹ ਯੋਜਨਾ ਅਗਲੇ ਵਿੱਤੀ ਸਾਲ ਵਿਚ ਲਾਗੂ ਹੋ ਜਾਂਦੀ ਹੈ ਤਾਂ ਸੂਬਾ ਸਰਕਾਰ ਨੂੰ ਆਪਣੀ ਜੇਬ 'ਚੋਂ 800 ਕਰੋੜ ਰੁਪਏ ਦਾ ਯੋਗਦਾਨ ਪਾਉਣਾ ਪਵੇਗਾ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਬੰਗਲਾਦੇਸ਼ 'ਚ ਹਿੰਸਾ ਤੇ ਅਰਾਜਕਤਾ ਲਈ ਯੂਨੁਸ ਜ਼ਿੰਮੇਵਾਰ: ਸ਼ੇਖ ਹਸੀਨਾ

**ਨਵੀਂ ਦਿੱਲੀ:** ਹਿੰਸਾ ਦੀ ਅੱਗ ਵਿਚ ਜਲ ਰਹੇ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਮਹੁੰਮਦ ਯੂਨੁਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ 'ਤੇ ਚਰਮਪੰਥੀ ਤੱਤਾਂ ਨੂੰ ਹੱਲਾਸ਼ੇਰੀ ਦੇਣ, ਭਾਰਤ ਵਿਰੋਧੀ ਭਾਵਨਾਵਾਂ ਭੜਕਾਉਣ ਅਤੇ ਲੋਕਤੰਤਰੀ ਵਿਵਸਥਾ ਨੂੰ ਕਮਜ਼ੋਰ ਕਰਨ ਦਾ ਇਲਜ਼ਾਮ ਲਗਾਇਆ ਹੈ। ਉਨ੍ਹਾਂ ਨੇ ਕਿਹਾ ਕਿ ਬੰਗਲਾਦੇਸ਼ ਤੇ ਭਾਰਤ ਵਿਚਾਲੇ ਸਬੰਧ ਡੂੰਘੇ ਤੇ ਮੌਲਿਕ ਹਨ ਅਤੇ ਇਸ ਅੰਤਰਿਮ ਸਰਕਾਰ ਦੇ ਚਲੇ ਜਾਣ ਤੋਂ ਬਾਅਦ ਵੀ ਲੰਬੇ ਸਮੇਂ ਤੱਕ ਬਣੇ ਰਹਿਣਗੇ। ਯੂਨੁਸ ਦੀ ਸ਼ਹਿ 'ਤੇ ਕੱਟੜਪੰਥੀਆਂ ਵੱਲੋਂ ਭਾਰਤ ਖ਼ਿਲਾਫ਼ ਦੁਸ਼ਮਣੀ ਪੈਦਾ ਕੀਤੀ ਜਾ ਰਹੀ ਹੈ। ਬੰਗਲਾਦੇਸ਼ ਵਿਚ ਹਿੰਸਾ ਅਤੇ ਅਰਾਜਕਤਾ ਵਧਣ ਤੇ ਭਾਰਤ ਦੇ ਨਾਲ ਤਣਾਅਪੂਰਨ ਸਬੰਧਾਂ ਲਈ ਉਹ ਜ਼ਿੰਮੇਵਾਰ ਹਨ। ਧਾਰਮਿਕ ਹਿੰਸਾ ਰੋਕਣ 'ਚ ਅੰਤਰਿਮ ਸਰਕਾਰ ਪੂਰੀ ਤਰ੍ਹਾਂ ਅਸਫਲ ਰਹੀ ਹੈ। ਯੂਨੁਸ ਦੇ ਕੋਲ ਬੰਗਲਾਦੇਸ਼ ਦੀ ਵਿਦੇਸ਼ ਨੀਤੀ ਨੂੰ ਫਿਰ ਤੋਂ ਠੀਕ ਕਰਨ ਦਾ ਕੋਈ ਰਾਇਸ਼ੁਮਾਰੀ ਨਹੀਂ ਹੈ। ਇਕ ਵਰਚੁਅਲ ਇੰਟਰਵਿਊ ਵਿਚ ਹਸੀਨਾ ਨੇ ਇਲਜ਼ਾਮ ਲਗਾਇਆ ਹੈ ਕਿ ਬੰਗਲਾਦੇਸ਼ ਵਿਚ ਹਾਲੀਆ ਤਣਾਅ ਜਾਣਬੁੱਝ ਕੇ ਪੈਦਾ ਕੀਤਾ ਗਿਆ। ਇਹ ਘਟਨਾਕ੍ਰਮ ਘਰੇਲੂ ਅਸਿਥਰਤਾ ਤੇ ਖੇਤਰੀ ਸੁਰੱਖਿਆ ਦੋਨਾਂ ਨੂੰ ਖ਼ਤਰੇ ਵਿਚ ਪਾ ਰਹੇ ਹਨ।



ਮੌਜੂਦਾ ਹਾਲਾਤ ਵਿਚ ਆਪਣੇ ਕੂਟਨੀਤਕਾਂ ਅਤੇ ਅਧਿਕਾਰੀਆਂ ਦੀ ਸੁਰੱਖਿਆ ਨੂੰ ਲੈ ਕੇ ਭਾਰਤ ਦੀਆਂ ਚਿੰਤਾਵਾਂ ਜਾਇਜ਼ ਹਨ। ਭਾਰਤ ਦਹਾਕਿਆਂ ਤੋਂ ਬੰਗਲਾਦੇਸ਼ ਦਾ ਸਭ ਤੋਂ ਭਰੋਸੇਮੰਦ ਮਿੱਤਰ ਅਤੇ ਸਾਂਝੇਦਾਰ ਰਿਹਾ ਹੈ। ਭਾਰਤ ਦੇ ਖ਼ਿਲਾਫ਼ ਵਧਦੀ ਦੁਸ਼ਮਣੀ ਉਨ੍ਹਾਂ ਕੱਟੜਪੰਥੀਆਂ ਵੱਲੋਂ ਤਿਆਰ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਯੂਨੁਸ ਸਾਸ਼ਨ ਵੱਲੋਂ ਹੱਲਾਸ਼ੇਰੀ ਦਿੱਤੀ ਗਈ ਹੈ। ਫਰਵਰੀ ਵਿਚ ਹੋਣ ਵਾਲੀਆਂ ਚੋਣਾਂ 'ਤੇ ਹਸੀਨਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਆਵਾਮੀ ਲੀਗ ਦੇ ਬਿਨਾਂ ਕੋਈ ਵੀ ਚੋਣ, ਚੋਣ ਨਹੀਂ ਸਗੋਂ ਇਕ 'ਰਾਜਤਿਲਕ' ਹੋਵੇਗਾ, ਕਿਉਂਕਿ ਆਵਾਮੀ ਲੀਗ ਨੂੰ ਆਵਾਮੀ ਚੋਣਾਂ ਵਿਚ ਹਿੱਸਾ ਲੈਣ ਤੋਂ ਰੋਕ ਦਿੱਤਾ ਗਿਆ ਹੈ। ਮੁਹੰਮਦ ਯੂਨੁਸ ਬਿਨਾਂ ਬੰਗਲਾਦੇਸ਼ੀ ਜਨਤਾ ਦੇ ਇਕ ਵੀ ਵੋਟ ਦੇ ਸਾਸ਼ਨ ਕਰ ਰਹੇ ਹਨ ਅਤੇ ਹੁਣ ਉਹ ਉਸ ਪਾਰਟੀ 'ਤੇ ਪਾਬੰਦੀ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਹਨ, ਜਿਸ ਨੂੰ ਜਨਤਾ ਨੇ ਨੌਂ ਵਾਰ ਜਨਮਤ ਦੇ ਚੁਣਿਆ ਹੈ।

## 328 ਪਾਵਨ ਸਰੂਪਾਂ...

(ਪਹਿਲੇ ਸਫ਼ੇ ਦਾ ਬਾਕੀ)

ਉਹਨਾਂ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ, ਜਿਨ੍ਹਾਂ ਨੂੰ ਐਡਵੋਕੇਟ ਈਸ਼ਰ ਸਿੰਘ ਦੀ ਜਾਂਚ ਕਮੇਟੀ 'ਚ ਜ਼ਿੰਮੇਵਾਰ ਮੰਨਿਆ ਗਿਆ ਸੀ। ਪੁਲਿਸ ਦਾ ਮੰਨਣਾ ਹੈ ਕਿ ਇਹ ਸਿਰਫ਼ ਲਾਪਰਵਾਹੀ ਨਹੀਂ, ਬਲਕਿ ਗਿਣੀ-ਮਿੱਥੀ ਸਾਜ਼ਿਸ਼ ਹੈ ਤੇ ਰਿਕਾਰਡ 'ਚ ਹੇਰਫੇਰ ਦਾ ਮਾਮਲਾ ਵੀ ਹੋ ਸਕਦਾ ਹੈ। ਐੱਫਆਈਆਰ ਤੋਂ ਬਾਅਦ ਸਥਾਨਕ ਪੱਧਰ 'ਤੇ ਸ਼ੁਰੂ ਹੋਈ ਜਾਂਚ ਦੌਰਾਨ ਜਿਵੇਂ-ਜਿਵੇਂ ਤੱਥ ਸਾਹਮਣੇ ਆਉਂਦੇ ਗਏ ਮਾਮਲਾ ਹੋਰ ਸੰਵੇਦਨਸ਼ੀਲ ਹੁੰਦਾ ਗਿਆ। ਨਿਰਪੱਖ ਤੇ ਉੱਚ ਪੱਧਰੀ ਜਾਂਚ ਦੀ ਮੰਗ ਲਗਾਤਾਰ ਵਧਦੀ ਗਈ। ਜਿਸ ਤੋਂ ਬਾਅਦ ਇਹ ਐੱਸਆਈਟੀ ਗਠਿਤ ਕੀਤੀ ਗਈ। ਓਧਰ ਐੱਫਆਈਆਰ 'ਚ ਸ਼ਾਮਲ ਕੁਝ ਵਿਅਕਤੀਆਂ ਨੇ ਅਦਾਲਤ ਦਾ ਸਹਾਰਾ। ਲੈਂਦਿਆ ਕੋਰਟ 'ਚ ਪੇਸ਼ਗੀ ਜ਼ਮਾਨਤ ਦੀ ਅਪੀਲ ਕੀਤੀ ਸੀ, ਪਰ ਅਦਾਲਤ ਨੇ ਇਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ।

## ਇਨ੍ਹਾਂ 'ਤੇ ਦਰਜ ਕੀਤਾ ਗਿਆ ਸੀ ਮਾਮਲਾ

ਅੰਮ੍ਰਿਤਸਰ 'ਚ ਐੱਸਜੀਪੀਸੀ ਨਾਲ ਸਬੰਧਤ ਜਿਨ੍ਹਾਂ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਹੋਇਆ ਹੈ। ਇਨ੍ਹਾਂ 'ਚ ਡਾ. ਰੂਪ ਸਿੰਘ (ਸਾਬਕਾ ਮੁੱਖ ਸਕੱਤਰ), ਮਨਜੀਤ ਸਿੰਘ (ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਸਕੱਤਰ), ਗੁਰਬਚਨ ਸਿੰਘ, ਸਤਿੰਦਰ ਸਿੰਘ, ਨਿਸ਼ਾਨ ਸਿੰਘ, ਪਰਮਜੀਤ ਸਿੰਘ, ਗੁਰਮੁਖ ਸਿੰਘ, ਜੁਝਾਰ ਸਿੰਘ, ਬਾਜ਼ ਸਿੰਘ, ਦਲਬੀਰ ਸਿੰਘ ਸ਼ਾਮਿਲ ਹਨ। ਇਨ੍ਹਾਂ ਤੋਂ ਇਲਾਵਾ ਕਮਲਜੀਤ ਸਿੰਘ, ਕੁਲਵੰਤ ਸਿੰਘ, ਜਸਪ੍ਰੀਤ ਸਿੰਘ, ਗੁਰਬਚਨ ਸਿੰਘ, ਸਤਿੰਦਰ ਸਿੰਘਤੇ ਅਮਰਜੀਤ ਸਿੰਘ ਦੇ ਨਾਂ ਵੀ ਸ਼ਾਮਲ ਹਨ।

## ਪੰਜਾਬ ਵਿਰੋਧੀ ਹਰ...

(ਪਹਿਲੇ ਸਫ਼ੇ ਦਾ ਬਾਕੀ)

ਵਰਗ ਦੀ ਭਲਾਈ ਲਈ ਵਚਨਬੱਧ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ ਏ.ਆਈ. ਤਕਨਾਲੋਜੀ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਦੀ ਨਿੰਦਿਆ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਨਵੀਂ ਤਕਨਾਲੋਜੀ ਕਾਰਨ ਉਹ ਆਪਣੇ ਅਸਲ ਕੰਮਾਂ ਤੋਂ ਭਟਕ ਰਹੇ ਹਨ।

# ਬੰਗਲਾਦੇਸ਼ ਵਲੋਂ ਭਾਰਤ 'ਚ ਵੀਜ਼ਾ ਸੇਵਾਵਾਂ ਮੁਅੱਤਲ


**ਨਵੀਂ ਦਿੱਲੀ:** ਬੰਗਲਾਦੇਸ਼ ਨੇ ਦੋਵਾਂ ਦੇਸ਼ਾਂ ਵਿਚਾਲੇ ਵਧਦੇ ਤਣਾਅ ਦਰਮਿਆਨ ਭਾਰਤ 'ਚ ਵੀਜ਼ਾ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਹਨ। ਬੰਗਲਾਦੇਸ਼ ਹਾਈ ਕਮਿਸ਼ਨ ਨੇ ਭਾਰਤ 'ਚ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਆਪਣੇ ਸਾਰੀਆਂ ਵੀਜ਼ਾ ਸੇਵਾਵਾਂ ਆਰਜ਼ੀ ਤੌਰ 'ਤੇ ਬੰਦ ਕਰ ਦਿੱਤੀਆਂ। ਇਸ ਤੋਂ ਪਹਿਲਾਂ ਅਗਰਤਲਾ 'ਚ ਬੰਗਲਾਦੇਸ਼ ਕਾਊਂਸਲੇਟ ਵੀ ਵੀਜ਼ਾ ਸਰਵਿਸ 'ਤੇ ਰੋਕ ਲਾ ਚੁੱਕਿਆ ਹੈ। ਜਾਣਕਾਰੀ ਅਨੁਸਾਰ ਪ੍ਰਦਰਸ਼ਨਕਾਰੀਆਂ ਵਲੋਂ ਦੋਵਾਂ ਮਿਸ਼ਨਾਂ ਦੇ ਬਾਹਰ ਪ੍ਰਦਰਸ਼ਨ ਕਰਨ ਤੋਂ ਬਾਅਦ ਵੀਜ਼ਾ ਸੇਵਾਵਾਂ ਨੂੰ ਮੁਅੱਤਲ ਕਰਨ ਦਾ ਫੈਸਲਾ ਲਿਆ ਗਿਆ। ਨਵੀਂ ਦਿੱਲੀ 'ਚ ਬੰਗਲਾਦੇਸ਼ ਹਾਈ ਕਮਿਸ਼ਨ ਨੇ ਇਕ ਜਨਤਕ ਨੋਟਿਸ ਜਾਰੀ ਕੀਤਾ, ਜਿਸ 'ਚ ਨਾ ਟਾਲਣ ਵਾਲੇ ਹਾਲਾਤ ਦੇ ਮੱਦੇਨਜ਼ਰ ਵੀਜ਼ਾ ਸੇਵਾਵਾਂ ਨੂੰ ਮੁਅੱਤਲ ਕਰਨ ਦਾ ਜ਼ਿਕਰ ਕੀਤਾ ਗਿਆ ਹੈ। ਤ੍ਰਿਪੁਰਾ 'ਚ ਬੰਗਲਾਦੇਸ਼ ਦੇ ਸਹਾਇਕ ਹਾਈ ਕਮਿਸ਼ਨ ਨੇ ਵੀ ਐਤਵਾਰ ਨੂੰ ਮਿਸ਼ਨ ਦੇ ਬਾਹਰ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਵੀਜ਼ਾ ਸੇਵਾਵਾਂ ਨੂੰ ਮੁਅੱਤਲ ਕਰਨ ਬਾਰੇ ਅਜਿਹਾ ਹੀਐਲਾਨ ਕੀਤਾ ਸੀ। ਪਤਾ ਲੱਗਾ ਹੈ ਕਿ ਪੱਛਮੀ ਬੰਗਾਲ ਦੇ ਸਿਲੀਗੁੜੀ 'ਚ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਕਰਨ ਲਈ ਢਾਕਾ ਦੇ ਇਕ ਨਿੱਜੀ ਆਪ੍ਰੇਟਰ ਨੇ ਵੀ ਆਪਣੀਆਂ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਹਨ।




ਪਿਛਲੇ ਹਫ਼ਤੇ ਵਿਦਿਆਰਥੀ ਆਗੂ ਸ਼ਰੀਫ ਉਸਮਾਨ ਹਾਦੀ ਦੀ ਮੌਤ ਤੋਂ ਬਾਅਦ ਬੰਗਲਾਦੇਸ਼ 'ਚ ਪ੍ਰਦਰਸ਼ਨ ਸ਼ੁਰੂ ਹੋਏ ਸਨ। ਹਾਦੀ ਸਰਕਾਰ ਵਿਰੋਧੀ ਪ੍ਰਦਰਸ਼ਨਾਂ 'ਚ ਮੋਹਰੀ ਸੀ ਜਿਸ ਕਾਰਨ ਸ਼ੇਖ ਹਸੀਨਾ ਸਰਕਾਰ ਟਿਕ ਨਾ ਸਕੀ। ਪਿਛਲੇ ਹਫ਼ਤੇ ਕੁਝ ਪ੍ਰਦਰਸ਼ਨਕਾਰੀਆਂ ਨੇ ਭਾਰਤ ਵਿਰੁੱਧ ਵੀ ਆਪਣਾ ਗੁੱਸਾ ਪ੍ਰਗਟਾਇਆ ਸੀ ।

# ਨਹੀਂ ਰਹੇ ਉਸਤਾਦ ਪੂਰਨ ਸ਼ਾਹਕੋਟੀ

## ਸੰਗੀਤ ਜਗਤ ਵਿੱਚ ਛਾਈ ਉਦਾਸੀ



**ਜਲੰਧਰ:** ਸੰਗੀਤ ਜਗਤ ਨੂੰ ਖ਼ੂਬਸੂਰਤ ਗੀਤ,ਸੰਗੀਤ ਅਤੇ ਗਾਇਕ ਦੇਣ ਵਾਲੇ ਪ੍ਰਸਿੱਧ ਸੂਫ਼ੀ ਗਾਇਕ ਉਸਤਾਦ ਪੂਰਨ ਸ਼ਾਹਕੋਟੀ ਦਾ ਸੋਮਵਾਰ ਨੂੰ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਉਨ੍ਹਾਂ ਦਿਓਲ ਨਗਰ ਸਥਿਤ ਆਪਣੀ ਰਿਹਾਇਸ਼ 'ਤੇ ਆਖ਼ਰੀ ਸਾਹ ਲਿਆ। ਉਨ੍ਹਾਂ ਦੀ ਮ੍ਰਿਤਕ ਦੇਹ ਅੰਤਿਮ ਦਰਸ਼ਨਾਂ ਲਈ ਇੱਥੇ ਹੀ ਰੱਖੀ ਗਈ। ਇਥੇ ਹੀ ਉਨ੍ਹਾਂ ਦੀਆਂ ਅੰਤਿਮ ਰਸਮਾਂ ਕੀਤੀਆਂ ਗਈਆਂ।

22 ਨਵੰਬਰ 1952 ਨੂੰ ਸ਼ਾਹਕੋਟ 'ਚ ਪੈਦਾ ਹੋ ਹੋਏ ਪੂਰਨ ਸ਼ਾਹਕੋਟੀ ਨੇ ਪੰਜਾਬੀ ਗਾਇਕੀ ਨੂੰ ਨਵੀਂ ਦਿਸ਼ਾ ਦਿੱਤੀ। ਹੰਸ ਰਾਜ ਹੰਸ, ਸਾਬਰ ਕੋਟੀ, ਜਸਬੀਰ ਜੱਸੀ, ਦਿਲਜਾਨ ਤੇ ਮਾਸਟਰ ਸਲੀਮ ਵਰਗੇ ਕਈ ਕਲਾਕਾਰ ਉਨ੍ਹਾਂ ਪੰਜਾਬੀ ਸੰਗੀਤ ਜਗਤ ਨੂੰ ਦਿੱਤੇ। ਉਨ੍ਹਾਂ ਦੇ ਸਪੁੱਤਰ ਮਾਸਟਰ ਸਲੀਮ ਨੇ ਦੱਸਿਆ ਕਿ ਉਹ ਪਿਛਲੇ ਛੇ ਮਹੀਨੇ ਤੋਂ ਬਿਮਾਰ ਸਨ। ਬੈਡ ਤੋਂ ਡਿੱਗਣ ਕਾਰਨ ਉਨ੍ਹਾਂ ਦੀਆਂ ਤਿੰਨ ਪਸਲੀਆਂ ਟੁੱਟ ਗਈਆਂ ਸਨ। ਪਦਮਸ੍ਰੀ ਹੰਸ ਰਾਜ ਹੰਸ, ਆਪ ਦੇ ਸੀਨੀਅਰ ਆਗੂ ਦੀਪਕ ਬਾਲੀ, ਗਾਇਕ ਗੁਲਜ਼ਾਰ ਲਾਹੌਰੀਆ ਸਮੇਤ ਕਈ ਸਖ਼ਸ਼ੀਅਤਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਮੁਅੱਤਲ ਵਿਧਾਇਕ ਕਬੀਰ ਨੇ ਬਣਾਈ ਨਵੀਂ ਪਾਰਟੀ



ਕੋਲਕਾਤਾ: ਤ੍ਰਿਣਮੂਲ ਕਾਂਗਰਸ ਵੱਲੋਂ ਪੱਛਮੀ ਬੰਗਾਲ ਦੇ ਮੁਰਸ਼ਿਦਾਬਾਦ ਜ਼ਿਲ੍ਹੇ ਦੇ ਭਾਰਤਪੁਰ ਵਿਧਾਨ ਸਭਾ ਹਲਕੇ ਤੋਂ ਮੁਅੱਤਲ ਕੀਤੇ ਗਏ ਵਿਧਾਇਕ ਹੁਮਾਯੂੰ ਕਬੀਰ ਨੇ ਸੋਮਵਾਰ ਨੂੰ ਆਪਣੀ ਪਾਰਟੀ ਜਨਤਾ ਉਨੱਯਨ ਪਾਰਟੀ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਕਬੀਰ ਮੁਤਾਬਕ ਉਨ੍ਹਾਂ ਨੇ ਆਪਣੀ ਸਿਆਸੀ ਪਾਰਟੀ ਦਾ ਨਾਂ ਸੋਚ- ਵਿਚਾਰ ਕੇ ਰੱਖਿਆ ਹੈ ਕਿਉਂਕਿ ਉਹ ਆਪਣੀ ਪਾਰਟੀ ਦੇ ਨਾਂ ਵਿਚ ਕਾਂਗਰਸ ਜਾਂ ਤ੍ਰਿਣਮੂਲ ਵਰਗੇ ਲਫ਼ਜ਼ ਸ਼ਾਮਲ ਕਰਨ ਦੇ ਇੱਛੁਕ ਨਹੀਂ ਸਨ। ਉਨ੍ਹਾਂ ਨੇ ਇਸ ਮੌਕੇ ਅਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਆਪਣੀ ਪਾਰਟੀ ਦੇ ਕਈ ਉਮੀਦਵਾਰਾਂ ਦੇ ਨਾਂ ਬਾਰੇ ਵੀ ਐਲਾਨ ਕਰ ਦਿੱਤਾ। 2011 ਵਿਚ ਪੱਛਮੀ ਬੰਗਾਲ । ਵਿਧਾਨ ਸਭਾ ਚੋਣਾਂ ਵਿਚ ਬੰਗਾਲ ਦੇ ਲੋਕਾਂ ਤੇ ਨੇ ਤ੍ਰਿਣਮੂਲ ਕਾਂਗਰਸ ਦੀ ਸਰਕਾਰ ਬਣਾ ਦਿੱਤੀ ਸੀ, ਜਿਸ ਨਾਲ 34 ਸਾਲ ਪੁਰਾਣੀ ਖੱਬੇ ਪੱਖੀ ਪਾਰਟੀ ਦੀ ਸਰਕਾਰ ਦਾ ਰਾਜ ਖ਼ਤਮ ਹੋ ਗਿਆ ਸੀ, ਉਦੋਂ ਕਬੀਰ ਤ੍ਰਿਣਮੂਲ ਨੇ ਕਾਂਗਰਸ ਦੇ ਵਿਧਾਇਕ ਚੁਣੇ ਗਏ ਸਨ। - 2019 ਦੀ ਲੋਕ ਸਭਾ ਚੋਣ ਤੋਂ ਪਹਿਲਾਂ, ਉਹ ਹ ਭਾਜਪਾ ਵਿਚ ਸ਼ਾਮਿਲ ਹੋ ਗਏ ਤੇ ਮੁਰਸ਼ਿਦਾਬਾਦ ਲੋਕ ਸਭਾ ਸੀਟ ਤੋਂ ਚੋਣ ਹਾਰ ਗਏ ਸਨ।ਫਿਰ 2021 ਵਿਚ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਉਹ ਤ੍ਰਿਣਮੂਲ ਕਾਂਗਰਸ ਵਿਚ ਸ਼ਾਮਲ ਹੋਏ ਅਤੇ ਭਾਰਤਪੁਰ ਤੋਂ ਵਿਧਾਇਕ ਚੁਣੇ ਗਏ। ਉਹ ਬੀਤੇ ਦਿਨੀਂ ਤ੍ਰਿਣਮੂਲ ਕਾਂਗਰਸ ਨੇ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਸੀ ਕਿਉਂਕਿ ਉਸ ਤੋਂ ਕੁਝ ਦਿਨ ਪਹਿਲਾਂ ਉਨ੍ਹਾਂ ਨੇ ਮੁਰਸ਼ਿਦਾਬਾਦ ਜ਼ਿਲ੍ਹੇ ਦੇ ਬੈਲਦੰਗਾ ਵਿਚ ਨਵੀਂ ਬਾਬਰੀ ਦੀ ਨੀਂਹ ਰੱਖ ਦਿੱਤੀ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਕੌਮੀ ਸਿੱਖਿਆ ਨੀਤੀ ਤਹਿਤ ਮਾਨਤਾ ਪ੍ਰਣਾਲੀ ਵਿਚ ਵੱਡੇ ਬਦਲਾਅ ਦੀ ਤਿਆਰੀ

## 'ਇੰਸਟੀਚਿਊਸ਼ਨਜ਼ ਆਫ਼ ਐਮੀਨੈਂਸ' ਤਹਿਤ 12 ਸੰਸਥਾਵਾਂ ਅਧਿਸੂਚਿਤ

**ਰਾਮਪੁਰਾ ਫੂਲ:**ਦੇਸ਼ ਦੀਆਂ ਉੱਚ ਸਿੱਖਿਆ ਸੰਸਥਾਵਾਂ (ਐਚ.ਈ.ਆਈ.ਐਸ.) ਨੂੰ ਵਿਸ਼ਵ ਪੱਧਰੀ ਮਿਆਰਾਂ ਦੇ ਬਰਾਬਰ ਲਿਆਉਣ ਲਈ ਇਕ ਵਿਸ਼ੇਸ਼ ਯੋਜਨਾ ਤਹਿਤ ਕੰਮ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ। ਸਿੱਖਿਆ ਮੰਤਰਾਲੇ ਨੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਸਰਕਾਰ ਸੰਸਥਾਵਾਂ ਨੂੰ ਵਰਲਡ ਕਲਾਸ ਬਣਾਉਣ ਲਈ ਵਚਨਬੱਧ ਹੈ। ਮੰਤਰਾਲੇ ਨੇ ਇਕ ਰਿਪੋਰਟ ਦੇ ਜਵਾਬ ਵਿਚ ਦੱਸਿਆ ਕਿ ਸਾਲ 2017 ਵਿਚ 'ਵਰਲਡ ਕਲਾਸ ਇੰ ਸਟੀਚਿਊ ਸ਼ਨਜ਼ ਸਕੀਮ, ਜਿਸ ਨੂੰ 'ਇੰਸਟੀਚਿਊਸ਼ਨਜ਼ ਆਫ਼ ਐਮੀਨੈਂਸ ਸਕੀਮ ਵੀ ਕਿਹਾ ਜਾਂਦਾ ਹੈ, ਸ਼ੁਰੂ ਕੀਤੀ ਗਈ ਸੀ। ਇਸ ਯੋਜਨਾ ਦਾ ਮੁੱਖ ਉਦੇਸ਼ ਸੰਸਥਾਵਾਂ ਦੀ ਇਕ ਵੱਖਰੀ ਸ਼੍ਰੇਣੀ ਤਿਆਰ ਕਰਨਾ ਹੈ, ਜਿਨ੍ਹਾਂ ਨੂੰ ਅਕਾਦਮਿਕ, ਪ੍ਰਸ਼ਾਸਨਿਕ ਅਤੇ ਵਿੱਤੀ ਮਾਮਲਿਆਂ ਵਿਚ ਕਾਫ਼ੀ ਹੱਦ ਤੱਕ ਖੁਦਮੁਖਤਿਆਰੀ ਦਿੱਤੀ ਜਾਵੇਗੀ। ਸਰਕਾਰ ਦਾ ਮੰਨਣਾ ਹੈ ਕਿ ਇਹ ਖੁੱਲ੍ਹ ਮਿਲਣ ਨਾਲ ਇਹ ਸੰਸਥਾਵਾਂ ਇਕ ਨਿਸ਼ਚਿਤ ਸਮੇਂ ਦੇ ਅੰਦਰ ਵਿਸ਼ਵ ਪੱਧਰੀ ਅਕਾਦਮਿਕ ਅਤੇ ਖੋਜ ਸੰਸਥਾਵਾਂ ਵਜੋਂ ਉੱਭਰ ਸਕਣਗੀਆਂ। ਮੰਤਰਾਲੇ ਨੇ ਦੱਸਿਆ ਕਿ ਇਸ ਸਕੀਮ ਤਹਿਤ ਹੁਣ ਤੱਕ ਸਿਰਫ਼ 12 ਸੰਸਥਾਵਾਂ ਨੂੰ ਹੀ 'ਇੰਸਟੀਚਿਊਸ਼ਨਜ਼ ਆਫ਼ ਐਮੀਨੈਂਸ' ਵਜੋਂ ਅਧਿਸੂਚਿਤ ਕੀਤਾ ਗਿਆ ਹੈ। ਨਿੱਜੀ ਅਦਾਰਿਆਂ ਲਈ ਇੰਸਟੀਚਿਊਸ਼ਨਜ਼ ਆਫ ਐਮੀਨੈਂਸ ਡੀਮਡ ਟੂ ਬੀ ਯੂਨੀਵਰਸਿਟੀਜ਼, ਰੈਗੂਲੇਸ਼ਨਜ਼, 2017 ਅਤੇ ਸਰਕਾਰੀ ਅਦਾਰਿਆਂ ਲਈ ਵੱਖਰੇ ਦਿਸ਼ਾ-ਨਿਰਦੇਸ਼ਾਂ ਤਹਿਤ ਇਕ ਰੈਗੂਲੇਟਰੀ ਢਾਂਚਾ ਮੁਹੱਈਆ ਕਰਵਾਇਆ ਗਿਆ ਹੈ। ਸਰਕਾਰ ਨੇ ਦਾਅਵਾ ਕੀਤਾ ਹੈ ਕਿ ਭਾਰਤੀ ਉੱਚ ਸਿੱਖਿਆ ਨੂੰ ਗਲੋਬਲ ਮਿਆਰਾਂ ਤੱਕ ਪਹੁੰਚਾਉਣ ਲਈ ਯੂ.ਜੀ.ਸੀ. ਵਲੋਂ ਲਗਾਤਾਰ ਨਵੇਂ ਫਰੇਮਵਰਕ ਜਾਰੀ ਕੀਤੇ ਜਾ ਰਹੇ ਹਨ। ਇਸ ਵਿਚ 'ਨੈਸ਼ਨਲ ਕ੍ਰੈਡਿਟ ਫਰੇਮਵਰਕ ਅਤੇ 'ਨੈਸ਼ਨਲ ਹਾਇਰ ਐਜੂਕੇਸ਼ਨ ਕੁਆਲੀਫਿਕੇਸ਼ਨ ਫਰੇਮਵਰਕ' ਵਰਗੀਆਂ ਪਹਿਲਕਦਮੀਆਂ ਸ਼ਾਮਿਲ ਹਨ, ਜੋ ਗੁਣਵੱਤਾ, ਨਵੀਨਤਾ ਅਤੇ ਵਿਸ਼ਵ ਪੱਧਰੀ ਮੁਕਾਬਲੇਬਾਜ਼ੀ ਨੂੰ ਯਕੀਨੀ ਬਣਾਉਣਗੀਆਂ। ਇਹ ਵੀ ਸਪੱਸ਼ਟ ਕੀਤਾ ਕਿ ਉੱਚ ਸਿੱਖਿਆ ਦੇ ਰੈਗੂਲੇਟਰੀ ਸਿਸਟਮ ਨੂੰ ਬਦਲਣ ਲਈ ਰਾਸ਼ਟਰੀ ਸਿੱਖਿਆ ਨੀਤੀ 2020 ਦੇ ਤਹਿਤ ਵੱਡੇ ਸੁਧਾਰ ਕੀਤੇ ਜਾ ਰਹੇ ਹਨ। ਇਸ ਨੀਤੀ ਦੇ ਤਹਿਤ 'ਭਾਰਤੀ ਉੱਚ ਸਿੱਖਿਆ ਕਮਿਸ਼ਨ' ਦੀ ਸਥਾਪਨਾ ਦੀ ਕਲਪਨਾ ਕੀਤੀ ਗਈ ਹੈ। ਸੰਸਥਾਵਾਂ ਦੀ ਮਾਨਤਾ ਲਈ ਐਚ ਈਸੀਆਈ ਦੇ ਇਕ ਵਰਟੀਕਲ ਵਜੋਂ 'ਨੈਸ਼ਨਲ ਐਕਰੀਡਿਟੇਸ਼ਨ ਕੌਂਸਲ' ਬਣਾਈ ਜਾਵੇਗੀ, ਜੋ ਮੌਜੂਦਾ ਸਿਸਟਮ ਵਿਚ ਪਾਰਦਰਸ਼ਤਾ ਅਤੇ ਸੁਧਾਰ ਲਿਆਵੇਗੀ। ਦੂਜੇ ਪਾਸੇ ਬੁੱਧੀਜੀਵੀ ਵਰਗ ਦਾ ਕਹਿਣਾ ਹੈ ਕਿ ਸਿੱਖਿਆ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ ਅਤੇ ਰਾਜਾਂ ਕੋਲੋਂ ਅਧਿਕਾਰ ਖੋਹੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਾਲਜਾਂ, ਯੂਨੀਵਰਸਿਟੀ ਦੇ ਅਧਿਕਾਰ ਖ਼ਤਮ ਕੀਤੇ ਜਾ ਰਹੇ ਹਨ ਅਤੇ ਐਨ.ਸੀ.ਟੀ. ਈ., ਏ.ਆਈ. ਸੀ.ਟੀ. ਅਤੇ ਯੂ.ਜੀ.ਸੀ. ਨੂੰ ਭੰਗ ਕਰਕੇ ਇਕੋ ਸੰਸਥਾ ਐਚ.ਈ. ਸੀ.ਆਈ. ਨੂੰ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਤਰਕ ਦਿੱਤਾ ਕਿ ਸਿੱਖਿਆ ਨੂੰ ਗ਼ਰੀਬਾਂ ਦੀ ਪਹੁੰਚ ਤੋਂ ਦੂਰ ਕੀਤਾ ਜਾ ਰਿਹਾ ਹੈ ਤੇ ਸਰਕਾਰ ਹੌਲੀ-ਹੌਲੀ ਸਿੱਖਿਆ ਦੇ ਨਿੱਜੀ ਕਰਨ ਵੱਲ ਨੂੰ ਵੱਧ ਰਹੀ ਹੈ ਤੇ ਸਿੱਖਿਆ ਦੇ ਵਿਚ ਵੀ ਪ੍ਰਾਈਵੇਟ ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨ ਲਈ ਨਵੀਂਆਂ-ਨਵੀਂਆਂ ਸਕੀਮਾਂ ਬਣਾਈਆਂ ਜਾ ਰਹੀਆਂ ਹਨ।



# ਦਿੱਲੀ 'ਚ ਢਾਕਾ ਮਿਸ਼ਨ ਦੇ ਬਾਹਰ ਵਿਰੋਧ ਪ੍ਰਦਰਸ਼ਨ

## 'ਗੁੰਮਰਾਹਕੁੰਨ ਪ੍ਰਚਾਰ'



**ਨਵੀਂ ਦਿੱਲੀ:**ਭਾਰਤ ਨੇ ਬੰਗਲਾਦੇਸ਼ੀ ਮੀਡੀਆ ਦੀਆਂ ਉਨ੍ਹਾਂ ਰਿਪੋਰਟਾਂ ਨੂੰ 'ਗੁਮਰਾਹਕੁੰਨ ਪ੍ਰਚਾਰ' ਕਰਾਰ ਦਿੰਦਿਆਂ ਸਿਰੇ ਤੋਂ ਖਾਰਜ ਕਰ ਦਿੱਤਾ ਹੈ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਨਵੀਂ ਦਿੱਲੀ ਸਥਿਤ ਬੰਗਲਾਦੇਸ਼ੀ ਹਾਈ ਕਮਿਸ਼ਨ ਦੇ ਬਾਹਰ ਹੋਏ ਪ੍ਰਦਰਸ਼ਨ ਦੌਰਾਨ ਸੁਰੱਖਿਆ ਨੂੰ ਖ਼ਤਰਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਭਾਰਤੀ ਵਿਦੇਸ਼ ਮੰਤਰਾਲੇ (ਐੱਮ ਈ ਏ) ਨੇ ਸਪੱਸ਼ਟ ਕੀਤਾ ਕਿ ਸ਼ਨਿਚਰਵਾਰ ਨੂੰ ਲਗਭਗ 20-25 ਨੌਜਵਾਨ ਬੰਗਲਾਦੇਸ਼ ਦੇ ਮੈਮਨਸਿੰਘ ਵਿੱਚ ਹਿੰਦੂ ਨੌਜਵਾਨ ਦੀਪੂ ਚੰਦਰ ਦਾਸ ਦੇ ਬੇਰਹਿਮੀ ਨਾਲ ਕੀਤੇ ਗਏ ਕਤਲ ਵਿਰੁੱਧ ਰੋਸ ਜਤਾਉਣ ਲਈ ਇਕੱਠੇ ਹੋਏ ਸਨ। ਮੰਤਰਾਲੇ ਅਨੁਸਾਰ ਪ੍ਰਦਰਸ਼ਨਕਾਰੀਆਂ ਨੇ ਬੰਗਲਾਦੇਸ਼ ਵਿੱਚ ਘੱਟ ਗਿਣਤੀਆਂ ਦੀ ਸੁਰੱਖਿਆ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਕੀਤੀ ਸੀ ਪਰ ਸੁਰੱਖਿਆ ਘੇਰਾ ਤੋੜਨ ਜਾਂ ਦੂਤਘਰ ਦੇ ਅੰਦਰ ਵੜਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਪੁਲਿਸ ਨੇ ਕੁਝ ਹੀ ਮਿੰਟਾਂ 'ਚ ਸਮੂਹ ਨੂੰ ਉੱਥੋਂ ਹਟਾ ਦਿੱਤਾ ਸੀ ਅਤੇ ਇਸ ਘਟਨਾ ਵੀਡੀਓ ਸਬੂਤ ਜਨਤਕ ਤੌਰ 'ਤੇ ਉਪਲਬਧ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤ ਵੀਏਨਾ ਕਨਵੈਨਸ਼ਨ ਦੇ ਤਹਿਤ ਆਪਣੇ ਖੇਤਰ 'ਚ ਵਿਦੇਸ਼ੀ ਮਿਸ਼ਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਨੇ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੂੰ ਦੀਪੂ ਚੰਦਰ ਦਾਸ ਦੇ 'ਵਹਿਸ਼ੀਆਨਾ ਕਤਲ' ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਦੀ ਅਪੀਲ ਵੀ ਕੀਤੀ । ਜੈਸਵਾਲ ਨੇ ਦੱਸਿਆ ਕਿ ਭਾਰਤ ਬੰਗਲਾਦੇਸ਼ ਵਿੱਚ ਵਿਗੜ ਰਹੀ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਭਾਰਤੀ ਅਧਿਕਾਰੀ ਬੰਗਲਾਦੇਸ਼ੀ ਪ੍ਰਸ਼ਾਸਨ ਦੇ ਲਗਾਤਾਰ ਸੰਪਰਕ ਵਿੱਚ ਹਨ। ਭਾਰਤ ਨੇ ਉੱਥੇ ਘੱਟ ਗਿਣਤੀਆਂ 'ਤੇ ਹੋ ਰਹੇ ਹਮਲਿਆਂ ਨੂੰ ਲੈ ਕੇ ਆਪਣੀ ਡੂੰਘੀ ਚਿੰਤਾ ਅਤੇ ਇਤਰਾਜ਼ ਵੀ ਪ੍ਰਗਟਾਇਆ ਹੈ।

# ਡਿਜੀਟਲ ਇਨੋਵੇਸ਼ਨ ਨਾਲ 'ਰੰਗਲਾ ਪੰਜਾਬ' ਵਿਜ਼ਨ ਨੂੰ ਮਿਲਿਆ ਹੁਲਾਰਾ: ਚੀਮਾ



**ਚੰਡੀਗੜ੍ਹ:**ਵਿੱਤ ਵਿਭਾਗ ਦੀ ਸਾਲਾਨਾ ਰਿਪੋਰਟ ਜਾਰੀ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਸਾਲ 2025 ਮਜ਼ਬੂਤ ਵਿੱਤੀ ਪ੍ਰਬੰਧਨ, ਮਜ਼ਬੂਤ ਬੁਨਿਆਦੀ ਢਾਂਚਾ ਨਿਵੇਸ਼ ਅਤੇ ਕ੍ਰਾਂਤੀਕਾਰੀ ਡਿਜੀਟਲ ਸੁਧਾਰਾਂ ਵਾਲਾ ਸਾਲ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿੱਤ ਵਿਭਾਗ ਹੁਣ ਸਿਰਫ਼ 'ਫੰਡ ਵੰਡਣ ਵਾਲਾ' ਵਿਭਾਗ ਨਹੀਂ ਰਿਹਾ, ਸਗੋਂ 'ਨਵੀਨਤਾ (ਇਨੋਵੇਸ਼ਨ) ਦਾ ਸੰਚਾਲਕ' ਬਣ ਗਿਆ ਹੈ। ਪੰਜਾਬ ਸਰਕਾਰ ਦੀ 'ਲੋਕ-ਪੱਖੀ' ਪਹੁੰਚ 'ਤੇ ਚਾਨਣਾ ਪਾਉਂਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਸਾਡੀ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰੀ ਖਜ਼ਾਨੇ ਦੀ ਵਰਤੋਂ ਹਮੇਸ਼ਾ ਆਮ ਲੋਕਾਂ ਦੀ ਸੇਵਾ ਤੇ ਭਲਾਈ ਲਈ ਹੋਵੇ । ਉਨ੍ਹਾਂ ਕਿਹਾ ਕਿ ਚਾਹੇ ਹੜ੍ਹਾਂ ਕਾਰਨ ਫ਼ਸਲਾਂ ਦੇ ਖ਼ਰਾਬੇ ਲਈ ਕਿਸਾਨਾਂ ਨੂੰ ਦਿੱਤੇ ਗਏ 968 ਕਰੋੜ ਰੁਪਏ ਦਾ ਸਵਾਲ ਹੋਵੇ ਜਾਂ ਫਿਰ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ (ਪੀ.ਐਸ.ਸੀ.ਐਫ.ਸੀ) ਦੇ ਕਰਜ਼ਾ ਮੁਆਫੀ ਪ੍ਰੋਗਰਾਮ ਅਧੀਨ 4,650 ਲਾਭਪਾਤਰੀਆਂ ਦੀ ਕਰਜ਼ਾ ਮੁਆਫ਼ੀ ਦਾ ਮਾਮਲਾ, 'ਆਪ' ਸਰਕਾਰ ਹਰ ਪੰਜਾਬੀ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ।

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ 'ਵੀਰ ਬਾਲ ਦਿਵਸ' ਵਜੋਂ ਨਾਂਅ ਦੇਣਾ ਸਿੱਖ ਸਿਧਾਂਤਾਂ ਨਾਲ ਮੇਲ ਨਹੀਂ ਖਾਂਦਾ: ਸੰਧਵਾਂ



**ਚੰਡੀਗੜ੍ਹ:**ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸਮੁੱਚਾ ਸਿੱਖ ਭਾਈਚਾਰਾਂ ਸਾਹਿਬਜ਼ਾਦਿਆਂ ਦਾ ਸਤਿਕਾਰ ਕਰਦਾ ਹੈ ਅਤੇ ਉਨ੍ਹਾਂ ਨੂੰ 'ਬਾਬਿਆਂ' ਦਾ ਖਿਤਾਬ ਦਿੰਦਾ ਹੈ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੇ ਨਿੱਕੀ ਉਮਰ 'ਚ ਹੀ ਵੱਡੀਆਂ ਤੇ ਮਹਾਨ ਕੁਰਬਾਨੀਆਂ ਕੀਤੀਆਂ ਸਨ । ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਕਿਸੇ ਇਕ ਦੇਸ਼, ਭਾਈਚਾਰੇ ਜਾਂ ਇਕ ਵਿਚਾਰਧਾਰਾ ਤੱਕ ਮਹਿਦੂਦ ਨਹੀਂ ਹੈ। ਸੰਧਵਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਰਾਸ਼ਟਰੀ ਪੱਧਰ 'ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਮਨਾਉਣ ਦੀਆਂ ਭਾਵਨਾਵਾਂ ਦਾ ਅਸੀਂ ਸਤਿਕਾਰ ਕਰਦੇ ਹਾਂ, ਪਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ 'ਵੀਰ ਬਾਲ ਦਿਵਸ' ਵਜੋਂ ਯਾਦ ਕਰਨਾ ਸਿੱਖ ਧਰਮ ਦੀਆਂ ਪ੍ਰੰਪਰਾਵਾਂ ਤੇ ਸਿਧਾਂਤਾਂ ਨਾਲ ਮੇਲ ਨਹੀਂ ਖਾਂਦਾ । ਸਾਨੂੰ ਉਮੀਦ ਹੈ ਕਿ ਪ੍ਰਧਾਨ ਮੰਤਰੀ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਦੇ ਨਾਂਅ ਸੰਬੰਧੀ ਢੁੱਕਵਾਂ ਫੈਸਲਾ ਲੈਣਗੇ।

# ਲੰਡਨ 'ਚ 'ਰਾਸ਼ਟਰੀ ਸਿੱਖ ਯੁੱਧ ਯਾਦਗਾਰ' ਬਣਾਉਣ ਲਈ ਢੁਕਵੀਂ ਜ਼ਮੀਨ ਦਾ ਹੋਇਆ ਪ੍ਰਬੰਧ: ਢੇਸੀ



ਲੰਡਨ:ਵਿਸ਼ਵ ਯੁੱਧਾਂ 'ਚ ਕੁਰਬਾਨੀਆਂ ਦੇਣ ਵਾਲੇ ਸਿੱਖ ਯੋਧਿਆਂ ਦੀ ਯਾਦ 'ਚ ਕੇਂਦਰੀ ਲੰਡਨ ਵਿਚ 'ਰਾਸ਼ਟਰੀ ਸਿੱਖ ਯੁੱਧ ਯਾਦਗਾਰ' ਬਣਾਉਣ ਲਈ ਬੀਤੇ ਕਈ ਸਾਲਾਂ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵੱਲੋਂ ਭਾਈਚਾਰੇ ਦੇ ਸਹਿਯੋਗ ਨਾਲ ਯਤਨ ਕੀਤੇ ਜਾ ਰਹੇ ਹਨ। ਅੱਜ ਨੈਸ਼ਨਲ ਸਿੱਖ ਵਾਰ ਮੈਮੋਰੀਅਲ ਟਰੱਸਟ ਵੱਲੋਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹਾਲ ਦੇ ਸਾਲਾਂ ਦੌਰਾਨ ਵੱਖ-ਵੱਖ ਥਾਵਾਂ ਦੀ ਜਾਂਚ ਕਰਨ ਤੋਂ ਬਾਅਦ, ਅਸੀਂ ਵੈਸਟਮਿੰਸਟਰ ਦੇ ਅੰਦਰ ਇਕ ਪ੍ਰਮੁੱਖ ਸਥਾਨ ਨੂੰ ਯਾਦਗਾਰ ਲਈ ਪ੍ਰਸਤਾਵਿਤ ਸਥਾਨ ਵਜੋਂ ਚੁਣਿਆ ਹੈ। ਬੀਤੇ ਸਾਲ ਜ਼ਮੀਨ ਮਾਲਕ ਨਾਲ ਹੋਈਆਂ ਮੀਟਿੰਗਾਂ ਵਿਚ ਰਾਸ਼ਟਰੀ ਸਿੱਖ ਯੁੱਧ ਯਾਦਗਾਰ ਬਣਾਉਣ ਲਈ ਸਹਿਮਤੀ ਬਣ ਗਈ ਹੈ। ਯਾਦਗਾਰ ਲਈ ਜਗ੍ਹਾ ਇਕ ਜਨਤਕ ਖੇਤਰ ਦਾ ਹਿੱਸਾ ਹੈ, ਜਿਸਨੂੰ ਸਬੰਧਤ ਧਿਰ ਵਲੋਂ ਮੁੜ ਵਿਕਸਤ ਕੀਤਾ ਜਾਵੇਗਾ।


ਪੁਨਰ ਵਿਕਾਸ ਯੋਜਨਾਵਾਂ ਲਈ ਪਿਛਲੇ 12 ਤੋਂ 18 ਮਹੀਨਿਆਂ ਦੌਰਾਨ ਹੋਈਆਂ ਮੀਟਿੰਗਾਂ ਵਿਚ ਖੇਤਰ ਦੇ ਵੱਡੇ ਪੁਨਰ ਵਿਕਾਸ, ਯਾਦਗਾਰ ਲਈ ਸਥਾਨ ਅਤੇ ਆਕਾਰ 'ਤੇ ਸਹਿਮਤੀ ਬਣੀ ਹੈ। ਟਰੱਸਟ ਨੇ ਕਿਹਾ ਕਿ 2026 ਵਿਚ ਸਮਾਰਕ ਦੇ ਡਿਜ਼ਾਈਨ 'ਤੇ ਸਹਿਮਤੀ ਹੋਣ ਉਪਰੰਤ ਵੈਸਟਮਿੰਸਟਰ ਸਿਟੀ ਕੌਂਸਲ ਨੂੰ ਯੋਜਨਾਬੰਦੀ ਅਰਜ਼ੀ ਦੇ ਜ਼ਰੀਏ ਅਗਲੇਰੀ ਪ੍ਰਵਾਨਗੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਸੰਸਦ ਮੈਂਬਰ ਢੇਸੀ ਨੇ ਕਿਹਾ ਕਿ ਰਾਸ਼ਟਰੀ ਸਿੱਖ ਯੁੱਧ ਯਾਦਗਾਰ ਬਣਾਉਣ ਲਈ ਸਿੱਖ ਭਾਈਚਾਰੇ ਦਾ ਵੱਡਾ ਯੋਗਦਾਨ ਹੈ। ਇਹ ਭਾਈਚਾਰੇ ਵਾਸਤੇ ਬਹੁਤ ਹੀ ਮਾਣ ਅਤੇ ਸਨਮਾਨ ਦੀ ਗੱਲ ਹੋਵੇਗੀ, ਇਹ ਯਾਦਗਰ ਪੂਰੇ ਵਿਸ਼ਵ ਨੂੰ ਸਿੱਖਾਂ ਦੇ ਯੋਗਦਾਨ ਦੀ ਦਾਸਤਾਨ ਦੱਸੇਗੀ।

# ਇਮਰਾਨ ਨੂੰ ਨਹੀਂ ਕੀਤਾ ਜਾਵੇਗਾ ਕਿਸੇ ਹੋਰ ਜੇਲ੍ਹ 'ਚ ਤਬਦੀਲ: ਸਨਾਉੱਲਾ



**ਅੰਮ੍ਰਿਤਸਰ:**ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੇ ਸਲਾਹਕਾਰ ਰਾਣਾ ਸਨਾਉੱਲਾ ਨੇ ਕਿਹਾ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਸੰਸਥਾਪਕ ਇਮਰਾਨ ਖ਼ਾਨ ਨੂੰ ਕਿਸੇ ਹੋਰ ਜੇਲ੍ਹ ਵਿਚ ਨਹੀਂ ਭੇਜਿਆ ਜਾਵੇਗਾ। ਮੀਡੀਆ ਨਾਲ ਗੱਲ ਕਰਦੇ ਹੋਏ ਸਨਾਉੱਲਾ ਨੇ ਕਿਹਾ ਕਿ ਇਮਰਾਨ ਖ਼ਾਨ ਲੰਬੇ ਸਮੇਂ ਤੋਂ ਦੂਜਿਆਂ ਨੂੰ ਚੋਰ ਅਤੇ ਡਾਕੂ ਕਹਿੰਦੇ ਆ ਰਹੇ ਹਨ, ਜਦਕਿ ਹੁਣ ਉਹ ਖ਼ੁਦ ਜਾਂਚ ਦੇ ਘੇਰੇ 'ਚ ਹਨ। ਸਨਾਉੱਲਾ ਨੇ ਕਿਹਾ ਕਿ ਤੋਹਫ਼ੇ ਕਿਸੇ ਵਿਅਕਤੀ ਦੇ ਨਹੀਂ ਸਗੋਂ ਰਾਜ ਦੇ ਹਨ, ਉਨ੍ਹਾਂ ਕਿਹਾ ਕਿ ਦੂਜਿਆਂ ਨੂੰ ਚੋਰ ਕਹਿਣ ਵਾਲਾ' ਵਿਅਕਤੀ ਖ਼ੁਦ ਚੋਰ ਸਾਬਤ ਹੋ ਗਿਆ ਹੈ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਪਾਕਿ ਨੂੰ ਪੀ. ਟੀ. ਆਈ. ਦੀਆਂ ਖ਼ਰਾਬ ਨੀਤੀਆਂ ਕਾਰਨ ਆਈ. ਐਮ. ਐਫ. ਪ੍ਰੋਗਰਾਮ ਵਿਚ ਦਾਖਲ ਹੋਣਾ ਪਿਆ। ਉਨ੍ਹਾਂ ਕਿਹਾ ਕਿ ਆਈ. ਐਮ. ਐਫ. ਪ੍ਰੋਗਰਾਮ ਕਾਰਨ ਸਬਸਿਡੀਆਂ ਨਹੀਂ ਦਿੱਤੀਆਂ ਜਾ ਸਕਦੀਆਂ।

# ਫ਼ੈਸਲੇ 'ਚ ਮੇਰੀਆਂ ਦਲੀਲਾਂ ਨੂੰ ਕੀਤਾ ਗਿਆ ਨਜ਼ਰਅੰਦਾਜ਼: ਇਮਰਾਨ ਖ਼ਾਨ



**ਅੰਮ੍ਰਿਤਸਰ:**ਰਾਵਲਪਿੰਡੀ ਦੀ ਅਡਿਆਲਾ ਜੇਲ੍ਹ 'ਚ ਕੈਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ ਦਾ ਸੱਦਾ ਦਿੰਦਿਆਂ ਦੋਸ਼ ਲਗਾਇਆ ਕਿ ਉਨ੍ਹਾਂ ਵਿਰੁੱਧ ਫ਼ੈਸਲੇ ਦੀ ਸੁਣਵਾਈ ਮੌਕੇ ਉਨ੍ਹਾਂ ਦੀਆਂ ਦਲੀਲਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਅਦਾਲਤ ਨੇ ਤੋਸ਼ਾਖ਼ਾਨਾ-2 ਮਾਮਲੇ 'ਚ ਇਮਰਾਨ ਖ਼ਾਨ ਨੂੰ 17 ਸਾਲ' ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਵਕੀਲ ਰਾਹੀਂ ਭੇਜੇ ਸੁਨੇਹੇ 'ਚ ਕਿਹਾ ਕਿ ਪੂਰੇ ਦੇਸ਼ ਨੂੰ ਆਪਣੇ ਹੱਕਾਂ ਲਈ ਉੱਠਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਬਿਨਾਂ ਸਬੂਤਾਂ ਅਤੇ ਉਚਿੱਤ ਪ੍ਰਕਿਰਿਆ ਦੇ ਜਲਦਬਾਜ਼ੀ 'ਚ ਦਿੱਤਾ ਗਿਆ। ਇਮਰਾਨ ਖ਼ਾਨ ਦੀ ਭੈਣ ਅਲੀਮਾ ਖਾਨ ਨੇ ਫ਼ੈਸਲੇ ਨੂੰ 'ਪਹਿਲਾਂ ਤੋਂ ਲਿਖੀ ਸਕ੍ਰਿਪਟ' ਦੱਸਦਿਆਂ ਇਸ ਨੂੰ 'ਕੰਗਾਰੂ ਅਦਾਲਤ' ਦਾ ਫ਼ੈਸਲਾ ਕਿਹਾ। ਉਨ੍ਹਾਂ ਦੇ ਵਕੀਲ ਨੇ ਕਿਹਾ ਕਿ ਖ਼ਾਨ ਨੇ ਖ਼ੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਨੂੰ ਸੜਕ ਅੰਦੋਲਨ ਦੀ ਤਿਆਰੀ ਲਈ ਸੁਨੇਹਾ ਭੇਜਿਆ ਹੈ।

# ਜ਼ਿਲ੍ਹਾ ਪ੍ਰੀਸ਼ਦਾਂ ਅਤੇ ਬਲਾਕ ਸੰਮਤੀਆਂ ਦੇ ਨਤੀਜੇ

**ਚੰਡੀਗੜ੍ਹ:**ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੇ ਪੂਰੇ ਨਤੀਜੇ ਐਲਾਨ ਦਿੱਤੇ ਜਾਣ ਤੋਂ ਬਾਅਦ ਪੰਜਾਬ ਦੀ ਇਹ ਹੈ ਅਸਲ ਤਸਵੀਰ।

## ਜ਼ਿਲ੍ਹਾ ਪਰਿਸ਼ਦ –

**ਆਮ ਆਦਮੀ ਪਾਰਟੀ** – 218 ਸੀਟਾਂ
**ਕਾਂਗਰਸ ਪਾਰਟੀ** – 62 ਸੀਟਾਂ
**ਸ਼ਿਰੋਮਣੀ ਅਕਾਲੀ ਦਲ** – 46 ਸੀਟਾਂ
**ਭਾਜਪਾ** – 7 ਸੀਟਾਂ
**ਬਸਪਾ** – 3 ਸੀਟਾਂ
**ਅਤੇ ਅਜ਼ਾਦ 10 ਸੀਟਾਂ**




ਪੰਜਾਬ ਦੇ 23 ਵਿੱਚੋਂ 12 ਜ਼ਿਲ੍ਹਿਆਂ ਵਿੱਚ ਆਮ ਆਦਮੀ ਪਾਰਟੀ ਦੇ ਚੇਅਰਮੈਨ ਤਹਿ ਹਨ।

ਦੋ ਵਿੱਚ ਸ਼ਿਰੋਮਣੀ ਅਕਾਲੀ ਦਲ ਦੇ ਤਹਿ ਹਨ ਅਤੇ ਇੱਕ ਵਿੱਚ ਕਾਂਗਰਸ ਦਾ ਚੇਅਰਮੈਨ ਤਹਿ ਹੈ।

ਜਦੋਂਕਿ 8 ਜ਼ਿਲ੍ਹਿਆਂ ਵਿੱਚ ਜੋੜ ਤੋੜ ਤੋਂ ਬਾਅਦ ਹੀ ਚੇਅਰਮੈਨ ਬਣਨਗੇ।

## ਬਲਾਕ ਸੰਮਤੀ ਦੇ ਨਤੀਜੇ ਕੀ ਰਹੇ ?

ਆਮ ਆਦਮੀ ਪਾਰਟੀ ਦੇ ਜੇਤੂ - 1529
ਕਾਂਗਰਸ ਦੇ ਜੇਤੂ ਬਲਾਕ ਸੰਮਤੀ ਮੈਂਬਰ - 611
ਸ਼ਿਰੋਮਣੀ ਅਕਾਲੀ ਦਲ ਦੇ ਜੇਤੂ - 449
ਭਾਜਪਾ ਦੇ ਜੇਤੂ - 55
ਬਹੁਜਨ ਸਮਾਜ ਪਾਰਟੀ ਦੇ ਜੇਤੂ - 26
**ਅਜ਼ਾਦ ਤੌਰ ਤੇ ਬਲਾਕ ਸੰਮਤੀ ਦੇ ਜੇਤੂ ਮੈਂਬਰ - 510**

ਆਮ ਆਦਮੀ ਪਾਰਟੀ ਦਾ ਜ਼ੋਰ - ਸ਼੍ਰੀ ਅੰਮ੍ਰਿਤਸਰ ਸਾਹਿਬ , ਸੰਗਰੂਰ , ਬਰਨਾਲਾ , ਮੋਗਾ , ਪਟਿਆਲ਼ਾ , ਗੁਰਦਾਸਪੁਰ , ਹੁਸ਼ਿਆਰਪੁਰ , ਫਾਜ਼ਿਕਾ , ਮਲੇਰਕੋਟਲਾ ਅਤੇ ਪਠਾਨਕੋਟ

**ਕਾਂਗਰਸ** – ਰੋਪੜ , ਕਪੂਰਥਲਾ ਅਤੇ ਫਿਰੋਜਪੁਰ

**ਅਕਾਲੀ ਦਲ ਬਾਦਲ** – ਬਠਿੰਡਾ , ਮੁਕਤਸਰ ਅਤੇ ਫਰੀਦਕੋਟ

ਅਜ਼ਾਦ ਤੌਰ ਤੇ ਮਨਪ੍ਰੀਤ ਇਆਲੀ ਅਤੇ ਰਾਣਾ ਇੰਦਰਪ੍ਰਤਾਪ ਸਿੰਘ ਦਾ ਆਪੋ ਆਪਣੇ ਹਲਕਿਆਂ 'ਚ ਦਬਦਬਾ ਬਰਕਰਾਰ ਰਿਹਾ।

ਬਹੁਜਨ ਸਮਾਜ ਪਾਰਟੀ ਵੱਲੋਂ ਜਲੰਧਰ ਤੇ ਫਿਲੌਰ ਦੇ ਇਲਾਕਿਆਂ 'ਚ ਆਪਣੀ ਭਰਵੀਂ ਹਾਜ਼ਰੀ ਲਗਵਾਈ।

ਭਾਜਪਾ ਨੇ ਭਾਵੇਂ ਪੂਰੇ ਪੰਜਾਬ ਵਿੱਚ ਪੰਗਾ ਲਿਆ ਹੋਇਆ ਸੀ। ਜਿਸ ਕਰਕੇ ਸ਼ਿਰੋਮਣੀ ਅਕਾਲੀ ਦਲ ਦੇ 100 ਤੋਂ 150 ਤੋਂ ਵਧੇਰੇ ਬਲਾਕ ਸੰਮਤੀ ਮੈਂਬਰ ਅਤੇ 15 ਦੇ ਕਰੀਬ ਜਿਲਾ ਪਰਿਸ਼ਦ ਮੈਂਬਰੀ ਦੀ ਚੋਣ ਲੜਦੇ ਉਮੀਦਵਾਰ ਹਰਾਏ। ਪਰ ਐਨਾ ਜੋਰ ਲਾਉਣ ਦੇ ਬਾਵਜੂਦ ਭਾਜਪਾ ਪਠਾਨਕੋਟ , ਫਾਜ਼ਿਕਾ ਅਤੇ ਹੁਸ਼ਿਆਰਪੁਰ ਤੋਂ ਬਾਹਰ ਨਹੀਂ ਨਿੱਕਲ ਪਾਈ।

# ਗੁਰੂ ਗੋਬਿੰਦ ਸਿੰਘ ਕਾਲਜ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਨੇ ਟੈਂਟੀਆ ਯੂਨੀਵਰਸਿਟੀ (ਰਾਜਸਥਾਨ) ਨਾਲ ਸਮਝੌਤਾ ਪੱਤਰ 'ਤੇ ਦਸਤਖਤ ਕੀਤੇ



**ਜੈਪੁਰ:**ਗੋਬਿੰਦ ਸਿੰਘ ਕਾਲਜ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਨੇ ਟੈਂਟੀਆ ਯੂਨੀਵਰਸਿਟੀ, ਰਾਜਸਥਾਨ ਨਾਲ ਇੱਕ ਇਤਿਹਾਸਕ ਸਮਝੌਤਾ ਪੱਤਰ (ਐਮ.ਓ.ਯੂ.) 'ਤੇ ਹਸਤਾਖਰ ਕੀਤੇ ਹਨ, ਜੋ ਕਿ ਦੋ ਨਾਮਵਰ ਸੰਸਥਾਵਾਂ ਵਿਚਕਾਰ ਅਕਾਦਮਿਕ ਅਤੇ ਸੰਸਥਾਗਤ ਸਹਿਯੋਗ ਨੂੰ ਮਜ਼ਬੂਤ ਕਰਨ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਹ ਸਮਝੌਤਾ ਸਹਿਯੋਗ, ਨਵੀਨਤਾ ਅਤੇ ਗਿਆਨ ਸਾਂਝਾਕਰਨ ਰਾਹੀਂ ਉੱਚ ਸਿੱਖਿਆ ਵਿੱਚ ਉੱਤਮਤਾ ਨੂੰ ਵਧਾਉਣ ਲਈ ਇੱਕ ਸਾਂਝੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ। ਸਮਝੌਤਾ ਪੱਤਰ ਦਾ ਉਦੇਸ਼ ਸਹਿਯੋਗੀ ਖੋਜ, ਅਕਾਦਮਿਕ ਪ੍ਰਕਾਸ਼ਨਾਂ ਅਤੇ ਫੈਕਲਟੀ ਵਿਕਾਸ ਪ੍ਰੋਗਰਾਮਾਂ ਵਰਗੇ ਮੁੱਖ ਅਕਾਦਮਿਕ ਖੇਤਰਾਂ ਵਿੱਚ ਸਾਂਝੀਆਂ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਨਾ ਹੈ। ਦੋਵੇਂ ਸੰਸਥਾਵਾਂ ਅੰਤਰ-ਅਨੁਸ਼ਾਸਨੀ ਖੋਜ ਪ੍ਰੋਜੈਕਟਾਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰਸਿੱਧ ਜਰਨਲਾਂ ਵਿੱਚ ਸਹਿ-ਲੇਖਕ ਖੋਜ ਪੱਤਰਾਂ, ਅਤੇ ਅਕਾਦਮਿਕ ਮੁਹਾਰਤ ਦੇ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਕੰਮ ਕਰਨ ਲਈ ਸਹਿਮਤ ਹੋਈਆਂ ਹਨ।

ਇਸ ਤੋਂ ਇਲਾਵਾ, ਭਾਈਵਾਲੀ ਅਧਿਆਪਨ, ਖੋਜ ਅਤੇ ਪੇਸ਼ੇਵਰ ਯੋਗਤਾਵਾਂ ਨੂੰ ਵਧਾਉਣ ਲਈ ਫੈਕਲਟੀ ਵਿਕਾਸ ਪ੍ਰੋਗਰਾਮਾਂ (ਐਫ.ਡੀ.ਪੀ.), ਵਰਕਸ਼ਾਪਾਂ, ਸੈਮੀਨਾਰਾਂ, ਕਾਨਫਰੰਸਾਂ ਅਤੇ ਸਿਖਲਾਈ ਪ੍ਰੋਗਰਾਮਾਂ ਦੇ ਆਯੋਜਨ 'ਤੇ ਕੇਂਦ੍ਰਿਤ ਹੋਵੇਗੀ। ਟੈਂਟੀਆ ਯੂਨੀਵਰਸਿਟੀ ਦੇ ਵਾਈਸ ਪ੍ਰੈਜ਼ੀਡੈਂਟ ਡਾ. ਮੋਹਿਤ ਟੈਂਟੀਆ ਨੇ ਇਸ ਅਕਾਦਮਿਕ ਪਹਿਲਕਦਮੀ ਦੀ ਬਹੁਤ ਪ੍ਰਸ਼ੰਸਾ ਕੀਤੀ ਅਤੇ ਸਹਿਯੋਗ ਅਤੇ ਨਵੀਨਤਾ ਦੇ ਇੱਕ ਮਜ਼ਬੂਤ ਸੱਭਿਆਚਾਰ ਨੂੰ ਬਣਾਉਣ ਵੱਲ ਇੱਕ ਅਗਾਂਹਵਧੂ ਕਦਮ ਚੁੱਕਣ ਲਈ ਦੋਵਾਂ ਸੰਸਥਾਵਾਂ ਦੀ ਅਗਵਾਈ ਦੀ ਸ਼ਲਾਘਾ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹੀਆਂ ਭਾਈਵਾਲੀ ਅਕਾਦਮਿਕ ਪਾੜੇ ਨੂੰ ਪੂਰਾ ਕਰਨ ਅਤੇ ਸਿੱਖਿਆ ਅਤੇ ਖੋਜ ਵਿੱਚ ਉੱਤਮਤਾ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਟੈਂਟੀਆ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋਫੈਸਰ ਐਮ. ਐਮ. ਸਕਸੈਨਾ ਨੇ ਵੀ ਇਸ ਪ੍ਰਗਤੀਸ਼ੀਲ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਖੋਜ ਸੱਭਿਆਚਾਰ ਨੂੰ ਮਜ਼ਬੂਤ ਕਰਨ, ਅਕਾਦਮਿਕ ਮਿਆਰਾਂ ਨੂੰ ਬਿਹਤਰ ਬਣਾਉਣ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨ ਵਿੱਚ ਅੰਤਰ-ਸੰਸਥਾਗਤ ਸਹਿਯੋਗ ਦੀ ਮਹੱਤਤਾ ਨੂੰ ਉਜਾਗਰ ਕੀਤਾ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਇਹ ਸਮਝੌਤਾ ਦੋਵਾਂ ਸੰਸਥਾਵਾਂ ਦੇ ਫੈਕਲਟੀ ਮੈਂਬਰਾਂ, ਖੋਜਕਰਤਾਵਾਂ ਅਤੇ ਵਿਦਿਆਰਥੀਆਂ ਲਈ ਸਾਰਥਕ ਮੌਕੇ ਪੈਦਾ ਕਰੇਗਾ। ਸਮਝੌਤਾ ਸਹੀਬੰਦ ਸਮਾਰੋਹ ਵਿੱਚ ਟੈਂਟੀਆ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਵਿਨੋਦ ਸ਼ਰਮਾ; ਪ੍ਰੋ ਵਾਈਸ-ਚਾਂਸਲਰ ਡਾ. ਪਰਵੀਨ ਸ਼ਰਮਾ; ਅਤੇ ਹੁਨਰ ਵਿਕਾਸ ਵਿਭਾਗ ਦੇ ਡਿਪਟੀ ਕੋਆਰਡੀਨੇਟਰ ਡਾ. ਵਿਸ਼ਾਲ ਛਾਬੜਾ ਸਮੇਤ ਸੀਨੀਅਰ ਯੂਨੀਵਰਸਿਟੀ ਅਧਿਕਾਰੀਆਂ ਦੀ ਮੌਜੂਦਗੀ ਨੇ ਸ਼ਿਰਕਤ ਕੀਤੀ।

ਉਨ੍ਹਾਂ ਦੀ ਮੌਜੂਦਗੀ ਨੇ ਇਸ ਮੌਕੇ ਨੂੰ ਮਹੱਤਵ ਦਿੱਤਾ ਅਤੇ ਅਕਾਦਮਿਕ ਭਾਈਵਾਲੀ ਪ੍ਰਤੀ ਯੂਨੀਵਰਸਿਟੀ ਦੀ ਮਜ਼ਬੂਤ ਵਚਨਬੱਧਤਾ ਨੂੰ ਰੇਖਾਂਕਿਤ ਕੀਤਾ। ਇਸ ਮਹੱਤਵਪੂਰਨ ਸਮਝੌਤੇ ਨਾਲ ਗਿਆਨ ਸਾਂਝਾ ਕਰਨ, ਸਮਰੱਥਾ ਨਿਰਮਾਣ ਅਤੇ ਸੰਸਥਾਗਤ ਵਿਕਾਸ ਲਈ ਨਵੇਂ ਰਸਤੇ ਖੁੱਲ੍ਹਣ ਦੀ ਉਮੀਦ ਹੈ, ਜਿਸ ਨਾਲ ਲੰਬੇ ਸਮੇਂ ਵਿੱਚ ਦੋਵਾਂ ਸੰਸਥਾਵਾਂ ਦੇ ਫੈਕਲਟੀ, ਖੋਜਕਰਤਾਵਾਂ ਅਤੇ ਵਿਦਿਆਰਥੀਆਂ ਨੂੰ ਲਾਭ ਹੋਵੇਗਾ।

# ਰਾਸ਼ਟਰ ਵਿਰੋਧੀ ਸਰਗਰਮੀਆਂ 'ਚ ਸ਼ਾਮਲ ਹੈ ਕਾਂਗਰਸ: ਮੋਦੀ




**ਨਾਮਰੂਪ:**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ 'ਤੇ ਤਿੱਖਾ ਹਮਲਾ ਕਰਦੇ ਹੋਏ ਉਸ 'ਤੇ ਰਾਸ਼ਟਰ ਵਿਰੋਧੀ ਸਰਗਰਮੀਆਂ 'ਚ ਸ਼ਾਮਲ ਹੋਣ ਤੇ ਅਸਾਮ 'ਚ ਨਾਜਾਇਜ਼ ਬੰਗਲਾਦੇਸ਼ੀ ਘੁਸਪੈਠੀਆਂ ਨੂੰ ਵਸਾਉਣ 'ਚ ਮਦਦ ਕਰਨ ਦਾ ਦੋਸ਼ ਲਗਾਇਆ। ਕਿਹਾ ਕਿ ਕਾਂਗਰਸ ਸੱਤਾ ਹਥਿਆਉਣ ਦੇ ਇਕਮਾਤਰ ਮੰਤਵ ਨਾਲ ਵੋਟਰ ਸੂਚੀ 'ਚ ਸੋਧ ਦਾ ਵਿਰੋਧ ਕਰ ਰਹੀ ਹੈ। ਇਕ ਦਿਨ ਪਹਿਲਾਂ ਮੋਦੀ ਨੇ ਕਾਂਗਰਸ 'ਤੇ ਆਪਣੇ ਸ਼ਾਸਨਕਾਲ ਦੌਰਾਨ ਅਸਾਮ ਤੇ ਪੂਰਬ-ਉੱਤਰ ਦੀ ਅਣਦੇਖੀ ਕਰਨ ਦਾ ਦੋਸ਼ ਲਗਾਇਆ ਸੀ। ਉਨ੍ਹਾਂ ਦਾਅਵਾ ਕੀਤਾ ਸੀ ਕਿ ਭਾਜਪਾ ਦੀ ਸਰਕਾਰ ਉਨ੍ਹਾਂ ਗ਼ਲਤੀਆਂ ਨੂੰ ਸੁਧਾਰ ਰਹੀ ਹੈ, ਜੋ ਕਾਂਗਰਸ ਦਹਾਕਿਆਂ ਤੋਂ ਇਸ ਖੇਤਰ 'ਚ ਕਰਦੀ ਆ ਰਹੀ ਸੀ। ਅਸਾਮ ਦੇ ਨਾਮਰੂਪ (ਡਿਬਰੂਗੜ੍ਹ) 'ਚ 10,601 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਖਾਦ ਪਲਾਂਟ ਦਾ ਭੂਮੀ ਪੂਜਨ ਕਰਨ ਤੋਂ ਬਾਅਦ ਇਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਰਾਸ਼ਟਰ ਵਿਰੋਧੀ ਸਰਗਰਮੀਆਂ 'ਚ ਸ਼ਾਮਲ ਹੈ। ਉਹ ਅਸਾਮ ਦੇ ਜੰਗਲ ਤੇ ਜ਼ਮੀਨ 'ਤੇ ਬੰਗਲਾਦੇਸ਼ੀ ਘੁਸਪੈਠੀਆਂ ਨੂੰ ਵਸ਼ਾਉਣਾ ਚਾਹੁੰਦੀ ਹੈ। ਉਹ ਸਿਰਫ ਆਪਣਾ ਵੋਟ ਬੈਂਕ ਮਜ਼ਬੂਤ ਕਰਨਾ ਚਾਹੁੰਦੀ ਹੈ ਤੇ ਜਨਤਾ ਦੀ ਉਸ ਨੂੰ ਕੋਈ ਪਰਵਾਹ ਨਹੀਂ ਹੈ। ਕਾਂਗਰਸ ਨੂੰ ਅਸਮੀਆ ਲੋਕਾਂ ਦੀ ਪਛਾਣ, ਵਜੂਦ ਤੇ ਮਾਣ ਦੀ ਕੋਈ ਚਿੰਤਾ ਨਹੀਂ ਹੈ। ਕਾਂਗਰਸ ਵੋਟਰ ਸੂਚੀ 'ਚ ਸੋਧ ਦਾ ਵਿਰੋਧ ਕਰ ਰਹੀ ਹੈ ਕਿਉਂਕਿ ਉਹ ਸੱਤਾ ਹਥਿਆਉਣਾ ਚਾਹੁੰਦੀ ਹੈ। ਕਿਹਾ, 'ਮੈਂ ਜੋ ਵੀ ਚੰਗਾ ਕਰਨ ਦੀ ਕੋਸ਼ਿਸ਼ ਕਰਦਾ ਹਾਂ, ਉਹ ਉਸਦਾ ਵਿਰੋਧ ਕਰਦੀ ਹੈ। ਪ੍ਰਧਾਨ ਮੰਤਰੀ ਨੇ ਦੋਸ਼ ਲਗਾਇਆ ਕਿ ਕਾਂਗਰਸ ਨੇ ਇਸ ਦੇਸ਼ ਨੂੰ ਇੰਨਾ ਨੁਕਸਾਨ ਪਹੁੰਚਾਇਆ ਹੈ ਕਿ ਪਿਛਲੇ 11 ਸਾਲਾਂ ਤੋਂ ਉਨ੍ਹਾਂ ਨੂੰ ਸੁਧਾਰਨ ਦੇ ਬਾਵਜੂਦ ਸਭ ਕੁਝ ਲੀਹ 'ਤੇ ਲਿਆਉਣ। ਲਈ ਹਾਲੇ ਵੀ ਬਹੁਤ ਕੰਮ ਕਰਨਾ ਬਾਕੀ ਹੈ।

ਏਐੱਨਆਈ ਅਨੁਸਾਰ, ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਸਰਕਾਰ ਪੁਰਾਣੀਆਂ ਫੈਕਟਰੀਆਂ ਦਾ ਆਧੁਨਿਕੀਕਰਨ ਕਰਨ 'ਚ ਨਾਕਾਮ ਰਹੀ, ਜਿਸ ਕਾਰਨ ਖੇਤਰ 'ਚ ਕਈ ਉਦਯੋਗਿਕ ਇਕਾਈਆਂ ਬੰਦ ਹੋ ਗਈਆਂ। ਪੁਰਾਣੀਆਂ ਫੈਕਟਰੀਆਂ 'ਚ ਤਕਨੀਕ ਪੁਰਾਣੀ ਹੋ ਚੁੱਕੀ ਸੀ ਤੇ ਕਾਂਗਰਸ ਸਰਕਾਰਾਂ ਨੇ ਇਸ 'ਤੇ ਕੋਈ ਧਿਆਨ ਨਹੀਂ ਦਿੱਤਾ।

ਬ੍ਰਹਮਪੁੱਤਰ ਨਦੀ 'ਚ ਕਰੂਜ਼ 'ਤੇ ਵਿਦਿਆਰਥੀਆਂ ਨਾਲ ਰੀਡੀ ਗੱਲਬਾਤ : ਪ੍ਰਧਾਨ ਮੰਤਰੀ ਮੋਦੀ ਅਸਾਮ ਯਾਤਰਾ ਦੇ ਦੂਜੇ ਦਿਨ ਬ੍ਰਹਮਪੁੱਤਰ ਨਦੀ 'ਚ ਕਰੂਜ਼ 'ਤੇ ਸਵਾਰ ਹੋਏ ਤੇ 'ਪ੍ਰੀਖਿਆ 'ਤੇ ਚਰਚਾ' ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਇਸ ਪ੍ਰੋਗਰਾਮ 'ਚ ਅਸਾਮ ਦੇ ਵੱਖ ਵੱਖ ਸਕੂਲਾਂ ਦੇ ਕੁੱਲ 25 ਵਿਦਿਆਰਥੀਆਂ ਨੇ ਹਿੱਸਾ ਲਿਆ। ਪ੍ਰੋਗਰਾਮ 'ਚ ਹਿੱਸਾ ਲੈਣ ਲਈ ਜਵਾਹਰ ਨਵੋਦਿਆ ਵਿਦਿਆਲਾ, ਪੀਐੱਮ ਸ੍ਰੀ ਸਕੂਲ, ਕੇਂਦਰੀ ਵਿਦਿਆਲਾ, ਅਸਾਮ ਜਾਤੀ ਵਿਦਿਆਲਾ, ਡਾਨ ਬਾਸਕੋ ਸੰਸਥਾ ਤੇ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾ ਤੋਂ ਬੱਚਿਆਂ ਦੀ ਚੋਣ ਹੋਈ।

# ਨਾਕਾਮੀਆਂ ਦਾ ਦੋਸ਼ ਵਿਰੋਧੀਆਂ 'ਤੇ ਮੜ੍ਹਦੀ ਹੈ ਭਾਜਪਾ: ਖੜਗੇ

**ਕਲਬੁਰਗੀ (ਕਰਨਾਟਕ):**ਕਾਂਗਰਸ ਦੇ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਹਾਲ ਹੀ ਵਿਚ ਗੁਹਾਟੀ ਵਿਚ ਇਕ ਪ੍ਰੋਗਰਾਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੀਆਂ ਟਿੱਪਣੀਆਂ ਦਾ ਤਿੱਖਾ ਜਵਾਬ ਦਿੱਤਾ। ਮੋਦੀ ਨੇ ਕਾਂਗਰਸ ਪਾਰਟੀ 'ਤੇ ਵੋਟਰ ਸੂਚੀ ਦੀ ਵਿਸ਼ੇਸ਼ ਡੂੰਘੀ ਮੁੜ-ਜਾਂਚ (ਐੱਸ.ਆਈ.ਆਰ) ਦਾ ਵਿਰੋਧ ਕਰ ਕੇ ਘੁਸਪੈਠੀਆਂ ਨੂੰ ਸਹਾਰਾ ਦੇਣ ਦਾ ਦੋਸ਼ ਲਾਇਆ ਸੀ।



ਖੜਗੇ ਨੇ ਸਵਾਲ ਉਠਾਇਆ ਕਿ ਭਾਜਪਾ, ਜੋ ਕਿ ਅਸਾਮ ਅਤੇ ਕੇਂਦਰ ਦੋਹਾਂ ਥਾਵਾਂ 'ਤੇ ਸੱਤਾ ਵਿਚ ਹੈ, ਆਪਣੀਆਂ ਅਸਫਲਤਾਵਾਂ ਦਾ ਦੋਸ਼ ਵਿਰੋਧੀ ਪਾਰਟੀਆਂ 'ਤੇ ਕਿਵੇਂ ਮੜ੍ਹ ਸਕਦੀ ਹੈ। ਖੜਗੇ ਨੇ ਕਿਹਾ, "ਉਨ੍ਹਾਂ ਦੀ ਕੇਂਦਰ ਵਿਚ ਸਰਕਾਰ ਹੈ ਅਤੇ ਅਸਾਮ ਵਿਚ ਵੀ ਉਨ੍ਹਾਂ ਦੀ ਸਰਕਾਰ ਹੈ, ਜਿਸਨੂੰ ਉਹ ਡਬਲ- ਇੰਜਣ ਸਰਕਾਰ ਕਹਿੰਦੇ ਹਨ। ਜੇ ਉਹ ਸੁਰੱਖਿਆ ਪ੍ਰਦਾਨ ਕਰਨ ਵਿਚ ਅਸਫਲ ਰਹਿੰਦੇ ਹਨ, ਤਾਂ ਉਹ ਵਿਰੋਧੀ ਪਾਰਟੀਆਂ 'ਤੇ ਦੋਸ਼ ਕਿਵੇਂ ਲਗਾ ਸਕਦੇ ਹਨ? ਕੀ ਅਸੀਂ ਉੱਥੇ ਸੱਤਾ ਵਿਚ ਹਾਂ? ਜਦੋਂ ਉਹ ਅਸਫਲ ਹੁੰਦੇ ਹਨ, ਤਾਂ ਉਹ ਸਾਰੇ ਦੋਸ਼ ਵਿਰੋਧੀ ਪਾਰਟੀਆਂ 'ਤੇ ਲਗਾਉਂਦੇ ਹਨ ਅਤੇ ਮੈਂ ਇਸ ਤਰ੍ਹਾਂ ਦੀ ਟਿੱਪਣੀ ਦੀ ਨਿੰਦਾ ਕਰਦਾ ਹਾਂ। ਉਹ ਗੱਦਾਰ ਹਨ, ਅਸੀਂ ਨਹੀਂ।

# ਬੇਹੱਦ ਮੁਸ਼ਕਲ ਵਿਚ ਹਨ ਬੰਗਲਾ ਦੇਸ਼ ਵਿੱਚ ਹਿੰਦੂ

**ਨਵੀਂ ਦਿੱਲੀ:**ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਬੰਗਲਾਦੇਸ਼ 'ਚ ਹਿੰਦੂ ਨੌਜਵਾਨ ਦੀਪੂ ਚੰਦਰ ਦਾਸ ਦੀ ਜ਼ਾਲਮਾਨਾ ਤਰੀਕੇ ਨਾਲ ਹੱਤਿਆ ਕਰਨ ਵਾਲਿਆਂ ਨੂੰ ਇਨਸਾਫ਼ ਦੇ ਕਟਹਿਰੇ 'ਚ ਖੜ੍ਹਾ ਕਰਨ ਤੇ ਉਥੇ ਦੇ ਸਾਰੇ ਘੱਟ ਗਿਣਤੀਆਂ ਦੀ ਸੁਰੱਖਿਆ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ। ਲਗਾਤਾਰ ਵਿਗੜ ਰਹੇ ਹਾਲਾਤ ਨੂੰ ਵੇਖਦੇ ਹੋਏ ਭਾਰਤ ਨੂੰ ਬੰਗਲਾਦੇਸ਼ 'ਤੇ ਇਸ ਲਈ ਦਬਾਅ ਵੀ ਬਣਾਉਣਾ ਪਵੇਗਾ ਕਿ ਉਥੇ ਘੱਟ ਗਿਣਤੀਆਂ ਤੇ ਵਿਸ਼ੇਸ਼ ਰੂਪ ਨਾਲ ਹਿੰਦੂਆਂ ਦੀ ਸੁਰੱਖਿਆ ਯਕੀਨੀ ਬਣ ਸਕੇ। ਇਸ ਨਾਲ ਸੰਤੁਸ਼ਟ ਨਹੀਂ ਹੋਇਆ ਜਾ ਸਕਦਾ ਕਿ ਦੀਪੂ ਚੰਦਰ ਦਾਸ ਨੂੰ ਕੁੱਟ-ਕੁੱਟ ਕੇ ਮਾਰਨ ਤੇ ਉਸ ਦੀ ਲਾਸ਼ ਨੂੰ ਭੀੜ ਦੇ ਸਾਹਮਣੇ ਸਾੜਨ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਕਿਉਂਕਿ ਇਹ ਗ੍ਰਿਫ਼ਤਾਰੀ ਤਦ ਹੋਈ ਜਦ ਰੋਂਗਟੇ ਖੜ੍ਹੇ ਕਰ ਦੇਣ ਵਾਲੀ ਇਸ ਵਹਿਸ਼ੀ ਘਟਨਾ ਦਾ ਵੀਡੀਓ ਵਾਇਰਲ ਹੋ ਗਿਆ।

ਬੰਗਲਾਦੇਸ਼ ਦੇ ਹਿੰਦੂ ਇਸ ਲਈ ਕੱਟੜਪੰਥੀਆਂ ਦੇ ਨਿਸ਼ਾਨੇ 'ਤੇ ਹਨ, ਕਿਉਂਕਿ ਅਹੁਦੇ ਤੋਂ ਹਟਾਈ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੇ ਭਾਰਤ 'ਚ ਪਨਾਹ ਲੈ ਰੱਖੀ ਹੈ ਤੇ ਇਸ ਬਹਾਨੇ ਕੱਟੜਪੰਥੀ ਤਾਕਤਾਂ ਭਾਰਤ ਖ਼ਿਲਾਫ਼ ਮਾਹੌਲ ਬਣਾਉਣ 'ਚ ਰੁੱਝੀਆਂ ਹੋਈਆਂ ਹਨ। ਇਸ ਮਾਹੌਲ ਦਾ ਸਭ ਤੋਂ ਮਾੜਾ ਅਸਰ ਉਥੇ ਦੇ ਹਿੰਦੂਆਂ 'ਤੇ ਪੈ ਰਿਹਾ ਹੈ। ਬੰਗਲਾਦੇਸ਼ ਦੇ ਹਿੰਦੂ ਇਕ ਲੰਬੇ ਸਮੇਂ ਤੋਂ ਖ਼ਤਰੇ 'ਚ ਹਨ। ਜਦ ਬੰਗਲਾਦੇਸ਼ ਬਣਿਆ ਤਦ ਉਥੇ ਕਰੀਬ 15-16 ਫ਼ੀਸਦੀ ਹਿੰਦੂ ਸਨ, ਪਰ ਅੱਜ ਉਨ੍ਹਾਂ ਦੀ ਗਿਣਤੀ ਅੱਠ ਫ਼ੀਸਦੀ ਤੋਂ ਵੀ ਘੱਟ ਰਹਿ ਗਈ ਹੈ। ਇਹ ਇਕ ਤੱਥ ਹੈ ਕਿ ਪੂਰਬੀ ਪਾਕਿਸਤਾਨ 'ਚ ਵੀ ਹਿੰਦੂਆਂ ਦਾ ਸ਼ੋਸ਼ਣ ਹੋਇਆ ਤੇ ਇਸ ਪਾਕਿਸਤਾਨੀ ਖੇਤਰ ਦੇ ਬੰਗਲਾਦੇਸ਼ ਬਣ ਜਾਣ ਤੋਂ ਬਾਅਦ ਵੀ।



ਕਿਉਂਕਿ ਉਥੇ ਸ਼ੋਸ਼ਣ ਦਾ ਸਿਲਸਿਲਾ ਕਾਇਮ ਹੈ, ਇਸ ਲਈ ਉਨ੍ਹਾਂ ਦੀ ਹਿਜਰਤ ਵੀ ਰੁਕ ਨਹੀਂ ਰਹੀ ਹੈ। ਜੇ ਇਹੀ ਹਾਲਤ ਰਹੀ ਤਾਂ ਬੰਗਲਾਦੇਸ਼ ਦੇ ਹਿੰਦੂਆਂ ਦੀ ਉਹੀ ਤਰਸਯੋਗ ਹਾਲਤ ਹੋ ਸਕਦੀ ਹੈ ਜੋ ਪਾਕਿਸਤਾਨ 'ਚ ਹੈ। ਬੰਗਲਾਦੇਸ਼ ਦੀ ਅੰਤ੍ਰਿਮ ਸਰਕਾਰ ਚਾਹੇ ਹੀ ਹਿੰਦੂਆਂ ਸਮੇਤ ਸਾਰੇ ਘੱਟ ਗਿਣਤੀਆਂ ਦੀ ਸੁਰੱਖਿਆ ਦਾ ਵਾਅਦਾ ਕਰਦੀ ਰਹਿੰਦੀ ਹੋਵੇ, ਪਰ ਤੱਥ ਇਹ ਹੈ ਕਿ ਸ਼ੇਖ਼ ਹਸੀਨਾ ਸਰਕਾਰ ਦੇ ਤਖ਼ਤਾ ਪਲਟ ਤੋਂ ਬਾਅਦ ਉਥੇ ਹਿੰਦੂਆਂ 'ਤੇ ਜ਼ੁਲਮ ਦਾ ਜੋ ਸਿਲਸਿਲਾ ਕਾਇਮ ਹੋਇਆ, ਉਹ ਅੰਤ੍ਰਿਮ ਸਰਕਾਰ ਗਠਿਤ ਹੋਣ ਤੇ ਉਸ ਦੀ ਕਮਾਨ ਮੁਹੰਮਦ ਯੂਨੁਸ ਵੱਲੋਂ ਸੰਭਾਲਣ ਤੋਂ ਬਾਅਦ ਵੀ ਰੁਕਿਆ ਨਹੀਂ। ਪਿਛਲੇ 16 ਮਹੀਨਿਆਂ 'ਚ ਬੰਗਲਾਦੇਸ਼ 'ਚ ਹਿੰਦੂਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਕਈ ਘਟਨਾਵਾਂ ਘਟ ਚੁੱਕੀਆਂ ਹਨ। ਉਨ੍ਹਾਂ ਦੀ ਜਾਨ-ਮਾਲ ਦੇ ਨਾਲ ਉਨ੍ਹਾਂ ਦੇ ਮੰਦਰਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਜਿਹਾ ਇਸ ਲਈ ਹੋ ਰਿਹਾ ਹੈ, ਕਿਉਂਕਿ ਜੋ ਕੱਟੜਪੰਥੀ ਤਾਕਤਾਂ ਇਹ ਸਭ ਕਰ ਰਹੀਆਂ ਹਨ, ਉਨ੍ਹਾਂ ਨੂੰ ਅੰਤ੍ਰਿਮ ਸਰਕਾਰ ਦਾ ਸਹਿਯੋਗ ਅਤੇ ਸੁਰੱਖਿਆ ਹਾਸਲ ਹੈ। ਅਜਿਹੀਆਂ ਕੁਝ ਤਾਕਤਾਂ ਤਾਂ ਇਸ ਸਰਕਾਰ ਨੂੰ ਆਪਣਾ ਸਮਰਥਨ ਵੀ ਦੇ ਰਹੀਆਂ ਹਨ। ਇਨ੍ਹਾਂ 'ਚ ਜਮਾਤ-ਏ- ਇਸਲਾਮੀ ਵੀ ਸ਼ਾਮਲ ਹੈ, ਜੋ ਭਾਰਤ ਵਿਰੋਧ ਲਈ ਬਦਨਾਮ ਹੈ। ਭਾਰਤ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਬੰਗਲਾਦੇਸ਼ 'ਚ ਜ਼ੁਲਮ ਸਹਿ ਰਹੇ ਹਿੰਦੂਆਂ ਨੂੰ ਲੈ ਕੇ ਉਸ ਵੱਲੋਂ ਜ਼ਾਹਰ ਕੀਤੀ ਜਾ ਰਹੀ ਚਿੰਤਾ ਨਾਲ ਗੱਲ ਬਣਨ ਵਾਲੀ ਨਹੀਂ ਹੈ। ਇਸ ਮਾਮਲੇ 'ਚ ਭਾਰਤ ਨੂੰ ਅੰਤਰਰਾਸ਼ਟਰੀ ਭਾਈਚਾਰੇ ਦਾ ਸਹਿਯੋਗ ਅਤੇ ਸਮਰਥਨ ਵੀ ਲੈਣਾ ਪਵੇਗਾ।

# ਸੋਨੀਆ ਵੱਲੋਂ ਨਵੇਂ ਕਾਨੂੰਨ ਖ਼ਿਲਾਫ਼ ਲੜਨ ਦਾ ਅਹਿਦ

## 'ਮੋਦੀ ਸਰਕਾਰ ਨੇ ਮਗਨਰੇਗਾ 'ਤੇ ਬੁਲਡੋਜ਼ਰ ਚਲਾਇਆ'

**ਨਵੀਂ ਦਿੱਲੀ:**ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ 'ਵਿਕਸਤ ਭਾਰਤ-ਜੀ ਰਾਮ ਜੀ ਬਿੱਲ' ਸੰਸਦ ਤੋਂ ਪਾਸ ਹੋਣ ਤੋਂ ਬਾਅਦ ਅੱਜ ਦੋਸ਼ ਲਗਾਇਆ ਕਿ ਮੋਦੀ ਸਰਕਾਰ ਨੇ ਮਗਨਰੇਗਾ 'ਤੇ ਬੁਲਡੋਜ਼ਰ ਚਲਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਅਤੇ ਉਨ੍ਹਾਂ ਦੀ ਪਾਰਟੀ ਦੇ ਲੱਖਾਂ ਵਰਕਰ ਇਸ ਕਾਲੇ ਕਾਨੂੰਨ ਖ਼ਿਲਾਫ਼ ਲੜਨ ਲਈ ਵਚਨਬੱਧ ਹਨ। ਇਕ ਵੀਡੀਓ ਸੁਨੇਹੇ ਵਿੱਚ ਕਾਂਗਰਸੀ ਆਗੂ ਨੇ ਕਿਹਾ ਕਿ ਮਨਰੇਗਾ ਨੂੰ ਕਮਜ਼ੋਰ ਕਰ ਕੇ ਮੋਦੀ ਸਰਕਾਰ ਨੇ ਕਰੋੜਾਂ ਕਿਸਾਨਾਂ, ਮਜ਼ਦੂਰਾਂ ਅਤੇ ਦੇਸ਼ ਭਰ ਦੇ ਬੇਜ਼ਮੀਨੇ ਲੋਕਾਂ ਦੇ ਹਿੱਤਾਂ 'ਤੇ ਹਮਲਾ ਕੀਤਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਪਿਛਲੇ 11 ਸਾਲਾਂ ਵਿੱਚ ਕੇਂਦਰ ਸਰਕਾਰ ਨੇ ਪੇਂਡੂ ਗ਼ਰੀਬ ਲੋਕਾਂ ਦੇ ਹਿੱਤਾਂ ਨੂੰ ਅਣਗੌਲਿਆਂ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਅੱਜ ਵੀ ਚੇਤੇ ਹੈ ਕਿ 20 ਸਾਲ ਪਹਿਲਾਂ ਡਾ. ਮਨਮੋਹਨ ਸਿੰਘ ਜੀ ਪ੍ਰਧਾਨ ਮੰਤਰੀ ਸਨ, ਉਦੋਂ ਸੰਸਦ ਵਿੱਚ ਮਗਨਰੇਗਾ ਕਾਨੂੰਨ ਆਮ ਸਹਿਮਤੀ ਨਾਲ ਪਾਸ ਕੀਤਾ ਗਿਆ ਸੀ। ਇਹ ਅਜਿਹਾ ਕ੍ਰਾਂਤੀਕਾਰੀ ਕਦਮ ਸੀ ਜਿਸ ਦਾ ਲਾਹਾ ਕਰੋੜਾਂ ਪੇਂਡੂ ਪਰਿਵਾਰਾਂ ਨੂੰ ਮਿਲਿਆ। ਖ਼ਾਸ ਤੌਰ 'ਤੇ ਸਹੂਲਤਾਂ ਤੋਂ ਵਾਂਝੇ ਅਤੇ ਗ਼ਰੀਬ ਵਰਗ ਦੇ ਲੋਕਾਂ ਲਈ ਇਹ ਰੋਜ਼ੀ-ਰੋਟੀ ਦਾ ਜ਼ਰੀਆ ਬਣਿਆ।''



# ਯੂਕਰੇਨ ਦੀ ਓਡੇਸਾ ਬੰਦਰਗਾਹ 'ਤੇ ਰੂਸੀ ਹਮਲੇ ਵਿੱਚ ਅੱਠ ਹਲਾਕ

**ਕੀਵ:**ਦੱਖਣੀ ਯੂਕਰੇਨ ਦੇ ਓਡੇਸਾ ਵਿੱਚ ਲੰਘੀ ਦੇਰ ਰਾਤ ਬੰਦਰਗਾਹ ਦੇ ਬੁਨਿਆਦੀ ਢਾਂਚੇ 'ਤੇ ਹੋਏ ਰੂਸੀ ਮਿਜ਼ਾਈਲ ਹਮਲੇ ਵਿੱਚ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਅਤੇ 27 ਹੋਰ ਜ਼ਖ਼ਮੀ ਹੋ ਗਈ। ਯੂਕਰੇਨ ਦੀ ਐਮਰਜੈਂਸੀ ਸੇਵਾ ਨੇ ਇਹ ਜਾਣਕਾਰੀ ਦਿੱਤੀ। ਐਮਰਜੈਂਸੀ ਸੇਵਾ ਨੇ ਇਕ ਟੈਲੀਗ੍ਰਾਮ ਪੋਸਟ ਰਾਹੀਂ ਦੱਸਿਆ ਕਿ ਕੁਝ ਲੋਕ ਬੱਸ 'ਤੇ ਹੋਏ ਇਕ ਹਮਲੇ ਵਿੱਚ ਜ਼ਖ਼ਮੀ ਹੋਏ ਹਨ। ਪਾਰਕਿੰਗ ਵਿੱਚ ਖੜ੍ਹੇ ਟਰੱਕਾਂ 'ਚ ਅੱਗ ਲੱਗ ਗਈ ਅਤੇ ਹੋਰ ਗੱਡੀਆਂ ਵੀ ਨੁਕਸਾਨੀਆਂ ਗਈਆਂ। ਓਡੇਸਾ ਖੇਤਰ ਦੇ ਮੁਖੀ ਓਲੇਹ ਕਾਇਪਰ ਨੇ ਦੱਸਿਆ ਕਿ ਬੰਦਰਗਾਹ 'ਤੇ ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲਾ ਕੀਤਾ ਗਿਆ। ਇਸੇ ਦੌਰਾਨ ਯੂਕਰੇਨ ਦੇ ਜਨਰਲ ਸਟਾਫ ਨੇ ਇਕ ਬਿਆਨ ਵਿੱਚ ਕਿਹਾ ਕਿ ਹੋਰ ਥਾਵਾਂ 'ਤੇ ਯੂਕਰੇਨੀ ਫੌਜ ਨੇ ਡਰੋਨ ਨਾਲ ਇਕ ਰੂਸੀ ਜੰਗੀ ਬੇੜੇ ਅਤੇ ਹੋਰ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ।

ਟੈਲੀਗ੍ਰਾਮ 'ਤੇ ਪੋਸਟ ਕੀਤੇ ਬਿਆਨ ਮੁਤਾਬਕ, ਸ਼ੁੱਕਰਵਾਰ ਰਾਤ ਨੂੰ ਹੋਏ ਹਮਲੇ ਵਿੱਚ ਰੂਸੀ ਜੰਗੀ ਬੇੜੇ 'ਓਖੋਤਨਿਕ ਨੂੰ ਨਿਸ਼ਾਨਾ ਬਣਾਇਆ ਗਿਆ।



# ਅਸੀਂ ਚਾਹੁੰਦੇ ਤਾਂ ਧੱਕੇਸ਼ਾਹੀ ਕਰ ਸਕਦੇ ਸੀ, 8-10 ਵੋਟਾਂ ਨੂੰ ਆਪਣੀ ਤਰਫ਼ ਕਰਨਾ ਕੋਈ ਔਖਾ ਕੰਮ ਨਹੀਂ: ਕੇਜਰੀਵਾਲ

**ਚੰਡੀਗੜ੍ਹ:**ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣ ਨਤੀਜਿਆਂ 'ਤੇ ਬੋਲਦਿਆਂ ਕਿਹਾ ਕਿ ਸੱਤਾਧਾਰੀ ਸਰਕਾਰ ਲਈ 8-10 ਵੋਟਾਂ ਨੂੰ ਆਪਣੀ ਤਰਫ਼ ਕਰਨਾ ਜਾਂ ਚੋਣ ਨਤੀਜਿਆਂ ਵਿੱਚ ਹੇਰ-ਫੇਰ ਕਰਨਾ ਕੋਈ ਔਖਾ ਕੰਮ ਨਹੀਂ ਹੁੰਦਾ, ਪਰ ਉਨ੍ਹਾਂ ਦੀ ਪਾਰਟੀ ਨੇ ਅਜਿਹੀ ਕਿਸੇ ਵੀ ਧੱਕੇਸ਼ਾਹੀ ਦਾ ਸਹਾਰਾ ਨਹੀਂ ਲਿਆ।

ਕੇਜਰੀਵਾਲ ਨੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਲਗਭਗ 319 ਸੀਟਾਂ ਅਜਿਹੀਆਂ ਸਨ ਜਿੱਥੇ 'ਆਪ' ਦੀ ਹਾਰ ਦਾ ਅੰਤਰ 100 ਵੋਟਾਂ ਤੋਂ ਵੀ ਘੱਟ ਰਿਹਾ। ਉਨ੍ਹਾਂ ਕਿਹਾ ਕਿ ਕਈ ਉਮੀਦਵਾਰ ਤਾਂ ਮਹਿਜ਼ 4 ਜਾਂ 5 ਵੋਟਾਂ ਦੇ ਫਰਕ ਨਾਲ ਹਾਰੇ ਹਨ। ਕੇਜਰੀਵਾਲ ਮੁਤਾਬਕ, ''ਇੱਕ ਮੌਜੂਦਾ ਸਰਕਾਰ ਲਈ 8- 10 ਵੋਟਾਂ ਦਾ ਹੇਰ - ਫੇਰ ਕਰਨਾ ਕੋਈ ਮੁਸ਼ਕਿਲ ਕੰਮ ਨਹੀਂ ਹੈ, ਇੱਕ ਵਾਰ ਡੀ.ਸੀ. ਜਾਂ ਐੱਸ.ਡੀ.ਐੱਮ. ਨੂੰ ਫ਼ੋਨ ਕਰਨ ਦੀ ਲੋੜ ਸੀ, ਨਤੀਜੇ ਇੱਧਰ-ਉੱਧਰ ਕੀਤੇ ਜਾ ਸਕਦੇ ਸੀ, ਅਸੀਂ ਜੇ ਧੱਕੇਸ਼ਾਹੀ ਕਰਨਾ ਚਾਹੁੰਦੇ ਤਾਂ ਕਰ ਸਕਦੇ ਸੀ, ਪਰ ਅਸੀਂ ਅਜਿਹਾ ਕੀਤਾ ਨਹੀਂ।''



# ਨਿਤੀਸ਼ ਦੀ ਹਰਕਤ ਸ਼ਰਮਨਾਕ ਕਰਾਰ

## ਮਾਇਆਵਤੀ ਨੇ ਵੀ ਘਟਨਾ ਦੀ ਨਿਖੇਧੀ ਕੀਤੀ

**ਨਵੀਂ ਦਿੱਲੀ:**ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਨੇ ਪੱਤਰ ਜਾਰੀ ਕਰ ਕੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਪਟਨਾ ਵਿੱਚ ਮਹਿਲਾ ਡਾਕਟਰ ਦਾ ਹਿਜਾਬ ਹਟਾਉਣ ਵਾਲੀ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ। ਐੱਸ ਸੀ ਬੀ ਏ ਦੀ ਸਕੱਤਰ ਪ੍ਰਗਿਆ ਬਘੇਲ ਵੱਲੋਂ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਸੰਵਿਧਾਨਕ ਅਹੁਦੇ 'ਤੇ ਬੈਠੇ ਵਿਅਕਤੀ ਵੱਲੋਂ ਅਜਿਹਾ ਕਰਨਾ ਬੇਹੱਦ ਹੈਰਾਨੀਜਨਕ ਅਤੇ ਸ਼ਰਮਨਾਕ ਹੈ। ਐਸੋਸੀਏਸ਼ਨ ਨੇ ਇਸ ਨੂੰ ਔਰਤ ਦੇ ਸਨਮਾਨ, ਖ਼ੁਦਮੁਖਤਾਰੀ ਅਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਾਰ ਦਿੱਤਾ ਹੈ।

ਇਸੇ ਤਰ੍ਹਾਂ ਬਸਪਾ ਮੁਖੀ ਮਾਇਆਵਤੀ ਨੇ ਵੀ ਕਿਹਾ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਇਸ ਮਾਮਲੇ 'ਤੇ ਮੁਆਫੀ ਮੰਗਣੀ ਚਾਹੀਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਉੱਤਰ ਪ੍ਰਦੇਸ਼ ਵਿੱਚ ਪੁਲੀਸ ਪਰੇਡ ਦੌਰਾਨ ਇੱਕ ਧਾਰਮਿਕ ਪ੍ਰਚਾਰਕ ਨੂੰ ਸਲਾਮੀ ਦੇਣ ਦੇ ਮਾਮਲੇ'ਤੇ ਵੀ ਸਵਾਲ ਚੁੱਕੇ। ਉਨਾਂ ਕਿਹਾ ਕਿ ਪੁਲੀਸ ਪਰੇਡ ਦੀ ਆਪਣੀ ਮਰਿਆਦਾ ਹੁੰਦੀ ਹੈ ਜਿਸ ਨਾਲ ਛੇੜਛਾੜ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੇ ਯੂ ਪੀ ਵਿਧਾਨ ਸਭਾ ਅਤੇ ਸੰਸਦ ਦੇ ਸਰਦ ਰੁੱਤ ਇਜਲਾਸਾਂ ਨੂੰ ਨਾਕਾਮ ਦੱਸਦਿਆਂ ਕਿਹਾ ਕਿ ਲੋਕ ਹਿੱਤ ਦੇ ਮੁੱਦਿਆਂ 'ਤੇ ਕੋਈ ਸਾਰਥਕ ਚਰਚਾ ਨਹੀਂ ਹੋਈ।




## ਪੀੜਤ ਡਾਕਟਰ ਨੇ ਹਾਲੇ ਨਹੀਂ ਸੰਭਾਲੀ ਡਿਊਟੀ

**ਪਟਨਾ:**ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਨਿਯੁਕਤੀ ਪੱਤਰ ਵੰਡਣ ਸਮੇਂ ਹਿਜਾਬ ਹਟਾਉਣ ਵਾਲੀ ਘਟਨਾ ਦੀ ਪੀੜਤ ਮਹਿਲਾ ਡਾਕਟਰ ਨੁਸਰਤ ਪਰਵੀਨ ਹਾਲੇ ਤੱਕ ਡਿਊਟੀ 'ਤੇ ਨਹੀਂ ਪੁੱਜੀ। ਸਰਕਾਰੀ ਤਿੱਬੀ ਕਾਲਜ ਤੇ ਹਸਪਤਾਲ ਦੇ ਪ੍ਰਿੰਸੀਪਲ ਮਹਿਫੂਜ਼ਰ ਰਹਿਮਾਨ ਨੇ ਦੱਸਿਆ ਕਿ ਡਾਕਟਰ ਦੇ ਜੁਆਇਨ ਕਰਨ ਦਾ ਅੱਜ ਆਖਰੀ ਦਿਨ ਸੀ। ਪ੍ਰਿੰਸੀਪਲ ਮੁਤਾਬਕ ਨੁਸਰਤ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਹ ਮੀਡੀਆ ਤੋਂ ਬਚਣਾ ਚਾਹੁੰਦੇ ਹਨ ਅਤੇ ਡਾਕਟਰ ਇਸ ਬਾਰੇ ਮੁੜ ਵਿਚਾਰ ਕਰ ਰਹੀ ਹੈ ਕਿ ਉਸ ਨੇ ਨੌਕਰੀ ਜੁਆਇਨ ਕਰਨੀ ਹੈ ਜਾਂ ਨਹੀਂ।



# ਕੰਪਨੀਆਂ ਨੂੰ ਦਵਾਈਆਂ ਵਾਪਸ ਮੰਗਵਾਉਣ ਦੇ ਹੁਕਮ

**ਸ਼ਿਮਲਾ:**ਹਿਮਾਚਲ ਪ੍ਰਦੇਸ਼ ਦੇ ਡਰੱਗ ਕੰਟਰੋਲਰ ਨੇ ਉਨ੍ਹਾਂ ਫਾਰਮਾ ਕੰਪਨੀਆਂ ਨੂੰ ਆਪਣਾ ਸਟਾਕ ਮਾਰਕੀਟ 'ਚੋਂ ਤੁਰੰਤ ਵਾਪਸ ਮੰਗਵਾਉਣ ਦੇ ਹੁਕਮ ਦਿੱਤੇ ਹਨ, ਜਿਨ੍ਹਾਂ ਦੀਆਂ ਦਵਾਈਆਂ ਦੇ ਸੈਂਪਲ ਗੁਣਵੱਤਾ ਟੈਸਟ ਵਿੱਚ ਫੇਲ੍ਹ ਹੋਏ ਹਨ। ਜਾਂਚ ਦੌਰਾਨ ਸੂਬੇ ਵਿੱਚ ਬਣੀਆਂ 47 ਦਵਾਈਆਂ ਮਾਪਦੰਡਾਂ 'ਤੇ ਖਰੀਆਂ ਨਹੀਂ ਉਤਰੀਆਂ। ਇਨ੍ਹਾਂ ਵਿੱਚ ਸੋਲਨ ਦੀਆਂ 28, ਸਿਰਮੌਰ ਦੀਆਂ 18 ਅਤੇ ਊਨਾ ਦੀ ਇੱਕ ਕੰਪਨੀ ਦੀ ਦਵਾਈ ਸ਼ਾਮਲ ਹੈ। ਫੇਲ੍ਹ ਹੋਈਆਂ ਦਵਾਈਆਂ ਵਿੱਚ ਆਮ ਵਰਤੀ ਜਾਣ ਵਾਲੀ ਪੈਰਾਸੀਟਾਮੋਲ, ਦਿਲ ਦੇ ਰੋਗਾਂ ਲਈ ਐਸਪਰਿਨ ਤੇ ਕਲੋਪੀਡੋਗਰਲ ਅਤੇ ਸ਼ੂਗਰ ਨ ਲਈ ਮੈਟਫਾਰਮਿਨ ਵਰਗੀਆਂ ਅਹਿਮ ਦਵਾਈਆਂ ਸ਼ਾਮਲ ਹਨ।



# ਪੰਜਾਬ ਚੇਤਨਾ ਮੰਚ ਨੇ ਜਮਹੂਰੀਅਤ ਤੇ ਧਰਮ ਨਿਰਪੱਖਤਾ ਨੂੰ ਲਗ ਰਹੀ ਢਾਹ 'ਤੇ ਪ੍ਰਗਟਾਈ ਚਿੰਤਾ

**ਜਲੰਧਰ:**ਪੰਜਾਬ ਚੇਤਨਾ ਮੰਚ ਵਲੋਂ ਮੌਜੂਦਾ ਸੱਤਾਧਾਰੀ ਵਰਗ ਵਲੋਂ ਦੇਸ਼ ਵਿਚ ਜਮਹੂਰੀਅਤ, ਧਰਮ ਨਿਰਪੱਖਤਾ ਤੇ ਸੰਘੀ ਢਾਂਚੇ ਨੂੰ ਲਗਾਤਾਰ ਲਾਈ ਜਾ ਰਹੀ ਢਾਹ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ ਹੈ। ਚੋਣ ਕਮਿਸ਼ਨ ਵਰਗੀ ਖ਼ੁਦਮੁਖ਼ਤਾਰ ਸੰਵਿਧਾਨਕ ਸੰਸਥਾ ਵਲੋਂ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਵਿਚ ਹੱਦ ਤੋਂ ਵੱਧ ਕਾਹਲੀ ਦਿਖਾਉਣ ਅਤੇ ਇਸ ਕਾਰਨ ਕੰਮ ਦਾ ਬੋਝ ਵਧਣ ਸਦਕਾ 33 ਦੇ ਲਗਭਗ ਬੂਥ ਪੱਧਰ ਦੇ ਅਧਿਕਾਰੀਆਂ (ਬੀ.ਐੱਲ.ਓ.) ਦੀਆਂ ਦੇਸ਼ ਵਿਚ ਮੌਤਾਂ ਹੋਣ ਨੂੰ ਗੰਭੀਰਤਾ ਨਾਲ ਨੋਟ ਕੀਤਾ ਗਿਆ ਹੈ। ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੁਜ਼ਗਾਰ ਗਾਰੰਟੀ ਯੋਜਨਾ ਕਾਨੂੰਨ ਦਾ ਨਾਂਅ ਬਦਲਣ ਨੂੰ ਵੀ ਫ਼ਿਰਕੂ ਧਰੁਵੀਕਰਨ ਦੀ ਰਾਜਨੀਤੀ ਨੂੰ ਅੱਗੇ ਵਧਾਉਣ ਦਾ ਯਤਨ ਕਰਾਰ ਦਿੱਤਾ ਗਿਆ ਹੈ।

ਉਪਰੋਕਤ ਬਿਆਨ ਜਾਰੀ ਕਰਦਿਆਂ ਮੰਚ ਦੇ ਆਗੂਆਂ ਨੇ ਕਿਹਾ ਹੈ ਕਿ ਮੌਜੂਦਾ ਕੇਂਦਰੀ ਸਰਕਾਰ ਦੇ ਦੌਰ ਵਿਚ ਸੰਵਿਧਾਨਕ ਸੰਸਥਾਵਾਂ ਦੀ ਵਿਸ਼ਵਾਸਯੋਗਤਾ ਵਿਚ ਭਾਰੀ ਕਮੀ ਆਉਂਦੀ ਜਾ ਰਹੀ ਹੈ। ਦੇਸ਼ ਵਿਚ ਜਮਹੂਰੀਅਤ ਤੇ ਧਰਮ ਨਿਰਪੱਖਤਾ ਨੂੰ ਬਚਾਉਣ ਲਈ ਸਿਆਸੀ ਪਾਰਟੀਆਂ ਅਤੇ ਬੁੱਧੀਜੀਵੀਆਂ ਅਤੇ ਮੀਡੀਆ ਕਰਮੀਆਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ। ਮੰਚ ਦੇ ਆਗੂਆਂ ਨੇ ਪਾਕਿਸਤਾਨ ਵਿਚ ਹਿੰਦੂਆਂ ਤੇ ਹੋਰ ਘੱਟ ਗਿਣਤੀਆਂ ਦਾ ਜਬਰੀ ਧਰਮ ਪ੍ਰੀਵਰਤਨ ਕਰਾਉਣ ਅਤੇ ਬੰਗਲਾਦੇਸ਼ ਵਿਚ ਹਿੰਦੂਆਂ 'ਤੇ ਵਧ ਰਹੇ ਹਮਲਿਆਂ ਦੀ ਨਿੰਦਾ ਕਰਦਿਆਂ ਮੰਚ ਦੇ ਆਗੂਆਂ ਨੇ ਕਿਹਾ ਕਿ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਭਾਰਤ-ਪਾਕਿਸਤਾਨ ਤੇ ਬੰਗਲਾਦੇਸ਼ ਤਿੰਨਾਂ ਨੂੰ ਨਵੀਂ ਦਿੱਲੀ ਵਿਚ ਘੱਟ ਗਿਣਤੀਆਂ ਦੀ ਸੁਰੱਖਿਆ ਲਈ 1950 ਵਿਚ ਹੋਏ ਨਹਿਰੂ-ਲਿਆਕਤ ਅਲੀ ਸਮਝੌਤੇ ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਚਾਹੀਦੀ ਹੈ।

ਬਿਆਨ ਜਾਰੀ ਕਰਨ ਵਾਲਿਆਂ ਵਿਚ ਪੰਜਾਬ ਚੇਤਨਾ ਮੰਚ ਦੇ ਪ੍ਰਧਾਨ ਡਾ. ਲਖਵਿੰਦਰ ਜੌਹਲ, ਜਨਰਲ ਸਕੱਤਰ ਸਤਨਾਮ ਸਿੰਘ ਮਾਣਕ, ਜਥੇਬੰਦਕ ਸਕੱਤਰ ਗੁਰਮੀਤ ਪਲਾਹੀ, ਮਾਝਾ ਜ਼ੋਨ ਦੇ ਸਕੱਤਰ ਰਾਜਿੰਦਰ ਸਿੰਘ ਰੂਬੀ, ਦੁਆਬਾ ਜ਼ੋਨ ਦੇ ਸਕੱਤਰ ਰਵਿੰਦਰ ਚੋਟ ਅਤੇ ਮਾਝਾ ਜ਼ੋਨ ਦੇ ਸਕੱਤਰ ਗੁਰਚਰਨ ਸਿੰਘ ਨੂਰਪੁਰ ਆਦਿ ਸ਼ਾਮਿਲ ਹਨ।



# 30 ਦਸੰਬਰ ਨੂੰ ਹੋਵੇਗਾ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ

**ਚੰਡੀਗੜ੍ਹ:**ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਵੱਲੋਂ ਮਗਨਰੇਗਾ ਦਾ ਨਾਂ ਬਦਲੇ ਜਾਣ ਅਤੇ ਯੋਜਨਾ ਦੇ ਬੁਨਿਆਦੀ ਢਾਂਚੇ 'ਚ ਤਬਦੀਲੀ ਕੀਤੇ ਜਾਣ ਵਿਰੁੱਧ 30 ਦਸੰਬਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦ ਲਿਆ ਹੈ। ਇਹ ਫੈਸਲਾ ਅੱਜ ਚੰਡੀਗੜ੍ਹ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਸੈਸ਼ਨ 30 ਦਸੰਬਰ ਸਵੇਰੇ 11 ਵਜੇ ਸ਼ੁਰੂ ਹੋਵੇਗਾ, ਜਿਸ ਵਿੱਚ ਮਗਨਰੇਗਾ 'ਚ ਸੋਧਾਂ ਅਤੇ ਉਸ ਦਾ ਗਰੀਬ ਤੇ ਮਜ਼ਦੂਰ ਵਰਗ ਉਪਰ ਪੈਣ ਵਾਲੇ ਅਸਰਾਂ ਬਾਰੇ ਵਿਚਾਰ- ਚਰਚਾ ਕੀਤੀ ਜਾਵੇਗੀ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਵਿੱਚ ਕਾਬਜ਼ ਭਾਜਪਾ ਸਰਕਾਰ ਵੱਲੋਂ ਦੇਸ਼ ਦੇ ਸੰਵਿਧਾਨ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਮਗਨਰੇਗਾ ਯੋਜਨਾ ਦਾ ਸਿਰਫ਼ ਨਾਂ ਹੀ ਨਹੀਂ ਬਦਲਿਆ ਸਗੋਂ ਸਕੀਮ ਦੀ ਮੂਲ ਭਾਵਨਾ ਨੂੰ ਹੀ ਖਤਮ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵੀ ਬੀ ਜੀ ਰਾਮ ਜੀ ਯੋਜਨਾ ਵਿੱਚ ਮਜ਼ਦੂਰਾਂ ਨੂੰ 125 ਦਿਨ ਰੁਜ਼ਗਾਰ ਦੇਣ ਦੇ ਨਾਮ 'ਤੇ ਗੁੰਮਰਾਹ ਕੀਤਾ ਜਾ ਰਿਹਾ ਹੈ ਜਦਕਿ ਮਜ਼ਦੂਰਾਂ ਨੂੰ ਦਿੱਤੇ ਜਾਣ ਵਾਲੇ ਕੰਮਾਂ ਵਿੱਚ ਕਟੌਤੀਆਂ ਕਰ ਦਿੱਤੀਆਂ ਗਈਆਂ ਹਨ। ਉਨਾਂ ਕਿਹਾ ਕਿ ਨਵੀਂ ਯੋਜਨਾ ਵਿੱਚ ਕੇਂਦਰ ਨੇ ਆਪਣਾ ਹਿੱਸਾ 90 ਤੋਂ ਘਟਾ ਕੇ 60 ਫ਼ੀਸਦ ਜਦੋਂ ਕਿ ਸੂਬਿਆਂ ਦਾ ਬੋਝ 10 ਤੋਂ ਵਧਾ ਕੇ 40 ਫ਼ੀਸਦ ਕਰ ਦਿੱਤਾ ਹੈ। ਸ੍ਰੀ ਚੀਮਾ ਨੇ ਕਿਹਾ ਕਿ ਵਿਸ਼ੇਸ਼ ਇਜਲਾਸ ਦੌਰਾਨ ਕੇਂਦਰ ਸਰਕਾਰ ਵੱਲੋਂ ਬੰਦ ਕੀਤੀਆਂ ਵੱਖ-ਵੱਖ ਲੋਕ ਪੱਖੀ ਸਕੀਮਾਂ ਬਾਰੇ ਵੀ ਵਿਚਾਰ-ਚਰਚਾ ਕੀਤੀ ਜਾਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੰਘੇ ਦਿਨੀਂ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਜਨਵਰੀ ਦੇ ਦੂਜੇ ਹਫ਼ਤੇ 'ਚ ਸੱਦਣ ਦਾਐਲਾਨ ਕੀਤਾ ਸੀ। ਨਵੇਂ ਸਾਲ ਤੋਂ ਪਹਿਲਾਂ ਵਿਧਾਨ ਸਭਾ ਸੈਸ਼ਨ ਵਿੱਚ ਰਾਜਪਾਲ ਦਾ ਭਾਸ਼ਣ ਹੋਣਾ ਜ਼ਰੂਰੀ ਹੁੰਦਾ ਹੈ। ਇਸ ਕਰਕੇ ਦਸੰਬਰ ਵਿੱਚ ਹੀ ਵਿਸ਼ੇਸ਼ ਸੈਸ਼ਨ ਸੱਦਣ ਦਾਫੈਸਲਾ ਲਿਆ ਗਿਆ ਹੈ। ਮੌਜੂਦਾ ਸਮੇਂ 'ਚ ਪੰਜਾਬ ਵਿੱਚ ਮਗਨਰੇਗਾ ਸਕੀਮ 'ਚ ਕੁੱਲ 20.35 ਲੱਖ ਜੌਬ ਕਾਰਡ ਹਨ ਜਿਨਾਂ ਵਿੱਚ 11.91 ਲੱਖ ਜੌਬ ਕਾਰਡ ਕਾਰਜਸ਼ੀਲ ਹਨ।



# ਪੰਜਾਬ ਟਾਈਮਜ਼

*27 ਦਸੰਬਰ, ਸ਼ਨਿਚਰਵਾਰ*


## ਚੁਣੌਤੀ ਬਣਿਆ ਬੰਗਲਾ ਦੇਸ਼

*ਬੰਗਲਾ ਦੇਸ਼ ਦੀਆਂ ਘਟਨਾਵਾਂ ਦਿਨੋਂ-ਦਿਨ ਹੋਰ ਚੁਣੌਤੀ ਭਰੀਆਂ ਹੋ ਰਹੀਆਂ ਹਨ।*

*ਭਾਰਤ ਲਈ ਇਹ ਬੇਹੱਦ ਚਿੰਤਾ ਵਾਲੀ ਗੱਲ ਹੈ ਕਿ ਬੰਗਲਾਦੇਸ਼ ਵਿਚ ਹਰ ਨਵੇਂ ਦਿਨ ਨਵੀਂ ਘਟਨਾ ਵਾਪਰ ਰਹੀ ਹੈ। ਉੱਥੇ ਦੇ ਭਾਰਤ ਵਿਰੋਧੀ ਕਈ ਇਸਲਾਮਿਕ ਸੰਗਠਨਾਂ ਨੇ ਆਪਣਾ ਜ਼ਹਿਰੀਲਾ ਪ੍ਰਚਾਰ ਹੋਰ ਵੀ ਤੇਜ਼ ਕਰ ਦਿੱਤਾ ਹੈ। ਪਰ ਇਧਰ ਦਿੱਲੀ ਵਿੱਚ ਵੀ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਬੰਗਲਾ ਦੇਸ਼ ਦੇ ਹਾਈ ਕਮਿਸ਼ਨ ਅੱਗੇ ਕੀਤਾ ਗਿਆ ਭਾਰੀ ਪ੍ਰਦਰਸ਼ਨ ਦਰਸਾਉਂਦਾ ਹੈ ਕਿ ਭਾਰਤ ਲਈ ਵੀ ਅਜੇਹੀ ਸਥਿਤੀ ਸਹਿਜ ਨਹੀਂ ਹੈ। ਘਟਨਾਕ੍ਰਮ ਦੇ ਪਿਛੋਕੜ ਨੂੰ ਨਿਹਾਰੀਏ ਤਾਂ ਵਿਦਿਆਰਥੀ ਆਗੂ ਉਸਮਾਨ ਹਾਦੀ ਦੀ ਕੁਝ ਨਕਾਬਪੋਸ਼ਾਂ ਵਲੋਂ ਹੱਤਿਆ ਕਰ ਦਿੱਤੇ ਜਾਣ ਤੋਂ ਬਾਅਦ ਉਥੇ ਹਾਲਾਤ ਹੋਰ ਵੀ ਵਿਗੜ ਗਏ ਸਨ। ਉਸਮਾਨ ਹਾਦੀ ਪਿਛਲੇ ਸਾਲ ਸ਼ੇਖ਼ ਹਸੀਨਾ ਦੇ ਪ੍ਰਸ਼ਾਸਨ ਵਿਰੁੱਧ ਫੈਲੀ ਗੜਬੜ ਦੀ ਅਗਵਾਈ ਕਰਨ ਵਾਲਾ ਵੱਡਾ ਆਗੂ ਮੰਨਿਆ ਜਾਂਦਾ ਸੀ ਅਤੇ ਉਹ ਅੰਦੋਲਨ ਦੌਰਾਨ ਉਸਾਰੇ ਗਏ ਮੰਚ ਦਾ ਬੁਲਾਰਾ ਵੀ ਸੀ। ਆਉਂਦੇ ਸਾਲ ਫਰਵਰੀ ਦੇ ਮਹੀਨੇ ਵਿਚ ਉੱਥੇ ਹੋਣ ਵਾਲੀਆਂ ਚੋਣਾਂ ਲਈ ਵੀ ਉਹ ਉੱਘਾ ਉਮੀਦਵਾਰ ਆਗੂ ਸੀ। ਉਸ ਦੀ ਹੱਤਿਆ ਤੋਂ ਬਾਅਦ ਫੈਲੀ ਹਿੰਸਾ ਦੌਰਾਨ ਬੰਗਲਾ ਦੇਸ਼ ਦੇ ਸ਼ਹਿਰ ਖੁਲਨਾ ਵਿਚ ਵਿਦਿਆਰਥੀ ਅੰਦੋਲਨ ਦੇ ਇਕ ਹੋਰ ਆਗੂ ਮੁਤਾਲਿਬ ਸਿਕੰਦਰ ਜੋ ਕਿ ਨਵੀਂ ਨੈਸ਼ਨਲ ਸਿਟੀਜ਼ਨ ਪਾਰਟੀ ਦਾ ਆਗੂ ਸੀ, ਦੀ ਵੀ ਬੰਦੂਕਧਾਰੀਆਂ ਵਲੋਂ ਹੱਤਿਆ ਕਰ ਦਿੱਤੀ ਗਈ।*

*ਸ਼ੇਖ਼ ਹਸੀਨਾ ਦੇ ਦੇਸ਼ ਛੱਡ ਜਾਣ ਤੋਂ ਬਾਅਦ ਭੜਕੇ ਸਮੂਹਾਂ ਵਲੋਂ, ਜਿਨ੍ਹਾਂ ਵਿਚ ਇਸਲਾਮਿਕ ਸੰਗਠਨ ਅਤੇ ਵਿਦਿਆਰਥੀ ਸ਼ਾਮਿਲ ਹਨ, ਨੇ ਅਸਬਾਈ ਤੌਰ 'ਤੇ ਨੋਬੇਲ ਪੁਰਸਕਾਰ ਜੇਤੂ ਮੁਹੰਮਦ ਯੂਨੁਸ ਨੂੰ ਸਰਕਾਰ ਦਾ ਕੰਮ ਚਲਾਊ ਮੁਖੀ ਥਾਪ ਦਿੱਤਾ ਸੀ। ਮੁਹੰਮਦ ਯੂਨੁਸ ਨੇ ਇਸ ਗੜਬੜ ਦੌਰਾਨ ਮਿਲੇ ਅਧਿਕਾਰਾਂ ਦੀ ਵਰਤੋਂ ਤਾਂ ਕੀ ਕਰਨੀ ਸੀ, ਸਗੋਂ ਉਸ ਦੇ ਪ੍ਰਸ਼ਾਸਨ ਵਿਚ ਇਕ ਤਰ੍ਹਾਂ ਨਾਲ ਕੱਟੜਪੰਥੀ ਸੰਗਠਨਾਂ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ, ਜਿਸ ਕਰਕੇ ਪਿਛਲੇ 16 ਮਹੀਨਿਆਂ ਤੋਂ ਘੱਟ ਗਿਣਤੀ ਹਿੰਦੂਆਂ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ। ਇਸ ਸਾਰੇ ਸਮੇਂ ਵਿਚ ਘੱਟ ਗਿਣਤੀ ਫਿਰਕੇ ਉੱਥੇ ਬੁਰੀ ਤਰ੍ਹਾਂ ਸਹਿਮੇ ਰਹੇ ਹਨ। 1971 ਵਿਚ ਬੰਗਲਾ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਉੱਥੇ 18 ਕੁ ਫ਼ੀਸਦੀ ਦੇ ਲਗਭਗ ਹਿੰਦੂ ਭਾਈਚਾਰੇ ਦੇ ਲੋਕ ਵਸੇ ਹੋਏ ਸਨ, ਜਿਨ੍ਹਾਂ ਦੀ ਗਿਣਤੀ ਹੁਣ 8 ਫ਼ੀਸਦੀ ਦੇ ਲਗਭਗ ਹੀ ਰਹਿ ਗਈ ਹੈ। ਜੇ ਇਹ ਸਿਲਸਿਲਾ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਇੱਥੇ ਵੀ ਘੱਟ ਗਿਣਤੀਆਂ ਦਾ ਹਸ਼ਰ ਪਾਕਿਸਤਾਨ ਵਰਗਾ ਹੀ ਹੋਵੇਗਾ। ਕੱਟੜਪੰਥੀਆਂ ਵਲੋਂ ਹਿੰਦੂ ਨੌਜਵਾਨ ਦੀਪੂ ਚੰਦਰ ਦਾਸ ਨੂੰ ਹਿੰਸਾ ਦਾ ਨਿਸ਼ਾਨਾ ਬਣਾਇਆ ਗਿਆ ਅਤੇ ਬਾਅਦ ਵਿਚ ਉਸ ਦੀ ਲਾਸ਼ ਨੂੰ ਸਾੜ ਦਿੱਤਾ ਗਿਆ ਸੀ। ਇਸ ਤੋਂ ਬਾਅਦ ਭਾਰਤ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਅਤੇ ਹਾਲਤ ਨੂੰ 'ਦੇਖਦਿਆਂ ਚਟਗਾਓਂ ਵਿਚ ਆਪਣੀਆਂ ਵੀਜ਼ਾ ਸੇਵਾਵਾਂ ਵੀ ਰੋਕ ਦਿੱਤੀਆਂ ਹਨ। ਅਜਿਹੇ ਹਾਲਾਤ ਵਿਚ ਉੱਥੇ ਸ਼ਾਂਤਮਈ ਚੋਣਾਂ ਹੋਣ ਦੀ ਸੰਭਾਵਨਾ 'ਤੇ ਵੀ ਸਵਾਲੀਆ ਨਿਸ਼ਾਨ ਲੱਗਿਆ ਨਜ਼ਰ ਆਉਂਦਾ ਹੈ। ਪਿਛਲੇ ਸਮੇਂ ਵਿਚ ਬੰਗਲਾਦੇਸ਼ 'ਚ ਪਾਕਿਸਤਾਨ ਅਤੇ ਚੀਨ ਵਧੇਰੇ ਸਰਗਰਮ ਦਿਖਾਈ ਦਿੱਤੇ ਹਨ। ਕਈ ਇਸਲਾਮਿਕ ਸੰਗਠਨਾਂ ਦੀ ਇਹ ਨੀਅਤ ਵੀ ਹੈ ਕਿ ਉੱਥੇ ਚੋਣਾਂ ਹੋਣ ਹੀ ਨਾ ਦਿੱਤੀਆਂ ਜਾਣ। ਵੱਡੀ ਪਾਰਟੀ ਆਵਾਮੀ ਲੀਗ ਨੂੰ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਤੋਂ ਪਹਿਲਾਂ ਹੀ ਰੋਕ ਦਿੱਤਾ ਗਿਆ ਹੈ ਅਤੇ ਦੂਸਰੀ ਵੱਡੀ ਪਾਰਟੀ ਬੰਗਲਾ ਦੇਸ਼ ਨੈਸ਼ਨਲਿਸਟ ਪਾਰਟੀ ਨੂੰ ਵੀ ਜਮਾਤ-ਏ-ਇਸਲਾਮੀ ਵਰਗੇ ਸੰਗਠਨਾਂ ਵਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੇ ਬਰਾਬਰ ਹੈ।*

*1971 ਵਿਚ ਜਦੋਂ ਪੂਰਬੀ ਪਾਕਿਸਤਾਨ ਆਜ਼ਾਦ ਹੋਇਆ ਸੀ ਤਾਂ ਪਾਕਿਸਤਾਨੀ ਫ਼ੌਜ ਨੇ ਉੱਥੇ ਆਜ਼ਾਦੀ ਲਈ ਸੰਘਰਸ਼ ਕਰਦੇ ਲੱਖਾਂ ਹੀ ਵਿਅਕਤੀਆਂ ਨੂੰ ਮਾਰ ਦਿੱਤਾ ਸੀ। ਅਜਿਹੇ ਸਮੇਂ ਭਾਰਤ ਹੀ ਬੰਗਲਾ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਲੋਕਾਂ ਨਾਲ ਖੜ੍ਹਾ ਹੋਇਆ ਸੀ, ਜਿਸ ਕਰਕੇ ਉਸ ਨੂੰ ਆਜ਼ਾਦੀ ਮਿਲੀ ਸੀ। ਪਿਛਲੇ ਦਿਨੀਂ ਇਨ੍ਹਾਂ ਇਸਲਾਮਿਕ ਸੰਗਠਨਾਂ ਵਲੋਂ ਪਾਕਿਸਤਾਨ ਅਤੇ ਚੀਨ ਦੇ ਇਸ਼ਾਰੇ 'ਤੇ ਇਹ ਵੀ ਧਮਕੀ ਦਿੱਤੀ ਗਈ ਸੀ ਕਿ ਭਾਰਤ ਦੇ ਉੱਤਰ ਪੂਰਬੀ ਖਿੱਤੇ 'ਤੇ ਕਬਜ਼ਾ ਕਰਕੇ ਉੱਤਰ-ਪੂਰਬੀ ਰਾਜਾਂ ਨੂੰ ਇਸ ਨਾਲੋਂ ਕੱਟ ਦਿੱਤਾ ਜਾਏਗਾ। ਬੰਗਲਾਦੇਸ਼ ਦੀ ਭਾਰਤ ਨਾਲ ਸੀਮਾ 4 ਹਜ਼ਾਰ ਕਿਲੋਮੀਟਰ ਦੇ ਲਗਭਗ ਲਗਦੀ ਹੈ, ਜਿੱਥੇ ਲਗਾਤਾਰ ਸ਼ਰਨਾਰਥੀਆਂ ਦਾ, ਪਸ਼ੂਆਂ ਦਾ ਅਤੇ ਨਸ਼ਿਆਂ ਦਾ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਅਜਿਹੀਆਂ ਧਮਕੀਆਂ ਦੇ ਮੱਦੇਨਜ਼ਰ ਭਾਰਤ ਨੂੰ ਬੇਹੱਦ ਸੁਚੇਤ ਹੋਣ ਦੀ ਜ਼ਰੂਰਤ ਹੈ। ਇਸ ਕਰਕੇ ਭਾਰਤ ਲਈ ਇਕ ਹੋਰ ਵੱਡੀ ਚੁਣੌਤੀ ਆ ਖੜ੍ਹੀ ਹੋਈ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਡਾਇਨਾਸੋਰ ਆ ਗਏ?

*ਜ਼ਿਲ੍ਹਾ ਪ੍ਰੀਸ਼ਦ ਬਲਾਕਾਂ ਦੀ ਚੋਣ ਮਗਰੋਂ ਸਿਆਸਤਦਾਨ ਪੰਜਾਬ ਦੇ ਹੁੱਬ ਰਹੇ ਨੇ।*
*ਉੱਭਰ ਗਏ ਹਾਂ ਉਹ ਵੀ ਹੁਣ ਕਹੀ ਜਾਂਦੇ, ਜਿਹੜੇ ਵਿਚ 'ਹਕੀਕਤ' ਦੇ ਡੁੱਬ ਰਹੇ ਨੇ।*
*'ਆ ਗਏ' ਦਾ ਰੌਲਾ ਵੀ ਖੂਬ ਪਾਇਆ, ਜੋ ਪੰਥ ਦੀਆਂ ਅੱਖਾਂ ਵਿਚ ਚੁੱਭ ਰਹੇ ਨੇ।*
*ਲੋਕੀਂ ਭੁੱਲ ਗਏ ਇਨ੍ਹਾਂ ਨੂੰ ਭਰਮ ਹੋਇਆ, 'ਜੇਤੂ' ਹੋਣ ਦੇ 'ਸੁਪਨੇ' ਵਿਚ ਖੁੱਭ ਰਹੇ ਨੇ।*
*ਰੋਸ ਕਰਦੇ 'ਬਿਅਦਬੀ' ਦਾ ਬੈਠਿਆਂ 'ਤੇ, ਕਿਵੇਂ ਪੁਲਸ ਦੀ ਗੋਲੀ ਦੇ 'ਘਾਅ' ਪੈਂਦੇ।*
*'ਕੋਟ ਕਪੂਰੇ ਬਰਗਾੜੀ' ਜਾਹ ਪੁੱਛ ਦੇਖੋ, 'ਡਾਇਨਾਸੋਰ' ਆਏ ਕਿਹੜੇ ਭਾਅ ਪੈਂਦੇ!*

# ਵਧਦੇ ਆਰਥਿਕ ਪਾੜੇ ਦੇ ਵਿਚਕਾਰ 'ਜੀ ਰਾਮ ਜੀ'




ਭਾਰਤ ਦੀ ਕੁੱਲ ਜਾਇਦਾਦ ਦਾ 40 ਫੀਸਦੀ ਹਿੱਸਾ ਦੇਸ਼ ਦੇ ਸਿਰਫ਼ ਇੱਕ ਫੀਸਦੀ ਲੋਕਾਂ ਦੇ ਹੱਥ ਹੈ, ਜਦਕਿ 65 ਫੀਸਦੀ ਜਾਇਦਾਦ 10 ਫੀਸਦੀ ਲੋਕਾਂ ਦੇ ਕੋਲ ਹੈ। ਦੇਸ਼ ਵਿਚ ਆਮਦਨੀ ਦੇ ਪੱਧਰ 'ਤੇ ਹਾਲਾਤ ਵੀ ਚਿੰਤਾਜਨਕ ਹਨ। ਕੁੱਲ ਰਾਸ਼ਟਰੀ ਆਮਦਨ ਦੀ 58 ਫੀਸਦੀ ਹਿੱਸੇਦਾਰੀ 8 ਫੀਸਦੀ ਲੋਕਾਂ ਕੋਲ ਹੈ, ਜਦਕਿ 50 ਫੀਸਦੀ ਦੀ ਹਿੱਸੇਦਾਰੀ ਦੇ ਮਾਲਕ 15 ਫੀਸਦੀ ਲੋਕ ਹਨ। ਇਹ ਅੰਕੜੇ ਵਿਸ਼ਵ ਅਸਮਾਨਤਾ ਰਿਪੋਰਟ 2025 ਦੇ ਹਨ।




**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**


ਹੈਰਾਨੀ ਵਾਲੀ ਗੱਲ ਬਿਲਕੁਲ ਵੀ ਨਹੀਂ ਹੈ ਕਿ ਦੇਸ਼ ਵਿਚ ਅਰਬਪਤੀਆਂ-ਖਰਬਪਤੀਆਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ ਅਤੇ ਆਮ ਲੋਕ ਸੁਵਿਧਾਵਾਂ ਤੋਂ ਊਣੇ ਨਿੱਤ ਸਾਧਨ ਵਿਹੂਣੇ ਹੋ ਰਹੇ ਹਨ। ਆਮ ਲੋਕਾਂ ਦੀਆਂ ਲੋਕ-ਹਿਤੈਸ਼ੀ ਯੋਜਨਾਵਾਂ ਨੂੰ ਮੌਜੂਦਾ ਸਰਕਾਰ ਕਿਸੇ ਨਾ ਕਿਸੇ ਬਹਾਨੇ ਖੋਹ ਰਹੀ ਹੈ ਤੇ ਉਨ੍ਹਾਂ ਦੇ ਮੁਢਲੇ ਅਧਿਕਾਰਾਂ ਨੂੰ ਸੱਟ ਮਾਰਨ ਤੋਂ ਰਤਾ ਵੀ ਗੁਰੇਜ਼ ਨਹੀਂ ਕਰ ਰਹੀ। ਲੋਕਾਂ ਨੂੰ ਪਰੇਸ਼ਾਨ ਕਰਨ ਲਈ ਕਦੇ ਨਾਗਰਿਕਤਾ ਬਿੱਲ, ਕਦੇ ਸ਼ਨਾਖਤੀ ਮੁਹਿੰਮ, ਕਦੇ ਕੋਈ ਨਾ ਕੋਈ ਇਹੋ ਜਿਹੀ ਹੋਰ ਕਾਰਵਾਈ ਹੁੰਦੀ ਹੀ ਰਹਿੰਦੀ ਹੈ, ਜਿਸ ਨਾਲ ਆਮ ਆਦਮੀ ਦੇ ਪਰ ਕੱਟੇ ਜਾ ਰਹੇ ਹਨ, ਤਾਂ ਕਿ ਉਹ ਸਿਰਫ਼ ਸਿਆਸੀ ਲੋਕਾਂ ਦਾ ਦੁਮਛੱਲਾ ਬਣ ਕੇ ਰਹੇ। ਚੰਗਾ ਨਾਗਰਿਕ ਨਹੀਂ, ਸਗੋਂ ਵੋਟਰ ਬਣਾ ਦਿੱਤਾ ਜਾਵੇ, ਤਾਂ ਜੋ ਹਾਕਮ ਉਨ੍ਹਾਂ 'ਤੇ ਬਿਨਾਂ ਰੋਕ-ਟੋਕ ਰਾਜ ਕਰਦੇ ਰਹਿਣ।

ਪਿਛਲੇ ਦਿਨੀਂ ਮੌਜੂਦਾ ਸਰਕਾਰ ਨੇ ਮਗਨਰੇਗਾ—ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਗਰੰਟੀ ਯੋਜਨਾ—ਜੋ ਇਕ ਸਮਾਜਿਕ-ਆਰਥਿਕ ਯੋਜਨਾ ਸੀ, ਜਿਸ ਦਾ ਮੂਲ ਹਰੇਕ ਪੇਂਡੂ ਪਰਿਵਾਰ ਵਿਚ ਇੱਕ ਵਿਅਕਤੀ ਨੂੰ ਇੱਕ ਸਾਲ ਵਿਚ ਸੌ ਦਿਨ ਦਾ ਰੋਜ਼ਗਾਰ ਗਰੰਟੀ ਦੇਣਾ ਸੀ—ਦੀ ਹੱਤਿਆ ਕਰ ਦਿੱਤੀ ਅਤੇ ਇੱਕ ਨਵਾਂ ਬਿੱਲ ਲੋਕ ਸਭਾ, ਰਾਜ ਸਭਾ ਵਿਚ ਪਾਸ ਕਰਵਾ ਲਿਆ। ਇਸ ਨਵੇਂ ਬਿੱਲ ਅਤੇ ਯੋਜਨਾ ਨੇ ਮਗਨਰੇਗਾ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਖਤਮ ਕਰ ਦਿੱਤੀਆਂ।

ਇਹ ਯੋਜਨਾ ਹੁਣ ਸੂਬਿਆਂ ਨਾਲ ਸਾਂਝੀ ਯੋਜਨਾ ਹੋਵੇਗੀ ਅਤੇ ਇਸ 'ਤੇ ਹੋਣ ਵਾਲੀ ਲਾਗਤ ਕੇਂਦਰ ਅਤੇ ਸੂਬਾ ਸਰਕਾਰ ਵਿਚ 60:40 ਦੇ ਨਾਲ ਸਾਂਝੀ ਹੋਵੇਗੀ, ਜਦਕਿ ਮਗਨਰੇਗਾ ਵਿਚ ਇਹ ਅਨੁਪਾਤ 90:10 ਦਾ ਸੀ। ਇਸ ਐਕਟ ਅਧੀਨ ਰਾਜਾਂ ਨੂੰ ਕਿਹਾ ਗਿਆ ਹੈ ਕਿ ਇਸ ਯੋਜਨਾ ਵਿਚ ਸਾਰਿਆਂ ਨੂੰ 125 ਦਿਨਾਂ ਦੇ ਰੁਜ਼ਗਾਰ ਦੀ ਗਰੰਟੀ ਦੇਵੇ।

ਇਸ ਐਕਟ ਦੀ ਧਾਰਾ 8 ਦੇ ਤਹਿਤ ਸਾਰੇ ਸੂਬਿਆਂ ਵੱਲੋਂ ਅਧਿਸੂਚਿਤ ਯੋਜਨਾ ਦਾ ਨਾਮ 'ਵਿਕਸਿਤ ਭਾਰਤ ਗਰੰਟੀ ਫਾਰ ਰੋਜ਼ਗਾਰ ਐਂਡ ਅਜੀਵਿਕਾ ਮਿਸ਼ਨ (ਗ੍ਰਾਮੀਣ) ਵੀ ਸੀ ਜੀ ਰਾਮ ਜੀ ਯੋਜਨਾ' ਰੱਖਿਆ ਗਿਆ ਹੈ। ਇਹ ਨਾਮ ਹੀ ਆਪਣੇ ਆਪ ਵਿਚ ਭਾਰਾ ਹੈ, ਬੋਲਣ ਲਈ ਵੀ ਔਖਾ ਹੈ ਤੇ ਗੈਰ-ਹਿੰਦੀ ਭਾਸ਼ਾਈ ਨਾਗਰਿਕਾਂ ਲਈ ਇਸ ਦਾ ਕੋਈ ਅਰਥ ਹੀ ਨਹੀਂ ਹੈ।

ਮਗਨਰੇਗਾ ਯੋਜਨਾ, ਜੋ ਮਹਾਤਮਾ ਗਾਂਧੀ ਦੇ ਨਾਮ 'ਤੇ ਸੀ, ਉਸ 'ਤੇ ਕੈਂਚੀ ਚਲਾ ਦਿੱਤੀ ਗਈ ਹੈ ਅਤੇ ਇੱਕ ਧਾਰਮਿਕ ਨਾਮ ਨੂੰ ਪਹਿਲ ਦਿੰਦਿਆਂ ਇਸ ਨੂੰ ਸੰਖੇਪ ਤੌਰ 'ਤੇ 'ਜੀ ਰਾਮ ਜੀ' ਦਾ ਨਾਮਕਰਨ ਕਰ ਦਿੱਤਾ ਗਿਆ ਹੈ। ਸਪਸ਼ਟ ਹੀ ਇਸ ਦਾ

ਅਰਥ ਧਰਮ ਸ਼ਬਦ ਨਾਲ ਜੁੜਿਆ ਹੋਇਆ ਹੈ ਅਤੇ ਮਜਬੂਰਨ ਉਹ ਸ਼ਬਦ ਉਸ ਨਾਗਰਿਕ ਦੇ ਮੂੰਹ ਵਿਚ ਪਾਉਣ ਦਾ ਯਤਨ ਹੈ, ਜੋ ਧਾਰਮਿਕ ਨਹੀਂ ਹੈ, ਜੋ ਕਿਸੇ ਹੋਰ ਧਰਮ ਨੂੰ ਮੰਨਦਾ ਹੈ। ਕੀ ਇਹ ਸਰਕਾਰ ਦਾ ਧਾਰਮਿਕ ਕੱਟੜਪੁਣਾ ਨਹੀਂ ਹੈ?

ਮਗਨਰੇਗਾ ਰਾਹੀਂ ਕੇਂਦਰ ਸਰਕਾਰ 100 ਦਿਨ ਰੁਜ਼ਗਾਰ ਗਰੰਟੀ ਦਿੰਦੀ ਸੀ। ਇਹ ਯੋਜਨਾ ਪੂਰੇ ਸਾਲ ਲਈ ਮੰਗ-ਅਧਾਰਿਤ ਯੋਜਨਾ ਸੀ। ਇਹ ਕੇਂਦਰ ਦੀ ਯੋਜਨਾ ਸੀ। ਸੂਬਾ ਸਰਕਾਰ ਦਾ ਹਿੱਸਾ ਕੇਵਲ ਸਮੱਗਰੀ ਲਾਗਤ ਦਾ 25 ਫੀਸਦੀ ਸੀ। ਜੇਕਰ ਕਿਸੇ ਨਾਗਰਿਕ ਨੂੰ ਰੁਜ਼ਗਾਰ ਨਾ ਦਿੱਤਾ ਜਾਂਦਾ ਤਾਂ ਉਹ ਬੇਰੁਜ਼ਗਾਰੀ ਭੱਤੇ ਦਾ ਹੱਕਦਾਰ ਬਣਦਾ ਸੀ। ਇਸ ਯੋਜਨਾ ਨੇ ਔਰਤ ਮਜ਼ਦੂਰਾਂ ਨੂੰ ਵੱਡੀ ਪੱਧਰ 'ਤੇ ਕੰਮ ਦਿੱਤਾ।

ਪਰ ਇਸ ਦੇ ਉਲਟ ਨਵੀਂ ਯੋਜਨਾ ਸੂਬਾ-ਕੇਂਦਰ ਆਧਾਰਿਤ ਬਣਾਈ ਗਈ, ਜਿਸ ਵਿਚ ਕੇਂਦਰ ਤੇ ਸੂਬਾ 60/ 40 ਦੇ ਅਨੁਪਾਤ ਨਾਲ ਖਰਚ ਕਰਨਗੀਆਂ। ਕੇਂਦਰ ਸਰਕਾਰ ਨੇ ਇਹ ਯੋਜਨਾ ਲਾਗੂ ਕਰਕੇ ਆਪਣੀ ਇੱਕ ਅਹਿਮ ਜ਼ਿੰਮੇਵਾਰੀ ਤੋਂ ਮੁਕਤੀ ਪਾ ਲਈ ਹੈ, ਜੋ ਅਜੀਵਿਕਾ ਸੁਰੱਖਿਆ ਤਹਿਤ ਸੌ ਦਿਨ ਦੀ ਰੁਜ਼ਗਾਰ ਗਰੰਟੀ ਦਾ ਪ੍ਰਾਵਧਾਨ ਕਰਦੀ ਸੀ।

ਅਸਲ ਵਿਚ ਤਾਂ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਵੱਲੋਂ ਲੰਮੇ ਸਮੇਂ ਤੋਂ ਹੀ ਇਸ ਯੋਜਨਾ ਨੂੰ ਖਤਮ ਕਰਨ ਦਾ ਵਿਚਾਰ ਸੀ। ਮਗਨਰੇਗਾ ਵਿਚ 100 ਦਿਨ ਗਰੰਟੀ ਦਾ ਵਾਅਦਾ ਸੀ, ਪਰ ਪਿਛਲੇ ਕੁਝ ਸਾਲਾਂ ਤੋਂ ਇਹ ਰੁਜ਼ਗਾਰ ਔਸਤਨ 50 ਦਿਨ ਰਹਿ ਗਿਆ। ਸਾਲ 2020 ਤੋਂ 2025 ਵਿਚ 8.1 ਕਰੋੜ ਮਨਰੇਗਾ ਜੌਬ ਕਾਰਡ ਧਾਰਕਾਂ ਵਿਚੋਂ ਕੇਵਲ 40.75 ਲੱਖ ਪਰਿਵਾਰਾਂ ਨੇ 100 ਦਿਨ ਕੰਮ ਕੀਤਾ।

ਬੇਰੁਜ਼ਗਾਰੀ ਭੱਤਾ, ਜਿਸ ਦਾ ਭੁਗਤਾਨ ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਸੀ, ਲਗਾਤਾਰ ਨਾ-ਬਰਾਬਰ ਰਿਹਾ। ਇਹ ਵੀ ਤੱਥ ਹੈ ਕਿ 2020-21 ਵਿਚ 1 ਲੱਖ 17 ਹਜ਼ਾਰ ਕਰੋੜ ਤੋਂ ਬਜਟ ਘਟਾ ਕੇ 2025-26 ਵਿਚ ਇਹ 86 ਹਜ਼ਾਰ ਕਰੋੜ ਕਰ ਦਿੱਤਾ ਗਿਆ। ਕੰਮ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ 2020-21 ਵਿਚ 7.55 ਕਰੋੜ ਤੋਂ ਘੱਟ ਕੇ 2022-23 ਵਿਚ 4.71 ਕਰੋੜ ਰਹਿ ਗਈ।

ਕੇਂਦਰ ਸਰਕਾਰ ਵੱਲੋਂ ਇਹ ਨੀਤੀ ਪੁਰਾਣੀ ਸਰਕਾਰ ਦੀਆਂ ਯੋਜਨਾਵਾਂ ਨੂੰ ਖਤਮ ਕਰਨ ਦੀ ਲੜੀ ਦਾ ਹੀ ਹਿੱਸਾ ਹੈ। ਇਹ ਦੇਸ਼-ਵਿਆਪੀ ਯੋਜਨਾ ਆਰਥਿਕ ਪੱਖੋਂ ਵਾਂਝੇ, ਸ਼ੋਸ਼ਿਤ, ਗਰੀਬ ਅਤੇ ਪੇਂਡੂ ਲੋਕਾਂ ਲਈ ਦਵਾਈ ਨਹੀਂ ਸੀ। ਇਸ ਯੋਜਨਾ ਨੇ ਕੁਝ ਹੱਦ ਤੱਕ ਪਿੰਡ ਤੋਂ ਸ਼ਹਿਰ ਵੱਲ ਪ੍ਰਵਾਸ ਵੀ ਰੋਕਿਆ। ਰੁਜ਼ਗਾਰ ਲਈ ਕਾਨੂੰਨੀ ਅਧਿਕਾਰ ਵੀ ਯੋਜਨਾ ਵਿਚ ਸੀ ਅਤੇ ਪਿੰਡ ਪੰਚਾਇਤਾਂ ਨੂੰ ਵੀ ਇਸ ਅਧੀਨ ਸ਼ਕਤੀ ਮਿਲੀ ਹੋਈ ਸੀ।

ਪਰ ਸਰਕਾਰ ਨੇ ਇਸ ਯੋਜਨਾ 'ਤੇ ਇੱਕ ਤਰ੍ਹਾਂ ਨਾਲ ਬੁਲਡੋਜ਼ਰ ਫੇਰ ਦਿੱਤਾ ਹੈ। ਗਰੀਬ ਲੋਕਾਂ ਦੀ ਜੀਵਨ-ਰੇਖਾ ਨੂੰ ਖਤਮ ਕਰ ਦਿੱਤਾ ਗਿਆ ਹੈ। ਅਸਲ ਵਿਚ ਇਹ ਮੋਦੀ ਸਰਕਾਰ ਦਾ ਲੱਖਾਂ ਕਿਸਾਨਾਂ, ਮਜ਼ਦੂਰਾਂ ਤੇ ਭੂਮੀਹੀਣ ਪੇਂਡੂ ਗਰੀਬਾਂ ਦੇ ਹਿੱਤਾਂ ਉੱਤੇ ਸਿੱਧਾ ਹਮਲਾ ਹੈ।

ਬੀਤੇ ਵਰ੍ਹਿਆਂ ਵਿਚ ਕੇਂਦਰ ਸਰਕਾਰ ਵੱਲੋਂ ਮਗਨਰੇਗਾ ਸਕੀਮ ਦੇ ਤਹਿਤ ਸੂਬਿਆਂ ਨੂੰ ਭੇਜੇ ਜਾਣ ਵਾਲੇ ਫੰਡਾਂ ਵਿਚ ਵੀ ਭੇਦਭਾਵ ਕੀਤਾ ਗਿਆ ਹੈ। ਉਹ ਸੂਬੇ, ਜਿੱਥੇ ਭਾਜਪਾ ਦੀ ਸਰਕਾਰ ਨਹੀਂ, ਉਨ੍ਹਾਂ ਨੂੰ ਫੰਡਾਂ ਤੋਂ ਵਿਰਵਾ ਰੱਖਿਆ ਗਿਆ। ਪੱਛਮੀ ਬੰਗਾਲ ਵਿਚ ਮਗਨਰੇਗਾ ਅਧੀਨ ਫੰਡ ਭੇਜੇ ਹੀ ਨਹੀਂ ਜਾ ਰਹੇ, ਸਗੋਂ ਕਈ ਬੰਦਸ਼ਾਂ ਲਾ ਕੇ ਫੰਡ ਰੋਕੇ ਗਏ ਹਨ।

ਕਈ ਸਾਲਾਂ ਤੋਂ ਕੇਂਦਰ ਸਰਕਾਰ ਦੀ ਮਨਸ਼ਾ ਮਗਨਰੇਗਾ ਨੂੰ ਬੰਦ ਕਰਨ ਦੀ ਸੀ। ਢੁਕਵਾਂ ਸਮਾਂ ਦੇਖ ਕੇ ਪਾਰਲੀਮੈਂਟ ਸੈਸ਼ਨ ਦੇ ਆਖਰੀ ਦਿਨਾਂ ਵਿਚ ਲੋਕ ਸਭਾ ਅਤੇ ਰਾਜ ਸਭਾ ਵਿਚ ਬਿੱਲ ਪਾਸ ਕਰਵਾ ਲਿਆ ਗਿਆ ਅਤੇ ਰਾਸ਼ਟਰਪਤੀ ਨੇ ਵੀ ਬਿਨਾਂ ਦੇਰੀ ਇਸ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ।

ਅਸਲ ਅਰਥਾਂ ਵਿਚ ਇਸ ਨਵੇਂ ਬਿੱਲ ਨੇ ਲੋਕਾਂ ਦੇ ਸੁਪਨੇ ਤੋੜ ਦਿੱਤੇ ਹਨ। ਪੁਰਾਣੀ ਗਰੰਟੀ ਕਾਨੂੰਨ ਨੂੰ ਬਦਲ ਕੇ ਇਸ ਨੂੰ ਕੇਂਦਰੀ ਪ੍ਰਾਯੋਜਿਤ ਸਕੀਮ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਜਦੋਂ ਕੇਂਦਰ ਕੋਲ ਰਕਮ ਹੋਏਗੀ, ਫੰਡ ਜਾਰੀ ਕੀਤੇ ਜਾਣਗੇ; ਜਦੋਂ ਰਕਮ ਨਹੀਂ ਹੋਏਗੀ, ਸਕੀਮ ਸੁੱਤੀ ਰਹੇਗੀ।

ਪੰਚਾਇਤਾਂ ਨੂੰ ਮਗਨਰੇਗਾ ਤਹਿਤ ਮਿਲੇ ਅਧਿਕਾਰਾਂ 'ਤੇ ਕੈਂਚੀ ਚਲਾ ਦਿੱਤੀ ਗਈ ਹੈ। ਨਵੇਂ ਕਾਨੂੰਨ ਵਿਚ ਇਹ ਸ਼ਾਮਿਲ ਕੀਤਾ ਗਿਆ ਹੈ ਕਿ ਜੇਕਰ ਪੰਚਾਇਤ ਕੋਈ ਕੰਮ ਪਿੰਡ ਵਿਚ ਮਗਨਰੇਗਾ ਤਹਿਤ ਕਰਵਾਉਣੀ ਚਾਹੁੰਦੀ ਹੈ, ਤਾਂ ਉਸ ਲਈ ਕੇਂਦਰ ਸਰਕਾਰ ਦੀ ਮਨਜ਼ੂਰੀ ਲਾਜ਼ਮੀ ਹੈ। ਇਹ ਤਾਕਤ ਪੂਰੀ ਤਰ੍ਹਾਂ ਕੇਂਦਰ ਦੇ ਹੱਥ ਵਿਚ ਲੈਣ ਦੀ ਸੋਚੀ-ਸਮਝੀ ਚਾਲ ਹੈ।

ਨਵੇਂ ਐਕਟ ਨੇ ਮਗਨਰੇਗਾ ਦਾ ਸਿਰਫ਼ ਨਾਮ ਹੀ ਨਹੀਂ ਬਦਲਿਆ, ਸਗੋਂ ਇਸ ਦਾ ਮੂਲ ਸਰੂਪ ਹੀ ਬਦਲ ਦਿੱਤਾ ਹੈ। ਨਵੀਂ ਰੋਜ਼ਗਾਰ ਯੋਜਨਾ ਦੇ ਜ਼ਰੀਏ ਕੇਂਦਰੀਕਰਨ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਆਪਣੇ ਆਕਾ ਕਾਰਪੋਰੇਟ ਜਗਤ ਨੂੰ ਖੁਸ਼ ਕਰਨ ਲਈ ਵੱਡਾ ਕਦਮ ਚੁੱਕਿਆ ਗਿਆ ਹੈ। ਕੇਂਦਰੀਕਰਨ ਕਾਰਪੋਰੇਟ ਜਗਤ ਦੀ ਸੁਰੱਖਿਆ ਪ੍ਰਣਾਲੀ ਦਾ ਧੁਰਾ ਹੈ, ਜਿਸ ਦੀ ਦੇਖ-ਰੇਖ ਮੌਜੂਦਾ ਸਰਕਾਰ ਬਾਖੂਬੀ ਕਰ ਰਹੀ ਹੈ।

ਅੰਤਿਕਾ

ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗਰੰਟੀ ਅਧਿਨਿਯਮ (2005) ਤਹਿਤ ਚਲਾਈ ਗਈ ਯੋਜਨਾ ਦਾ ਮਕਸਦ 100 ਦਿਨਾਂ ਦਾ ਰੁਜ਼ਗਾਰ ਮੁਹੱਈਆ ਕਰਵਾਉਣਾ ਹੈ। ਇਹ ਯੋਜਨਾ ਕਾਨੂੰਨ ਦੇ ਤਹਿਤ ਰੋਜ਼ਗਾਰ ਦੀ ਗਰੰਟੀ, ਗਰੀਬਾਂ ਲਈ ਰੋਜ਼ਗਾਰ ਦੀ ਸੁਰੱਖਿਆ, ਪਿੰਡਾਂ ਵਿਚ ਸੜਕਾਂ, ਤਲਾਬ ਸੰਭਾਲ ਪ੍ਰੋਜੈਕਟ ਸੰਭਾਲਦੀ ਹੈ ਅਤੇ ਪਿੰਡਾਂ 'ਚ ਮਾਈਗਰੇਸ਼ਨ ਘਟਦਾ ਹੈ। ਜਦਕਿ ਸ੍ਰੀ ਰਾਮ ਜੀ ਰੋਜ਼ਗਾਰ ਯੋਜਨਾ (ਜੀ ਰਾਮ ਜੀ ਯੋਜਨਾ) ਇਕ ਰਾਜਪੱਧਰੀ/ਖਾਸ ਯੋਜਨਾ ਹੈ, ਜਿਸਦਾ ਮਕਸਦ ਲੋਕਾਂ ਨੂੰ ਸਵੈ-ਰੁਜ਼ਗਾਰ, ਹੁਨਰ ਵਿਕਾਸ ਅਤੇ ਛੋਟੇ ਕਾਰੋਬਾਰ ਨਾਲ ਜੋੜਨਾ ਹੈ। ਇਹ ਸਵੈ-ਰੁਜ਼ਗਾਰ ਦੇ ਮੌਕੇ ਦਿੰਦੀ ਹੈ, ਹੁਨਰ ਵਿਕਾਸ ਤੇ ਜ਼ੋਰ ਦਿੰਦੀ ਹੈ, ਨੌਜਵਾਨਾਂ ਲਈ ਤੇ ਛੋਟੇ ਉਦਯੋਗਾਂ ਲਈ ਲਾਭਕਾਰੀ ਹੈ। ਪਰ ਇਸ ਵਿਚ ਸ਼ੁਰੂਆਤੀ ਪੂੰਜੀ ਦੀ ਲੋੜ ਹੈ, ਸਫ਼ਲਤਾ ਦੀ ਗਰੰਟੀ ਨਹੀਂ, ਇਹ ਯੋਜਨਾ ਹਰ ਗ਼ਰੀਬ ਲਈ ਨਹੀਂ, ਇਸ 'ਚ ਰੁਜ਼ਗਾਰ ਦੀ ਕਾਨੂੰਨੀ ਗਰੰਟੀ ਨਹੀਂ ਹੈ। ਯੋਜਨਾ ਤਹਿਤ ਪਿੰਡ ਦੇ ਸਭ ਤੋਂ ਕਮਜ਼ੋਰ ਲੋਕ ਬਾਹਰ ਛੱਡ ਦਿੱਤੇ ਗਏ ਹਨ। ਗ਼ਰੀਬੀ ਘਟਾਉਣ, ਬੇਰੁਜ਼ਗਾਰੀ ਰੋਕਣ, ਸਮਾਜਿਕ ਨਿਆ ਲਈ ਉੱਤਮ ਯੋਜਨਾ 'ਮਨਰੇਗਾ' ਯੋਜਨਾ ਪਾਰਲੀਮੈਂਟ 'ਚ 2005 'ਚ ਪਾਸ ਕੀਤੀ ਗਈ ਸੀ। ਮੌਜੂਦਾ ਸਰਕਾਰ ਨੇ ਇਸ ਮਨਰੇਗਾ ਯੋਜਨਾ ਨੂੰ ਖ਼ਤਮ ਕਰਕੇ ਐਕਟ ਸੰਖਿਆ 197/2025 ਦੀ ਧਾਰਾ 37 (1) ਵਿਚ ਲਿਖਿਆ ਹੈ, 'ਧਾਰਾ 10 ਵਿਚ ਦਿੱਤੇ ਗਏ ਪ੍ਰਾਵਧਨਾ ਨੂੰ ਛੱਡ ਕੇ, ਕੇਂਦਰ ਸਰਕਾਰ ਵਲੋਂ ਅਧਿਸੂਚਨਾ ਦੇ ਮਾਧਿਅਮ ਵਿਚ ਤਹਿ ਕੀਤੀ ਜਾਣ ਵਾਲੀ ਮਿਤੀ ਤੋਂ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗਰੰਟੀ ਐਕਟ-2005 ਅਤੇ ਉਸਦੇ ਅੰਤੰਰਗਤ ਬਣਾਏ ਗਏ ਸਾਰੇ ਨਿਯਮ, ਅਧਿ ਸੂਚਨਾਵਾਂ, ਯੋਜਨਾਵਾਂ, ਆਦੇਸ਼ ਅਤੇ ਦਿਸ਼ਾ ਨਿਰਦੇਸ਼ ਖ਼ਤਮ ਮੰਨੇ ਜਾਣਗੇ'

ਇਹ ਡੂੰਘੀ ਸਾਜਿਸ਼ ਅਧੀਨ ਲੋਕ ਹਿਤੈਸ਼ੀ ਇੱਕ ਕਾਨੂੰਨ ਦੀ ਉਨ੍ਹਾਂ ਲੋਕਾਂ ਵਲੋਂ ਹੱਤਿਆ ਹੈ, ਜਿਹੜੇ ਆਜ਼ਾਦ ਭਾਰਤ ਦਾ ਇਤਿਹਾਸ 26 ਮਈ 2014 ਤੋਂ ਸ਼ੁਰੂ ਹੋਇਆ ਮੰਨਦੇ ਹਨ।

# ਪ੍ਰਦੂਸ਼ਣ ਦੇ ਗੰਭੀਰ ਸੰਕਟ ਦਰਮਿਆਨ ਹੋਰ ਤਬਾਹੀ ਦਾ ਰਾਹ ਖੋਲ੍ਹਦੇ ਹਕੂਮਤੀ ਫ਼ੈਸਲੇ

**ਦਿੱਲੀ ਵਿਚ ਭਿਆਨਕ ਪ੍ਰਦੂਸ਼ਣ ਫੈਲਿਆ ਹੋਇਆ ਹੈ। ਪਰ ਪੌਣ-ਪਾਣੀ ਅਤੇ ਵਾਤਾਵਰਣ ਦੇ ਨੁਕਸਾਨਾਂ ਤੋਂ ਬੇਪ੍ਰਵਾਹ ਕੇਂਦਰ ਅਤੇ ਰਾਜ ਸਰਕਾਰਾਂ ਕਾਰਪੋਰੇਟ ਕਾਰੋਬਾਰਾਂ ਦੀ ਸੌਖ ਲਈ ਜੋ ਕਾਨੂੰਨੀ ਫੇਰ-ਬਦਲ ਕਰ ਰਹੀਆਂ ਹਨ ਉਨ੍ਹਾਂ ਦੇ ਵਿਨਾਸ਼ਕਾਰੀ ਪ੍ਰਭਾਵ ਪੈਣ ਦੇ ਖ਼ਦਸ਼ੇ ਹਨ। ਕਥਿਤ ਵਿਕਾਸ ਵਿਚ ਲੋਕ ਅਤੇ ਵਾਤਾਵਰਣ ਦੇ ਹਿੱਤ ਦਰਕਿਨਾਰ ਕੀਤੇ ਜਾ ਰਹੇ ਹਨ। ਇਨ੍ਹਾਂ ਕੁਝ ਮਹੱਤਵਪੂਰਨ ਪੱਖਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ।-ਸੰਪਾਦਕ॥**

ਭਗਵਾ ਹਕੂਮਤ ਦੇ 'ਵਿਕਾਸ' ਦਾ ਬੁਲਡੋਜ਼ਰ ਭਾਰਤ ਦੇ ਜੰਗਲਾਂ-ਪਹਾੜਾਂ ਵਿਚ ਕੁਦਰਤੀ ਵਸੀਲਿਆਂ ਨੂੰ ਨਿਗਲਣ ਲਈ ਦਨਦਣਾ ਰਿਹਾ ਹੈ। ਜਦੋਂ ਰਾਜਧਾਨੀ ਦਿੱਲੀ ਵਿਚ ਵੀ ਖ਼ਤਰਨਾਕ ਵਾਤਾਵਰਣ ਪ੍ਰਦੂਸ਼ਣ ਕਾਰਨ ਹਾਹਾਕਾਰ ਮਚੀ ਹੋਈ ਹੈ ਤਾਂ ਕੇਂਦਰ ਸਰਕਾਰ ਤੋਂ ਲੈ ਕੇ ਜ਼ਿਲ੍ਹਿਆਂ ਦੇ ਪ੍ਰਸ਼ਾਸਨ ਅਤੇ ਸਰਵਉੱਚ ਅਦਾਲਤ ਤੱਕ ਰਾਜ ਮਸ਼ੀਨਰੀ ਦਾ ਹਰ ਅੰਗ 'ਵਿਕਾਸ' ਦੇ ਨਾਂ ਹੇਠ ਕਾਰਪੋਰੇਟ ਕਾਰੋਬਾਰਾਂ ਦੇ ਪਸਾਰੇ ਦੇ ਰਾਹ ਦੇ ਅੜਿੱਕੇ ਦੂਰ ਕਰਨ ਲਈ ਵਾਤਾਵਰਣ ਸੁਰੱਖਿਆ ਉਪਾਵਾਂ ਦਾ ਭੋਗ ਪਾਉਣ ਲਈ ਪੱਬਾਂ ਭਾਰ ਹੈ। ਕੁਝ ਮਿਸਾਲਾਂ ਪੇਸ਼ ਹਨ।

30 ਨਵੰਬਰ ਨੂੰ ਸੁਪ੍ਰੀਮ ਕੋਰਟ ਦੇ ਇਕ ਬੈਂਚ ਨੇ ਅਰਾਵਲੀ ਪਹਾੜੀਆਂ ਅਤੇ ਅਰਾਵਲੀ ਪਰਬਤ-ਮਾਲਾ ਦੀ ਪਰਿਭਾਸ਼ਾ ਬਾਰੇ ਸਰਕਾਰੀ

**ਬੂਟਾ ਸਿੰਘ ਮਹਿਮੂਦਪੁਰ**

ਸਿਫ਼ਾਰਸ਼ਾਂ ਨੂੰ ਪ੍ਰਵਾਨਗੀ ਦੇ ਕੇ ਮਹੱਤਵਪੂਰਨ ਫ਼ੈਸਲਾ ਸੁਣਾਇਆ ਅਤੇ ਉਹ ਤਮਾਮ ਕਾਨੂੰਨੀ ਰੋਕਾਂ ਹਟਾ ਦਿੱਤੀਆਂ ਜੋ ਇਸ ਖੇਤਰ ਵਿਚ ਵਿਆਪਕ ਪੈਮਾਨੇ 'ਤੇ ਜੰਗਲਾਂ ਦੀ ਕਟਾਈ ਅਤੇ ਖਣਨ ਕਾਰਵਾਈਆਂ ਲਈ ਅੜਿੱਕਾ ਬਣ ਸਕਦੀਆਂ ਸਨ। ਇਹ ਫ਼ੈਸਲਾ ਅਰਾਵਲੀ ਪਰਬਤ-ਮਾਲਾ ਬਾਰੇ ਵਾਤਾਵਰਣ, ਵਣ ਅਤੇ ਪੌਣ-ਪਾਣੀ ਪਰਿਵਰਤਨ ਮੰਤਰਾਲੇ ਦੀ ਅਗਵਾਈ ਵਾਲੀ ਕਮੇਟੀ ਦੀਆਂ ਸਿਫ਼ਾਰਸ਼ਾਂ ਉੱਪਰ ਮੋਹਰ ਲਾ ਕੇ ਸੁਣਾਇਆ ਗਿਆ।

ਨਵੀਂ ਪਰਿਭਾਸ਼ਾ ਅਨੁਸਾਰ, ਅਰਾਵਲੀ ਜ਼ਿਲ੍ਹਿਆਂ ਵਿਚ ਸਥਿਤ ਹਰ ਉਹ ਟੌਪੋਗ੍ਰਾਫ਼ੀਕਲ ਆਕਾਰ ਜਿਸਦੀ ਉਚਾਈ ਸਥਾਨਕ ਧਰਾਤਲੀ ਨੀਵਾਣ ਨਾਲੋਂ 100 ਮੀਟਰ ਜਾਂ ਇਸ ਤੋਂ ਵੱਧ ਹੈ, ਨੂੰ ਹੀ ਅਰਾਵਲੀ ਪਹਾੜੀ ਮੰਨਿਆ ਜਾਵੇਗਾ; ਅਤੇ ਇਕ-ਦੂਜੇ ਤੋਂ 500 ਮੀਟਰ ਦੇ ਫ਼ਾਸਲੇ ਦੇ ਅੰਦਰ ਸਥਿਤ ਦੋ ਜਾਂ ਦੋ ਤੋਂ ਵੱਧ ਅਰਾਵਲੀ ਪਹਾੜੀਆਂ, ਜਿਨ੍ਹਾਂ ਨੂੰ ਦੋਨੋਂ ਪਾਸਿਆਂ ਤੋਂ ਸਭ ਤੋਂ ਨੀਵਾਣ ਵਾਲੀ ਕੰਟੂਰ ਰੇਖਾ ਦੀ ਸੀਮਾ 'ਤੇ ਬਾਹਰਲੇ ਬਿੰਦੂ ਤੋਂ ਨਾਪਿਆ ਜਾਂਦਾ ਹੈ, ਨੂੰ ਹੀ ਅਰਾਵਲੀ ਪਰਬਤ-ਮਾਲਾ ਮੰਨਿਆ ਜਾਵੇਗਾ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਇਹ ਪਰਿਭਾਸ਼ਾ ਉੱਘੇ ਭੂ-ਵਿਗਿਆਨੀ ਰਿਚਰਡ ਮਰਫੀ ਦੀ ਵਿਆਖਿਆ 'ਤੇ ਆਧਾਰਤ ਹੈ ਜਿਸ ਮੁਤਾਬਿਕ ਆਲੇ-ਦੁਆਲੇ ਨਾਲੋਂ 100 ਮੀਟਰ ਉੱਚੇ ਜ਼ਮੀਨੀ ਅਕਾਰ ਨੂੰ ਹੀ ਪਹਾੜੀ ਜਾਂ ਪਰਬਤ ਮੰਨਿਆ ਜਾਣਾ ਚਾਹੀਦਾ ਹੈ।

ਗੁਜਰਾਤ, ਰਾਜਸਥਾਨ, ਹਰਿਆਣਾ ਅਤੇ ਦਿੱਲੀ ਤੱਕ ਫੈਲੀ ਅਰਾਵਲੀ ਪਰਬਤ-ਮਾਲਾ ਮਹਿਜ਼ ਪੁਰਾਤਨ ਭੂਵਿਗਿਆਨਕ ਤਬਦੀਲੀਆਂ ਦੀ ਨਿਸ਼ਾਨੀ ਨਹੀਂ ਹੈ। ਇਹ ਪਰਬਤ-ਮਾਲਾ ਮਾਰੂਥਲ ਦੇ ਫੈਲਾਅ ਦੇ ਵਿਰੁੱਧ ਕੁਦਰਤੀ ਰੋਕ ਵਜੋਂ ਕੰਮ ਕਰਦੀ ਹੈ, ਥਾਰ ਮਾਰੂਥਲ ਦੇ ਪੂਰਬ ਵੱਲ ਵਧਣ ਦੀ ਰਫ਼ਤਾਰ ਮੱਠੀ ਕਰਦੀ ਹੈ, ਧਰਤੀ ਹੇਠਲੇ ਪਾਣੀ ਨੂੰ ਦੁਬਾਰਾ ਭਰਦੀ ਹੈ, ਅਤੇ ਮੁਲਕ ਦੇ ਰਾਜਧਾਨੀ ਖੇਤਰ ਵਿਚ ਹਵਾ ਦੇ ਪ੍ਰਦੂਸ਼ਣ ਨੂੰ ਕੰਟਰੋਲ ਕਰਦੀ ਹੈ। ਲਿਹਾਜ਼ਾ, ਅਰਾਵਲੀ ਜੀਵਨ-ਰੱਖਿਅਕ ਪ੍ਰਣਾਲੀ ਹੈ ਅਤੇ ਇੱਥੋਂ ਦੇ ਪੌਣਪਾਣੀ ਨੂੰ ਕਿਸੇ ਵੀ ਲਾਭ ਲਈ ਪਹੁੰਚਾਏ ਕਿਸੇ ਵੀ ਨੁਕਸਾਨ ਨੂੰ ਪੁੱਠਾ ਗੇੜਾ ਦੇਣਾ ਸੰਭਵ ਨਹੀਂ ਹੋਵੇਗਾ।

ਸੁਪਰੀਮ ਕੋਰਟ ਦੇ ਇਸ ਤਾਜ਼ਾ ਫ਼ੈਸਲੇ ਨੇ ਪਹਿਲਾਂ ਹੀ ਅਤਿ-ਸੰਵੇਦਨਸ਼ੀਲ ਅਰਾਵਲੀ ਪਰਬਤ-ਮਾਲਾ ਦੇ ਵਿਨਾਸ਼ ਦਾ ਰਾਹ ਖੋਲ੍ਹ ਦਿੱਤਾ ਹੈ, ਕਿਉਂਕਿ ਇਸ ਨਾਲ ਇਸਦੇ 90 ਪ੍ਰਤੀਸ਼ਤ ਤੋਂ ਵੱਧ ਖੇਤਰ—ਜਿਸ ਵਿਚ ਘਾਹ ਵਾਲੀਆਂ ਜ਼ਮੀਨਾਂ, ਪਹਾੜੀ ਘਾਹ ਅਤੇ ਨਿੱਕੀਆਂ ਜੜ੍ਹੀਆਂ-ਬੂਟੀਆਂ ਨਾਲ ਭਰਪੂਰ ਰਿਜ ਖੇਤਰ ਸ਼ਾਮਲ ਹਨ—ਸੁਰੱਖਿਆ ਤੋਂ ਬਾਹਰ ਹੋ ਜਾਣਗੇ ਅਤੇ ਇਹ ਜ਼ਿਆਦਾਤਰ ਖੇਤਰ ਖਣਨ ਲਈ ਖੋਲ੍ਹ ਦਿੱਤੇ ਜਾਣਗੇ। ਇਹ ਫ਼ੈਸਲਾ ਇਸ ਵਡਮੁੱਲੇ ਪੌਣਪਾਣੀ ਤੰਤਰ ਦੀ ਸੁਰੱਖਿਆ ਉੱਪਰ ਬਹੁਤ ਵਿਨਾਸ਼ਕਾਰੀ ਅਸਰ ਪਾਉਣ ਦੀ ਸੰਭਾਵਨਾ ਵਾਲਾ ਹੈ। ਹਰਿਆਣਾ ਦੇ ਸੱਤ ਅਰਾਵਲੀ ਜ਼ਿਲ੍ਹਿਆਂ ਵਿੱਚ ਲਾਇਸੈਂਸ ਪ੍ਰਾਪਤ ਖਣਨ ਕਾਰਵਾਈਆਂ ਨੇ ਪਹਿਲਾਂ ਹੀ ਚਰਖੀ-ਦਾਦਰੀ ਅਤੇ ਭਿਵਾਨੀ ਜ਼ਿਲ੍ਹਿਆਂ ਵਿੱਚ ਦੋ ਅਰਬ ਸਾਲ ਪੁਰਾਣੀ ਪੌਣਪਾਣੀ ਵਿਰਾਸਤ ਦਾ ਵੱਡਾ ਹਿੱਸਾ ਤਬਾਹ ਕਰ ਦਿੱਤਾ ਹੈ। ਸੰਨ 2009 'ਚ ਕਾਨੂੰਨੀ ਖਣਨ ਉੱਪਰ ਪਾਬੰਦੀ ਲੱਗਣ ਤੋਂ ਬਾਅਦ ਵੀ ਗ਼ੈਰ-ਕਾਨੂੰਨੀ ਖਣਨ ਬੇਰੋਕ-ਟੋਕ ਜਾਰੀ ਹੈ, ਜੋ ਲਗਾਤਾਰ ਇਸ ਖੇਤਰ ਦੇ ਕੁਦਰਤੀ ਚੌਗਿਰਦੇ ਨੂੰ ਤਬਾਹ ਕਰ ਰਿਹਾ ਹੈ। ਨਵੀਂ ਪਰਿਭਾਸ਼ਾ ਦੇ ਤਹਿਤ ਅਰਾਵਲੀ ਪਰਬਤ-ਮਾਲਾ ਦਾ ਵਿਸ਼ਾਲ ਖੇਤਰ ਕੇਂਦਰ ਸਰਕਾਰ ਵੱਲੋਂ ਖਣਨ ਕਾਰੋਬਾਰ ਲਈ ਆਪਣੇ ਚਹੇਤੇ ਕਾਰਪੋਰੇਟਾਂ ਦੇ ਹੱਥ ਦੇਣ ਦੀ ਪੂਰੀ ਤਿਆਰੀ ਹੈ। ਵਾਤਾਵਰਣ ਪ੍ਰੇਮੀ ਸਮੂਹਾਂ ਅਤੇ ਹੋਰ ਜਾਗਰੂਕ ਨਾਗਰਿਕਾਂ ਨੇ ਇਸ ਅਦਾਲਤੀ ਫ਼ੈਸਲੇ ਵਿਚ ਸਮੋਏ ਖ਼ਤਰਿਆਂ ਨੂੰ ਭਾਂਪਕੇ ਇਸਦਾ ਜ਼ੋਰਦਾਰ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਸਵਾਲਾਂ 'ਚ ਘਿਰੀ ਭਗਵਾ ਹਕੂਮਤ ਆਪਣੀ ਫਾਸ਼ੀਵਾਦੀ ਖਸਲਤ ਅਨੁਸਾਰ ਝੂਠੀਆਂ ਯਕੀਨਦਹਾਨੀਆਂ ਰਾਹੀਂ ਲੋਕਾਈ ਦੇ ਅੱਖੀਂ ਘੱਟਾ ਪਾਉਣ ਲਈ ਸਿਰਤੋੜ ਯਤਨ ਕਰ ਰਹੀ ਹੈ।






ਇਸੇ ਲੜੀ 'ਚ ਉੜੀਸਾ ਦੀ ਰਾਜ ਸਰਕਾਰ ਰਾਏਗੜ੍ਹ ਅਤੇ ਕਾਲਾਹਾਂਡੀ ਜ਼ਿਲ੍ਹਿਆਂ ਦੇ ਅਨੁਸੂਚਿਤ ਖੇਤਰਾਂ ਵਿਚ ਜੰਗਲਾਂ-ਪਹਾੜਾਂ ਦੀ ਜ਼ਮੀਨ ਵੇਦਾਂਤ ਪ੍ਰਾਈਵੇਟ ਲਿਮਿਟਡ ਨੂੰ ਬਾਕਸਾਈਟ ਖਣਨ ਲਈ ਸੌਂਪਣ ਵਾਸਤੇ ਅਸਧਾਰਨ ਤੇਜ਼ੀ ਨਾਲ ਕੰਮ ਕਰ ਰਹੀ ਹੈ, ਅਤੇ ਇਸ ਪ੍ਰਕਿਰਿਆ ਵਿਚ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਦੇ ਤਹਿਤ ਆਦਿਵਾਸੀ ਸਮੂਹਾਂ ਨੂੰ ਦਿੱਤੀਆਂ ਗਈਆਂ ਸੰਵਿਧਾਨਕ ਸੁਰੱਖਿਆਵਾਂ ਨੂੰ ਸਿਲਸਿਲੇਵਾਰ ਰੂਪ 'ਚ ਤਹਿਸ-ਨਹਿਸ ਕੀਤਾ ਜਾ ਰਿਹਾ ਹੈ। ਸਿਜੀਮਾਲੀ ਵਣ ਖੇਤਰ ਵਿਚ ਜੋ ਕੁਝ ਹੋ ਰਿਹਾ ਹੈ, ਉਹ ਸਿਰਫ਼ ਜ਼ਮੀਨ ਦੀ ਵਰਤੋਂ ਬਾਰੇ ਪ੍ਰਸ਼ਾਸਨਿਕ ਫ਼ੈਸਲਾ ਨਹੀਂ ਹੈ, ਬਲਕਿ ਤਾਕਤਵਰ ਕਾਰਪੋਰੇਟ ਸਮੂਹ ਨਾਲ ਖੁੱਲ੍ਹੇ ਆਮ ਸਾਜ਼ਿਸ਼ ਦੇ ਤਹਿਤ ਆਦਿਵਾਸੀ ਅਧਿਕਾਰਾਂ, ਸੰਵਿਧਾਨਕ ਪ੍ਰਕਿਰਿਆ ਅਤੇ ਵਾਤਾਵਰਣ ਕਾਨੂੰਨ ਉੱਪਰ ਵਿਆਪਕ ਹਮਲਾ ਹੈ। ਇਹ ਪ੍ਰੋਜੈਕਟ ਸਥਾਨਕ ਆਦਿਵਾਸੀਆਂ ਦੀ ਰੋਜ਼ੀ-ਰੋਟੀ, ਸੁਰੱਖਿਆ ਅਤੇ ਜ਼ਿੰਦਗੀ ਦੇ ਨਾਲ-ਨਾਲ ਅਮੀਰ ਜੰਗਲੀ ਈਕੋਸਿਸਟਮ ਨੂੰ ਤਬਾਹ ਕਰਨ ਦਾ ਵਿਆਪਕ ਖ਼ਤਰਾ ਬਣਕੇ ਮੰਡਰਾ ਰਿਹਾ ਹੈ। ਧੜਵੈਲ ਕਾਰਪੋਰੇਟ ਸਮੂਹ ਵੇਦਾਂਤ ਲਈ ਵੱਡੇ ਮੁਨਾਫੇ ਪੈਦਾ ਕਰਨ ਤੋਂ ਸਿਵਾਏ ਇਹ ਕਿਸੇ ਦੇ ਵੀ ਹਿਤ ਵਿਚ ਨਹੀਂ ਹੈ। ਰਾਜ ਦਾ ਵਿਹਾਰ ਦਰਸਾਉਂਦਾ ਹੈ ਕਿ ਇਸ ਰਾਜ ਦਾ ਸਰਕਾਰੀ ਫਰਜ਼ ਸਿਰਫ਼ ਤੇ ਸਿਰਫ਼ ਕਾਰਪੋਰੇਟ ਸਮੂਹਾਂ ਦੀ ਸੇਵਾ ਕਰਨਾ ਹੀ ਹੈ।

ਦਸੰਬਰ ਦੇ ਪਹਿਲੇ ਹਫ਼ਤੇ, ਕੇਂਦਰੀ ਵਾਤਾਵਰਣ, ਵਣ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੇ ਤਹਿਤ ਸੰਵਿਧਾਨਕ ਸੰਸਥਾ, ਵਣ ਸਲਾਹਕਾਰ ਕਮੇਟੀ ਨੇ ਸਿਜੀਮਾਲੀ ਖੇਤਰ ਵਿਚ 708.24 ਹੈਕਟੇਅਰ ਜੰਗਲੀ ਜ਼ਮੀਨ (ਲਗਭਗ 1,700 ਏਕੜ) ਖਣਨ ਦੇ ਹਵਾਲੇ ਕਰਨ ਦੀ ਸਿਫ਼ਾਰਸ਼ ਕਰ ਦਿੱਤੀ ਜਿਸ ਨੂੰ ਰਾਜ-ਪੱਧਰੀ ਪਹਿਲੇ-ਪੜਾਅ ਦੀ ਮਨਜ਼ੂਰੀ ਦਾ ਨਾਂ ਦਿੱਤਾ ਗਿਆ ਹੈ। ਦਰਅਸਲ, ਇਹ ਸਿਫ਼ਾਰਸ਼ ਪ੍ਰੋਜੈਕਟ ਵੱਲੋਂ ਨਿਗਲੇ ਜਾਣ ਵਾਲੇ ਰਕਬੇ ਦੀ ਵਿਆਪਕਤਾ ਨੂੰ ਲੁਕੋਂਦੀ ਹੈ। ਵੇਦਾਂਤ ਨੂੰ ਦਿੱਤੀ ਗਈ ਕੁਲ ਮਾਈਨਿੰਗ ਲੀਜ਼ 1,548.76 ਹੈਕਟੇਅਰ, ਜਾਂ ਲਗਭਗ 3,800 ਏਕੜ ਵਿਚ ਫੈਲੀ ਹੋਈ ਹੈ, ਜਿਸਦਾ ਮਹੱਤਵਪੂਰਨ ਹਿੱਸਾ ਉਹ ਜੰਗਲੀ ਜ਼ਮੀਨ ਹੈ ਜੋ ਆਦਿਵਾਸੀ ਸਮੂਹਾਂ ਲਈ ਸੁਰੱਖਿਅਤ ਹੈ, ਉਹ ਹੀ ਇਸ ਉੱਪਰ ਖੇਤੀਬਾੜੀ ਕਰਦੇ ਅਤੇ ਇਸਦੀ ਦੇਖ-ਰੇਖ ਕਰਦੇ ਹਨ। ਅਸਲੀਅਤ ਇਹ ਹੈ ਕਿ ਸਰਕਾਰ ਦੇ ਇਸ਼ਾਰੇ 'ਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਇਹ ਧਾੜਵੀ ਖਣਨ ਪ੍ਰੋਜੈਕਟ ਲਗਭਗ ਦੋ ਸਾਲਾਂ ਤੋਂ ਚੱਲ ਰਿਹਾ ਹੈ, ਜਦੋਂ ਅਜੇ ਇਸ ਨੂੰ ਕਾਨੂੰਨੀ ਤੌਰ 'ਤੇ ਕਲੀਰੈਂਸ ਦੇਣ ਦੀ ਪ੍ਰਕਿਰਿਆ ਵੀ ਪੂਰੀ ਨਹੀਂ ਸੀ ਹੋਈ। ਸਪਸ਼ਟ ਤੌਰ 'ਤੇ ਸਰਕਾਰੀ ਪ੍ਰਸ਼ਤਪਨਾਹੀ ਹੇਠ ਪਹਿਲਾਂ ਹੀ ਖਣਨ ਦਾ ਗ਼ੈਰਕਾਨੂੰਨੀ ਓਪਰੇਸ਼ਨ ਵਿੱਢ ਲਿਆ ਗਿਆ ਜਿਸ ਨੂੰ ਬਾਅਦ ਵਿਚ ਕਾਨੂੰਨੀ ਪ੍ਰਕਿਰਿਆ ਦੇ ਢੌਂਗ ਰਾਹੀਂ ਕਾਨੂੰਨੀ ਰੂਪ ਦੇਣ ਲਈ ਹਰ ਹਰਬਾ ਵਰਤਿਆ ਗਿਆ।

ਇਹ ਖੇਤਰ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਦੇ ਅਧੀਨ ਹੈ, ਜਿੱਥੇ ਲਾਜ਼ਮੀ ਸੰਵਿਧਾਨਕ ਆਦੇਸ਼ ਇਹ ਹੈ ਕਿ ਜ਼ਮੀਨ ਦਾ ਕੋਈ ਵੀ ਤਬਾਦਲਾ ਪ੍ਰਭਾਵਿਤ ਹੋਣ ਵਾਲੇ ਆਦਿਵਾਸੀ ਸਮੂਹਾਂ ਨਾਲ ਸਲਾਹ-ਮਸ਼ਵਰੇ ਅਤੇ ਉਨ੍ਹਾਂ ਦੀ ਸਹਿਮਤੀ ਤੋਂ ਬਾਅਦ ਹੀ ਹੋ ਸਕਦਾ ਹੈ। ਇਸ ਲਾਜ਼ਮੀ ਪਾਲਣਾ ਨੂੰ ਕਈ ਕਾਨੂੰਨਾਂ ਦੁਆਰਾ ਹੋਰ ਮਜ਼ਬੂਤ ਕੀਤਾ ਗਿਆ ਹੈ, ਜਿਸ ਵਿਚ ਵਣ ਸੰਭਾਲ ਐਕਟ, ਉੜੀਸਾ ਅਨੁਸੂਚਿਤ ਖੇਤਰ ਅਚਲ ਜਾਇਦਾਦ ਤਬਾਦਲਾ ਨਿਯਮ, ਪੰਚਾਇਤ (ਅਨੁਸੂਚਿਤ ਖੇਤਰਾਂ ਦਾ ਵਿਸਤਾਰ) ਐਕਟ ਅਤੇ ਵਣ ਅਧਿਕਾਰ ਐਕਟ ਸ਼ਾਮਲ ਹਨ। ਇਨ੍ਹਾਂ ਵਿੱਚੋਂ ਹਰ ਇਕ ਕਾਨੂੰਨ ਸਪੱਸ਼ਟ ਤੌਰ 'ਤੇ ਜੰਗਲੀ ਜ਼ਮੀਨ ਦੇ ਤਬਾਦਲੇ ਤੋਂ ਪਹਿਲਾਂ ਗ੍ਰਾਮ ਸਭਾਵਾਂ ਦੀ ਕਿਸੇ ਵੀ ਤਰ੍ਹਾਂ ਦੇ ਦਬਾਅ ਤੋਂ ਪੂਰੀ ਤਰ੍ਹਾਂ ਆਜ਼ਾਦ, ਅਗਾਊਂ ਅਤੇ ਬਾਕਾਇਦਾ ਸੂਚਿਤ ਕਰਨ ਤੋਂ ਬਾਅਦ ਸਹਿਮਤੀ ਲੈਣ ਦੀ ਮੰਗ ਕਰਦਾ ਹੈ। ਇਸਦੇ ਬਾਵਜੂਦ, ਇਨ੍ਹਾਂ ਕਾਨੂੰਨੀ ਸੁਰੱਖਿਆ ਉਪਾਵਾਂ ਨੂੰ ਨਾ ਸਿਰਫ਼ ਨਜ਼ਰਅੰਦਾਜ਼ ਕੀਤਾ ਗਿਆ, ਬਲਕਿ ਉਨ੍ਹਾਂ ਨੂੰ ਟਿੱਚ ਸਮਝਕੇ ਧੱਜੀਆਂ ਉਡਾਈਆਂ ਗਈਆਂ। ਕਾਨੂੰਨ ਅਨੁਸਾਰ ਚੱਲਣ ਦਾ ਦਾਅਵਾ ਕਰਨ ਲਈ, ਉੜੀਸਾ ਸਰਕਾਰ ਅਤੇ ਵੇਦਾਂਤ ਨੇ ਦਾਅਵਾ ਕੀਤਾ ਕਿ ਦਸੰਬਰ 2023 'ਚ ਦਸ ਪਿੰਡਾਂ ਵਿਚ ਗ੍ਰਾਮ ਸਭਾ ਦੀ ਸਹਿਮਤੀ ਪ੍ਰਾਪਤ ਕਰ ਲਈ ਗਈ ਸੀ। ਹਾਲਾਂਕਿ, ਇਨ੍ਹਾਂ ਪਿੰਡਾਂ ਦੇ ਆਦਿਵਾਸੀ ਲਗਾਤਾਰ ਦੋਸ਼ ਲਾ ਰਹੇ ਹਨ ਕਿ ਕਥਿਤ ਗ੍ਰਾਮ ਸਭਾਵਾਂ ਭਾਰੀ ਹਥਿਆਰਬੰਦ ਪੁਲਿਸ ਤਾਇਨਾਤ ਕਰਕੇ, ਕੰਪਨੀ ਦੇ ਅਧਿਕਾਰੀਆਂ ਤੇ ਸਥਾਨਕ ਲੱਠਮਾਰਾਂ ਦੀ ਮੌਜੂਦਗੀ ਵਿਚ, ਅਤੇ ਪਿੰਡਾਂ ਦੇ ਲੋਕਾਂ ਨੂੰ ਡਰਾਉਣ-ਧਮਕਾਉਣ, ਨਜ਼ਰਬੰਦ ਕਰਨ ਤੇ ਉਨ੍ਹਾਂ ਕੋਲੋਂ ਜ਼ਬਰਦਸਤੀ ਸਹਿਮਤੀ ਲੈਣ ਦੇ ਮਾਹੌਲ ਵਿਚ ਆਯੋਜਿਤ ਕੀਤੀਆਂ ਗਈਆਂ ਸਨ। ਕਾਨੂੰਨ ਦੀ ਪਾਲਣਾ ਕਰਨ ਦੀ ਬਜਾਏ, ਸਰਕਾਰੀ ਅਧਿਕਾਰੀਆਂ ਨੇ ਜਾਅਲੀ ਸਰਟੀਫਿਕੇਟ ਜਾਰੀ ਕੀਤੇ ਜਿਨ੍ਹਾਂ ਵਿਚ ਐਲਾਨ ਕੀਤਾ ਗਿਆ ਸੀ ਕਿ ਪਿੰਡਾਂ ਦੀ ਗ੍ਰਾਮ ਸਭਾਵਾਂ ਨੇ ਖਣਨ ਦੇ ਹੱਕ ਵਿਚ ਮਤੇ ਪਾਸ ਕਰ ਦਿੱਤੇ ਹਨ।

ਇਨ੍ਹਾਂ ਧੱਕੇਸ਼ਾਹੀਆਂ ਦੇ ਹੋਰ ਸਬੂਤ ਵੀ ਸਾਹਮਣੇ ਆ ਚੁੱਕੇ ਹਨ। ਫਰਵਰੀ 2024 ਵਿਚ, ਕਾਲਾਹਾਂਡੀ ਜ਼ਿਲ੍ਹਾ ਕੁਲੈਕਟਰ-ਕਮ-ਮੈਜਿਸਟ੍ਰੇਟ ਤੋਂ ਸੂਚਨਾ ਦੇ ਅਧਿਕਾਰ ਐਕਟ ਦੇ ਤਹਿਤ ਪ੍ਰਾਪਤ ਜਵਾਬਾਂ ਵਿਚ ਇਸ ਗੱਲ ਦੀ ਪੁਸ਼ਟੀ ਹੋਈ ਕਿ ਜਿਨ੍ਹਾਂ ਥਾਵਾਂ 'ਤੇ ਗ੍ਰਾਮ ਸਭਾਵਾਂ ਆਯੋਜਿਤ ਕੀਤੀਆਂ ਗਈਆਂ ਸਨ ਉੱਥੇ ਵੱਡੀ ਗਿਣਤੀ ਵਿਚ ਪੁਲਿਸ ਨਫ਼ਰੀ ਤਾਇਨਾਤ ਕੀਤੀ ਗਈ ਸੀ ਅਤੇ ਕੰਪਨੀ ਦੇ ਨੁਮਾਇੰਦੇ ਮੌਜੂਦ ਸਨ। ਕੁਲੈਕਟਰ ਦੇ ਜਵਾਬਾਂ ਤੋਂ ਇਹ ਵੀ ਖ਼ੁਲਾਸਾ ਹੋਇਆ ਕਿ ਪਿੰਡਾਂ ਦੇ ਲੋਕਾਂ ਕੋਲੋਂ ਕਾਗਜ਼ਾਂ ਉੱਪਰ ਜ਼ਬਰਦਸਤੀ ਅੰਗੂਠੇ ਲਗਵਾਏ ਗਏ। ਇਸ ਤੋਂ ਵੀ ਵੱਡਾ ਸਬੂਤ ਇਹ ਮੰਨਣਾ ਸੀ ਕਿ ਦਸ ਦੀਆਂ ਦਸ ਗ੍ਰਾਮ ਸਭਾਵਾਂ ਇੱਕੋ ਦਿਨ ਅਤੇ ਇੱਕੋ ਸਮੇਂ ਰੱਖੀਆਂ ਗਈਆਂ ਸਨ, ਹਾਲਾਂਕਿ ਪਿੰਡ ਦੋ ਅਲੱਗ-ਅਲੱਗ ਗ੍ਰਾਮ ਪੰਚਾਇਤਾਂ ਦੇ ਅਧੀਨ ਆਉਂਦੇ ਹਨ। ਰਿਕਾਰਡ ਵਿਚ ਦਰਜ ਹੈ ਕਿ ਦੋਵੇਂ ਸਰਪੰਚ ਅਤੇ ਉਹੀ ਸਰਕਾਰੀ ਅਧਿਕਾਰੀ ਇੱਕੋ ਸਮੇਂ ਦਸ ਗ੍ਰਾਮ ਸਭਾਵਾਂ ਵਿਚ ਮੌਜੂਦ ਸਨ। ਇਹ ਪ੍ਰਸ਼ਾਸਨਿਕ ਤੌਰ ਸੰਭਵ ਹੀ ਨਹੀਂ ਹੈ ਜੋ ਸਪਸ਼ਟ ਤੌਰ 'ਤੇ ਇਸ ਸਚਾਈ 'ਤੇ ਮੋਹਰ ਲਾਉਂਦਾ ਹੈ ਕਿ ਗ੍ਰਾਮ ਸਭਾ ਦੇ ਰਿਕਾਰਡ ਜਾਅਲੀ ਸਨ ਅਤੇ ਦਸਖ਼ਤ ਹੇਰਾਫੇਰੀ ਤੇ ਧੱਕੇ ਨਾਲ ਕਰਵਾਏ ਗਏ ਸਨ।

ਇਨ੍ਹਾਂ ਖ਼ੁਲਾਸਿਆਂ ਤੋਂ ਬਾਅਦ, ਕੇਂਦਰੀ ਕਬੀਲਿਆਂ ਲਈ ਮੰਤਰਾਲੇ ਵਿਚ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ, ਜਿਸਨੇ ਉੜੀਸਾ ਸਰਕਾਰ ਨੂੰ ਨਕਲੀ ਗ੍ਰਾਮ ਸਭਾਵਾਂ ਦੀ ਜਾਂਚ ਕਰਨ ਦਾ ਆਦੇਸ਼ ਦਿੱਤਾ। ਇਕ ਸਾਲ ਤੋਂ ਵੱਧ ਸਮਾਂ ਬੀਤਣ ਤੋਂ ਬਾਅਦ ਵੀ ਅਜਿਹੀ ਕੋਈ ਜਾਂਚ ਨਹੀਂ ਕੀਤੀ ਗਈ। ਸਤੰਬਰ 2024 ਵਿਚ, ਆਦਿਵਾਸੀਆਂ ਨੇ ਕਾਨੂੰਨ ਦੇ ਮੁਤਾਬਿਕ ਆਪਣੇ ਤੌਰ 'ਤੇ ਆਜ਼ਾਦ ਗ੍ਰਾਮ ਸਭਾਵਾਂ ਦਾ ਆਯੋਜਨ ਕੀਤਾ ਅਤੇ ਖਣਨ ਪ੍ਰੋਜੈਕਟ ਦੇ ਵਿਰੁੱਧ ਮਤੇ ਪਾਸ ਕੀਤੇ, ਜਿਨ੍ਹਾਂ ਵਿਚ ਜਾਅਲੀ ਕਾਰਵਾਈ ਲਈ ਜ਼ਿੰਮੇਵਾਰ ਵਿਅਕਤੀਆਂ ਦੇ ਵਿਰੁੱਧ ਫ਼ੌਜਦਾਰੀ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ। ਰਾਜ ਸਰਕਾਰ ਨੇ ਇਹ ਮਤੇ ਨਜ਼ਰਅੰਦਾਜ਼ ਕਰ ਦਿੱਤੇ ਕਿਉਂਕਿ ਜੇਕਰ ਕੇਸ ਦਰਜ ਕੀਤੇ ਜਾਂਦੇ ਤਾਂ ਪ੍ਰਸ਼ਾਸਨਿਕ ਤੇ ਕੰਪਨੀ ਦੇ ਅਧਿਕਾਰੀ ਫਸਦੇ ਸਨ ਅਤੇ ਕਾਰਪੋਰੇਟ-ਸਰਕਾਰ ਗੱਠਜੋੜ ਦੀ ਸਾਜ਼ਿਸ਼ ਬੇਪਰਦ ਹੋ ਜਾਣੀ ਸੀ। ਇਸਨੇ ਸਾਬਤ ਕਰ ਦਿੱਤਾ ਕਿ ਆਦਿਵਾਸੀਆਂ ਦੀ ਸਹਿਮਤੀ ਨਾ ਕਦੇ ਮੰਗੀ ਗਈ ਅਤੇ ਨਾ ਹੀ ਕਦੇ ਲਈ ਗਈ ਸੀ। ਇਨ੍ਹਾਂ ਗ੍ਰਾਮ ਸਭਾ ਇਕੱਠਾਂ ਵਿਚ ਹਥਿਆਰਬੰਦ ਪੁਲਿਸ, ਕੰਪਨੀ ਦੇ ਅਧਿਕਾਰੀਆਂ ਅਤੇ ਸਥਾਨਕ ਲੱਠਮਾਰਾਂ ਦੀ ਮੌਜੂਦਗੀ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦਾ ਉਦੇਸ਼ ਆਦਿਵਾਸੀਆਂ ਦੀ ਆਜ਼ਾਦਾਨਾ ਰਾਇ ਲੈਣਾ ਨਹੀਂ ਸੀ ਬਲਕਿ ਉਨ੍ਹਾਂ ਨੂੰ ਡਰਾ-ਧਮਕਾਕੇ ਸਰਕਾਰੀ ਫ਼ੈਸਲਾ ਕਬੂਲਣ ਲਈ ਮਜਬੂਰ ਕਰਨਾ ਸੀ।

ਧੋਖਾਧੜੀ ਇੱਥੇ ਹੀ ਖ਼ਤਮ ਨਹੀਂ ਹੁੰਦੀ। ਸੰਵਿਧਾਨਕ ਅਤੇ ਕਾਨੂੰਨੀ ਰੁਕਾਵਟਾਂ ਨੂੰ ਦਰਕਿਨਾਰ ਕਰਨ ਲਈ ਸਟੇਟ ਨੇ ਸਰਕਾਰੀ ਕੰਟਰੋਲ ਹੇਠ ਉਦਯੋਗਿਕ ਵਿਕਾਸ ਨਿਗਮ ਬਣਾਇਆ, ਜ਼ਮੀਨ ਇਕ ਕਥਿਤ ਜ਼ਮੀਨ ਬੈਂਕ ਨੂੰ ਤਬਦੀਲ ਕੀਤੀ ਗਈ, ਅਤੇ ਫਿਰ ਵੇਦਾਂਤਾ ਨੂੰ ਸੌਂਪ ਦਿੱਤੀ ਗਈ। ਇਸ ਤਰ੍ਹਾਂ ਕਾਰਗਰ ਤਰੀਕੇ ਨਾਲ ਗ਼ੈਰ-ਕਾਨੂੰਨੀ ਜ਼ਮੀਨ ਤਬਾਦਲੇ ਨੂੰ ਨੌਕਰਸ਼ਾਹੀ ਤਰੀਕਿਆਂ ਦੁਆਰਾ ਕਾਨੂੰਨੀ ਰੂਪ ਦਿੱਤਾ ਗਿਆ। ਇਸੇ ਤਰ੍ਹਾਂ, ਲਾਜ਼ਮੀ ਵਾਤਾਵਰਣ ਪ੍ਰਭਾਵ ਮੁਲਾਂਕਣ ਦੀ ਪ੍ਰਕਿਰਿਆ ਨੂੰ ਖੋਖਲੀ ਰਸਮੀਂ ਕਾਰਵਾਈ ਬਣਾ ਦਿੱਤਾ ਗਿਆ। ਨਾਜ਼ੁਕ ਜੰਗਲੀ ਖੇਤਰ ਵਿਚ ਖਣਨ ਦੇ ਵਾਤਾਵਰਣ ਪੱਖੋਂ, ਸਮਾਜਿਕ, ਸੱਭਿਆਚਾਰਕ ਅਤੇ ਰੋਜ਼ੀ-ਰੋਟੀ ਉੱਪਰ ਕੀ ਪ੍ਰਭਾਵ ਪੈਣਗੇ ਉਨ੍ਹਾਂ ਦਾ ਬਾਰੀਕੀ 'ਚ, ਵਿਗਿਆਨਕ ਮੁਲਾਂਕਣ ਕਰਨ ਦੀ ਬਜਾਏ, ਸਟੇਟ ਨੇ ਮਹਿਜ਼ ਦਿਖਾਵੇ ਲਈ, ਅਧੂਰੀ ਅਤੇ ਕਾਰਪੋਰੇਟ-ਅਨੁਕੂਲ ਰਿਪੋਰਟ ਤਿਆਰ ਕੀਤੀ। ਆਦਿਵਾਸੀਆਂ, ਲੋਕ ਜਥੇਬੰਦੀਆਂ ਅਤੇ ਸਿਵਲ ਸੁਸਾਇਟੀ ਸਮੂਹਾਂ ਦੁਆਰਾ ਕੀਤੇ ਗਏ ਮਜ਼ਬੂਤ ਵਿਰੋਧ ਨੂੰ ਹਕਾਰਤ ਨਾਲ ਠੁਕਰਾ ਦਿੱਤਾ ਗਿਆ। ਇਨ੍ਹਾਂ ਪ੍ਰਕਿਰਿਆਤਮਕ ਉਲੰਘਣਾਵਾਂ ਦੇ ਸਮਾਂਤਰ ਆਦਿਵਾਸੀ ਵਿਰੋਧ ਦੇ ਖ਼ਿਲਾਫ਼ ਜਬਰ ਦਾ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ। ਪਿਛਲੇ ਦੋ ਸਾਲਾਂ ਤੋਂ, ਇਸ ਖੇਤਰ ਵਿਚ ਭਾਰੀ ਪੁਲਿਸ ਅਤੇ ਅਰਧ-ਸੈਨਿਕ ਬਲ ਤਾਇਨਾਤ ਕੀਤੇ ਗਏ ਹਨ। ਪੇਸ਼ ਇਹ ਕੀਤਾ ਜਾ ਰਿਹਾ ਹੈ ਕਿ ਇਹ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਲਗਾਏ ਗਏ ਹਨ ਪਰ ਇਨ੍ਹਾਂ ਦਾ ਅਸਲ ਉਦੇਸ਼ ਆਦਿਵਾਸੀ ਲੋਕਾਂ ਵਿਚ ਦਹਿਸ਼ਤ ਪਾਉਣਾ ਅਤੇ ਪ੍ਰੋਜੈਕਟ ਦੇ ਵਿਰੋਧ ਨੂੰ ਕੁਚਲਣਾ ਹੈ। ਵਿਰੋਧ ਦੀ ਅਗਵਾਈ ਕਰ ਰਹੀ ਆਦਿਵਾਸੀ ਜਥੇਬੰਦੀ, 'ਮਾਂ ਮਾਟੀ ਮਾਲੀ ਸੁਰੱਖਿਆ ਮੰਚ' ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ ਹੈ। ਕੰਪਨੀ ਦੇ ਸ਼ਿਸ਼ਕੇਰੇ ਗੁੰਡਿਆਂ ਵੱਲੋਂ ਬੇਖ਼ੌਫ਼ ਹੋ ਕੇ ਪਿੰਡਾਂ ਅਤੇ ਜਥੇਬੰਦੀ ਦੇ ਆਗੂਆਂ 'ਤੇ ਹਮਲੇ ਕੀਤੇ ਗਏ। ਜੂਨ 2025 ਤੋਂ ਇਕੱਠਾਂ ਉੱਪਰ ਪਾਬੰਦੀ ਦੇ ਹੁਕਮਾਂ ਰਾਹੀਂ ਖ਼ੌਫ਼ ਦਾ ਮਾਹੌਲ ਬਣਾਇਆ ਗਿਆ ਹੈ। ਸਾਦੇ ਕੱਪੜਿਆਂ ਵਾਲੇ ਵਿਅਕਤੀਆਂ ਵੱਲੋਂ ਆਦਿਵਾਸੀਆਂ ਨੂੰ ਗੱਡੀਆਂ ਵਿਚ ਸੁੱਟਕੇ ਲੈ ਜਾਣ ਦਾ ਸਿਲਸਿਲਾ ਚੱਲ ਰਿਹਾ ਹੈ। ਪਰਿਵਾਰਾਂ ਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਅਗਵਾ ਕੀਤੇ ਗਏ ਲੋਕ ਪੁਲਿਸ ਹਿਰਾਸਤ ਵਿਚ ਹਨ, ਕੰਪਨੀ ਦੇ ਏਜੰਟਾਂ ਦੇ ਕਬਜ਼ੇ ਵਿਚ ਹਨ ਜਾਂ ਮੁਜਰਿਮ ਅਨਸਰਾਂ ਨੇ ਅਗਵਾ ਕੀਤੇ ਹਨ। 7 ਦਸੰਬਰ ਨੂੰ, ਕਾਸ਼ੀਪੁਰ ਬਲਾਕ ਦੇ ਸੁੰਗੇਰ ਚੌਕ ਉੱਪਰ ਦਿਨ ਦਿਹਾੜੇ, ਨੌਂ ਆਦਿਵਾਸੀ ਮਰਦਾਂ ਅਤੇ ਔਰਤਾਂ ਨੂੰ ਅਗਵਾ ਕਰ ਲਿਆ ਗਿਆ, ਫਿਰ ਉਨ੍ਹਾਂ ਉੱਪਰ ਝੂਠੇ ਕੇਸ ਪਾ ਕੇ ਜੇਲ੍ਹ ਭੇਜ ਦਿੱਤੇ ਗਏ। ਆਦਿਵਾਸੀਆਂ ਦੀ ਤਰਫ਼ੋਂ ਅਦਾਲਤ ਵਿਚ ਪੈਰਵੀ ਕਰਨ ਵਾਲੇ ਵਕੀਲਾਂ ਨੂੰ ਵੀ ਵੇਦਾਂਤਾ ਦੀ ਤਰਫ਼ੋਂ ਧਮਕੀਆਂ ਦਾ ਸਾਹਮਣਾ ਕਰਨਾ ਪਿਆ ਹੈ। ਕਾਰਪੋਰੇਟ-ਹਕੂਮਤ ਗੱਠਜੋੜ ਦੇ ਤਹਿਤ ਰਾਜ ਮਸ਼ੀਨਰੀ ਮੂਕ ਦਰਸ਼ਕ ਬਣੀ ਹੋਈ ਹੈ। ਰੋਜ਼ਮਰਾ ਜ਼ਿੰਦਗੀ ਅਸੰਭਵ ਹੋ ਗਈ ਹੈ, ਲੋਕ ਡਾਕਟਰੀ ਸਹਾਇਤਾ ਲੈਣ, ਜ਼ਰੂਰੀ ਸਮਾਨ ਖ਼ਰੀਦਣ ਜਾਂ ਹਫ਼ਤਾਵਾਰੀ ਬਾਜ਼ਾਰਾਂ ਵਿਚ ਜਾਣ ਤੋਂ ਵੀ ਡਰਦੇ ਹਨ।

ਇਨ੍ਹਾਂ ਸਾਰੇ ਤੱਥਾਂ ਨੂੰ ਜੋੜਕੇ ਦੇਖਣ 'ਤੇ ਰਾਜ ਤੰਤਰ ਦੀ ਇਕ ਸਪੱਸ਼ਟ ਤਸਵੀਰ ਸਾਹਮਣੇ ਆਉਂਦੀ ਹੈ ਜਿਸਨੇ ਕਾਰਪੋਰੇਟ ਹਿਤਾਂ ਦੀ ਸੇਵਾ ਲਈ ਸੰਵਿਧਾਨਕ ਵਿਵਸਥਾ, ਸਥਾਪਤ ਕਾਨੂੰਨਾਂ

(ਬਾਕੀ ਸਫ਼ਾ 13 'ਤੇ)

# ਦੁਸ਼ਮਣ ਪ੍ਰਤੀ ਅੰਨ੍ਹੀ ਨਫਰਤ ਦੇ ਹਥਿਆਰ ਬਿਨਾਂ ਲੜਿਆ ਨਹੀਂ ਜਾਂਦਾ

## (ਅਜਮੇਰ ਸਿੰਘ ਦੀ ਅਨੋਖੀ ਸਿਧਾਂਤਕਾਰੀ ਦੀ ਨਿਰਖ-ਪਰਖ)

***ਕੈਨੇਡਾ ਰਹਿੰਦੇ ਪੱਤਰਕਾਰ ਬਲਰਾਜ ਦਿਓਲ ਨੇ ਇਸ ਲੰਬੇ ਲੇਖ ਵਿਚ ਸ. ਅਜਮੇਰ ਸਿੰਘ ਦੀਆਂ ਕੁਝ ਵੀਡੀਓਜ਼ ਨੂੰ ਲੈ ਕੇ ਉਨ੍ਹਾਂ ਦੇ ਸਿਧਾਂਤ ਦੀ ਪੁਣ-ਛਾਣ ਕੀਤੀ ਹੈ। ਅਦਾਰਾ 'ਪੰਜਾਬ ਟਾਈਮਜ਼' ਦਾ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਜਾਂ ਅਸਿਹਮਤ ਹੋਣਾ ਜ਼ਰੂਰੀ ਨਹੀਂ ਹੈ, ਇਸ ਵਿਸ਼ੇ 'ਤੇ ਵਖਰੇ ਵਿਚਾਰ ਰਖਣ ਵਾਲਿਆਂ ਦਾ ਵੀ ਸਵਾਗਤ ਕੀਤਾ ਜਾਵੇਗਾ-ਸੰਪਾਦਕ***

ਅੱਜ ਪੰਜਾਬ ਦੇ ਸ਼ਹਿਰ ਤੇ ਕਸਬੇ ਕੌੜੀ ਵੇਲ ਵਾਂਗ ਵਧ ਰਹੇ ਹਨ ਅਤੇ ਪਿੰਡਾਂ ਵਿਚ ਇੰਚ-ਇੰਚ ਜ਼ਮੀਨ ਵਾਹੀ ਯੋਗ ਬਣਾ ਲਈ ਗਈ ਹੈ। ਅੱਜ ਤੋਂ 6-7 ਦਹਾਕੇ ਪਹਿਲਾਂ ਪਿੰਡਾਂ ਵਿਚ ਅੱਧੀ ਤੋਂ ਵੱਧ ਜ਼ਮੀਨ ਬੰਜਰ ਪਈ ਹੁੰਦੀ ਸੀ ਜਾਂ ਬਰਸਾਤੀ ਮੌਸਮ ਵਿਚ ਮੀਂਹ ਦੇ ਸਹਾਰੇ ਇੱਕ ਅੱਧੀ ਫਸਲ ਬੀਜਣ ਦੇ ਕੰਮ ਆਉਂਦੀ ਸੀ। ਬੇਆਬਾਦ ਬੰਜਰ ਜ਼ਮੀਨ ਵਿਚ ਕਿੱਕਰਾਂ, ਬੇਰੀਆਂ, ਛਿੱਤਰ ਧੋਹਰ, ਝਾੜੀਆਂ ਵਰਗਾ ਨਿੱਕ-ਸੁੱਕ ਹੁੰਦਾ ਸੀ। ਅਜੇਹੀ ਜ਼ਮੀਨ ਪਛੂ ਡੰਗਰ ਅਤੇ ਬੱਕਰੀਆਂ ਦੇ ਇੱਜੜ ਚਾਰਨ ਦੇ ਕੰਮ ਆਉਂਦੀ ਸੀ। ਤਿੱਤਰ, ਬਟੇਰੇ, ਸੱਪ, ਖਰਗੋਸ਼, ਜੰਗਲੀ ਬਿੱਲੇ, ਗਿੱਦੜ ਆਦਿ ਆਮ ਹੁੰਦੇ ਸਨ। ਇੱਕ ਅਜੇਹੇ ਜਨੌਰ ਦਾ ਜ਼ਿਕਰ

**ਬਲਰਾਜ ਦਿਓਲ**
Balrajdeol@rogers.com

ਵੀ ਆਮ ਸੁਨਣ ਨੂੰ ਮਿਲਦਾ ਸੀ ਜਿਸ ਨੂੰ ਸ਼ਾਇਦ ਕਦੇ ਕਿਸੇ ਨੇ ਵੇਖਿਆ ਨਹੀਂ ਸੀ ਪਰ ਅਕਸਰ ਲੋਕ ਆਖ ਦਿੰਦੇ ਸਨ ਕੇ ਫਲਾਣੇ ਨੇ ਫਲਾਣੇ ਟਿੱਬੇ, ਫਲਾਣੇ ਕਬਰਸਾਨ, ਜਾਂ ਫਲਾਣੇ ਖੇਤ ਕੋਲ ਵੇਖਿਆ ਸੀ। ਇਸ ਜਨੌਰ ਨੂੰ ਲੋਕ ਛਲੇਡਾ ਕਿਹਾ ਕਰਦੇ ਸਨ ਜਿਸ ਨਾਲ ਕਈ ਪਰੀ ਕਹਾਣੀ ਜੋੜੀਆਂ ਜਾਂਦੀਆਂ ਸਨ। ਇਸ ਦਾ ਵਿਸ਼ੇਸ਼ ਗੁਣ ਇਹ ਦੱਸਿਆ ਜਾਂਦਾ ਸੀ ਕਿ ਇਹ ਇੱਛਾ ਤੇ ਲੋੜ ਮੁਤਾਬਿਕ ਆਪਣਾ ਰੂਪ ਅਤੇ ਕਿਰਦਾਰ ਬਦਲ ਲੈਂਦਾ ਸੀ। ਕਿਸੇ ਨੂੰ ਇਹ ਜੰਗਲੀ ਜਾਨਵਰ ਬਣ ਕੇ ਟੱਕਰਦਾ ਸੀ ਤੇ ਕਿਸੇ ਨੂੰ ਬੱਚਾ, ਬਿਰਧ, ਸੁੰਦਰ ਔਰਤ, ਸੰਤ, ਜੋਗੀ, ਲੁਟੇਰਾ ਆਦਿ ਬਣ ਕੇ ਮਿਲਿਆ ਦੱਸਿਆ ਜਾਂਦਾ ਸੀ। ਪਰ ਛਲੇਡਾ ਭੂਤਾਂ ਅਤੇ ਚੁੜੇਲਾਂ ਤੋਂ ਕੁਝ ਘੱਟ ਖ਼ਤਰਨਾਕ ਸਮਝਿਆ ਜਾਂਦਾ ਸੀ।

ਅੰਤਰਰਾਸ਼ਟਰੀ ਸਿੱਖ ਭਾਈਚਾਰੇ ਵਿਚ ਵੀ ਇੱਕ ਅਜੇਹਾ ਕਿਰਦਾਰ ਬਹੁਤ ਸਰਗਰਮ ਹੈ ਜਿਨ੍ਹਾਂ ਦਾ ਨਾਮ ਅਜਮੇਰ ਸਿੰਘ ਹੈ, ਜੋ ਆਪਣਾ ਰੂਪ ਕਈ ਵਾਰ ਬਦਲ ਚੁੱਕੇ ਹਨ ਅਤੇ ਕਥਨ/ਕਿਰਦਾਰ ਤਾਂ ਦਿਨ ਵਿਚ ਦੋ ਵਾਰ ਵੀ ਬਦਲ ਲੈਂਦੇ ਹਨ। ਉਂਝ ਕਈ ਤੱਤੇ ਸਿੱਖ ਨੌਜਵਾਨ ਉਨ੍ਹਾਂ ਨੂੰ ਭਾਈ ਅਜਮੇਰ ਸਿੰਘ ਵੀ ਆਖਦੇ ਹਨ ਅਤੇ ਭਾਈ ਹੋਣ ਕਾਰਨ ਅਗਰ ਸਤਿਕਾਰ ਨਾਲ ਕਹਿਣਾ ਹੋਵੇ ਤਾਂ ਕਹਾਂਗੇ ਕਿ ਸੰਤ ਭਾਈ ਅਜਮੇਰ ਸਿੰਘ ਜੀ ਆਪਣੇ ਬਚਨ ਥਾਂ, ਸਮੇਂ ਅਤੇ ਲੋੜ ਮੁਤਾਬਿਕ ਝੱਟ ਬਦਲ ਲੈਂਦੇ ਹਨ।

ਕਥਿਤ ਸਿੱਖ ਹਿਸਟੋਰੀਅਨ ਅਤੇ ਬੁੱਧੀਜੀਵੀ ਭਾਈ ਅਜਮੇਰ ਸਿੰਘ ਨੂੰ ਵੀਡੀਓ ਕੈਮਰੇ ਦਾ ਬਹੁਤ ਸ਼ੌਂਕ ਹੈ। ਜਨਾਬ ਨੇ ਇੱਕ ਕੈਮਰਾ ਤਾਂ ਆਪਣਾ ਪੱਕਾ ਗੱਡਿਆ ਹੋਇਆ ਹੈ ਤਾਂ ਕਿ ਹਰ ਮੌੜ 'ਤੇ ਸਿੱਖ ਕੌਮ ਨੂੰ ਡਾਇਰੈਕਸ਼ਨ ਦੇਣ ਤੋਂ ਕਿਤੇ ਖੁੰਝ ਨਾ ਜਾਵੇ। ਜਦ ਅਜਮੇਰ ਜੀ ਨੇ ਦੇਸ਼-ਵਿਦੇਸ਼ ਦੀ ਕਿਸੇ ਸਟੇਜ 'ਤੇ ਬੋਲਣਾ ਹੋਵੇ ਤਾਂ ਆਪਣੇ ਕਿਸੇ ਚੇਲੇ ਤੋਂ ਅਗਾਊਂ ਕੈਮਰਾ ਗਡਵਾ ਲੈਂਦੇ ਹਨ ਤੇ ਲਗਦੇ ਹੱਥ ਹੀ ਯੂਟਿਊਬ ਤੇ ਚਾਹੜ ਦਿੰਦੇ ਹਨ। ਨਾ ਜਾਣੀਏ ਸਾਰੀ ਕੌਮ ਗਹਿਰੇ ਘੁਰਾੜੇ ਮਾਰਦੀ ਹੋਵੇ ਤੇ ਕੋਈ ਜਗਾਉਣ ਵਾਲਾ ਹੀ ਨਾ ਹੋਵੇ ਅਤੇ ਉਧਰ ਖਾਲਿਸਤਾਨ ਨਾਮ ਦਾ ਬਟੇਰਾ ਕੌਮ ਦੇ ਮੰਜੇ ਦੀ ਦੌਣ ਵਾਲੇ ਪਾਵੇ ਕੋਲ ਆ ਬੈਠਾ ਹੋਵੇ। ਅਜਮੇਰ ਨੇ ਨਿੱਠ ਕੇ ਫੈਸਲਾ ਕੀਤਾ ਹੋਇਆ ਹੈ ਉਨ੍ਹਾਂ ਇਸ ਵਾਰ ਖਾਲਿਸਤਾਨ ਦਾ ਫਾਇਰ ਫੋਕਾ ਨਹੀਂ ਜਾਣ ਦੇਣਾ ਅਤੇ ਕੌਮ ਨੂੰ ਜਾਗਦੀ ਰੱਖਣ ਲਈ ਖੜੀ-ਲੱਤੇ ਹੀ ਰਖਣਾ ਹੈ।

ਆਓ ਵੇਖੀਏ ਕਿ ਭਾਈ ਅਜਮੇਰ ਸਿੰਘ ਆਪਣਾ ਰੂਪ, ਕਿਰਦਾਰ ਅਤੇ ਬਚਨ ਕਿਵੇਂ ਬਦਲਦੇ ਹਨ? ਲਉ ਜੀ ਭਾਈ ਅਜਮੇਰ ਸਿੰਘ ਦਾ ਅਸਲੀ ਨਾਮ ਗੋਬਿੰਦਰ ਸਿੰਘ ਹੈ। ਅਤੇ ਨਕਸਲਾਈਟ ਲਹਿਰ ਮੌਕੇ ਉਹ ਸੁਰਿੰਦਰ ਸਿੰਘ ਬਣ ਗਏ ਸਨ ਅਤੇ ਭੜਕਾਹਟ ਫਲਾਉਣ ਵਾਲੇ ਇਨਕਲਾਬੀਆਂ ਦੀ ਮੂਹਰਲੀ ਕਤਾਰ ਵਿਚ ਰਹੇ ਸਨ। ਜਦ ਨਕਸਲਬਾੜੀ ਲਹਿਰ ਵਿਚ ਪਾਟਕ ਪੈ ਗਿਆ ਤਾਂ ਉਹ ਅਜਮੇਰ ਸਿੰਘ ਬਣ ਗਏ। ਅੱਜ ਲੋਕ ਉਨ੍ਹਾਂ ਨੂੰ ਭਾਈ ਅਜਮੇਰ ਸਿੰਘ ਦੇ ਨਾਮ ਨਾਲ ਜਾਣਦੇ ਹਨ ਅਤੇ ਉਹ ਖਾਲਿਸਤਾਨੀਆਂ ਦਾ ਮਾਰਗਦਰਸ਼ਕ ਗਿਣੇ ਜਾਂਦੇ ਹਨ।

ਨਕਸਲਾਈਟ ਲਹਿਰ ਦੌਰਾਨ ਉਨ੍ਹਾਂ ਨੇ ਕਈ ਹਿੰਸਕ ਵਾਰਦਾਤਾਂ ਵਿਚ ਹਿੱਸਾ ਲਿਆ ਅਤੇ 1971 ਵਿਚ ਇਹ ਫੜੇ ਗਏ। ਜਦ ਪੁਲਿਸ ਪਾਰਟੀ ਉਨ੍ਹਾਂ ਨੂੰ ਅਦਾਲਤੀ ਪੇਸ਼ੀ ਲਈ ਬੱਸ ਰਾਹੀਂ ਲੈਜਾ ਰਹੀ ਸੀ ਤਾਂ ਉਨ੍ਹਾਂ ਦੇ 4 ਸਾਥੀ ਪੁਲਿਸ 'ਤੇ ਹਥਿਆਰਬੰਦ ਹਮਲਾ ਕਰਕੇ ਉਨ੍ਹਾਂ ਨੂੰ ਛੁਡਾ ਕੇ ਭੱਜ ਗਏ। ਪੁਲਿਸ ਨਾਲ ਇਸ ਝੜਪ ਵਿਚ ਇੱਕ ਪੁਲਿਸ ਵਾਲਾ ਮਾਰਿਆ ਗਿਆ ਅਤੇ ਦੂਜਾ ਜ਼ਖਮੀ ਹੋ ਗਿਆ। ਅਜਮੇਰ ਸਿੰਘ 'ਤੇ ਪੁਲਸ ਵਾਲੇ ਦੇ ਕਤਲ ਅਤੇ ਹੋਰ ਧਾਰਾਵਾਂ ਹੇਠ ਕੇਸ ਦਰਜ ਹੋ ਗਿਆ ਅਤੇ ਅਜਮੇਰ ਭਗੌੜਾ ਹੋ ਗਿਆ।

ਲੁਕ-ਛਿਪ ਕੇ ਰਹਿੰਦਿਆਂ 1985 ਵਿਚ ਉਨ੍ਹਾਂ ਨੇ ਕੁਝ ਹੋਰ ਸਾਥੀਆਂ ਨਾਲ ਰਲ ਕੇ 'ਜਨਤਕ ਪੈਗਾਮ' ਨਾਮ ਦਾ ਮੈਗਜ਼ੀਨ ਕੱਢਣਾ ਸ਼ੁਰੂ ਕਰ ਦਿੱਤਾ। 1991-92 ਦੀਆਂ ਪੰਜਾਬ ਚੋਣਾਂ ਦੇ ਬਾਈਕਾਟ ਦੇ ਉਹ ਮੁੱਖ ਸੂਤਰਧਾਰ ਸੀ। ਇਸਦੀ ਬਾਈਕਾਟ ਵਾਲੀ ਲਾਈਨ ਦਾ ਲਾਹਾ ਲੈ ਕੇ ਸ. ਬੇਅੰਤ ਸਿੰਘ ਮੁਖ ਮੰਤਰੀ ਬਣਿਆ ਤੇ ਉਸ ਨੇ ਪਹਿਲੇ ਸਾਲ ਹੀ ਖਾੜਕੂ ਲਹਿਰ ਦਾ ਵੜਾਂਗਾ ਕਰ ਦਿਤਾ। ਅਜਮੇਰ ਨੇ ਵੇਲਾ ਵਿਚਾਰਦਿਆਂ ਪੈਗਾਮ ਗਰੁਪ ਭੰਗ ਕਰ ਦਿਤਾ ਅਤੇ ਆਪਣੀ ਪੰਜਾਬ ਲਿਬਰੇਸ਼ਨ ਗੁਰੀਲਾ ਡਿਸਬੈਂਡ ਕਰ ਦਿਤੀ। ਅਗਲੇ ਡੇਢ-ਦੋ ਸਾਲ ਗੁਪਤਵਾਸ ਤੋਂ ਅਗਾਂਹ ਡੂੰਘੇ ਗੁਪਤਵਾਸ ਵਿਚ ਦੜ ਵੱਟ ਕੇ ਬੈਠੇ ਰਹੇ। ਚੋਣਾਂ ਬਾਈਕਾਟ ਕਰਾਉਣ ਦੀ ਆਪਣੀ ਮਾਅਰਕੇਬਾਜੀ ਦਾ ਅਜ ਤਕ ਕਦੀ ਪਛਤਾਵਾ ਨਹੀਂ ਕੀਤਾ। 1994 ਵਿਚ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਮਨਜੀਤ ਸਿੰਘ ਵਲੋਂ ਚਲਾਈ 'ਖਾਲਸਾ ਚੇਤਨਾ ਲਹਿਰ' ਦੀ ਆੜ ਵਿਚ ਉਨ੍ਹਾਂ ਨੇ ਅਕਾਲੀ ਰਾਜਨੀਤੀ ਬਾਰੇ ਕਈ ਪੜਚੋਲੀਆ ਲੇਖ ਲਿਖਣੇ ਸ਼ੁਰੂ ਕਰ ਦਿਤੇ। ਇਨ੍ਹਾਂ ਲੇਖਾਂ ਰਾਹੀਂ ਜਥੇਦਾਰ ਟੌਹੜਾ ਵਿਰੁਧ ਬਾਦਲਾਂ ਦੇ ਹੱਕ ਵਿਚ ਪੈਂਤੜਾ ਲੈਂਦਿਆਂ ਉਹ ਸ੍ਰੀ ਅਕਾਲ ਤਖਤ ਦੇ ਰੋਲ ਦਾ ਸਿੱਖ ਚਿੰਤਕ/ਸਿਧਾਂਤਕਾਰ ਬਣ ਗਏ। 1997 ਵਿਚ ਦਲਜੀਤ ਬਿੱਟੂ ਦੇ ਫੜੇ ਜਾਣ ਪਿੱਛੋਂ ਉਨ੍ਹਾਂ ਬਿੱਟੂ ਗਰੁੱਪ ਦਾ ਪੱਲਾ ਫੜ ਕੇ ਸੰਤ ਭਿੰਡਰਾਂਵਾਲਾ ਨੂੰ ਯੁਗ-ਪੁਰਸ਼ ਸਾਬਤ ਕਰਨ ਲਈ ਉਸ ਦੀਆਂ ਸਿਫ਼ਤਾਂ ਦਾ ਧੰਦਾ ਫੜ ਲਿਆ, ਜਿਹੜਾ ਬਾਦਸਤੂਰ ਜਾਰੀ ਹੈ। ਉਨ੍ਹਾਂ ਨੂੰ ਜਾਪਿਆ ਕਿ ਭਾਰਤ ਨੂੰ ਤੋੜਨ ਲਈ ਨਕਸਲਾਈਟ ਲਹਿਰ ਨਾਲੋਂ ਖਾਲਿਸਤਾਨ ਦੀ ਲਹਿਰ ਵਧੇਰੇ ਕਾਰਗਰ ਰਸਤਾ ਹੈ।

ਪਰ ਅਜਮੇਰ ਸਿੰਘ ਸਰਕਾਰੀ ਰਿਕਾਰਡ ਵਿਚ 'ਗੋਬਿੰਦਰ ਸਿੰਘ ਉਰਫ ਸੁਰਿੰਦਰ ਸਿੰਘ ਵਜੋਂ ਇੱਕ ਪੁਲਿਸ ਵਾਲੇ ਦੇ ਕਤਲ ਅਤੇ ਦੂਜੇ ਨੂੰ ਜ਼ਖਮੀ ਕਰਨ ਦੇ ਕੇਸ ਵਿਚ ਭਗੌੜਾ ਸੀ। 'ਖਾੜਕੂ ਲਹਿਰਾਂ ਦੇ ਅੰਗ-ਸੰਗ' ਵਿਚ ਉਨ੍ਹਾਂ ਦੇ ਆਪਣੇ ਦੱਸਣ ਅਨੁਸਾਰ ਬਾਦਲ ਦੀ ਅਕਾਲੀ ਸਰਕਾਰ ਦੇ ਵੱਡੇ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ 1998-99 ਦੌਰਾਨ ਅਜਮੇਰ ਸਿੰਘ ਨੂੰ ਇਸ ਵੱਡੇ ਕੇਸ ਵਿਚੋਂ ਬਿਨਾ ਬਕਾਇਦਾ ਅਦਾਲਤੀ ਕੇਸ ਚੱਲਿਆਂ ਅਤੇ ਲੰਬੀ ਹਿਰਾਸਤ ਵਿਚ ਰਿਹਾਂ ਛੁਡਵਾ ਦਿੱਤਾ। ਫਿਰ ਉਨ੍ਹਾਂ ਅਜਮੇਰ ਸਿੰਘ ਦੇ ਨਾਮ ਤੇ ਪਾਸਪੋਰਟ ਵੀ ਲੈ ਲਿਆ। ਇਹ ਗੋਬਿੰਦਰ ਸਿੰਘ ਤੋਂ ਅਜਮੇਰ ਸਿੰਘ ਕਿਵੇਂ ਬਣੇ ਅਤੇ ਇਨ੍ਹਾਂ ਦਾ ਪਾਸਪੋਰਟ ਕਿਵੇਂ ਬਣ ਗਿਆ? ਇਹ ਅੱਜ ਤੱਕ ਇੱਕ ਬੁਝਾਰਤ ਹੀ ਹੈ।

ਇਸ ਦੌਰਾਨ ਉਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵੀ ਨੇੜੇ ਹੋ ਗਏ ਅਤੇ ਟੌਹੜਾ ਦੇ ਕਹਿਣ ਤੇ ਅਮਰੀਕਾ ਵਿਚ ਵੱਸਦੇ ਪ੍ਰਭਾਵੀ ਸਿੱਖ ਯੋਗੀ ਹਰਭਜਨ ਸਿੰਘ ਦੀ ਸਪਾਂਸਰਸ਼ਿਪ 'ਤੇ ਵੀਜ਼ਾ ਲੈ ਕੇ ਅਮਰੀਕਾ ਆ ਗਏ, ਤੇ ਵਿਦੇਸ਼ੀ ਫੇਰੀਆਂ ਦਾ ਰਸਤਾ ਖੁੱਲ ਗਿਆ। ਪਿਛਲੇ 20-22 ਵਰ੍ਹਿਆਂ ਦੌਰਾਨ ਉਹ ਹਿੰਸਾ ਤੇ ਨਫਰਤ ਦੇ ਸਿਧਾਂਤ ਦਾ ਮਿਸ਼ਨਰੀ ਬਣ ਕੇ ਅਮਰੀਕਾ, ਕੈਨੇਡਾ ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਜਰਮਨੀ, ਹਾਲੈਂਡ ਅਤੇ ਨਾਰਵੇ ਸਮੇਤ ਸਾਰੇ ਯੂਰਪੀ ਦੇਸ਼ਾਂ ਦੇ ਪੰਜ-ਪੰਜ, ਸੱਤ-ਸੱਤ ਗੇੜੇ ਲਾ ਚੁਕੇ ਹਨ ਅਤੇ ਉਨ੍ਹਾਂ ਦਾ ਜਹਾਦ ਜਾਰੀ ਹੈ। ਕੁਝ ਸਮਾਂ ਪਹਿਲਾਂ ਉਹ ਅਮਰੀਕਾ/ਕੈਨੇਡਾ ਦੇ ਵਖ ਵਖ ਸ਼ਹਿਰਾਂ ਵਿਚ ਭਾਸ਼ਣ ਦੇ ਰਹੇ ਸੀ। ਹੁਣ ਪਿਛਲੇ ਕਈ ਦਿਨਾਂ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੂੰ 'ਹਿੰਦ ਦੀ ਚਾਦਰ' ਦੇ ਰਵਾਇਤੀ ਪ੍ਰਵਾਨਤ ਪਸੰਗ 'ਚੋਂ ਖੱਗ ਕੇ ਸ਼ਹਾਦਤ ਦੇ ਅਰਥਾਂ ਦਾ ਨਵਾਂ ਅਤੇ ਮਨਭਾਉਂਦਾ ਪ੍ਰਸੰਗ ਸਥਾਪਤ ਕਰਨ ਲਈ ਇਹ ਸੱਜਣ ਆਸਟ੍ਰੇਲੀਅਨ ਪੰਜਾਬੀ ਚੈਨਲਾਂ 'ਤੇ ਵਿਖਆਨ ਦੇਂਦੇ ਨਜ਼ਰ ਆ ਰਹੇ ਹਨ। ਜਾਹਰ ਹੈ ਕਿ ਦੇਸ਼ਾਂ-ਵਿਦੇਸ਼ਾਂ ਵਿਚ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਬਾਦਲ ਸਰਕਾਰ ਨੇ ਹੀ ਦਿਤਾ। ਅਕਾਲੀ ਸਰਕਾਰ ਨੇ ਜਾਂ ਸ. ਬਾਦਲ ਨੇ ਉਨ੍ਹਾਂ 'ਤੇ ਏਨੀ ਰਹਿਮਤ ਕਿਉਂ ਕੀਤੀ ਅਤੇ ਉਨ੍ਹਾਂ ਦੀ ਅਕਾਲੀਆਂ ਨਾਲ ਲੈਣ-ਦੇਣ ਦੀ ਕੀ ਡੀਲ ਹੋਈ ਇਹ ਤਾਂ ਪੰਜਾਬੀ ਕਹਾਵਤ 'ਜੱਟ ਜਾਣੇ ਜਾਂ ਬਿਜੂ ਜਾਣੇ' ਵਾਲੀ ਗੱਲ ਹੈ।



ਯੂਟਿਊਬਰ ਮਿੰਟੂ ਬਰਾੜ ਨਾਲ ਗੱਲਬਾਤ ਦੌਰਾਨ ਅਜਮੇਰ ਸਿੰਘ।

ਭਾਈ ਅਜਮੇਰ ਸਿੰਘ ਆਪਾ ਵਿਰੋਧੀ ਗੱਲਾਂ ਕਰਨ ਦੇ ਆਦੀ ਹਨ ਅਤੇ ਅਕਸਰ ਭੁੱਲ ਜਾਂਦੇ ਹਨ ਕਿ 10-15 ਦਿਨ ਪਹਿਲਾਂ ਉਨ੍ਹਾਂ ਕੀ ਕਿਹਾ ਸੀ। ਉਹ ਸਿੱਖਾਂ 'ਤੇ ਹੋਰ ਮਾਪਦੰਡ ਤੇ ਜਿਸ ਨੂੰ ਵਿਰੋਧੀ ਮੰਨਦੇ ਹਨ, ਉਨ੍ਹਾਂ 'ਤੇ ਉਲਟਾ ਮਾਪਦੰਡ ਲਾਗੂ ਕਰਦੇ ਹਨ। 29 ਅਕਤੂਬਰ 2025 ਨੂੰ ਗੁਰੂ ਤੇਗ ਬਹਾਦਰ ਜੀ ਬਾਰੇ ਇੱਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਉਹ ਕਹਿੰਦੇ ਹਨ, 'ਸੁੰਦਰਤਾ ਤਾਂ ਵੰਨ-ਸੁਵੰਨਤਾ ਵਿਚ ਹੈ ਪਰ ਭਾਰਤੀ ਹਾਕਮ ਇੱਕ ਬੋਲੀ, ਇੱਕ ਧਰਮ, ਇੱਕ ਸੰਸਕ੍ਰਿਤੀ ਅਤੇ ਇੱਕ ਸਭਿਆਚਾਰ ਚਾਹੁੰਦੇ ਹਨ। ਇਹ ਕੁਦਰਤ ਦੇ ਖਿਲਾਫ ਹੈ ਅਤੇ ਕੁਦਰਤ ਬਹੁਤ ਤਾਕਤਵਰ ਹੈ। ਇਹ ਤਾਂ ਰੱਬ ਨਾਲ ਆਢਾ ਲਗਾਉਣ ਵਾਲੀ ਗੱਲ ਹੈ ਅਤੇ ਕੁਦਰਤ ਦਾ ਨਿਯਮ ਵੰਨ-ਸੁਵੰਨਤਾ ਹੈ।' ਅਜਮੇਰ ਸਿੰਘ ਭਾਰਤੀ ਸਿਸਟਮ ਦੀ ਔਰੰਗਜ਼ੇਬ ਦੇ ਰਾਜ ਨਾਲ ਵੀ ਤੁਲਨਾ ਕਰਦੇ ਹਨ। ਪਰ ਇਹ ਨਹੀਂ ਦੱਸਦੇ ਕਿ ਇਹ ਨਿਯਮ ਸਿੱਖਾਂ 'ਤੇ ਵੀ ਲਾਗੂ ਹੁੰਦਾ ਹੈ ਜਾਂ ਇਹ ਭਾਰਤੀ ਹਾਕਮਾਂ ਅਤੇ ਹੋਰਾਂ 'ਤੇ ਹੀ ਲਾਗੂ ਹੁੰਦਾ ਹੈ? ਸਿੱਖਾਂ ਵਿਚ ਸਾਰੀ ਤਾਕਤ ਅਤੇ ਸ਼੍ਰੋਮਣੀ ਕਮੇਟੀ ਲਈ ਚੁਣੇ ਜਾਣ ਦਾ ਹੱਕ 'ਤੱਤ ਖਾਲਸਾ' ਸਿੱਖਾਂ ਕੋਲ ਹੀ ਕਿਉਂ ਹੈ ਅਤੇ ਸਿਰਫ ਕਥਿਤ ਕੇਸਾਧਾਰੀ ਸਿੱਖ ਕੋਲ ਹੀ ਵੋਟ ਦਾ ਹੱਕ ਕਿਉਂ ਹੈ? ਉਦਾਸੀ, ਨਿਰਮਲੇ, ਨਾਮਧਾਰੀ, ਰਾਧਾਸਵਾਮੀ, ਰਵੀਦਾਸੀਏ, ਮਜ਼੍ਹਬੀ ਸਿੱਖ, ਰਾਮਗੜੀਏ ਆਦਿ ਸਿੱਖੀ ਦੀ ਫੁਲਵਾੜੀ ਤੋਂ ਬਾਹਰ ਜਾਂ ਹੇਠਲੀ ਪੱਧਰ ਦੇ ਕਿਉਂ ਹਨ। ਸਿੱਖੀ ਵਿਚ ਸਾਰੇ ਫੁੱਲ ਇੱਕੋ ਰੰਗ ਦੇ ਹੀ ਕਿਉਂ ਚਾਹੀਦੇ ਹਨ? ਕੀ ਐਸੀ ਕੱਟੜਤਾ ਸਿੱਖ ਧਾਰਮਿਕ ਅਤੇ ਰਾਜਸੀ ਆਗੂਆਂ ਵਲੋਂ ਕੁਦਰਤ ਨਾਲ ਆਢਾ ਲੈਣ ਵਾਲੀ ਗੱਲ ਨਹੀਂ ਹੈ? ਕੀ ਅਜੇਹਾ ਕਰ ਕੇ ਤੁਸੀਂ ਦੁਨੀਆਂ ਨੂੰ ਸੋਹਣੀ ਬਣਾ ਰਹੇ ਹੋ? ਅਕਾਲ ਤਖਤ ਦਾ ਡਿਕਟੇਟਰ ਜਥੇਦਾਰ ਗੜਗੱਜ ਅਜੇ 1-2 ਹਫ਼ਤੇ ਪਹਿਲਾਂ ਹੀ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ 'ਤੇ ਗਰਜ ਕੇ ਹਟਿਆ ਹੈ, ਜਿਸ 'ਤੇ ਦੋਸ਼ ਇਹ ਲਗਾਇਆ ਗਿਆ ਕਿ ਉਸ ਨੇ ਗੁਰੂ ਨਾਨਕ ਬਾਣੀ ਦੇ ਕੁਝ ਸ਼ਬਦਾਂ ਨੂੰ ਰਿਗਵੇਦ ਦੇ ਕੁਝ ਸ਼ਬਦਾਂ ਵਰਗੀ ਭਾਵਨਾ ਵਾਲੇ ਦੱਸਿਆ ਸੀ ਅਤੇ ਇਸ ਦੀ ਹੋਰ ਖੋਜ ਦੀ ਵਕਾਲਤ ਕੀਤੀ ਸੀ। ਕੀ ਬਿਨਾਂ ਰਾਜ ਤੋਂ ਹੀ ਸਿੱਖਾਂ ਵਿਚ ਔਰੰਗਜ਼ੇਬੀ ਮਾਨਸਕਤਾ ਭਾਰੂ ਤਾਂ ਨਹੀਂ ਹੋ ਗਈ? ਕੀ ਕਿਸੇ ਫਲਸਫੇ ਜਾਂ ਲਿਖਤ ਦਾ ਤੁਲਨਾਤਮਿਕ ਅਧਿਐਨ ਸਿੱਖੀ ਲਈ ਸੱਚਮੁੱਚ ਖ਼ਤਰਾ ਹੈ? ਕੀ ਸਿੱਖੀ ਦੀ ਵੱਖਰੀ ਹੋਂਦ ਰੇਤਾ ਦੀ ਬਣੀ ਹੋਈ ਹੈ ਜੋ ਝੱਟ ਖੁਰ ਜਾਵੇਗੀ? ਕੀ ਸਿੱਖਾਂ ਵਿਚ ਲਿਖਣ, ਬੋਲਣ ਅਤੇ ਭੈਅ ਰਹਿਤ ਮਾਹੌਲ ਵਿਚ ਅਜ਼ਾਦ ਵਿਚਾਰ ਰੱਖਣ ਦੀ ਅਜ਼ਾਦੀ ਹੈ?

ਇਸ ਲੈਕਚਰ ਵਿਚ ਅਜਮੇਰ ਸਿੰਘ ਗੁਰੂ ਤੇਗ ਬਹਾਦੁਰ ਜੀ ਨੂੰ 'ਹਿੰਦ ਦੀ ਚਾਦਰ' ਆਖਣ ਦਾ ਵੀ ਵਿਰੋਧ ਕਰਦੇ ਹਨ ਅਤੇ ਕਹਿੰਦੇ ਹਨ ਕਿ ਗੁਰੂ ਸਾਹਿਬ ਤਾਂ ਸ੍ਰਿਸ਼ਟੀ ਦੀ ਚਾਦਰ ਸਨ ਤੇ ਹਿੰਦ ਦੀ ਚਾਦਰ ਕਹਿਣਾ ਤਾਂ ਉਨ੍ਹਾਂ ਨੂੰ ਛੋਟੇ ਕਰਨ ਵਾਲੀ ਗੱਲ ਹੈ। 15 ਨਵੰਬਰ 2025 ਨੂੰ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਬਾਰੇ ਬੋਲਦਿਆਂ ਉਹ ਫਿਰ ਹਿੰਦੂ ਧਰਮ ਦੀ ਰਾਖੀ ਲਈ ਸ਼ਹਾਦਤ ਦੇਣ ਨੂੰ ਗਲਤ ਦਸਦੇ ਹਨ। ਅਜਮੇਰ ਸਿੰਘ ਕਹਿੰਦੇ ਹਨ ਕਿ ਅਗਰ ਇਹ ਮੰਨ ਲਈਏ ਕਿ ਗੁਰੂ ਸਾਹਿਬ ਨੇ ਹਿੰਦੂ ਧਰਮ ਦੀ ਰਾਖੀ ਲਈ ਸ਼ਹਾਦਤ ਦਿੱਤੀ ਸੀ ਤਾਂ ਇਸ ਦਾ ਮਤਲਬ ਇਹ ਹੋਵੇਗਾ ਕਿ ਗੁਰੂ ਸਾਹਿਬ ਹਿੰਦੂ ਧਰਮ ਨੂੰ ਚੰਗਾ ਅਤੇ ਇਸਲਾਮ ਨੂੰ ਮਾੜਾ ਸਮਝਦੇ ਸਨ। ਪਰ ਇਹ ਹੋ ਨਹੀਂ ਸਕਦਾ ਕਿਉਂਕਿ ਇਹ ਸਿੱਖੀ ਦੇ ਅਸੂਲ ਮੁਤਾਬਿਕ ਨਹੀਂ ਹੈ। ਉਹ ਇਸ ਤਰਕ ਨੂੰ ਨਕਾਰ ਦਿੰਦੇ ਹਨ ਕਿ ਗੁਰੂ ਸਾਹਿਬ ਨੇ ਸ਼ਹੀਦੀ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ ਸੀ, ਕਿਉਂਕਿ ਅਜਮੇਰ ਸਿੰਘ ਮੁਤਾਬਿਕ ਉਦੋਂ ਮਨੁੱਖੀ ਹੱਕਾਂ ਦਾ ਸੰਕਲਪ (ਕਾਨਸੈਪਟ) ਹੈ ਹੀ ਨਹੀਂ ਸੀ। ਉਹ ਦਾਅਵਾ ਕਰਦੇ ਹਨ ਕਿ ਗੁਰੂ ਸਾਹਿਬ ਨੇ ਸ਼ਹਾਦਤ 'ਸੱਚ' ਲਈ ਦਿੱਤੀ ਸੀ ਅਤੇ ਸੱਚ ਦਾ ਦਾਇਰਾ ਬਹੁਤ ਵੱਡਾ ਹੈ। 'ਹਿੰਦ ਦੀ ਚਾਦਰ' ਦਾ ਵਿਰੋਧ ਕਰਨ ਲਈ ਉਹ ਫਿਰ ਕੁਦਰਤ ਦੀ ਵੰਨ-ਸੁਵੰਨਤਾ ਦਾ ਰਾਗ ਅਲਾਪਦੇ, ਜਿਸ ਨੂੰ ਅੱਜ ਦੀ ਸਿੱਖੀ ਦੇ ਅੰਦਰ ਅਸਲ ਵਿਚ ਕੋਈ ਥਾਂ ਨਹੀਂ ਹੈ।

29 ਨਵੰਬਰ ਨੂੰ ਗੁਰਦੁਆਰਾ ਸਾਹਿਬ ਕੈਨਬਰਾ (ਅਸਟਰੇਲੀਆ) ਵਿਖੇ 'ਨੌਵੇਂ ਪਾਤਸ਼ਾਹ ਨੂੰ ਯਾਦ ਕਰਦਿਆਂ' ਸਿਰਲੇਖ ਹੇਠਲੇ ਲੈਕਚਰ ਵਿਚ ਉਹ ਦਾਅਵਾ ਕਰਦੇ ਹਨ ਕਿ ਗੁਰੂ ਤੇਗ ਬਹਾਦੁਰ ਸਾਹਿਬ ਦੀ ਸ਼ਹਾਦਤ ਦਾ ਕੇਂਦਰੀ ਨੁਕਤਾ 'ਨਿਰਭੈਤਾ' ਹੈ: 'ਡਰ ਜੜ੍ਹ ਹੈ ਬਹੁਤ ਕੁਝ ਦੀ, ਜਿੰਨੀ ਦੇਰ ਬੰਦਾ ਭੈਅ ਹੇਠ ਹੈ, ਉਹ ਨਾ ਸਹੀ ਸੋਚ ਸਕਦੈ ਨਾ ਸੱਚ ਬੋਲ ਸਕਦੈ...ਸੱਚ ਬੋਲਣ ਲਈ ਦਲੇਰੀ ਚਾਹੀਦੀ ਹੈ, ਹਿੰਮਤ ਚਾਹੀਦੀ ਐ, ਕਿਉਂਕਿ ਸੱਚ ਬੋਲਣ ਦੀ ਕੀਮਤ ਅਦਾ ਕਰਨੀ ਪੈਂਦੀ ਹੈ ਅਤੇ ਅਸੀਂ ਕੀਮਤ ਅਦਾ ਕੀਤੀ ਹੈ ਸਾਰੇ ਇਤਿਹਾਸ ਵਿਚ ਪੰਜਵੇਂ ਪਾਤਸ਼ਾਹ ਤੋਂ ਭਾਈ ਜਸਵੰਤ ਸਿੰਘ ਖਾਲੜਾ ਤੱਕ।' ਗੁਰੂ ਤੇਗ ਬਹਾਦਰ ਤੋਂ ਗੱਲ ਜਸਵੰਤ ਸਿੰਘ ਖਾਲੜਾ ਨਾਲ ਜਾ ਜੋੜਦੇ ਹਨ ਅਤੇ ਫਿਰ ਖਾਲੜਾ ਬਾਰੇ ਬਣੀ ਫਿਲਮ ਦਾ ਰੋਣਾ ਰੋਂਦੇ ਬਹੁਤ ਅੱਗੇ ਤੱਕ ਚਲੇ ਜਾਂਦੇ ਹਨ। ਇਸ ਵਹਾ ਵਿਚ ਅਜਮੇਰ ਸਿੰਘ ਏਨਾ ਗੁਆਚ ਜਾਂਦੇ ਹਨ ਕਿ ਸੰਤ ਕਰਤਾਰ ਸਿੰਘ ਦੇ ਹਵਾਲੇ ਨਾਲ ਗੱਲ ਕਰਦਿਆਂ ਕਹਿੰਦੇ ਹਨ, 'ਇੱਕ ਮਰ ਰਹੇ ਡੁੱਬ ਰਹੇ ਧਰਮ ਨੂੰ ਬਚਾਇਆ...ਨਹੀਂ ਇਸ ਦੀ ਹੋਂਦ ਮਿਟ ਜਾਣੀ ਸੀ ਦੇਸ਼ 'ਚੋਂ, ਆਪਾਂ ਨੂੰ ਪਤਾ ਹੈ ਕਿ ਇਸਲਾਮ ਜਿੱਥੇ ਗਿਆ ਹੈ ਉਥੋਂ ਦੀ ਸੱਭਿਅਤਾ ਅਤੇ ਧਰਮ ਦੀ ਕੋਈ ਨਿਸ਼ਾਨੀ ਨਹੀਂ ਛੱਡੀ, ਇਰਾਨ ਸਭ ਦੇ ਸਾਹਮਣੇ ਉਦਾਹਰਣ ਹੈ।

## ਲਓ ਕਰ ਲਓ ਗੱਲ!

ਹੋਰ ਜਿਥੇ ਗਏ ਉਨ੍ਹਾਂ ਨੇ ਟੋਟਲ ਇਸਲਾਮ...ਤੇ ਇਥੇ ਮੁਹਿੰਮ ਵਿਢ ਲਈ ਸੀ ਤੇ ਹਿੰਦੂ ਸਮਾਜ 'ਚ ਦਹਿਸ਼ਤ ਪੈ ਗਈ ਸੀ...ਤੇ ਜੇ ਇਸ ਸਿਲਸਿਲੇ ਨੂੰ ਰੋਕ ਨਾ ਲਗਦੀ ਤਾਂ ਪਤਾ ਨਹੀਂ ਕੀ ਹੋਣਾ ਸੀ, ਤਾਂਹੀ 'ਜੰਞੂ ਤਿਲਕ ਰਾਖਾ ਪ੍ਰਭ ਤਾਂਕਾ' ਕਿਹਾ ਜਾਂਦਾ ਹੈ...ਐ ਜ਼ਰੂਰਤ ਹੈ ਜਿਸ 'ਤੇ ਮੈਂ ਜ਼ੋਰ ਦੇ ਰਿਹਾਂ।'

ਕਰ ਲਓ ਗੱਲ ਹੁਣ ਅਜਮੇਰ ਸਿੰਘ ਆਪਣੇ 10-15 ਦਿਨ ਪਹਿਲਾਂ ਕੀਤੇ ਬਚਨਾਂ ਤੋਂ ਬਦਲ ਕੇ ਹਿੰਦੂ ਧਰਮ ਦੀ ਰਾਖੀ ਲਈ ਸ਼ਹਾਦਤ, ਇਸਲਾਮ ਦੇ ਜ਼ੁਲਮ ਦਾ ਸੱਚ ਅਤੇ ਤਿਲਕ ਜੰਞੂ ਦੀ ਰਾਖੀ ਲਈ ਕੁਰਬਾਨੀ ਨੂੰ ਪ੍ਰਵਾਨ ਕਰ ਲੈਂਦੇ ਹਨ। ਪਰ ਕਈ ਵਾਰ ਤਾਂ ਬਸ ਕਸਰ ਏਨੀ ਰਹਿ ਜਾਂਦੀ ਹੈ ਕਿ ਉਹ ਅਜੇ ਇਹ ਦਾਅਵਾ ਨਹੀਂ ਕਰਦੇ ਕਿ ਗੁਰੂ ਤੇਗ ਬਹਾਦੁਰ ਜੀ ਨੇ ਕੁਰਬਾਨੀ ਖਾਲਿਸਤਾਨ ਵਾਸਤੇ ਦਿੱਤੀ ਸੀ।

'ਕਿਸੇ ਦਾ ਭੈਅ ਨਹੀਂ ਮੰਨਣਾ ਅਤੇ ਨਿਰਭੈ ਰਹਿਣਾ ਹੈ' ਦਾ ਇਕ ਪਾਸੜ ਸੰਦੇਸ਼ ਉਹ ਸਿੱਖਾਂ ਦੇ ਦੰਦੇ ਕੱਢਣ ਲਈ ਦਿੰਦੇ ਹਨ ਤਾਂਕਿ ਉਨ੍ਹਾਂ ਦੇ ਪ੍ਰਵਚਨੀ ਪ੍ਰਭਾਵ ਵਿਚ ਆ ਕੇ ਥੋੜੇ-ਬਹੁਤ ਸਿੱਖ ਹਮੇਸ਼ਾਂ-ਹਮੇਸ਼ਾਂ ਲਈ ਟਿੰਡ ਵਿਚ ਕਾਨਾ ਪਾਈ ਰੱਖਣ। ਗੁਰੂ ਸਾਹਿਬ ਨੇ ਭੈਅ ਨਾ ਮੰਨਣ ਦੀ ਗੱਲ ਜ਼ਰੂਰ ਕਹੀ ਸੀ ਪਰ ਨਾਲ ਹੀ ਭੈਅ ਨਾ ਦੇਣ ਦੀ ਗੱਲ ਵੀ ਕਹੀ ਸੀ। ਅੱਜ ਚੰਦ ਕੁ ਕੱਟੜਪੰਥੀ ਸਿੱਖ ਤਾਂ ਆਦਮ-ਬੋ ਆਦਮ-ਬੋ ਕਰਦੇ ਫਿਰਦੇ ਹਨ ਅਤੇ ਥਾਂ-ਥਾਂ ਪੰਗੇ ਲੈ ਰਹੇ ਹਨ। ਅਜਮੇਰ ਸਿੰਘ ਦੇ ਵੱਡੇ ਸੰਤ ਤਾਂ ਆਪਣੀ ਮੁਹਿੰਮ ਦੀ ਲੋੜ ਅਨੁਸਾਰ ਭੈਅ ਦਿੰਦੇ ਵੀ ਸਨ ਅਤੇ ਭੈਅ ਮੰਨਦੇ ਵੀ ਰਹੇ ਸਨ। ਉਨਾਂ ਦੇ ਸਮਰਥਕਾਂ ਨੇ ਬੰਦੂਕਾਂ ਭੈਅ ਦੇਣ ਲਈ ਹੀ ਚੁੱਕੀਆਂ ਹੋਈਆਂ ਸਨ। ਉਹ ਭੈਅ ਮੰਨਦੇ ਸਨ ਤਾਂ ਹੀ ਤਾਂ ਵਕਤੋਂ ਪਹਿਲਾਂ ਗ੍ਰਿਫਤਾਰੀ ਦੀ ਸੰਭਾਵਨਾ ਨਜ਼ਰ ਆਉਂਦਿਆਂ ਹੀ ਉਨ੍ਹਾਂ ਨੇ ਸਿਖ ਧਰਮ ਦੇ ਸਭ ਤੋਂ ਪਵਿੱਤਰ ਅਤੇ ਸਰਬਪ੍ਰਵਾਨਤ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਗੁਰੂ ਨਾਨਕ ਨਿਵਾਸ, ਲੰਗਰ ਹਾਲ ਅਤੇ ਆਖੀਰੀ ਸ੍ਰੀ ਅਕਾਲ ਤਖਤ ਵਿਖੇ ਪਨਾਹ ਜਾ ਲਈ ਸੀ। ਅਜਮੇਰ ਸਿੰਘ ਜੀ ਤੁਸੀਂ ਸਾਰੀ ਉਮਰ ਲੋਕਾਂ ਦੇ ਪੁੱਤਾਂ ਨੂੰ ਸ਼ਹੀਦੀਆਂ ਲਈ ਪ੍ਰੇਰਿਆ ਹੈ ਅਤੇ ਹੁਣ ਬੁਢਾਪੇ ਵੇਲੇ ਆਪ ਸ਼ਹੀਦੀ ਦੇਣ ਬਾਰੇ ਸੋਚੋ, ਨਹੀਂ ਤਾਂ ਫਿਰ ਆਪਣੇ ਆਪ ਨੂੰ ਖੋਟਾ ਸਿੱਕਾ ਮੰਨ ਲੈਣਾ!

ਸਿੰਘ ਸਭਾ ਲਹਿਰ ਦੇ ਇਤਿਹਾਸ ਬਾਰੇ ਵੀ ਭਾਈ ਅਜਮੇਰ ਸਿੰਘ ਨੇ ਕਈ ਵੀਡੀਓਜ਼ ਬਣਾਈਆਂ, ਜਿਨ੍ਹਾਂ ਵਿਚ ਸਨਾਤਨੀਆਂ ਨੂੰ ਖੂਬ ਕੋਸਿਆ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਸਿੱਖ ਇੱਕ ਵੱਖਰੀ ਕੌਮ ਹਨ ਅਤੇ ਇਹ ਵੀ ਸਾਫ ਕਰ ਦਿੱਤਾ ਹੈ ਕਿ ਉਦਾਸੀ ਅਤੇ ਨਿਰਮਲੇ ਸਿੱਖ ਨਹੀਂ ਹਨ ਤੇ ਇਨ੍ਹਾਂ ਨੇ ਸਿੱਖੀ ਨੂੰ ਢਾਹ ਲਾਈ ਹੈ। ਅਸਲ ਹਾਲਤ ਤਾਂ ਇਹ ਹੈ ਕਿ ਬਹੁਤੇ ਸਿੱਖ ਆਗੂ ਸਮੇਤ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ, ਸਹਿਜਧਾਰੀਆਂ ਨੂੰ ਸਿੱਖੀ ਵਿਚੋਂ ਬਾਹਰ ਕਰ ਚੁੱਕੇ ਹਨ ਅਤੇ ਗੁਰਦਵਾਰਾ ਚੋਣਾਂ ਵਿਚ ਵੋਟ ਦਾ ਹੱਕ ਖੋਹ ਚੁੱਕੇ ਹਨ। ਸ਼੍ਰੋਮਣੀ ਕਮੇਟੀ ਨੇ ਇੱਕ ਸਿੱਖ ਵਿਦਿਆਰਥਣ ਨੂੰ ਸਿੱਖ ਕੋਟੇ ਵਿਚ ਵਿਦਿਅਕ ਦਾਖਲਾ ਦੇਣ ਤੋਂ ਨਾਂਹ ਕਰ ਦਿੱਤੀ ਸੀ, ਕਿਉਂਕਿ ਲੜਕੀ ਨੇ ਭਰਵੱਟੇ ਬਣਾਏ (ਕੱਟੇ) ਹੋਏ ਸਨ। 'ਤੁੰਨੀ ਅਤੇ ਮੁੰਨੀ' ਇੱਕ ਬਰਾਬਰ ਦੇ ਨਾਅਰੇ ਲੱਗ ਚੁੱਕੇ ਹਨ ਇਸ ਨਾਲ ਤੁੰਨੀ ਅਤੇ ਮੁੰਨੀ ਵਾਲੇ ਵੀ ਇਸ ਕੌਮ 'ਚੋਂ ਜੇ ਬਾਹਰ ਨਹੀਂ, ਤਾਂ ਹੇਠਲੇ ਦਰਜੇ ਦੇ ਹਨ। ਜੱਟ ਸਿੱਖ ਹੋਰ ਜਾਤਾਂ ਦੇ ਸਿੱਖਾਂ ਨੂੰ 'ਕੁੱਤਾ ਫਲਾਣਾ' ਝੱਟ ਆਖ ਦਿੰਦੇ ਹਨ। ਨਾਮਧਾਰੀ ਅਤੇ ਰਾਧਾਸਵਾਮੀ ਵੀ ਬਾਹਰ ਹਨ। ਹਾਂ ਭਾਈ ਅਜਮੇਰ ਸਿੰਘ ਜੀ ਸਿੱਖ ਇੱਕ ਵਖਰੀ ਕੌਮ ਹੈ, ਪਰ ਇਸ ਵਿਚ ਸਿੱਖਾਂ ਦਾ ਇੱਕ ਖਾਸ ਵਰਗ ਹੀ ਸ਼ਾਮਲ ਹੈ, ਬਾਕੀ ਸਭ ਬਾਹਰਲੇ ਜਾਂ ਹੇਠਲੇ ਦਰਜੇ ਦੇ ਕਿਉਂ ਹਨ। ਤੁਹਾਡੇ ਤਿਲਕਣੇ ਬਚਨਾਂ ਮੁਤਾਬਿਕ ਕੌਮ ਦੀ ਉਸਾਰੀ ਬਹੁਤ ਖੂਬ ਚੱਲ ਰਹੀ ਹੈ!

11 ਦਸੰਬਰ 2025 ਨੂੰ 'ਸਟਰਗਲ ਜਾਂ ਪੀਸ' ਸਿਰਲੇਖ ਹੇਠ ਪੇਂਡੂ ਆਸਟ੍ਰੇਲੀਆ ਵਾਲੇ ਯੂਟਿਊਬਰ ਮਿੰਟੂ ਬਰਾੜ ਨਾਲ ਲੰਮੀ ਗੱਲਬਾਤ ਕਰਦਿਆਂ ਅਜਮੇਰ ਸਿੰਘ ਹੁਰਾਂ ਕਈ ਗੁੱਲ ਖਿਲਾਏ ਹਨ। ਇਹ ਯੂਟਿਊਬਰ ਵੀ ਤੱਤੀਆਂ ਅਤੇ ਲੱਛੇਦਾਰ ਗੱਲਾਂ ਕਰਨ ਦਾ ਖੱਟਿਆ ਖਾਂਦਾ ਹੈ, ਜੋ

*(ਬਾਕੀ ਅਗਲੇ ਸਫੇ 'ਤੇ)*

# ਯਾਦਗਾਰੀ ਬਣ ਗਿਆ ਇਹ ਸਬੱਬੀਂ-ਮੇਲ

ਇਹ ਦੁਨੀਆਂ ਹੁਣ ਬਹੁਤ ਛੋਟੀ ਹੋ ਗਈ ਹੈ, ਭੁੱਲਿਆ/ਵਿੱਸਰਿਆ ਰਿਸ਼ਤਾ, ਮੁੜ ਜਗਾਉਣਾ ਹੋਵੇ, ਤਾਂ ਸਫਲਤਾ ਮਿਲ ਹੀ ਜਾਂਦੀ ਹੈ। 20 ਦਸੰਬਰ ਨੂੰ ਸਾਡੀ ਸੰਸਥਾ ਵਿੱਚ 'ਅਜੋਕੀ ਜਵਾਨੀ ਦੀਆਂ ਚੁਣੌਤੀਆਂ' ਵਿਸ਼ੇ 'ਤੇ ਸੈਮੀਨਾਰ ਚੱਲ ਰਿਹਾ ਸੀ। ਫੋਨ ਦੀ ਘੰਟੀ ਵੱਜੀ, ''ਮੈਂ ਸਿਮਰਨ ਬੋਲਦੀ ਹਾਂ, ਅੰਕਲ ਜੀ..ਯਾਦ ਆਇਆ, ਚਿਰ ਪਹਿਲਾਂ ਤੁਹਾਡੇ ਕੋਲ ਹੋਸਟਲ ਵਿੱਚ ਰਹੀ ਸੀ।'' ''ਹਾਂ ਬੇਟੀ, ਯਾਦ ਆਇਆ, ਤੇਰੇ ਤਾਂ ਵਿਆਹ ਵਿੱਚ ਵੀ ਹਾਜ਼ਰੀ ਲਵਾਈ ਸੀ, ਜਗਰਾਵਾਂ ਜਾ ਕੇ।''

ਇਹ ਬੇਟੀ ਚਿਰ ਪਹਿਲਾਂ ਸਾਡੇ ਇਲਾਕੇ ਵਿੱਚ ਪ੍ਰਾਇਮਰੀ ਸਕੂਲ ਦੀ ਅਧਿਆਪਕਾ ਲੱਗੀ ਸੀ, ਹੁਣ ਕੰਮ ਇਹ ਸੀ, ਕਿ ਉਸਦੀ ਜਾਣਕਾਰ ਮਹਿਲਾ ਸਿਪਾਹੀ ਦੀ, ਸ੍ਰੀ ਚਮਕੌਰ ਸਾਹਿਬ ਦੇ ਜੋੜ-ਮੇਲੇ ਵਿੱਚ ਡਿਊਟੀ ਲੱਗੀ ਸੀ, ਅਤੇ ਉਸਨੇ ਆਪਣੀਆਂ ਸਾਥਣ-ਸਿਪਾਹੀਆਂ ਨਾਲ, ਕੋਈ ਅਸਥਾਈ-ਰਿਹਾਇਸ਼ ਦਾ ਇੰਤਜ਼ਾਮ ਕਰਨਾ ਸੀ।

ਮੈਂ ਕਿਹਾ, ਕਿ ਸਿਪਾਹਿਣ ਬੇਟੀ ਨੂੰ ਆਖੋ, ਮੈਨੂੰ ਫੋਨ ਕਰ ਲਏ। ਜਦੋਂ 'ਜਿਓਤੀ ਸ਼ਰਮਾ' ਨਾਂ ਦੀ ਬੇਟੀ ਨੇ ਫੋਨ ਕੀਤਾ, ਤਾਂ ਉਸ ਦੱਸਿਆ ਕਿ ਉਹ ਚਾਰ/ਪੰਜ ਹਨ। ਮੈਂ ਕਿਹਾ ''ਕੁੱਝ ਦੇਰ ਠਹਿਰੋ, ਦੱਸਦਾ ਹਾਂ।'' ਸੈਮੀਨਾਰ ਵਿੱਚ ਹੀ ਬੈਠੀ 'ਮੈਡਮ ਗੁਰਪ੍ਰੀਤ ਭੰਗੂ' ਨੂੰ ਪੁੱਛਿਆ, ਤਾਂ ਉਸ ਕਿਹਾ, ਕਿ ਅਜਿਹੇ ਨੇਕ ਕੰਮ ਬਾਰੇ ਪੁੱਛਣ ਦੀ ਕੀ ਲੋੜ ਹੈ?



ਮੈਂ ਮੋੜਵਾਂ ਫੋਨ ਕਰਕੇ, ਰਹਿਣ ਦੀ ਸਹਿਮਤੀ ਦੇ ਦਿੱਤੀ।

ਜਿਓਤੀ ਸ਼ਰਮਾ ਦਾ ਅਗਲਾ ਸਵਾਲ ਸੀ, ''ਕਿੰਨੇ ਪੈਸੇ ਲਓਗੇ ਅੰਕਲ ਜੀ?'' ਉਹ ਆਪਣੀ ਜਗ੍ਹਾ ਠੀਕ ਸੀ, ਸਵਾਰਥੀ-ਵਿਵਸਥਾ ਵਿੱਚ, ਇਸੇ ਤਰ੍ਹਾਂ ਸੌਦੇਬਾਜ਼ੀ ਹੁੰਦੀ ਹੈ।

''ਕੋਈ ਪੈਸਾ ਨਹੀਂ ਬੇਟੀ, ਉਲਟਾ ਤੁਹਾਡੀ (ਬੱਚੀਆਂ ਦੀ) ਸੇਵਾ, ਸਾਡੀ ਖ਼ੁਸ਼ੀ ਦਾ ਸਬੱਬ ਬਣੇਗੀ।'' ਉਹ ਪੰਜਾਬ ਪੁਲਿਸ ਦੀਆਂ ਨਵੀਆਂ ਨਿਯੁਕਤੀਆਂ ਸਨ ਅਤੇ 'ਜਹਾਨ ਖੇਲਾਂ (ਹੁਸ਼ਿਆਰਪੁਰ)' ਵਿੱਚ ਟਰੇਨਿੰਗ ਕਰ ਰਹੀਆਂ ਸਨ। ਦਿਨ ਵਿੱਚ 12, 12 ਘੰਟੇ ਦੀ ਡਿਊਟੀ ਕਰਕੇ, ਉਹ 3 ਰਾਤਾਂ ਸਾਡੇ ਕੋਲ ਰਹੀਆਂ, ਅਸੀਂ ਐਨੀ ਕਠੋਰ ਡਿਊਟੀ ਬਦਲੇ ਦਾਦ ਦਿੰਦੇ।



ਆਖ਼ਰੀ ਦੇਰ ਸ਼ਾਮ, ਯਾਦਗਾਰ ਵਜੋਂ ਉਹ ਸਾਡੇ ਲਈ ਗੁਲਦਸਤਾ ਲੈ ਆਈਆਂ।

ਜਾਣ ਸਮੇਂ ਅਸੀਂ ਉਨ੍ਹਾਂ ਨੂੰ ਚਾਅ ਨਾਲ ਨਾਸ਼ਤਾ ਕਰਾਇਆ, ਪੰਜਾਬੀ ਮਾਂ-ਬੋਲੀ ਵਾਲੇ ਸ਼ਾਲ ਦੇ ਕੇ ਸ਼ਗਨਾਂ ਨਾਲ ਤੋਰਿਆ।

ਸਮੇਂ ਵਿੱਚੋਂ ਸਮਾਂ ਕੱਢ ਕੇ, ਜਾਂਦੇ ਸਮੇਂ ਉਹ ਸਾਡੀਆਂ ਸਿੱਖਿਆ-ਸੰਸਥਾਵਾਂ ਦੀ ਵੀ ਝਲਕ ਲੈ ਗਈਆਂ।

ਸੱਚਮੁੱਚ ਇਹ ਬੜਾ ਕਮਾਲ ਦਾ ਅਤੇ ਯਾਦਗਾਰੀ ਮੌਕਾ-ਮੇਲ ਸੀ।

***-ਐਸ ਐਸ ਭੰਗੂ***

---

*(ਸਫਾ 11 ਦਾ ਬਾਕੀ)*

ਅਤੇ ਪ੍ਰਸ਼ਾਸਨਿਕ ਜਵਾਬਦੇਹੀ ਨੂੰ ਬੇਸ਼ਰਮੀਂ ਨਾਲ ਤਿਲਾਂਜਲੀ ਦਿੱਤੀ ਹੋਈ ਹੈ। ਸਿਜੀਮਾਲੀ ਖਣਨ ਪ੍ਰੋਜੈਕਟ ਇਸ ਵਰਤਾਰੇ ਦੀ ਭਿਆਨਕ ਮਿਸਾਲ ਹੈ ਕਿ ਕਿਵੇਂ ਹੁਕਮਰਾਨ ਜਦੋਂ ਵੀ ਚਾਹੁਣ, ਮੁਲਕ ਦੇ ਸਭ ਤੋਂ ਨਿਤਾਣੇ ਲੋਕਾਂ ਦੀ ਰੱਖਿਆ ਲਈ ਬਣਾਏ ਗਏ ਕਾਨੂੰਨਾਂ ਨੂੰ ਖੋਖਲਾ ਕਰ ਸਕਦੇ ਹਨ, ਕਿਵੇਂ ਨਿਤਾਣੇ ਲੋਕਾਂ ਕੋਲੋਂ ਉਨ੍ਹਾਂ ਦੇ ਹਿਤਾਂ ਦੇ ਵਿਰੁੱਧ ਜ਼ਬਰਦਸਤੀ ਅਤੇ ਧੋਖੇ ਨਾਲ 'ਸਹਿਮਤੀ' ਲਈ ਜਾ ਸਕਦੀ ਹੈ, ਅਤੇ ਜਦੋਂ ਲੋਕਾਂ ਦਾ ਜਾਇਜ਼ ਵਿਰੋਧ ਕਾਰਪੋਰੇਟ-ਹੁਕਮਰਾਨ ਗੱਠਜੋੜ ਨੂੰ ਚੁਣੌਤੀ ਦਿੰਦਾ ਹੈ ਤਾਂ ਸਾਰੇ ਕਾਨੂੰਨਾਂ ਨੂੰ ਛਿੱਕੇ ਟੰਗਕੇ ਕਿਵੇਂ ਉਨ੍ਹਾਂ ਨੂੰ ਮੌਜ ਨਾਲ ਹੀ ਮੁਜਰਿਮ ਠਹਿਰਾਇਆ ਜਾ ਸਕਦਾ ਹੈ।

ਇਹ ਮਿਸਾਲਾਂ ਭਾਰਤੀ ਹੁਕਮਰਾਨ ਜਮਾਤ ਵੱਲੋਂ 1990ਵਿਆਂ 'ਚ ਅਪਨਾਏ ਨਵ-ਉਦਾਰ ਆਰਥਕ ਮਾਡਲ ਦੇ ਵਿਆਪਕ ਸਿਲਸਿਲੇ ਦਾ ਹਿੱਸਾ ਹਨ। ਕੇਂਦਰੀ ਅਤੇ ਪੂਰਬੀ ਭਾਰਤ, ਪੱਛਮੀ ਘਾਟ ਅਤੇ ਹਿਮਾਲਿਆ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਜੰਗਲਾਂ ਦੀ ਕਟਾਈ ਅਤੇ ਖਣਨ ਕਾਰਵਾਈਆਂ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਆਦਿਵਾਸੀਆਂ ਦੇ ਵਿਰੋਧ ਦੇ ਬਾਵਜੂਦ ਗੜ੍ਹਚਿਰੌਲੀ (ਮਹਾਰਾਸ਼ਟਰ) ਵਿਚ ਲੋਇਡ ਸਮੂਹ ਨੂੰ ਇਕ ਲੱਖ ਤੇਈ ਹਜ਼ਾਰ ਦਰੱਖ਼ਤ ਕੱਟਣ ਨੂੰ ਮਨਜ਼ੂਰੀ ਦੇ ਦਿੱਤੀ ਗਈ। ਸਰਗੁਜਾ (ਛੱਤੀਸਗੜ੍ਹ) ਵਿਚ ਅਡਾਨੀ ਸਮੂਹ ਵੱਲੋਂ ਕੋਲੇ ਦੇ ਖਣਨ ਰਾਹੀਂ ਪਹਾੜਾਂ ਨੂੰ ਤਬਾਹ ਕਰਨ ਵਿਰੁੱਧ ਆਦਿਵਾਸੀ ਜਾਨ-ਹੂਲਵੀਂ ਲੜਾਈ ਲੜ ਰਹੇ ਹਨ। ਸਥਾਨਕ ਲੋਕਾਂ ਨੂੰ ਸੱਤਾ ਅਤੇ ਕਾਰਪੋਰੇਟ ਲੱਠਮਾਰ ਤਾਕਤ ਦੇ ਜ਼ੋਰ ਅਤੇ ਉਜਾੜਿਆ ਅਤੇ ਖਦੇੜਿਆ ਜਾ ਰਿਹਾ ਹੈ। ਭਗਵਾ ਸਰਕਾਰ ਵੱਲੋਂ ਆਪਣੇ ਚਹੇਤੇ ਕਾਰਪੋਰੇਟਾਂ ਨੂੰ ਲਾਭ ਪਹੁੰਚਾਉਣ ਲਈ ਬੇਸ਼ੁਮਾਰ ਨੀਤੀਗਤ ਰੱਦੋਬਦਲ ਕੀਤੀ ਗਈ ਹੈ ਤਾਂ ਜੋ ਵਾਤਾਵਰਣ ਦੀ ਸੁਰੱਖਿਆ ਲਈ ਕਾਨੂੰਨੀ ਵਿਵਸਥਾ ਅੜਿੱਕਾ ਨਾ ਬਣੇ ਅਤੇ ਕਾਰਪੋਰੇਟ ਸਮੂਹ ਖਣਨ ਤੇ ਹੋਰ ਪ੍ਰੋਜੈਕਟ ਲਾਉਣ ਲਈ ਜੰਗਲਾਂ-ਪਹਾੜਾਂ ਦੀ ਬੇਰੋਕ-ਟੋਕ ਤਬਾਹੀ ਕਰ ਸਕਣ। ਹੁਕਮਰਾਨ ਜਮਾਤ ਅਤੇ ਰਾਜ-ਮਸ਼ੀਨਰੀ ਇਹ ਭਲੀਭਾਂਤ ਜਾਣਦੀ ਹੈ ਕਿ ਇਸ ਨੀਤੀਗਤ ਰੱਦੋਬਦਲ ਦੇ ਵਾਤਾਵਰਣ ਅਤੇ ਕੁਦਰਤੀ ਚੌਗਿਰਦੇ ਉੱਪਰ ਅਜਿਹੇ ਵਿਨਾਸ਼ਕਾਰੀ ਪ੍ਰਭਾਵ ਪੈਣਗੇ ਕਿ ਉਹ ਮੁੜ ਕਦੇ ਵੀ ਪਹਿਲੀ ਕੁਦਰਤੀ ਹਾਲਤ ਵਿਚ ਨਹੀਂ ਆ ਸਕਣਗੇ। ਹੁਕਮਰਾਨਾਂ ਅਤੇ ਨੌਕਰਸ਼ਾਹੀ ਨੂੰ ਲੋਕਾਂ ਅਤੇ ਪੌਣਪਾਣੀ ਦੀ ਪ੍ਰਵਾਹ ਨਹੀਂ ਹੈ, ਉਹ ਤਾਂ ਕਾਰਪੋਰੇਟਾਂ ਦੀ ਸੁਪਰ-ਮੁਨਾਫ਼ਿਆਂ ਦੀ ਲਾਲਸਾ ਦੀ ਸੇਵਾ ਲਈ ਹਾਜ਼ਰ ਹਨ ਅਤੇ ਇਸ ਦੇ ਬਦਲੇ ਕਾਰਪੋਰੇਟ ਸਮੂਹ ਬੇਥਾਹ ਫੰਡਾਂ ਦੀ ਬਖ਼ਸ਼ਿਸ਼ ਕਰਕੇ ਉਨ੍ਹਾਂ ਦਾ ਸੱਤਾ ਉੱਪਰ ਬਣੇ ਰਹਿਣਾ ਯਕੀਨੀਂ ਬਣਾਉਂਦੇ ਹਨ।

ਇਨ੍ਹਾਂ ਹਾਲਾਤ ਵਿਚ ਭਾਰਤ ਦੇ ਲੋਕਾਂ ਦੇ ਸੋਚਣ ਲਈ ਸਵਾਲ ਇਹ ਹੈ ਕਿ ਇਸ ਕਥਿਤ ਲੋਕਤੰਤਰ ਵਿਚ ਚੁਣੀਆਂ ਗਈਆਂ ਸਰਕਾਰਾਂ ਦਰਅਸਲ ਕਿਸ ਦੇ ਹਿਤ ਲਈ ਕੰਮ ਕਰਦੀਆਂ ਹਨ। ਜਦੋਂ ਵਿਸ਼ਾਲ ਲੋਕਾਈ ਦੇ ਹਿਤਾਂ, ਵਾਤਾਵਰਣ ਦੇ ਸਰੋਕਾਰਾਂ ਅਤੇ ਸਥਾਪਤ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰਕੇ ਮੁੱਠੀ ਭਰ ਅਜਾਰੇਦਾਰ ਕਾਰਪੋਰੇਟ ਸਮੂਹਾਂ ਦੇ ਧਾੜਵੀ ਹਿਤਾਂ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ ਤਾਂ ਉਦੋਂ ਲੋਕਾਈ ਲਈ 'ਲੋਕਤੰਤਰ', ਸੰਵਿਧਾਨ ਅਤੇ 'ਕਾਨੂੰਨ ਦਾ ਰਾਜ' ਦੇ ਕੀ ਮਾਇਨੇ ਰਹਿ ਜਾਂਦੇ ਹਨ?

---

*(ਪਿਛਲੇ ਸਫੇ ਦਾ ਬਾਕੀ)*

ਬਹੁਤੇ ਸਿੱਖ ਮੀਡੀਆਕਾਰਾਂ ਦਾ ਕਿਰਦਾਰ ਹੀ ਬਣ ਗਿਆ ਹੈ। ਪੰਜਾਬੀ ਕਹਾਵਤ ਹੈ 'ਇੱਕ ਕਰੇਲਾ ਤੇ ਉਹ ਵੀ ਨਿੰਮ ਚੜਿਆ।' ਇਸ ਗੱਲਬਾਤ ਵਿਚ ਅਜਮੇਰ ਨੇ ਦੁੱਗਣੀ ਕੁੜੱਤਣ ਵਿਖਾਈ ਹੈ।

ਗੱਲਬਾਤ ਵਿਚ ਉਹ ਇੰਡੀਅਨ ਸਟੇਟ ਦੀ ਨੀਤੀ ਬਾਰੇ ਦੱਸਦੇ ਕਹਿੰਦੇ ਹਨ ਕਿ ਸਟੇਟ ਲੋਕਾਂ ਵਿਚ ਨੈਸ਼ਨਲਇਜ਼ਮ ਦਾ ਜ਼ਜਬਾ ਵੱਖ ਵੱਖ ਟੂਲ ਵਰਤ ਕੇ ਭਰਦੀ ਹੈ ਅਤੇ ਕ੍ਰਿਕਟ ਦੀ ਖੇਡ ਨੂੰ ਵੀ ਟੂਲ ਦੱਸਦੇ ਹਨ: 'ਮੇਰੇ ਮੁਤਾਬਿਕ ਅੱਜ ਦੀ ਸਿਚੂਏਸ਼ਨ 'ਚ ਕ੍ਰਿਕਟ ਇੱਕ ਪਾਵਰਫਲ ਟੂਲ ਹੈ ਕਿ ਕ੍ਰਿਕਟ ਨਾਲ ਨੈਸ਼ਨਲਇਜ਼ਮ ਕਿਵੇਂ ਭਰਨੈ...ਖੇਡ ਦੀ ਭਾਵਨਾ ਕਿੱਥੇ ਹੈ...ਇਹਦੇ ਵਿਚੋਂ ਵੇਖੋ ਕਿ ਸਿੱਖਾਂ ਦਾ ਭਵਿਖ ਕਿੱਥੇ ਹੈ?...ਸਿੱਖ ਕਿਸੇ ਵੀ ਨੈਸ਼ਨਲਇਜ਼ਮ ਵਿਚ ਕੈਦ ਨਹੀਂ ਹੋ ਸਕਦਾ, ਉਹ ਤਾਂ ਹੈ ਹੀ ਇੱਕ ਦ੍ਰਿਸ਼ਟੀ ਬਹੁਤ ਵੱਡੀ ਹੈ...ਕੈਨਾਤ ਦੀ ਸਗਲ ਸ੍ਰਿਸ਼ਟੀ ਦੀ...ਬ੍ਰਹਿਮੰਡੀ ਉਹ ਤਾਂ ਹੈਗਾ...ਅਸੀਂ ਆਪਣੇ ਆਪ ਨੂੰ ਮਤਲਬ ਉਥੋਂ ਤੱਕ ਸੰਗੇੜ ਲਈਏ?'

ਲਓ ਜੀ ਅਜਮੇਰ ਮੁਤਾਬਿਕ ਸਿੱਖ ਤਾਂ ਬ੍ਰਹਿਮੰਡੀ ਹੈ, ਪਰ ਦੱਸੋ ਫਿਰ ਉਨ੍ਹਾਂ ਨੂੰ ਭਾਰਤ ਵਿਚ ਛੋਟਾ ਜਿਹਾ ਖਾਲਿਸਤਾਨ ਕਿਉਂ ਚਾਹੀਦਾ ਹੈ? ਅਜਮੇਰ ਜੀ ਕੀ ਅਮਰੀਕਾ, ਅਸਟਰੇਲੀਆ, ਕੈਨੇਡਾ, ਬਰਤਾਨੀਆ ਅਤੇ ਹੋਰ ਪੱਛਮੀ ਦੇਸ਼ਾਂ ਦੇ ਸਿੱਖ ਅਤੇ ਸਿੱਖੀ ਵੀ ਬ੍ਰਹਿਮੰਡੀ ਹੈ? ਕੀ ਉਹ ਇਨ੍ਹਾਂ ਦੇਸ਼ਾਂ ਦੇ ਵਫਾਦਾਰ ਸ਼ਹਿਰੀ ਨਹੀਂ ਹਨ? ਸਿੱਖ ਤਾਂ ਇਨ੍ਹਾਂ ਦੇਸ਼ਾਂ ਅਤੇ ਸੰਵਿਧਾਨਾਂ ਦੀਆਂ ਵਫਾਦਾਰੀਆਂ ਦੀਆਂ ਕਸਮਾਂ ਖਾ ਰਹੇ ਹਨ। ਅਜਮੇਰ ਜੀ ਜਾਪਦੈ ਤੁਹਾਡੀ ਸੋਚ ਮੁਤਬਿਕ ਭਾਰਤ ਵਿਚ ਸਿੱਖ ਅਤੇ ਸਿੱਖੀ ਬ੍ਰਹਿਮੰਡੀ ਹੈ, ਪਰ ਪਾਕਿਸਤਾਨ ਵਿਚ ਪਾਕਿਸਤਾਨੀ ਅਤੇ ਅਮਰੀਕਾ ਵਿਚ ਅਮਰੀਕੀ ਹੋ ਜਾਂਦੀ ਹੈ। ਤਾਂ ਫਿਰ ਇਸ ਦਾ ਆਧਾਰ ਤਾਂ ਭਾਰਤ ਅਤੇ ਹਿੰਦੂਆਂ ਨਾਲ ਅੰਨੀ ਨਫਰਤ 'ਤੇ ਹੀ ਖੜਾ ਹੈ?

ਹੋਸਟ ਦੇ ਖਾਲਿਸਤਾਨ ਅਤੇ ਯਹੂਦੀਆਂ ਬਾਰੇ ਇੱਕ ਸਵਾਲ ਦਾ ਜਵਾਬ ਦਿੰਦਿਆਂ, 'ਇਹ ਤਾਂ ਦਾਅ ਲਗਣ ਵਾਲੀ ਗੱਲ ਹੈ...ਜੇ ਜਟਕੀ ਭਾਸ਼ਾ ਵਿਚ ਗੱਲ ਕਰਨੀ ਹੋਵੇ...ਇਹ ਸਭ ਕੁਝ ਚੱਲਣੈ...ਇਹ ਹੋਣ ਜਾ ਰਿਹਾ ਹੈ...ਇਹਦੇ ਵਿਚੋਂ ਪਤਾ ਨਹੀਂ ਕਿਸ ਨੂੰ ਕੀ ਮਿਲਣਾ ਹੈ।' ਭਾਵ ਖਾਲਿਸਤਾਨ ਦਾ ਦਾਅ ਅਚਾਨਕ ਲੱਗਣਾ ਹੈ।

ਆਪਣੇ ਬਾਰੇ ਗੱਲ ਕਰਦਿਆਂ ਕਹਿੰਦੇ ਹਨ, 'ਸਮਾਜ ਨੂੰ ਬਦਲਣ ਦਾ ਮਨ ਵਿਚ ਇੱਕ ਜਨੂਨ ਸੀ ਅਤੇ ਅੱਜ ਵੀ ਹੈ...ਹੋਰ ਜਿਊਣ ਦਾ ਕੋਈ ਮਕਸਦ ਨਹੀਂ...ਜਿਹੜੀਆਂ ਸਥਾਪਤ ਹੋ ਚੁੱਕੀਆਂ ਤਾਕਤਾਂ ਨੂੰ ਲਾਹੁਣਾ, ਉਨ੍ਹਾਂ ਨੂੰ ਡਿਸਲੌਜ ਕਰਨਾ ਤੇ ਉਹ ਐਵੇਂ ਤਾਂ ਹੋਣਾ ਨਹੀਂ ਮਿੱਠੀਆਂ ਮਿੱਠੀਆਂ ਗੱਲਾਂ ਕਰਕੇ।...ਇਹ ਇੱਕ ਖਰਵਾ ਸੰਘਰਸ਼ ਐ...ਮਨਾਂ ਵਿਚੋਂ...ਤੁਹਾਡੇ ਨਫਰਤ ਤੋਂ ਬਗੈਰ ਤੁਸੀਂ ਲੜ ਨਹੀਂ ਸਕਦੇ, ਨਫਰਤ ਨੂੰ ਮੈਂ ਨੈਗੇਟਿਵ ਸੈਂਸ ਵਿਚ ਨਹੀਂ ਲੈਂਦਾ। ਜਿਹੜੀ ਚੀਜ਼ ਦੇ ਖਿਲਾਫ਼ ਤੁਹਾਡੇ ਵਿਚ ਤਿੱਖਾ ਰੋਹ ਪੈਦਾ ਨਹੀਂ ਹੋਊ...ਜੇ ਬਦਲਣੈ ਤਾਂ ਤੁਹਾਡੇ ਅੰਦਰ ਰੋਹ ਪੈਦਾ ਹੋਣਾ ਚਾਹੀਦੈ। ਉਹ ਤਾਕਤਾਂ ਜਿਹੜੀਆਂ ਸਾਡੇ ਸਾਰੇ ਭਵਿਖ ਨੂੰ ਜੀਵਨ ਨੂੰ ਖਰਾਬ ਕਰ ਰਹੀਆਂ ਹਨ ਉਨ੍ਹਾਂ ਦੇ ਖਿਲਾਫ਼ ਨਫਰਤ ਤੇ ਰੋਹ ਪੈਦਾ ਕਰਨੀ ਇਹ ਮੇਰੇ ਲਈ ਕੋਈ ਸ਼ਰਮ ਵਾਲੀ ਗੱਲ ਨਹੀਂ ਇਹ ਜ਼ਰੂਰੀ ਹੈ...ਇਹ ਸਾਰਿਆਂ ਨੇ ਕੀਤੀ ਇਤਿਹਾਸ ਸਾਰਾ ਵੇਖ ਲਉ।'

ਇਤਿਹਾਸ ਦਾ ਹਵਾਲਾ ਦਿੰਦਿਆ ਉਹ ਤਾਂ ਸਿਰੇ ਹੀ ਲਗਾ ਦਿੰਦੇ ਹਨ, ਜਦ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਬਾਰੇ ਆਖਦੇ ਹਨ ਕਿ ਉਹ ਅੰਗਰੇਜ਼ ਨਾਲ ਲੜਨ ਲਈ ਅੰਗਰੇਜ਼ ਖਿਲਾਫ਼ ਨਫਰਤ ਪੈਦਾ ਕਰਦੇ ਸਨ। ਭਾਵ ਉਹ ਵੀ ਬੇ-ਸਿਰ-ਪੈਰ ਦਹਿਸ਼ਤਗਰਦੀ ਦਾ ਸਹਾਰਾ ਲੈਂਦੇ ਸਨ। ਅਜਮੇਰ ਸਿੰਘ ਜੀ ਨੂੰ ਯਕੀਨ ਹੈ ਕਿ ਸੁਨਣ/ਵੇਖਣ ਵਾਲੇ ਕਿਹੜਾ ਉਨ੍ਹਾਂ ਦੇ ਨੁਕਤੇ ਨੂੰ ਪਰਖਣ ਜੋਗੇ ਹਨ। ਜਦਕਿ ਜੱਗ ਜਾਣਦਾ ਹੈ ਕਿ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਨੇ ਕਦੇ ਕਿਸੇ ਇੱਕ ਧਰਮ ਜਾਂ ਫਿਰਕੇ ਲਈ ਵੱਖਰੀ ਅਜ਼ਾਦੀ ਜਾਂ ਦੇਸ਼ ਨਹੀਂ ਮੰਗਿਆ। ਉਨ੍ਹਾਂ ਕਦੇ ਬੱਸਾਂ ਅਤੇ ਗੱਡੀਆਂ ਵਿਚੋਂ ਕੱਢ ਕੱਢ ਅੰਗਰੇਜ਼ ਨਹੀਂ ਮਾਰੇ। ਉਨ੍ਹਾਂ ਕਦੇ ਕਿਸੇ ਧਰਮ ਅਸਥਾਨ ਨੂੰ ਹਥਿਆਰਬੰਦ ਕਿਲਾ, ਇੰਟੈਰੋਗੇਸ਼ਨ ਸੈਂਟਰ, ਫਿਰੌਤੀ ਸੈਂਟਰ, ਅਤੇ ਖੌਫ਼ ਦਾ ਅੱਡਾ ਨਹੀਂ ਬਣਾਇਆ ਸੀ। ਕਿਸੇ ਭਾਈਚਾਰੇ ਪ੍ਰਤੀ ਨਫਰਤ ਨੂੰ ਹਥਿਆਰ ਬਣਾਉਣ ਦੀ ਆਪਣੇ ਸਿਧਾਂਤ ਦੀ ਵਜਾਹਤ ਕਰਦਿਆਂ ਉਹ ਸੰਤਾਂ ਦਾ ਹਵਾਲਾ ਤਾਂ ਦਿੰਦੇ ਹਨ, ਪਰ ਪਤਾ ਨਹੀਂ ਕਿਉਂ ਸਿਰੇ ਦਾ ਸ਼ਾਤਰਬੁਧ ਹੋਣ ਤੋਂ ਬਾਅਦ ਵੀ ਇਤਿਹਾਸ ਦਾ ਇਹ ਅਹਿਮ ਤੱਥ ਚੇਤੇ ਕਰਾਉਣੋਂ ਉਕ ਜਾਂਦੇ ਹਨ। ਉਨ੍ਹਾਂ ਤੋਂ ਅੱਧੀ ਸਦੀ ਪਹਿਲਾਂ ਜਰਮਨ ਕੌਮ ਵਿਰੁਧ ਕਥਿਤ ਵਧੀਕੀਆਂ ਦੀ ਦੁਹਾਈ ਦੇ ਕੇ ਆਮ ਲੋਕਾਂ ਨੂੰ ਬੁਧੂ ਬਣਾਇਆ ਅਤੇ ਯਹੂਦੀਆਂ ਵਿਰੁਧ ਅੰਨੀ ਨਫਰਤ ਫੈਲਾਉਣ ਲਈ ਅਜਮੇਰ ਦੇ 'ਅਸਲ ਗੁਰੂ' ਹਿਟਲਰ ਨੇ ਵੀ 'ਮੇਨ ਕੈਮਫ' (ਮੇਰੀਆਂ ਯਾਦਾਂ) ਕਿਤਾਬ ਵਿਚ ਇਸ ਤੋਂ ਵਧੇਰੇ ਕਾਰਗਰ ਤਰੀਕੇ ਨਾਲ ਵਰਤੋਂ ਕੀਤੀ ਸੀ। ਅਜਮੇਰ ਦੇ ਨਫਰਤ ਦੇ ਸਾਰੇ ਸਿਧਾਂਤ ਦੀ ਵਜਾਹਤ ਮਿੰਟੂ ਬਰਾੜ ਦੀ ਇਸ ਇਕਲੌਤੀ ਵੀਡੀਓ ਨਾਲ ਹੀ ਬਥੇਰੀ ਹੋ ਜਾਂਦੀ ਹੈ, ਫਿਰ ਵੀ ਜੇ ਕੋਈ ਕਸਰ ਰਹਿ ਗਈ ਹੋਵੇ ਤਾਂ ਉਹ ਯਾਦਵਿੰਦਰ ਕਰਫਿਊ ਦੀਆਂ ਅਜਮੇਰ ਦੀ ਵਿਚਾਰਧਾਰਾ ਦੀ ਮਸ਼ਹੂਰੀ ਕਰਨ ਲਈ ਦਰਜਨਾਂ ਵੀਡੀਓਜ਼ ਸੁਣ ਕੇ ਕੱਢੀ ਜਾ ਸਕਦੀ ਹੈ। ਜੇਕਰ ਇਕੋ ਵੀਡੀਓ ਨਾਲ ਸਾਰਨਾ ਹੋਵੇ ਤਾਂ 'ਸਿੱਖ ਵਿਊ ਪੁਆਇੰਟ' ਵਾਲੇ ਅਜਮੇਰ ਸਿੰਘ ਦੇ ਆਪਣੇ ਚੈਨਲ 'ਤੇ 19 ਅਕਤੂਬਰ ਨੂੰ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਹਿੰਦੁਤਵ ਦੇ ਖਾਤੇ ਵਿਚ ਪਾਉਣ ਦੇ ਨਾਪਾਕ ਮਨਸੂਬੇ ਵਾਲੀ ਵੀਡੀਓ ਸੁਣੀ ਜਾ ਸਕਦੀ ਹੈ।

ਅੱਗੇ ਫਰਮਾਉਂਦੇ ਹਨ, 'ਜਿੱਥੇ ਸਿਰ ਲੈਣ ਅਤੇ ਦੇਣ ਦੀ ਗੱਲ ਹੋਵੇ, ਉਥੇ ਭਾਸ਼ਾ ਤਾਂ ਇਸ ਤਰ੍ਹਾਂ ਦੀ ਆਊ...ਸੰਤਾਂ ਬਾਰੇ ਵੀ ਕਿਹਾ ਜਾਂਦਾ ਸੀ ਕਿ ਸੰਤ ਜਰਨੈਲ ਸਿੰਘ ਬਹੁਤ ਤੱਤਾ ਬੋਲਦੇ ਸੀ...ਭੜਕਾਹਟ ਪੈਦਾ ਕਰਦੇ ਸੀ...ਸੋ ਮੇਰੀਆਂ ਲਿਖਤਾਂ ਵਿਚ ਇੱਕ 'ਸ਼ਾਰਪ ਐਜ' (ਤਿੱਖੀ ਧਾਰ) ਕਹਿ ਲਓ...ਤੱਥ ਹਨ...ਉਨ੍ਹਾਂ ਨੂੰ ਪੇਸ਼ ਹੀ ਇਸ ਤਰ੍ਹਾਂ ਕਰੋ ਕਿ ਵੱਜਣ ਕਿਤੇ ਜਾ ਕੇ।'

ਅੱਗੇ ਹੋਰ ਕਹਿੰਦੇ ਹਨ, 'ਦਰਬਾਰ ਸਾਹਿਬ ਹਮਲੇ ਤੋਂ ਬਾਅਦ ਜਦ ਹਥਿਆਰਬੰਦ ਸੰਘਰਸ਼ ਹੋਇਆ ਤਾਂ ਮੈਨੂੰ ਯਾਦ ਹੈ ਕਿ ਜਿਹੜਾ ਜਨਰਲ ਜਗਜੀਤ ਸਿੰਘ ਅਰੋੜਾ ਸੀਗਾ ਉਹਨੇ ਪੰਜਾਬੀ ਟ੍ਰਿਬਿਊਨ ਨਾਲ 1985 ਵਿਚ ਇੰਟਰਵਿਊ ਵਿਚ ਕਿਹਾ ਸੀ ਕਿ ਹਥਿਆਰ ਕਿਸੇ ਮਸਲੇ ਦਾ ਹੱਲ ਨਹੀਂ...ਤੁਸੀਂ ਵੇਖੋ ਉਸ ਬੰਦੇ ਨੇ ਸਾਰੀ ਉਮਰ ਹਥਿਆਰ ਵਰਤੇ ਅਤੇ ਉਸਦੀ ਪਛਾਣ ਹਥਿਆਰਾਂ ਨਾਲ ਹੈ। ਜੋ ਉਸ ਨੂੰ ਮੈਡਲ ਮਿਲੇ ਉਹ ਉਸ ਨੂੰ ਬੰਦੇ ਮਾਰ ਕੇ ਹੀ ਮਿਲੇ ਹਨ ਨਾ?...ਇਸ ਦੇ ਪਿੱਛੇ ਵੀ ਇੱਕ ਸਿਆਸਤ ਹੈ ਤਾਂਕਿ ਬੰਦਿਆਂ ਨੂੰ ਲੜਾਈ 'ਤੋਂ ਪਾਸੇ ਕੀਤਾ ਜਾਵੇ।'

ਹੋਸਟ ਹਾਮੀ ਭਰਦਾ ਹੋਇਆ ਕਹਿੰਦਾ ਹੈ, 'ਪਿੰਡਾਂ ਵਿਚ ਹੁੰਦਾ ਹੀ ਸੀ ਝਗੜੇ ਮੌਕੇ ਪਹਿਲਾਂ ਆਪਣੀ ਬਾਂਹ ਵੱਢ ਕੇ ਹੀ ਵਿਰੋਧੀ 'ਤੇ 26 ਬਨਾਉਣੀ ਪੈਂਦੀ, ਤਾਂ ਹੀ ਜਾ ਕੇ ਰਾਜ਼ੀਨਾਮਾ ਹੁੰਦੈ।' ਅੱਗੋਂ ਅਜਮੇਰ ਸਿੰਘ ਪ੍ਰੋੜਤਾ ਕਰਦੇ ਹਨ, 'ਹਾਂ...ਤੁਸੀਂ ਆਪਣਾ ਪੱਖ ਮਜ਼ਬੂਤ ਕਰਨੈ।' ਅੱਗੋਂ ਹੋਸਟ ਖੁਸ਼ ਹੋ ਕੇ ਹਥਿਆਰਬੰਦ ਸੰਗਰਸ਼ ਦੀ ਹਾਮੀ ਭਰਦਾ ਹੋਇਆ ਕਹਿੰਦਾ ਹੈ, 'ਉਸ ਨੂੰ ਵੀ ਜਵਾਬ ਮਿਲ ਗਿਆ ਹੈ ਅਤੇ ਤੁਹਾਨੂੰ (ਦਰਸ਼ਕਾਂ ਨੂੰ) ਵੀ ਮਿਲ ਗਿਆ ਹੋਵੇਗਾ ਕਿ ਮੂਹਰਲਾ ਬੰਦਾ ਟੇਬਲ 'ਤੇ ਆਉਂਦਾ ਨਹੀਂ, ਜਿੰਨਾ ਚਿਰ ਉਹਨੂੰ ਭਾਜੀ ਮੋੜੀ ਨਹੀਂ ਜਾਂਦੀ।'

ਅਜਮੇਰ ਜੀ ਦੀ ਸ਼ਰਾਰਤ ਵੇਖੋ। ਇੱਕ ਸੌਵਰਨ ਦੇਸ਼ ਦੀ ਫੌਜ ਦੇ ਇੱਕ ਸਤਿਕਾਰਤ ਸਿੱਖ ਜਰਨੈਲ ਨੂੰ ਕਿਵੇਂ ਹਥਿਆਰਾਂ ਅਤੇ ਬੰਦੇ ਮਾਰ ਕੇ ਮਿਲੇ ਮੈਡਲਾਂ ਨਾਲ ਜੋੜਦੇ ਹਨ! ਕੀ ਜਨਰਲ ਅਰੋੜਾ ਆਪਣੀ ਪ੍ਰਾਈਵੇਟ ਗਸ਼ਤੀ ਟੋਲੇ ਬਣਾਈ ਫਿਰਦਾ ਸੀ ਅਤੇ ਆਮ ਪਾਕਿਸਤਾਨੀਆਂ ਨੂੰ ਘਰਾਂ ਵਿਚੋਂ ਧੂਹ-ਧੂਹ ਕੇ ਮਾਰਦਾ ਸੀ? ਉਸ ਨੇ ਤਾਂ ਹਥਿਆਰ ਸੁੱਟ ਚੁੱਕੇ 93 ਹਜ਼ਾਰ ਦੇ ਕਰੀਬ ਪਾਕਿਸਤਾਨੀਆਂ ਵਿਚੋਂ ਇੱਕ ਨੂੰ ਵੀ ਕੋਈ ਨੁਕਸਾਨ ਨਹੀਂ ਸੀ ਪੁੱਜਣ ਦਿਤਾ ਅਤੇ ਉਨ੍ਹਾਂ ਦੀ ਰਾਖੀ ਜਨੇਵਾ ਕਨਵੈਨਸ਼ਨ ਮੁਤਾਬਕ ਕੀਤੀ, ਜਦਕਿ ਬੰਗਲਾਦੇਸ਼ੀ ਪਬਲਿਕ ਵਿਚ ਉਨ੍ਹਾਂ ਖਿਲਾਫ਼ ਤਿੱਖਾ ਰੋਹ ਸੀ, ਜਿਨ੍ਹਾਂ ਦਾ ਇਨ੍ਹਾਂ ਪਾਕਿਸਤਾਨੀ ਫੌਜੀਆਂ ਨੇ ਕਤਲੇਆਮ ਕੀਤਾ ਸੀ ਅਤੇ ਹਜਾਰਾਂ ਬੰਗਾਲੀ ਔਰਤਾਂ ਨਾਲ ਬਲਾਤਕਾਰ ਕੀਤੇ ਸਨ, ਜਿਸ ਦੇ ਠੋਸ ਤੱਥ ਮੌਜੂਦ ਹਨ।

ਫਿਰ ਹੋਸਟ ਦੀ ਪ੍ਰੋੜਤਾ ਸੁਣ ਲਉ ਕਿ ਪਿੰਡਾਂ ਦੀਆਂ ਲੜਾਈਆਂ ਵਿਚ ਆਪਣੀ ਬਾਂਹ ਆਪ ਹੀ ਵੱਡ ਕੇ ਵਿਰੋਧੀ ਉਤੇ ਧਾਰਾ 26 ਦਾ ਕੇਸ ਝੂਠ ਬੋਲ ਕੇ ਬਣਾਇਆ ਜਾਂਦਾ ਹੈ ਅਤੇ ਹੋਸਟ ਇਸ ਨੂੰ ਕਥਿਤ ਖਾਲਿਸਤਾਨੀ ਹਥਿਆਰਬੰਦ ਲੜਾਈ ਨਾਲ ਜੋੜਦਾ ਹੋਇਆ ਜਾਇਜ ਦੱਸਦਾ ਹੈ। ਇਹ ਰੂੜੀਵਾਦੀ ਜੱਟ ਸਿੱਖ ਮਾਨਸਕਿਤਾ ਦਾ ਸਿੱਧਾ ਪ੍ਰਗਟਾਵਾ ਹੈ ਜਿਸ ਨਾਲ ਕਿਸੇ ਕੌਮ ਜਾਂ ਫਿਰਕੇ ਦਾ ਭਲਾ ਨਹੀਂ ਹੋ ਸਕਦਾ। ਪਿੰਡਾਂ ਵਿਚ ਦੋ ਧਿਰਾਂ ਦੀ ਜਟਕਾ ਲੜਾਈ ਵਿਚ ਝੂਠ ਦਾ ਬੋਲ-ਬਾਲਾ ਸਿੱਖਾਂ ਲਈ ਧਰਮ ਅਤੇ ਇਨਸਾਫ਼ ਅਧਾਰਿਤ ਰਾਜ ਕਾਇਮ ਕਰਨ ਲਈ ਕਿਵੇਂ ਵਰਤਿਆ ਜਾ ਸਕਦਾ ਹੈ? ਜਿਸ ਨੂੰ ਜਾਇਜ ਠਹਿਰਾਉਣ ਲਈ ਖਾਲਿਸਤਾਨੀ ਗੁਰੂ ਬਾਬੇ ਨਾਨਕ ਦਾ ਹਵਾਲਾ ਦੇ ਕੇ ਆਖਦੇ ਹਨ, 'ਨਾਨਕ ਨਿਰਮਲ ਪੰਥ ਚਲਾਇਆ।' ਨਾਨਕ ਦੇ ਇਸ ਨਿਰਮਲ ਪੰਥ ਲਈ ਵੱਖਰੇ ਦੇਸ਼ ਦੀ ਨੀਂਹ ਵਿਚ ਇਹ ਆਪਣੀ ਬਾਂਹ ਆਪ ਵੱਡ ਕੇ ਵਿਰੋਧੀਆਂ ਤੇ ਧਾਰਾ 26 ਦੇ ਝੂਠੇ ਕੇਸਾਂ ਦੇ ਕੰਡੇ ਖਿਲਾਰਨਗੇ?

ਹੋਸਟ ਜੀ ਅਗਰ ਤੁਹਾਨੂੰ ਜਵਾਬ ਮਿਲ ਗਿਆ ਹੈ ਤਾਂ ਜਵਾਬ ਸਾਨੂੰ ਵੀ ਮਿਲ ਗਿਆ ਹੈ ਕਿ ਅਜਮੇਰ ਵਰਗੇ ਛਲੇਡੇ ਦੀ ਰਹਿਨੁਮਾਈ ਹੇਠ ਭਾਰਤ ਦੇਸ਼, ਹਿੰਦੂਆਂ ਅਤੇ ਖਾਲਿਸਤਾਨ ਵਿਰੋਧੀ ਸਿੱਖਾਂ ਦੇ ਖਿਲਾਫ਼ ਝੂਠੇ ਅਤੇ ਮਨਘੜਤ 'ਧਾਰਾ 26' ਅਤੇ ਇਸ ਤੋਂ ਵੀ ਉਪਰਲੀਆਂ ਧਾਰਾਵਾਂ ਦੇ ਕੇਸ ਬਣਾਏ ਜਾਣ, ਤਾਂਕਿ ਕਿਸੇ ਤਰ੍ਹਾਂ ਸਿੱਖਾਂ ਵਿਚ ਵੱਧ ਤੋਂ ਵੱਧ ਨਫਰਤ ਪੈਦਾ ਕਰਕੇ ਦੇਸ਼ ਵਿਚ ਫਿਰਕੂ ਹਿੰਸਾ ਕਰਵਾਈ ਜਾਵੇ। ਸਾਨੂੰ ਇਹ ਵੀ ਪਤਾ ਹੈ ਕਿ ਇਸ ਵਿਚ ਕੁਝ ਵਿਦੇਸ਼ੀ ਤਾਕਤਾਂ ਵੀ ਤੁਹਾਡੇ ਨਾਲ ਹਨ। ਪੰਜਾਬ ਦੇ ਲੋਕ ਇਸ ਕਿਸਮ ਦੀ ਲਹਿਰ ਦਾ ਦੁੱਖ ਪਹਿਲਾਂ ਵੀ ਹੰਡਾ ਚੁੱਕੇ ਹਨ। ਅਜਮੇਰ ਦੇ ਤਸੱਵਰ ਦੀ ਖਾਲਿਸਤਾਨੀ ਲਹਿਰ ਹਿੰਸਾ, ਝੂਠੀ ਮ੍ਰਿਗ ਤ੍ਰਿਸ਼ਨਾ ਦੇ ਆਧਾਰ 'ਤੇ ਖੜੀ ਹੈ। ਇਸ ਵਿਚ ਵਿਚਾਰ-ਵਟਾਂਦਰੇ ਲਈ ਕੋਈ ਥਾਂ ਨਹੀਂ ਹੈ। ਅਜਮੇਰ ਜੀ ਯਾਦ ਰਖੋ, ਤੁਹਾਡੀ ਇਹ 'ਮ੍ਰਿਗ ਤ੍ਰਿਸ਼ਨਾ' ਦੁਨੀਆ ਭਰ ਵਿਚ ਹਸਦੇ-ਵਸਦੇ ਭਾਈਚਾਰੇ ਨੂੰ ਕਦੀ ਕਿਸੇ ਬੰਨ੍ਹੇ ਨਹੀਂ ਲਾਵੇਗੀ। ਲੋਕਾਂ ਨੂੰ ਡਰ, ਭੈਅ, ਹਿੰਸਾ, ਕਤਲਾਂ ਅਤੇ ਡਾਂਗਾਂ ਨਾਲ ਭੇਡਾਂ-ਬੱਕਰੀਆਂ ਵਾਂਗ ਅੱਗੇ ਲਗਾ ਕੇ ਭਾਂਤ-ਭਾਂਤ ਦੇ ਝੂਠੇ ਖੁਆਬ ਦਿਖਾ ਕੇ ਖਾਲਿਸਤਾਨ ਬਨਾਉਣ ਦੀ ਤੁਹਾਡੀ ਸਾਜਿਸ਼ ਕਦੇ ਕਾਮਯਾਬ ਨਹੀਂ ਹੋਵੇਗੀ। ਇਹ ਸਾਜਿਸ਼ ਇੱਕ ਵਾਰ ਬੁਰੀ ਤਰਾਂ ਫੇਲ੍ਹ ਹੋ ਚੁੱਕੀ ਹੈ ਅਤੇ ਹਰ ਵਾਰ ਫੇਲ੍ਹ ਹੋਵੇਗੀ। ਤੁਹਾਡੇ ਵਰਗੇ ਸੁਪਨੇਸਾਜ ਅਜੋਕੀ ਕੋਮਾਂਤਰੀ ਸਥਿਤੀ ਨੂੰ ਪੂਰੀ ਤਰ੍ਹਾਂ ਅਖੌਂ-ਪਰੋਖੇ ਕਰ ਰਹੇ ਹਨ। ਮੰਨ ਲੈਂਦੇ ਹਾਂ ਕਿ ਸਰਕਾਰ ਤੁਹਾਡੇ ਨਾਲ ਇਸ ਇਸ਼ੂ 'ਤੇ ਗੱਲਬਾਤ ਦੀ ਮੇਜ਼ 'ਤੇ ਜੇ ਕਿਤੇ ਆ ਵੀ ਗਈ, ਤਾਂ ਤੁਹਾਨੂੰ ਤਾਂ ਅਜ ਤਕ ਇਹ ਵੀ ਸਪਸ਼ਟ ਨਹੀਂ ਹੈ ਕਿ ਖਾਲਿਸਤਾਨ ਦੀ ਸਿਰਜਣਾ ਕਿਹੜੇ ਜਿਲ੍ਹਿਆਂ ਵਿਚ ਕਰਨੀ ਹੈ। ਪਹਿਲਾਂ ਹੀ ਅਨੇਕਾਂ ਵਾਰ ਕੱਟੇ-ਵਢੇ ਗਏ ਪੰਜਾਬ ਦੇ ਹਿੰਦੂ ਬਹੁਗਿਣਤੀ ਵਾਲੇ ਪਠਾਨਕੋਟ, ਨਵਾਂ ਸ਼ਹਿਰ, ਹੁਸਿਆਰਪੁਰ ਫਾਜਿਲਕਾ ਤੇ ਆਨੰਦਪੁਰ ਵਰਗੇ ਜਿਲ੍ਹਿਆਂ ਦਾ ਕੀ ਕਰਨਾ ਹੈ। ਮੰਨ ਲਓ ਇਹ ਮਸਲਾ ਕਿਸੇ ਤਰ੍ਹਾਂ ਹੱਲ ਵੀ ਹੋ ਜਾਂਦਾ ਹੈ, ਤਾਂ ਤੁਸੀਂ ਸਾਰੀ ਉਮਰ ਪੰਜਾਬ ਦੇ ਪਿੰਡਾਂ ਵਿਚ ਹੀ ਵਿਚਰੇ ਹੋ, ਤੁਹਾਨੂੰ ਇਸ ਕੜਵੀ ਸੱਚਾਈ ਦਾ ਪਤਾ ਨਹੀਂ ਕਿ ਬਾਕੀ ਜਿਲ੍ਹਿਆਂ ਅੰਦਰ ਭਾਰੀ ਗਿਣਤੀ ਵਿਚ ਰਹਿੰਦੇ ਦਲਿਤਾਂ ਅਤੇ ਹੋਰ ਅਨੇਕਾਂ ਘੱਟਗਿਣਤੀ ਭਾਈਚਾਰਿਆਂ ਦੇ ਲੋਕਾਂ ਨੇ ਤੁਹਾਡੇ ਨਾਲ ਰਲਣਾ ਨਹੀਂ ਹੈ!

# ਮਜ਼ਦੂਰਾਂ ਦੀ ਸੁਰੱਖਿਆ ਖ਼ਤਮ ਕਰਦੇ ਹਨ ਭਾਰਤ ਦੇ ਨਵੇਂ ਕਿਰਤ ਕੋਡ

***ਵਿਆਪਕ ਵਿਰੋਧ ਦੇ ਬਾਵਜੂਦ ਮੋਦੀ ਸਰਕਾਰ ਵੱਲੋਂ ਚਾਰ ਕਿਰਤ ਕੋਡ ਲਾਗੂ ਕਰ ਦਿੱਤੇ ਗਏ। ਪੁਰਾਣੇ ਕਿਰਤ ਕਾਨੂੰਨਾਂ ਦਾ ਭੋਗ ਪਾ ਕੇ ਕੀਤੀ ਇਹ ਰੱਦੋ-ਬਦਲ ਕਿਸ ਦੇ ਪੱਖ 'ਚ ਕੀਤੀ ਗਈ ਹੈ? ਉੱਘੇ ਦਲਿਤ ਚਿੰਤਕ ਅਤੇ ਵਿਦਵਾਨ ਆਨੰਦ ਤੇਲਤੁੰਬੜੇ ਵੱਲੋਂ ਕਿਰਤ ਕੋਡਾਂ ਦੀ ਚੀਰ-ਫਾੜ ਦੱਸਦੀ ਹੈ ਕਿ ਇਹ ਕੋਡ ਮਜ਼ਦੂਰਾਂ ਦੀ ਲੁੱਟ-ਖਸੁੱਟ ਨੂੰ ਕਾਨੂੰਨੀ ਬਣਾਉਂਦੇ ਹਨ, ਉਨ੍ਹਾਂ ਦੀ ਅਸੁਰੱਖਿਆ ਨੂੰ ਰਸਮੀ ਰੂਪ ਦਿੰਦੇ ਹਨ ਅਤੇ ਉਨ੍ਹਾਂ ਦੀ ਅਧੀਨਤਾ ਨੂੰ ਹੀ ਮੁਕਤੀ ਵਜੋਂ ਪੇਸ਼ ਕਰਦੇ ਹਨ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸ ਵਡਮੁੱਲੇ ਵਿਸ਼ਲੇਸ਼ਣ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।-ਸੰਪਾਦਕ।।***

ਜਦੋਂ ਮੋਦੀ ਸਰਕਾਰ ਨੇ 21 ਨਵੰਬਰ ਨੂੰ ਚਾਰ ਨਵੇਂ ਕਿਰਤ ਕੋਡ ਲਾਗੂ ਕੀਤੇ, ਤਾਂ ਦਾਅਵਾ ਕੀਤਾ ਗਿਆ ਕਿ ਇਹ 'ਆਜ਼ਾਦੀ ਤੋਂ ਬਾਅਦ ਦੇ ਸਭ ਤੋਂ ਭਰਵੇਂ ਅਤੇ ਅਗਾਂਹਵਧੂ ਮਜ਼ਦੂਰ-ਕੇਂਦਰਿਤ ਸੁਧਾਰਾਂ ਵਿੱਚੋਂ ਇਕ' ਹਨ। ਖੁਦ ਪ੍ਰਧਾਨ ਮੰਤਰੀ ਨੇ ਆਪਣੇ ਵਿਸ਼ੇਸ਼ ਜਸ਼ਨੀ ਅੰਦਾਜ਼ ਵਿਚ ਇਸ ਪਲ ਦਾ ਜਸ਼ਨ ਮਨਾਇਆ ਕਿ ਇਹ ਕੋਡ 'ਸਾਡੇ ਮਜ਼ਦੂਰਾਂ ਨੂੰ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਬਣਾਉਂਦੇ ਹਨ' ਅਤੇ ਨਾਲ ਹੀ ਕਾਰੋਬਾਰਾਂ ਲਈ ਨਿਯਮਾਂ ਦੀ ਪਾਲਣਾ ਕਰਨ ਨੂੰ ਸੌਖਾ ਕਰਦੇ ਹਨ।

ਦਸ ਵੱਡੀਆਂ ਕੇਂਦਰੀ ਟਰੇਡ ਯੂਨੀਅਨਾਂ 'ਤੇ ਆਧਾਰਤ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਮੰਚ ਨੇ ਇਸ ਨੂੰ ਵੱਖਰੇ ਤਰੀਕੇ ਨਾਲ ਦੇਖਿਆ। ਤਿੱਖਾ ਬਿਆਨ ਜਾਰੀ ਕਰਕੇ ਉਨ੍ਹਾਂ ਨੇ ਇਸ ਨੂੰ ਭਾਰਤ ਦੇ ਕਿਰਤੀ ਲੋਕਾਂ ਨਾਲ 'ਧੋਖੇ ਭਰਿਆ ਫਰਾਡ' ਕਰਾਰ ਦੇ ਕੇ ਇਨ੍ਹਾਂ ਦੀ ਨਿਖੇਧੀ ਕੀਤੀ ਅਤੇ ਸੜਕਾਂ 'ਤੇ ਪ੍ਰਦਰਸ਼ਨ ਕਰਕੇ ਕੋਡਾਂ ਦੀਆਂ ਕਾਪੀਆਂ ਸਾੜੀਆਂ।

ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਦੋਸ਼ ਲਗਾਇਆ ਕਿ ਇਹ ਸੁਧਾਰ 'ਸਖ਼ਤ ਘਾਲਣਾ ਘਾਲ ਕੇ ਹਾਸਲ

**ਆਨੰਦ ਤੇਲਤੁੰਬੜੇ**
**ਬੂਟਾ ਸਿੰਘ ਮਹਿਮੂਦਪੁਰ**

ਕੀਤੇ ਗਏ 29 ਕਿਰਤ ਕਾਨੂੰਨਾਂ ਨੂੰ ਖ਼ਤਮ ਕਰਦੇ ਹਨ' ਅਤੇ 'ਤਾਕਤ ਦਾ ਸੰਤੁਲਨ ਸਾਫ਼ ਤੌਰ 'ਤੇ ਮਾਲਕਾਂ ਦੇ ਹੱਕ ਵਿਚ ਮੋੜ ਦਿੰਦੇ ਹਨ।' ਇੱਥੋਂ ਤੱਕ ਕਿ ਇੰਡੀਅਨ ਐਂਟਰਪ੍ਰਿਨਿਊਰਜ਼ ਐਸੋਸੀਏਸ਼ਨ—ਜੋ ਮਜ਼ਦੂਰ ਹੱਕਾਂ ਦੀ ਵਕਾਲਤ ਲਈ ਨਹੀਂ ਜਾਣੀ ਜਾਂਦੀ—ਨੇ ਵੀ ਸੰਚਾਲਨ ਲਾਗਤਾਂ ਵਿਚ ਵੱਡੇ ਵਾਧੇ 'ਤੇ ਚਿੰਤਾ ਜ਼ਾਹਿਰ ਕੀਤੀ ਹੈ।

ਕੌਣ ਸਹੀ ਹੈ? ਇਹ ਇਤਿਹਾਸਕ ਸੁਧਾਰ ਹੈ ਜਾਂ ਇਤਿਹਾਸਕ ਵਿਸ਼ਵਾਸਘਾਤ? ਇਸ ਦਾ ਜਵਾਬ ਵੇਰਵਿਆਂ ਵਿਚ ਹੈ—ਪੁਰਾਣੇ ਕਾਨੂੰਨਾਂ ਦੀਆਂ ਖ਼ਾਸ ਵਿਵਸਥਾਵਾਂ ਦੀ ਨਵੇਂ ਕੋਡਾਂ ਨਾਲ ਤੁਲਨਾ ਕਰਨ ਵਿਚ। ਜਦੋਂ ਅਸੀਂ ਸਿਲਸਿਲੇਵਾਰ ਤਰੀਕੇ ਨਾਲ ਇਹ ਤੁਲਨਾਵਾਂ ਕਰਦੇ ਹਾਂ ਤਾਂ ਸਾਫ਼ ਪੈਟਰਨ ਉੱਭਰ ਕੇ ਸਾਹਮਣੇ ਆਉਂਦਾ ਹੈ: ਆਧੁਨਿਕੀਕਰਨ ਅਤੇ ਸੁਰੱਖਿਆ ਦੇ ਘੇਰੇ ਦਾ ਵਿਸਤਾਰ ਕਰਨ ਦੀ ਬਿਆਨਬਾਜ਼ੀ ਦੇ ਪਰਦੇ ਹੇਠ ਇਹ ਕੋਡ ਲਗਾਤਾਰ ਸੁਰੱਖਿਆ ਨੂੰ ਕਮਜ਼ੋਰ ਕਰਦੇ ਹਨ, ਅਸੁਰੱਖਿਆ ਨੂੰ ਵਧਾਉਂਦੇ ਹਨ ਅਤੇ ਤਾਕਤ ਨੂੰ ਨਾਟਕੀ ਤੌਰ 'ਤੇ ਮਜ਼ਦੂਰਾਂ ਤੋਂ ਮਾਲਕਾਂ ਵੱਲ ਤਬਦੀਲ ਕਰਦੇ ਹਨ।

**ਛਾਂਟੀ ਕ੍ਰਾਂਤੀ**

ਸ਼ਾਇਦ ਸਭ ਤੋਂ ਨਿਰਣਾਇਕ ਬਦਲਾਅ ਛਾਂਟੀ ਨਾਲ ਸੰਬੰਧਤ ਹੈ - ਅਰਥਾਤ ਮਜ਼ਦੂਰਾਂ ਦੀ ਨੌਕਰੀ ਦਾ ਸਥਾਈ ਖ਼ਾਤਮਾ। ਇਹ ਵਿਵਸਥਾ ਕੋਡਾਂ ਦੇ ਮੂਲ ਤਰਕ ਨੂੰ ਬਿਲਕੁਲ ਸਾਫ਼ ਕਰ ਦਿੰਦੀ ਹੈ। ਉਦਯੋਗਿਕ ਵਿਵਾਦ ਕਾਨੂੰਨ 1947 ਦੇ ਤਹਿਤ, 100 ਜਾਂ ਇਸ ਤੋਂ ਵੱਧ ਮਜ਼ਦੂਰਾਂ ਵਾਲੀਆਂ ਫੈਕਟਰੀਆਂ, ਖਾਣਾਂ ਜਾਂ ਬਾਗ਼ਾਂ ਨੂੰ ਛਾਂਟੀ ਕਰਨ, ਲੇ-ਆਫ਼ ਕਰਨ ਜਾਂ ਬੰਦ ਕਰਨ ਤੋਂ ਪਹਿਲਾਂ ਕੇਂਦਰ ਜਾਂ ਰਾਜ ਸਰਕਾਰ ਦੀ ਮਨਜ਼ੂਰੀ ਲੈਣੀ ਪੈਂਦੀ ਸੀ। ਇਹ ਤਿੰਨੋਂ ਖੇਤਰ ਜਥੇਬੰਦ ਖੇਤਰ ਦੇ ਇਕ-ਤਿਹਾਈ ਤੋਂ ਵੱਧ ਨਹੀਂ ਸਨ।

ਉਦਯੋਗਿਕ ਸੰਬੰਧ ਕੋਡ, 2020—ਜੋ ਪਿਛਲੇ ਮਹੀਨੇ ਲਾਗੂ ਹੋਇਆ—ਦੇ ਤਹਿਤ ਇਹ ਹੱਦ ਤਿੱਗਣੀ ਕਰਕੇ 300 ਮਜ਼ਦੂਰ ਕਰ ਦਿੱਤੀ ਗਈ ਹੈ ਅਤੇ ਇਸਨੂੰ ਪੂਰੇ ਜਥੇਬੰਦ ਖੇਤਰ 'ਤੇ ਲਾਗੂ ਕਰ ਦਿੱਤਾ ਗਿਆ ਹੈ। ਸਰਕਾਰ ਨੋਟੀਫਿਕੇਸ਼ਨ ਰਾਹੀਂ ਇਸ ਹੱਦ ਨੂੰ ਹੋਰ ਵਧਾ ਵੀ ਸਕਦੀ ਹੈ। ਹੁਣ 300 ਤੱਕ ਕਰਮਚਾਰੀਆਂ ਵਾਲੀਆਂ ਕੰਪਨੀਆਂ ਬਿਨਾਂ ਕਿਸੇ ਮਨਜ਼ੂਰੀ ਦੇ ਮਜ਼ਦੂਰਾਂ ਨੂੰ ਕੰਮ ਤੋਂ ਕੱਢ ਸਕਦੀਆਂ ਹਨ।

ਇਸ ਦਾ ਅਰਥ ਇਹ ਹੈ ਕਿ 100 ਤੋਂ 299 ਮਜ਼ਦੂਰਾਂ ਵਾਲੀਆਂ ਉਦਯੋਗਿਕ ਇਕਾਈਆਂ—ਜੋ ਭਾਰਤੀ ਉਦਯੋਗ ਦਾ ਵਿਸ਼ਾਲ ਹਿੱਸਾ, ਯਾਨੀ 87% ਤੋਂ ਵੱਧ ਹਨ—ਦੇ ਮਾਲਕ ਹੁਣ ਬਿਨਾਂ ਸਰਕਾਰੀ ਨਿਗਰਾਨੀ, ਬਿਨਾਂ ਕਾਰਨ ਦੱਸੇ ਮਜ਼ਦੂਰਾਂ ਨੂੰ ਨੌਕਰੀ ਤੋਂ ਕੱਢ ਸਕਦੇ ਹਨ, ਉਨ੍ਹਾਂ ਨੂੰ ਡਰ ਨਹੀਂ ਰਿਹਾ ਕਿ ਆਪਹੁਦਰੇ ਤਰੀਕੇ ਨਾਲ ਕੀਤੀ ਬਰਖ਼ਾਸਤਗੀ ਦੀ ਕੋਈ ਜਵਾਬ ਤਲਬੀ ਹੋਵੇਗੀ।

ਇਸ ਦਾ ਅਸਲ ਪ੍ਰਭਾਵ ਮਜ਼ਦੂਰਾਂ ਦਾ ਅਜਿਹਾ ਵਿਆਪਕ ਵਰਗ ਪੈਦਾ ਕਰਨਾ ਹੈ ਜੋ ਹਮੇਸ਼ਾ ਮਨਮਰਜ਼ੀ ਨਾਲ ਕੰਮ ਤੋਂ ਕੱਢ ਦੇਣ ਦੇ ਡਰ ਵਿਚ ਜੀਵੇ। ਜੇ ਮਾਲਕ ਨੂੰ ਕਿਸੇ ਮਜ਼ਦੂਰ ਦੀ ਯੂਨੀਅਨ ਦੀ ਸਰਗਰਮੀ, ਜਾਤੀ ਪਿਛੋਕੜ ਜਾਂ ਨਿੱਜੀ ਵਿਹਾਰ ਪਸੰਦ ਨਹੀਂ ਹੈ, ਤਾਂ ਉਹ ਉਸਨੂੰ ਸਿੱਧਾ ਕੱਢ ਸਕਦਾ ਹੈ—ਨਾ ਕੋਈ ਸਵਾਲ, ਨਾ ਕੋਈ ਅਪੀਲ। ਇਹ ਲਚਕ ਨਹੀਂ, ਇਹ ਤਾਨਾਸ਼ਾਹੀ ਹੈ।

**ਹੜਤਾਲ ਦੇ ਅਧਿਕਾਰ ਦਾ ਗਲਾ ਘੁੱਟਣਾ**

ਹੜਤਾਲ ਦਾ ਅਧਿਕਾਰ ਮਜ਼ਦੂਰਾਂ ਦੀ ਸਾਂਝੀ ਤਾਕਤ ਦਾ ਆਧਾਰ ਹੈ। ਇਹ ਲੋਟੂ ਮਾਲਕਾਂ ਵਿਰੁੱਧ ਮਜ਼ਦੂਰਾਂ ਦੇ ਦਬਾਅ ਦਾ ਆਖ਼ਰੀ ਹਥਿਆਰ ਹੈ - ਕਿਰਤ ਕਰਨ ਤੋਂ ਹੱਥ ਖਿੱਚ ਲੈਣ ਅਤੇ ਪੈਦਾਵਾਰ ਰੋਕ ਦੇਣ ਦੀ ਸਮਰੱਥਾ। ਨਵੇਂ ਕੋਡ ਇਸ ਅਧਿਕਾਰ ਦਾ ਸਿਲਸਿਲੇਵਾਰ ਤਰੀਕੇ ਨਾਲ ਗਲਾ ਘੁੱਟਦੇ ਹਨ।

ਉਦਯੋਗਿਕ ਵਿਵਾਦ ਕਾਨੂੰਨ, 1947 ਦੇ ਤਹਿਤ 'ਜਨਤਕ ਵਰਤੋਂ ਸੇਵਾਵਾਂ'—ਜਿਵੇਂ ਰੇਲਵੇ, ਬੰਦਰਗਾਹ, ਸਫ਼ਾਈ ਅਤੇ ਇਸ ਤਰ੍ਹਾਂ ਦੀਆਂ ਹੋਰ ਜ਼ਰੂਰੀ ਸੇਵਾਵਾਂ—ਵਿਚ ਬਿਨਾਂ ਨੋਟਿਸ ਦਿੱਤੇ ਮਜ਼ਦੂਰਾਂ ਦੇ ਹੜਤਾਲ ਕਰਨ ਦੀ ਮਨਾਹੀ ਸੀ। ਹੋਰ ਮਜ਼ਦੂਰਾਂ ਉੱਤੇ ਘੱਟ ਪਾਬੰਦੀਆਂ ਸਨ।

ਨਵੇਂ ਉਦਯੋਗਿਕ ਸੰਬੰਧ ਕੋਡ, 2020 ਅਨੁਸਾਰ, ਕਿਸੇ ਵੀ ਅਦਾਰੇ ਦੇ ਮਜ਼ਦੂਰ ਤਾਂ ਹੀ ਹੜਤਾਲ 'ਤੇ ਜਾ ਸਕਦੇ ਹਨ ਜਦੋਂ ਉਹ ਹੜਤਾਲ ਤੋਂ 60 ਦਿਨ ਪਹਿਲਾਂ ਨੋਟਿਸ ਦਿੰਦੇ ਹਨ ਅਤੇ ਉਹ ਅਜਿਹਾ ਨੋਟਿਸ ਦੇਣ ਤੋਂ 14 ਦਿਨਾਂ ਦੇ ਅੰਦਰ ਹੀ ਕਰ ਸਕਦੇ ਹਨ।

ਸਮਝੌਤਾ ਕਰਵਾਉਣ ਦੇ ਅਮਲ ਦੌਰਾਨ (ਅਤੇ ਉਸ ਤੋਂ ਸੱਤ ਦਿਨ ਬਾਅਦ ਤੱਕ), ਟ੍ਰਿਬਿਊਨਲ ਜਾਂ ਸਾਲਸੀ ਦੌਰਾਨ (ਅਤੇ ਉਸ ਤੋਂ 60 ਦਿਨ ਬਾਅਦ ਤੱਕ) ਅਤੇ ਕਿਸੇ ਵੀ ਸਮਝੌਤੇ ਜਾਂ ਐਵਾਰਡ ਦੇ ਲਾਗੂ ਰਹਿਣ ਸਮੇਂ ਹੜਤਾਲ ਕਰਨ ਦੀ ਮਨਾਹੀ ਰਹੇਗੀ।

ਜੇ ਕਿਸੇ ਕੰਪਨੀ ਦੇ 50% ਤੋਂ ਵੱਧ ਮਜ਼ਦੂਰ ਇਕੱਠੇ ਅਚਨਚੇਤੀ ਛੁੱਟੀ ਲੈਂਦੇ ਹਨ, ਤਾਂ ਇਸਨੂੰ ਵੀ ਹੜਤਾਲ ਮੰਨਿਆ ਜਾਵੇਗਾ—ਅਰਥਾਤ ਬਿਨਾਂ ਅਗਾਊਂ ਨੋਟਿਸ ਦਿੱਤੇ ਸਮੂਹਿਕ ਗੈਰਹਾਜ਼ਰੀ ਵੀ ਗ਼ੈਰਕਾਨੂੰਨੀ ਮੰਨੀ ਜਾਵੇਗੀ।

ਇਹ ਸਾਰੇ ਪ੍ਰਕਿਰਿਆਤਮਕ ਨਿਯਮ ਅਚਾਨਕ ਹੋਣ ਵਾਲੀਆਂ ਹੜਤਾਲਾਂ—ਜੋ ਅਕਸਰ ਸਭ ਤੋਂ ਪ੍ਰਭਾਵਸ਼ਾਲੀ ਹੁੰਦੀਆਂ ਹਨ—ਨੂੰ ਲਗਭਗ ਅਸੰਭਵ ਬਣਾ ਦਿੰਦੇ ਹਨ। ਮਜ਼ਦੂਰਾਂ ਨੂੰ ਹਫ਼ਤੇ ਪਹਿਲਾਂ ਆਪਣਾ ਇਰਾਦਾ ਦੱਸਣਾ ਲਾਜ਼ਮੀ ਕਰ ਦਿੱਤਾ ਗਿਆ ਹੈ, ਜਿਸ ਨਾਲ ਮਾਲਕਾਂ ਨੂੰ ਮਜ਼ਦੂਰਾਂ ਦੇ ਦਬਾਅ ਨੂੰ ਨਾਕਾਮ ਬਣਾਉਣ ਲਈ ਹੜਤਾਲ-ਤੋੜੂ ਤਿਆਰ ਕਰਨ, ਹੜਤਾਲ ਜਥੇਬੰਦ ਕਰਨ ਵਾਲਿਆਂ ਨੂੰ ਡਰਾਉਣ-ਧਮਕਾਉਣ ਜਾਂ ਕਥਿਤ ਸਮੱਸਿਆ ਖੜ੍ਹੀ ਕਰਨ ਵਾਲਿਆਂ ਨੂੰ ਪਹਿਲਾਂ ਹੀ ਨੌਕਰੀਆਂ ਤੋਂ ਕੱਢ ਦੇਣ ਲਈ ਖੁੱਲ੍ਹਾ ਸਮਾਂ ਮਿਲ ਜਾਂਦਾ ਹੈ।

ਇਸ ਤੋਂ ਵੀ ਵਧ ਖ਼ਤਰਨਾਕ ਗੱਲ ਇਹ ਹੈ ਕਿ ਸਮਝੌਤਾ ਜਾਂ ਨਿਆਂਕਾਰੀ ਕਾਰਵਾਈਆਂ ਸਾਲਾਂ ਤੱਕ ਚੱਲ ਸਕਦੀਆਂ ਹਨ, ਅਤੇ ਇਸ ਦੌਰਾਨ ਨਿਆਂ ਮਿਲਣ ਵਿਚ ਦੇਰੀ ਦੇ ਬਾਵਜੂਦ ਮਜ਼ਦੂਰ ਕਿਸੇ ਵੀ ਤਰ੍ਹਾਂ ਦਾ ਸੰਘਰਸ਼ ਨਹੀਂ ਕਰ ਸਕਦੇ। ਕਿਉਂਕਿ ਮਾਲਕ ਸੌਖਿਆਂ ਹੀ ਸਮਝੌਤੇ ਜਾਂ ਟ੍ਰਿਬਿਊਨਲ ਦੀ ਪ੍ਰਕਿਰਿਆ ਨੂੰ ਲਮਕਾ ਸਕਦੇ ਹਨ, ਇਸ ਤਰ੍ਹਾਂ ਉਹ ਮਜ਼ਦੂਰਾਂ ਨੂੰ ਅਨਿਸ਼ਚਿਤ ਸਮੇਂ ਤੱਕ ਹੜਤਾਲ ਕਰਨ ਤੋਂ ਰੋਕ ਸਕਦੇ ਹਨ।

ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਦੇ ਅਨੁਸਾਰ, ਇਹ ਵਿਵਸਥਾਵਾਂ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ (ਆਈਐਲਓ) ਦੇ ਅਸੂਲਾਂ ਦੀ ਉਲੰਘਣਾ ਕਰਦੀਆਂ ਹਨ। ਆਈਐਲਓ ਦੇ ਅਸੂਲਾਂ ਵਿਚ ਕਿਹਾ ਗਿਆ ਹੈ ਕਿ ਹੜਤਾਲ ਤੋਂ ਪਹਿਲਾਂ ਸੂਚਨਾ ਦੇਣ ਦੀ ਪਾਬੰਦੀ ਸਿਰਫ਼ ਉਦੋਂ ਹੀ ਮੰਨਣਯੋਗ ਹੈ ਜਦੋਂ ਉਸ ਨਾਲ ਹੜਤਾਲ 'ਅਮਲ ਵਿਚ ਬਹੁਤ ਔਖੀ ਜਾਂ ਅਸੰਭਵ' ਨਾ ਹੋ ਜਾਵੇ। ਭਾਰਤੀ ਕਿਰਤ ਕੋਡ ਠੀਕ ਇਸੇ ਹੱਦ ਨੂੰ ਪਾਰ ਕਰਦੇ ਹਨ, ਇਹ ਹੜਤਾਲਾਂ ਨੂੰ ਐਨਾ ਮੁਸ਼ਕਲ ਅਤੇ ਜੋਖ਼ਮ ਵਾਲਾ ਬਣਾ ਦਿੰਦੇ ਹਨ ਕਿ ਜ਼ਿਆਦਾਤਰ ਕਿਰਤੀਆਂ ਲਈ ਹੜਤਾਲਾਂ ਵਿਹਾਰਕ ਤੌਰ 'ਤੇ ਅਸੰਭਵ ਹੋ ਜਾਂਦੀਆਂ ਹਨ।

**ਸਥਾਈ ਅਸੁਰੱਖਿਆ**

ਵਿਆਪਕ ਨਿਸ਼ਚਿਤ-ਅਰਸੇ (ਫਿਕਸਡ-ਟਰਮ) ਰੁਜ਼ਗਾਰ ਵਿਵਸਥਾਵਾਂ ਦੀ ਸ਼ੁਰੂਆਤ ਸ਼ਾਇਦ ਇਨ੍ਹਾਂ ਕੋਡਾਂ ਦੀ ਸਭ ਤੋਂ ਕਪਟੀ ਨਵੀਨਤਾ ਹੈ ਜੋ ਨੌਕਰੀ ਦੀ ਸਥਾਈ ਅਸੁਰੱਖਿਆ ਦਾ ਕਾਨੂੰਨੀ ਢਾਂਚਾ ਤਿਆਰ ਕਰਦੀ ਹੈ।

ਪਹਿਲੇ ਕਾਨੂੰਨਾਂ ਵਿਚ ਫਿਕਸਡ-ਟਰਮ ਰੁਜ਼ਗਾਰ ਸਿਰਫ਼ ਸੀਮਿਤ ਰੂਪਾਂ ਵਿਚ ਮੌਜੂਦ ਸੀ। ਪਰ ਜ਼ਿਆਦਾਤਰ ਬਾਕਾਇਦਾ ਕੰਮ ਸਥਾਈ ਰੁਜ਼ਗਾਰ ਦੇ ਮਾਪਦੰਡਾਂ ਅਧੀਨ ਹੁੰਦਾ ਸੀ, ਜਿਸ ਵਿਚ ਕਾਫ਼ੀ ਕੰਮ ਸੁਰੱਖਿਆ ਮੌਜੂਦ ਸੀ।

ਉਦਯੋਗਿਕ ਸੰਬੰਧ ਕੋਡ, 2020 ਦੇ ਤਹਿਤ ਫਿਕਸਡ-ਟਰਮ ਰੁਜ਼ਗਾਰ ਨੂੰ ਸਭ ਖੇਤਰਾਂ ਵਿਚ ਲਾਗੂ ਕਰ ਦਿੱਤਾ ਗਿਆ ਹੈ। ਅਜਿਹੇ ਮਜ਼ਦੂਰਾਂ ਨੂੰ ਬਿਨਾਂ ਨੋਟਿਸ ਦੇ ਕੱਢਿਆ ਜਾ ਸਕਦਾ ਹੈ, ਉਹ ਛਾਂਟੀ ਲਈ ਮੁਆਵਜ਼ੇ ਦੇ ਹੱਕਦਾਰ ਨਹੀਂ ਹੋਣਗੇ ਅਤੇ ਉਹ ਹੋਰ ਮਜ਼ਦੂਰਾਂ ਵੱਲੋਂ ਸੱਦਾ ਦਿੱਤੀ ਗਈ ਹੜਤਾਲ ਵਿਚ ਭਾਗ ਵੀ ਨਹੀਂ ਲੈ ਸਕਣਗੇ।

ਕੋਡਾਂ ਦਾ ਦਾਅਵਾ ਹੈ ਕਿ ਫਿਕਸਡ-ਟਰਮ ਕਰਮਚਾਰੀਆਂ ਨੂੰ 'ਸਥਾਈ ਕਰਮਚਾਰੀਆਂ ਦੇ ਬਰਾਬਰ ਲਾਭ' ਮਿਲਣਗੇ, ਪਰ ਇਹ ਦਾਅਵਾ ਭਰਮ ਹੈ। ਕਿਉਂਕਿ ਸਟੈਂਡਿੰਗ ਆਰਡਰਾਂ (ਸਥਾਈ ਆਦੇਸ਼ਾਂ) ਦੀ ਹੱਦ 300 ਕਰ ਦਿੱਤੀ ਗਈ ਹੈ, ਮਾਲਕ ਨਿਯਮਤ ਕੰਮ ਲਈ ਵੀ ਪੱਕੇ ਮਜ਼ਦੂਰਾਂ ਦੀ ਬਜਾਏ ਮਨਚਾਹੀ ਗਿਣਤੀ ਵਿਚ ਫਿਕਸਡ-ਟਰਮ ਕਰਮਚਾਰੀ ਰੱਖ ਸਕਦੇ ਹਨ।

ਹੁਣ ਮਾਲਕ ਆਪਣਾ ਪੂਰਾ ਕੰਮਕਾਜ ਅਜਿਹੇ ਕਰਮਚਾਰੀਆਂ ਨਾਲ ਚਲਾ ਸਕਦੇ ਹਨ, ਜਿਨ੍ਹਾਂ ਦੇ ਇਕਰਾਰਨਾਮੇ ਨਿਯਮਤ ਤੌਰ 'ਤੇ ਖ਼ਤਮ ਹੁੰਦੇ ਰਹਿੰਦੇ ਹਨ। ਕਾਗਜ਼ਾਂ ਵਿਚ ਇਨ੍ਹਾਂ ਮਜ਼ਦੂਰਾਂ ਨੂੰ ਬਰਾਬਰ ਉਜਰਤ ਅਤੇ ਕੁਝ ਲਾਭ ਮਿਲਦੇ ਹਨ, ਪਰ ਉਹ ਹਰ ਸਮੇਂ ਇਸ ਡਰ ਹੇਠ ਰਹਿੰਦੇ ਹਨ ਕਿ ਉਨ੍ਹਾਂ ਦਾ ਇਕਰਾਰਨਾਮਾ ਨਵਿਆਇਆ ਜਾਵੇਗਾ ਜਾਂ ਨਹੀਂ।

ਨੌਕਰੀ ਦੇ ਇਕਰਾਰਨਾਮੇ ਦਾ ਨਵੀਨੀਕਰਨ ਨਾ ਹੋਣ ਦਾ ਨਿਰੰਤਰ ਡਰ ਅਤੇ ਸਥਾਈ ਦਰਜਾ ਨਾ ਦਿੱਤੇ ਜਾਣ ਦਾ ਸ਼ੰਸਾ ਉਨ੍ਹਾਂ ਨੂੰ ਜਥੇਬੰਦੀ ਦੀ ਆਜ਼ਾਦੀ ਨੂੰ ਵਰਤਣ ਤੋਂ ਰੋਕਦਾ ਹੈ। ਨਿਸ਼ਚਿਤ ਸਮੇਂ ਲਈ ਨੌਕਰੀ 'ਤੇ ਰੱਖੇ ਮਜ਼ਦੂਰ ਦਾ ਯੂਨੀਅਨ ਵਿਚ ਹਿੱਸਾ ਲੈਣਾ, ਵਧੀਆ ਸ਼ਰਤਾਂ ਦੀ ਮੰਗ ਕਰਨੀ ਜਾਂ ਲੋਟੂ ਓਵਰਟਾਈਮ ਤੋਂ ਇਨਕਾਰ ਕਰਨਾ—ਇਨ੍ਹਾਂ ਸਭ ਦਾ ਉਸ ਲਈ ਇਹ ਮਤਲਬ ਹੋ ਸਕਦਾ ਹੈ ਕਿ ਛੇ ਮਹੀਨੇ ਜਾਂ ਇਕ ਸਾਲ ਬਾਅਦ ਉਸਦਾ ਇਕਰਾਰਨਾਮਾ ਨਵਿਆਇਆ ਨਾ ਜਾਵੇ। ਇਸ ਤਰ੍ਹਾਂ ਕਾਨੂੰਨੀ ਤੌਰ 'ਤੇ ਰੈਗੂਲਰ ਹੋਣ ਦੇ ਬਾਵਜੂਦ ਵੀ ਮਜ਼ਦੂਰ ਪੱਕੇ ਤੌਰ 'ਤੇ ਅਸੁਰੱਖਿਅਤ ਰਹਿੰਦੇ ਹਨ।

**ਸੀਮਾ ਵਧਾਉਣਾ**




ਸਥਾਈ ਆਦੇਸ਼ (ਸਟੈਂਡਿੰਗ ਆਰਡਰ) ਲਿਖਤੀ ਨਿਯਮ ਹਨ ਜੋ ਰੁਜ਼ਗਾਰ ਦੀਆਂ ਸ਼ਰਤਾਂ—ਕੰਮ ਦੇ ਘੰਟੇ, ਛੁੱਟੀ ਨੀਤੀ, ਅਨੁਸ਼ਾਸਨੀ ਪ੍ਰਕਿਰਿਆ ਅਤੇ ਬਰਖ਼ਾਸਤਗੀ ਦੇ ਆਧਾਰ—ਨੂੰ ਤੈਅ ਕਰਦੇ ਹਨ। ਇਹ ਪਾਰਦਰਸ਼ਤਾ ਲਿਆਉਂਦੇ ਹਨ ਅਤੇ ਮਾਲਕ ਵੱਲੋਂ ਮਨਮਰਜ਼ੀ ਨਾਲ ਕਾਰਵਾਈ ਕਰਨ ਨੂੰ ਸੀਮਿਤ ਕਰਦੇ ਹਨ।

ਉਦਯੋਗਿਕ ਰੁਜ਼ਗਾਰ (ਸਟੈਂਡਿੰਗ ਆਰਡਰ) ਕਾਨੂੰਨ, 1946 ਦੇ ਤਹਿਤ 100 ਜਾਂ ਇਸ ਤੋਂ ਵੱਧ ਮਜ਼ਦੂਰਾਂ ਵਾਲੀਆਂ ਇਕਾਈਆਂ ਲਈ ਰਸਮੀ ਸਥਾਈ ਆਦੇਸ਼ ਤਿਆਰ ਕਰਨਾ ਅਤੇ ਉਨ੍ਹਾਂ ਨੂੰ ਪ੍ਰਮਾਣਿਤ ਕਰਾਉਣਾ ਲਾਜ਼ਮੀ ਸੀ। ਉਦਯੋਗਿਕ ਸੰਬੰਧ ਕੋਡ, 2020 ਵਿਚ ਇਹ ਸੀਮਾ ਵਧਾ ਕੇ 300 ਕਰ ਦਿੱਤੀ ਗਈ ਹੈ।

ਅਮਲ ਵਿਚ ਇਸ ਦਾ ਅਰਥ ਇਹ ਹੈ ਕਿ 100 ਤੋਂ 299 ਮਜ਼ਦੂਰਾਂ ਵਾਲੀਆਂ ਇਕਾਈਆਂ ਨੂੰ ਰੋਜ਼ਗਾਰ ਦਾ ਸੰਚਾਲਨ ਕਰਨ ਵਾਲੇ ਲਿਖਤੀ ਨਿਯਮ ਰੱਖਣ ਦੀ ਲੋੜ ਨਹੀਂ ਹੈ। ਮਾਲਕ ਮਨਮਰਜ਼ੀ ਨਾਲ ਸ਼ਰਤਾਂ ਬਦਲ ਸਕਦੇ ਹਨ, ਅਨੁਸ਼ਾਸਨੀ ਕਾਰਵਾਈ ਕਰ ਸਕਦੇ ਹਨ ਅਤੇ ਬਿਨਾਂ ਸੂਚਨਾ ਦਿੱਤੇ ਜਾਂ ਸਲਾਹ ਕੀਤੇ ਛੁੱਟੀ ਨੀਤੀਆਂ ਬਦਲ ਸਕਦੇ ਹਨ।

ਇਹ ਸਿਰਫ਼ ਕਾਗਜ਼ੀ ਕਾਰਵਾਈ ਘਟਾਉਣ ਦੀ ਗੱਲ ਲੱਗ ਸਕਦੀ ਹੈ ਪਰ ਅਜਿਹਾ ਨਹੀਂ ਹੈ, ਸਥਾਈ ਆਦੇਸ਼ਾਂ ਨੇ ਮਹੱਤਵਪੂਰਨ ਕੰਮ ਕਰਨਾ ਹੁੰਦਾ ਹੈ। ਸਥਾਈ ਆਦੇਸ਼ ਹਰ ਕਿਸੇ ਉੱਪਰ ਲਾਗੂ ਹੋਣ ਵਾਲੇ ਸਪਸ਼ਟ ਨੇਮ ਸਥਾਪਤ ਕਰਕੇ ਮੈਨੇਜਮੈਂਟ ਦੀਆਂ ਆਪਹੁਦਰੀ ਕਾਰਵਾਈਆਂ ਨੂੰ ਰੋਕਦੇ ਹਨ। ਇਨ੍ਹਾਂ ਦੀ ਅਣਹੋਂਦ 'ਚ, ਜਦੋਂ ਮਾਲਕਾਂ ਵੱਲੋਂ ਡਿਊਟੀ ਦੇ ਸਮੇਂ ਅਚਾਨਕ ਬਦਲੇ ਜਾਂਦੇ ਹਨ, ਬਰੇਕ (ਛੁੱਟੀ) ਦਾ ਸਮਾਂ ਘਟਾਇਆ ਜਾਂਦਾ ਹੈ ਜਾਂ ਨਵੀਆਂ ਹਾਜ਼ਰੀ ਸ਼ਰਤਾਂ ਥੋਪੀਆਂ ਜਾਂਦੀਆਂ ਹਨ ਤਾਂ ਮਜ਼ਦੂਰਾਂ ਕੋਲ ਕੋਈ ਸਹਾਰਾ ਨਹੀਂ ਰਹਿੰਦਾ। ਮੈਨੇਜਮੈਂਟ ਦੇ ਬੋਲ ਹੀ ਕਾਨੂੰਨ ਬਣ ਜਾਂਦੇ ਹਨ, ਜਿਸਦੇ ਵਿਰੁੱਧ ਅਪੀਲ ਕਰਨ ਲਈ ਕੋਈ ਲਿਖਤੀ ਮਾਪਦੰਡ ਨਹੀਂ ਹੁੰਦਾ।

**ਟਰੇਡ ਯੂਨੀਅਨ ਮਾਨਤਾ**

ਇਹ ਕੋਡ ਟਰੇਡ ਯੂਨੀਅਨਾਂ ਦੀ ਮਾਨਤਾ ਦਾ ਇਕ ਨਵਾਂ ਤੰਤਰ ਪੇਸ਼ ਕਰਦੇ ਹਨ, ਜੋ ਦੇਖਣ ਨੂੰ ਤਾਂ ਨਿਰਪੱਖ ਲੱਗਦਾ ਹੈ ਪਰ ਅਸਲ ਵਿਚ ਯੂਨੀਅਨ ਦੀ ਸ਼ਕਤੀ ਨੂੰ ਖਿੰਡਾਉਂਦਾ ਅਤੇ ਕਮਜ਼ੋਰ ਕਰਦਾ ਹੈ।

ਟਰੇਡ ਯੂਨੀਅਨ ਐਕਟ, 1926 ਦੇ ਤਹਿਤ ਇਕ ਹੀ ਅਦਾਰੇ ਵਿਚ ਕਈ ਯੂਨੀਅਨਾਂ ਹੋ ਸਕਦੀਆਂ ਸਨ ਅਤੇ ਕਿਸੇ ਵੀ ਰਜਿਸਟਰਡ ਯੂਨੀਅਨ ਨਾਲ ਹੋਇਆ ਸਮਝੌਤਾ ਉਸ ਦੇ ਮੈਂਬਰਾਂ 'ਤੇ ਲਾਗੂ ਹੁੰਦਾ ਸੀ। 'ਗੱਲਬਾਤ ਕਰਨ ਵਾਲੀ ਇਕੱਲੀ ਯੂਨੀਅਨ' ਦੀ ਕੋਈ ਧਾਰਨਾ ਨਹੀਂ ਸੀ।

ਉਦਯੋਗਿਕ ਸੰਬੰਧ ਕੋਡ, 2020 ਦੇ ਤਹਿਤ ਘੱਟੋ-ਘੱਟ 51% (2019 ਦੇ ਬਿਲ ਵਿਚ ਇਹ 75% ਸੀ) ਮੈਂਬਰਸ਼ਿਪ ਵਾਲੀ ਟਰੇਡ ਯੂਨੀਅਨ ਨੂੰ ਹੀ ਇਕਲੌਤੀ ਵਾਰਤਾਕਾਰ ਵਜੋਂ ਮਾਨਤਾ ਮਿਲੇਗੀ। ਅਮਲ ਵਿਚ ਜ਼ਿਆਦਾਤਰ ਇਕਾਈਆਂ, ਖ਼ਾਸ ਕਰਕੇ ਵੱਡੀਆਂ ਇਕਾਈਆਂ ਵਿਚ 51% ਦੀ ਹੱਦ ਹਾਸਲ ਕਰਨੀ ਲਗਭਗ ਅਸੰਭਵ ਹੁੰਦੀ ਹੈ। ਇਹ ਸ਼ਰਤ ਮਜ਼ਦੂਰਾਂ ਦੀ ਸਮੂਹਿਕ ਸੌਦੇਬਾਜ਼ੀ ਦੀ ਤਾਕਤ ਨੂੰ ਕਮਜ਼ੋਰ ਕਰਦੀ ਹੈ ਕਿਉਂਕਿ ਇਸ ਵਿਚ ਮਜ਼ਦੂਰਾਂ ਦੇ ਏਕੀਕ੍ਰਿਤ ਤਾਕਤ ਦੇ ਰੂਪ ਵਿਚ ਗੱਲਬਾਤ ਕਰਨ ਤੋਂ ਪਹਿਲਾਂ ਅਤਿ-ਬਹੁਮੱਤ ਵਾਲੀ ਯੂਨੀਅਨ ਮੈਂਬਰਸ਼ਿਪ ਜ਼ਰੂਰੀ ਹੈ।

ਇਸ ਤੋਂ ਵੀ ਜ਼ਿਆਦਾ ਖ਼ਤਰਨਾਕ ਗੱਲ ਇਹ ਹੈ ਕਿ ਇਸ ਨਾਲ ਮਾਲਕਾਂ ਨੂੰ ਕਈ ਛੋਟੀਆਂ ਯੂਨੀਅਨਾਂ ਖੜ੍ਹੀਆਂ ਕਰਨ ਜਾਂ ਉਨ੍ਹਾਂ ਨੂੰ ਹਮਾਇਤ ਦੇਣ ਦੀ ਹੱਲਾਸ਼ੇਰੀ ਮਿਲਦੀ ਹੈ, ਤਾਂ ਜੋ ਕੋਈ ਵੀ ਇਕ ਯੂਨੀਅਨ ਲੋੜੀਂਦੀ ਸੀਮਾ ਤੱਕ ਨਾ ਪਹੁੰਚ ਸਕੇ—ਇਹ 'ਵੰਡੋ ਅਤੇ ਰਾਜ ਕਰੋ' ਦੀ ਟਕਸਾਲੀ ਯੁੱਧਨੀਤੀ ਹੈ।

ਜਿੱਥੇ ਕਈ ਛੋਟੀਆਂ ਯੂਨੀਅਨਾਂ ਹੋਣ, ਉੱਥੇ 'ਗੱਲਬਾਤ ਕਰਨ ਲਈ ਕੌਂਸਲ' ਦਾ ਤੰਤਰ ਦੇਖਣ ਨੂੰ ਲੋਕਤੰਤਰੀ ਲੱਗਦਾ ਹੈ, ਪਰ ਅਸਲੀਅਤ ਵਿਚ ਮਜ਼ਦੂਰਾਂ ਦੀ ਤਾਕਤ ਨੂੰ ਕਮਜ਼ੋਰ ਕਰਦਾ ਹੈ। ਮਾਲਕ ਯੂਨੀਅਨਾਂ ਨੂੰ ਇਕ ਦੂਜੇ ਵਿਰੁੱਧ ਵਰਤ ਸਕਦੇ ਹਨ, ਆਗਿਆਕਾਰੀ ਯੂਨੀਅਨਾਂ ਨਾਲ ਸਮਝੌਤੇ ਕਰ ਸਕਦੇ ਹਨ ਅਤੇ ਖਾੜਕੂ ਯੂਨੀਅਨਾਂ ਨੂੰ ਨਜ਼ਰਅੰਦਾਜ਼ ਕਰ ਸਕਦੇ ਹਨ। ਮਜ਼ਦੂਰਾਂ ਦੀ ਖਿੰਡੀ ਤਾਕਤ ਬਾਖ਼ੂਬੀ ਮਾਲਕਾਂ ਦੇ ਹਿਤ 'ਚ ਭੁਗਤਦੀ ਹੈ।

**ਉਜਰਤ ਦੀ ਪਰਿਭਾਸ਼ਾ**

ਇਹ ਕੋਡ 'ਉਜਰਤ' ਦੀ ਇਕਸਾਰ ਪਰਿਭਾਸ਼ਾ ਪੇਸ਼ ਕਰਦੇ ਹਨ, ਜੋ ਤਕਨੀਕੀ ਜਾਪਦੀ ਹੈ ਪਰ ਇਹ ਮਜ਼ਦੂਰਾਂ ਦੀ ਮਹੀਨਾਵਾਰ ਆਮਦਨੀ 'ਤੇ ਉੱਪਰ ਡੂੰਘਾ ਅਸਰ ਪਾਉਣ ਵਾਲੀ ਹੈ।

ਪਿਛਲੇ ਕਾਨੂੰਨਾਂ ਦੇ ਤਹਿਤ, ਵੱਖ-ਵੱਖ ਐਕਟਾਂ ਵਿਚ ਉਜਰਤ ਦੀ ਪਰਿਭਾਸ਼ਾ ਵੱਖ-ਵੱਖ ਸੀ ਅਤੇ ਕਈ ਮਾਲਕ ਮੂਲ ਉਜਰਤ ਘੱਟ ਰੱਖਣ ਲਈ ਭੱਤੇ ਵਧਾ ਦਿੰਦੇ ਸਨ ਜਿਵੇਂ ਹਾਊਸਿੰਗ ਭੱਤਾ, ਟਰਾਂਸਪੋਰਟ ਭੱਤਾ, ਵਿਸ਼ੇਸ਼ ਭੱਤਾ ਅਤੇ ਇਸੇ ਤਰ੍ਹਾਂ ਹੋਰ।

ਉਜਰਤ ਕੋਡ 2019 ਦੇ ਤਹਿਤ ਨਵੀਂ ਪਰਿਭਾਸ਼ਾ ਭੁਗਤਾਨ ਢਾਂਚੇ ਦਾ ਮਿਆਰੀਕਰਨ ਕਰਦੀ ਹੈ, ਜਿਸ ਵਿਚ ਮੂਲ ਉਜਰਤ ਕੁਲ ਵੇਤਨ ਦਾ ਘੱਟੋ-ਘੱਟ 50% ਤੈਅ ਕੀਤੀ ਗਈ ਹੈ ਅਤੇ ਭੱਤੇ 50% ਤੱਕ ਸੀਮਿਤ ਕਰ ਦਿੱਤੇ ਗਏ ਹਨ।

ਅਮਲ ਵਿਚ ਇਸ ਦਾ ਮਤਲਬ ਇਹ ਹੈ : ਜਿੱਥੇ ਇਕ ਪਾਸੇ ਮਿਲਣ ਵਾਲੀ ਮਾਸਿਕ ਤਨਖ਼ਾਹ ਕੁਝ ਘੱਟ ਹੋ ਸਕਦੀ ਹੈ, ਪਰ ਦੂਜੇ ਪਾਸੇ ਬੇਸਿਕ ਤਨਖ਼ਾਹ ਦੇ ਆਧਾਰ 'ਤੇ ਗਿਣੇ ਜਾਣ ਕਾਰਨ ਪ੍ਰਾਵੀਡੈਂਟ ਫੰਡ ਅਤੇ ਗ੍ਰੈਚੁਟੀ ਵਰਗੇ ਰਿਟਾਇਰਮੈਂਟ ਲਾਭ ਵਧ ਜਾਣਗੇ। ਇਹ ਸੁਣਨ ਵਿਚ ਉਚਿਤ ਸਮਝੌਤਾ ਲੱਗਦਾ ਹੈ—ਵਡੇਰੀ ਰਿਟਾਇਰਮੈਂਟ ਸੁਰੱਖਿਆ ਲਈ ਵਰਤਮਾਨ ਵਿਚ ਥੋੜ੍ਹਾ ਘੱਟ ਪੈਸਾ ਮਿਲਣਾ।

ਪਰ ਅਸਲ ਸਮੱਸਿਆ ਇਹ ਹੈ : ਮਜ਼ਦੂਰਾਂ, ਖ਼ਾਸ ਕਰਕੇ ਨੌਜਵਾਨ ਮਜ਼ਦੂਰਾਂ ਨੂੰ ਤਾਂ ਕਿਰਾਇਆ ਦੇਣ, ਖਾਣਾ ਖ਼ਰੀਦਣ, ਪਰਿਵਾਰ ਪਾਲਣ ਲਈ ਪੈਸੇ ਦੀ ਜ਼ਰੂਰਤ ਅੱਜ ਹੈ। ਮਿਲਣ ਵਾਲੀ ਤਨਖ਼ਾਹ ਨੂੰ ਘਟਾਉਂਦੇ ਹੋਏ ਅਗਲੇ ਪੰਜਾਹ ਸਾਲ ਬਾਅਦ ਰਿਟਾਇਰਮੈਂਟ ਹੋਣ 'ਤੇ ਮਿਲਣ ਵਾਲੇ ਲਾਭ ਵਧਾਉਣਾ, ਉਸ ਵਿਅਕਤੀ ਦੀ ਕੋਈ ਮੱਦਦ ਨਹੀਂ ਕਰਦਾ ਜੋ ਅੱਜ ਗੁਜ਼ਾਰਾ ਚਲਾਉਣ ਲਈ ਸੰਘਰਸ਼ ਕਰ ਰਿਹਾ ਹੈ।

ਇਸ ਤੋਂ ਇਲਾਵਾ, ਇਹ ਮੰਨ ਲਿਆ ਗਿਆ ਹੈ ਕਿ ਇਹ ਰਿਟਾਇਰਮੈਂਟ ਲਾਭ ਲੈਣ ਲਈ ਮਜ਼ਦੂਰ ਲੋੜੀਂਦੇ ਲੰਮੇ ਸਮੇਂ ਤੱਕ ਨੌਕਰੀ 'ਚ ਰਹਿਣਗੇ—ਉਨ੍ਹਾਂ ਹੋਰ ਵਿਵਸਥਾਵਾਂ ਨੂੰ ਦੇਖਦੇ ਹੋਏ ਬਹੁਤ ਹੀ ਸ਼ੱਕੀ ਸੰਭਾਵਨਾ, ਜੋ ਰੁਜ਼ਗਾਰ ਨੂੰ ਹੋਰ ਜ਼ਿਆਦਾ ਅਨਿਸ਼ਚਿਤ ਬਣਾਉਂਦੀਆਂ ਹਨ।

ਇਹ ਵਿਵਸਥਾ ਮਾਲਕਾਂ ਦਾ ਲਾਗਤ ਖ਼ਰਚਾ ਵੀ ਕਾਫ਼ੀ ਵਧਾਉਂਦੀ ਹੈ, ਜਿਸ ਦਾ ਵਿਰੋਧ ਉਹ ਘੱਟ ਭਰਤੀ ਕਰਕੇ ਜਾਂ ਜ਼ਿਆਦਾ ਰੁਜ਼ਗਾਰ ਨੂੰ ਗ਼ੈਰਜਥੇਬੰਦ ਖੇਤਰ ਵੱਲ ਧੱਕ ਕੇ ਕਰਨਗੇ, ਜਿੱਥੇ ਇਹ ਨਿਯਮ ਕਾਰਗਰ ਰੂਪ 'ਚ ਲਾਗੂ ਨਹੀਂ ਹੁੰਦੇ।

**ਓਵਰਟਾਈਮ ਭਰਮ**

ਕੰਮ ਦੇ ਘੰਟਿਆਂ ਨਾਲ ਜੁੜੇ ਕੋਡਾਂ ਦੀਆਂ ਵਿਵਸਥਾਵਾਂ ਦਿਖਾਉਂਦੀਆਂ ਹਨ ਕਿ ਕਿਵੇਂ ਦਿਖਾਵੇ ਦੀਆਂ ਸੁਰੱਖਿਆਵਾਂ ਤਿੱਖੀ ਲੁੱਟ-ਖਸੁੱਟ ਨੂੰ ਢੱਕ ਸਕਦੀਆਂ ਹਨ।

ਫੈਕਟਰੀ ਐਕਟ, 1948 ਦੇ ਤਹਿਤ ਓਵਰਟਾਈਮ ਮੁਆਵਜ਼ੇ ਤੋਂ ਬਿਨਾਂ ਮਜ਼ਦੂਰਾਂ ਤੋਂ ਰੋਜ਼ਾਨਾ 9 ਘੰਟੇ ਤੋਂ ਵੱਧ ਜਾਂ ਹਫ਼ਤੇ ਵਿਚ 48 ਘੰਟੇ ਤੋਂ ਵੱਧ ਕੰਮ ਕਰਾਉਣ ਦੀ ਮਨਾਹੀ ਸੀ।

ਕਿੱਤਾ ਸੁਰੱਖਿਆ, ਸਿਹਤ ਅਤੇ ਕੰਮ ਦੇ ਹਾਲਾਤ ਕੋਡ 2020 ਵਿਚ ਹਫ਼ਤੇ 'ਚ 48 ਘੰਟੇ ਕੰਮ ਦੀ ਸੀਮਾ ਰੱਖੀ ਗਈ ਹੈ, ਜਿਸ ਵਿਚ ਓਵਰ ਟਾਈਮ ਬਾਰੇ ਸਪਸ਼ਟ ਨਿਯਮ ਹਨ। ਹਾਲਾਂਕਿ ਆਲੋਚਕ ਉਨ੍ਹਾਂ ਵਿਵਸਥਾਵਾਂ ਵੱਲ ਇਸ਼ਾਰਾ ਕਰਦੇ ਹਨ ਜੋ ਦਿਨ ਵਿਚ 12 ਘੰਟੇ ਕੰਮ ਕਰਾਉਣ ਦੀ ਇਜਾਜ਼ਤ ਦਿੰਦੀਆਂ ਹਨ।

ਹਾਲਾਂਕਿ ਕੋਡਾਂ ਦੇ ਤਹਿਤ ਰਸਮੀ ਤੌਰ 'ਤੇ ਹਫ਼ਤੇ ਵਿਚ 48 ਘੰਟੇ ਕੰਮ ਦੀ ਸੀਮਾ ਬਣੀ ਰਹਿੰਦੀ ਹੈ, ਪਰ ਇਹ ਮਾਲਕਾਂ ਨੂੰ ਲਚਕੀਲੇ ਡਿਊਟੀ ਰੋਸਟਰ ਅਤੇ ਓਵਰਟਾਈਮ ਦੀ ਵਿਵਸਥਾ ਰਾਹੀਂ ਕੰਮ-ਦਿਨ ਦੀ ਰਸਮੀ ਸੀਮਾ ਤੋਂ ਪਾਰ ਜਾ ਕੇ ਕੰਮ ਦੇ ਘੰਟੇ ਕਿਤੇ ਜ਼ਿਆਦਾ ਵਧਾਉਣ ਦੀ ਇਜਾਜ਼ਤ ਦਿੰਦੀ ਹੈ। 12 ਘੰਟੇ ਦਾ ਕੰਮ ਦਿਨ—ਭਾਵੇਂ ਓਵਰਟਾਈਮ ਦੇ ਤਹਿਤ ਇਸਦਾ ਮੁਆਵਜ਼ਾ ਮਿਲ ਜਾਵੇ—ਸਰੀਰਕ ਅਤੇ ਮਾਨਸਿਕ ਤੌਰ 'ਤੇ ਐਨਾ ਥਕਾ ਦੇਣ ਵਾਲਾ ਹੁੰਦਾ ਹੈ ਕਿ ਇਹ ਮਜ਼ਦੂਰਾਂ ਦੀ ਸਿਹਤ, ਪਰਿਵਾਰਕ ਜ਼ਿੰਦਗੀ ਅਤੇ ਮਨੁੱਖੀ ਮਰਿਆਦਾ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਕੋਡਾਂ ਵਿਚ ਇਸ ਨੂੰ ਅਜਿਹੀ 'ਲਚਕ' ਦੇ ਤੌਰ 'ਤੇ

*(ਬਾਕੀ ਅਗਲੇ ਸਫੇ 'ਤੇ)*

# ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ 'ਤੇ ਵਿਸ਼ੇਸ਼ ਅਰਜ਼ੋਈ...

ਇਕ ਪਾਸੇ ਆਮ ਇਨਸਾਨ ਦੀ ਕਹਾਣੀ, ਜਿਸ ਦੀ ਜ਼ਿੰਦਗੀ ਵਿਚ ਪੁੱਤ-ਧੀ ਦੇ ਜਨਮ ਹੋਣ ਨਾਲ ਜਿੱਥੇ ਕੁਦਰਤ ਵਲੋ ਬਣਾਏ ਨਿਯਮ ਦੀ ਪ੍ਰੌੜਤਾ ਹੁੰਦੀ ਹੈ ਉਥੇ ਨਾਲ ਦੇ ਨਾਲ ਮਾਂ-ਪਿਉ ਦੇ ਰਿਸ਼ਤੇ ਦੀ ਸੰਸਾਰਕ ਸਾਂਝ ਵੀ ਜਨਮ ਲੈ ਲੈਂਦੀ ਹੈ... ਹਰ ਸੰਸਾਰਕ ਮਾਂ-ਪਿਉ ਅੱਡੀ ਚੋਟੀ ਦਾ ਜ਼ੋਰ ਲਾਉਂਦਾ ਹੈ ਕਿ ਉਸ ਦੇ ਬੱਚੇ ਵਧੀਆ ਤੋਂ ਵਧੀਆ ਸਕੂਲ ਵਿਚ ਪੜ੍ਹਾਈ ਕਰਨ, ਆਪਣੀ ਜ਼ਿੰਦਗੀ ਵਿਚ ਉੱਚਿਆਂ ਅਹੁਦਿਆਂ 'ਤੇ ਪਹੁੰਚ ਕੇ ਉਹ ਆਪਣੇ ਖਾਨਦਾਨ ਦਾ ਨਾਂ ਰੋਸ਼ਨ ਕਰਨ, ਚੰਗੀ ਚੋਖੀ ਧਨ ਦੌਲਤ ਕਮਾਉਣ ਅਤੇ ਸੰਸਾਰ ਵਿਚ ਸ਼ੁਹਰਤ ਖੱਟਣ... ਭਾਵੇਂ ਜ਼ਿੰਦਗੀ ਦੀ ਜੀਵਨ ਜਾਚ ਜੋ ਗੁਰੂ ਬਖਸ਼ਦਾ ਹੈ ਤੋਂ ਸੱਖਣੇ (ਖਾਲੀ) ਹੀ ਰਹਿ ਜਾਣ ਜਾਂ ਕੋਹਾਂ ਦੂਰ ਹੀ ਕਿਓਂ ਨਾ ਹੋਣ...।

**ਸੁਰਜੀਤ ਸਿੰਘ**

ਇਸ ਸਾਰੀ ਖੇਡ ਵਿਚ ਜ਼ਿੰਦਗੀ ਵਿਚ ਕਾਮਯਾਬੀ ਦੇ ਮਾਇਨੇ ਸਿਰਫ ਸੰਸਾਰਿਕ ਵਿਦਿਆ ਤੇ ਵੱਧ ਕਮਾਈ ਕਰਨ ਦੁਆਲੇ ਹੀ ਘੁੰਮਦੇ ਨੇ। ਬੱਚਿਆਂ ਨੂੰ ਕਾਮਯਾਬ ਬਣਾਉਣ ਲਈ ਬਹੁਤ ਵਾਰੀ ਮਾਂ-ਪਿਉ ਆਪਣੀ ਜ਼ਮੀਰ, ਅਣਖ, ਗੈਰਤ ਅਤੇ ਆਪਣੇ ਜੀਵਨ ਦੇ ਸਿਧਾਂਤ ਨੂੰ ਇੰਨੇ ਨੀਵੇਂ ਪੱਧਰ ਤੱਕ ਵੀ ਲੈ ਜਾਂਦੇ ਨੇ ਕਿ ਸਭ ਕੂੜ ਹੀ ਕੂੜ ਵੇਖਣ ਤੇ ਸੁਣਨ ਦਾ ਵਰਤਾਰਾ ਵਰਤਦਾ ਹੈ। ਆਮ ਵੇਖਣ ਤੇ ਸੁਣਨ ਨੂੰ ਮਿਲਦਾ ਹੈ... ਛੱਡੋ ਜੀ ਸੱਚੀ-ਸੁੱਚੀ ਜ਼ਿੰਦਗੀ ਜਾਂ ਧਰਮ-ਧੁਰਮ ਵਿਚ ਕੀ ਪਿਐ, ਦਿਲ ਸਾਫ ਹੋਣਾ ਚਾਹੀਦਾ, ਫਿਰ ਕੀ ਹੋਇਆ ਜੇ ਮੁੰਡੇ ਨੇ ਦਾਰੂ ਦਾ ਪੈਗ ਲਾ ਲਿਆ ਘੱਟੋ-ਘੱਟ ਸਮੈਕ ਤਾਂ ਨਈਂ ਪੀਂਦਾ।

ਪੱਗ...? ਕੀ ਪੱਗ-ਪੁੱਗ ਤਾਂ ਪਹਿਲਾਂ ਹੀ ਨਹੀਂ ਸੀ ਬੰਨ੍ਹਦਾ ਜੀ... ਕੀ ਕਿਹਾ ਜੀ? ਕਾਕਾ ਤਾਂ ਹੈਟ-ਸ਼ੈਟ ਪਾਉਂਦਾ ਐ ਅੱਜ ਕਲ... ਮੋਡਰਨ ਜ਼ਮਾਨਾ ਐ ਨਾ... ਨਾਲੇ ਜ਼ਿੰਦਗੀ ਵਿਚ ਸੋਖ ਵੇਖਣੀ ਚਾਹੀਦੀ ਐ ਜੀ, ਕਿਹੜਾ ਕੇਸਾਂ ਨੂੰ ਸਾਂਭੇ ਤੇ ਪੱਗ ਬੰਨ੍ਹੇ, ਨਾਲੇ ਉਹ ਇੰਝ ਐ ਨਾ ਕਿ ਕਾਕਾ ਕੰਮ ਜੁ ਬਾਹਰਦੀ ਕੰਪਨੀ 'ਚ ਕਰਦੈ...!

ਬਾਬੇ ਦੀ ਬਾਣੀ...? ਕੀ ਕਿਹਾ... ਗੁਰਬਾਣੀ...? ਅੱਛਾ...! ਆਹੋ ਪਹਿਲਾਂ-ਪਹਿਲ ਮਾੜਾ-ਮੋਟਾ ਕਦੀ ਕਦੀ ਪਾਠ-ਸ਼ਾਠ ਕਰਦਾ ਹੁੰਦਾ ਸੀ... ਨਾਲੇ ਜੀ ਪਾਠ-ਪੂਠ ਜਾਂ ਕੀਰਤਨ-ਕੂਰਤਨ ਕਰਾ ਕੇ ਅਸਾਂ ਮੁੰਡੇ ਨੂੰ ਪਾਠੀ ਜਾਂ ਕੀਰਤਨੀ ਸਿੰਘ ਜਾਂ ਗੁਰਦੁਆਰੇ ਦਾ ਭਾਈ ਥੋੜਾ ਬਣਾਉਣਾ...? ਸਮਾਂ ਬਦਲ ਚੁੱਕੈ ਆ ਜੀ...! ਅੱਜ ਕੱਲ੍ਹ ਤਾਂ ਦੁਨੀਆਂ ਰਾਤ ਨੂੰ ਕੱਲਬਾਂ 'ਚ ਜਾਂਦੀ ਆ ਅਤੇ ਮੁੰਡੇ-ਕੁੜੀਆਂ ਨੂੰ ਪੂਰੀ ਖੁੱਲ੍ਹ ਆ ਜੋ ਮਰਜ਼ੀ ਕਰਨ, ਸੱਚ ਬੋਲ ਕੇ, ਸੱਚ ਸਮਝ ਕੇ ਅਤੇ ਸੱਚ ਕਮਾ ਕੇ ਮਾਲਕੋ ਅਸਾਂ ਨੇ ਕੀ ਲੈਣਾ... ਛੋਟੀ ਜਿਹੀ ਤਾਂ ਇਹ ਜ਼ਿੰਦਗੀ ਐ... ਮੌਜ ਲੁੱਟਣ ਦਿਉ ਜੀ... ਜ਼ਿੰਦਗੀ ਜਿਉਣ ਦਾ ਨਾਮ ਐ ਜੀ...!

ਔਲਾਦ ਨੂੰ ਜਦੋਂ ਮਾੜਾ ਜਿਹਾ ਕਿਤੇ ਕੰਡਾ ਵੀ ਵੱਜਦਾ ਐ ਜਾਂ ਕੋਈ ਐਸੀ ਬਿਪਤਾ ਜਾਂ ਕੋਈ ਬਿਮਾਰੀ ਆ ਪੈਂਦੀ ਐ ਤਾਂ ਇਹਨਾਂ ਮਾਪਿਆਂ ਦੀ ਜਾਨ ਮੁੱਠ ਵਿਚ ਆ ਜਾਂਦੀ ਐ... 10-10 ਅਖੰਡ-ਪਾਠ ਤੇ ਲੰਗਰਾਂ ਦੀ ਸੇਵਾ ਸੁਖੀ ਜਾਂਦੇ ਨੇ, ਲਾਟਾਂ ਵਾਲੇ ਪੀਰ ਸ਼ਾਹ ਦੀ ਮਜ਼ਾਰ 'ਤੇ ਚਾਦਰ ਚੜ੍ਹਾਉਣੀ ਵੀ ਸੁਖੀ ਜਾਂਦੀ ਐ, ਤੇੜ ਧੋਤੀ ਤੇ ਟਿੱਕੇ ਵਾਲੇ ਪੰਡਿਤ ਜੀ ਤੋਂ ਹਨੂੰਮਾਨ ਦਾ ਚਾਲੀਸਾ ਵੀ 40 ਦਿਨ ਕਰਨ ਦਾ ਪ੍ਰਣ ਕੀਤਾ ਜਾਂਦੈ। ਹੋਰ ਤਾਂ ਹੋਰ ਹਰ ਵੀਰਵਾਰ ਤੇ ਸ਼ਨੀਵਾਰ ਪਿੱਪਲ ਤੇ ਕਿੱਕਰ ਦੇ ਮੁੱਢ ਨਾਲ ਲਾਲ ਮਉਲੀ ਦਾ ਧਾਗਾ ਬੰਨ (ਚੜ੍ਹਾ) ਕੇ ਤੇ ਸਰ੍ਹੋਂ ਦਾ ਤੇਲ ਚੜ੍ਹਾਉਣ ਦਾ ਵੀ ਸਉਦਾ ਕੀਤਾ ਜਾਂਦੈ... ਮੁੱਕਦੀ ਗੱਲ ਕਿ ਦਰ ਦਰ ਦਾ ਭਿਖਾਰੀ ਬਣ ਜਾਂਦਾ... ਲੇਲਕੜੀਆਂ ਕੱਢਦਾ ਕਿਤਿਉਂ ਜਾਂ ਕਿਸੇ ਤਰ੍ਹਾਂ ਇਸ ਬਿਪਤਾ ਤੋਂ ਨਿਜਾਤ ਮਿਲ ਜਾਵੇ...।

ਪਰ ਦੂਸਰੇ ਪਾਸੇ ਗੁਰੂ, ਜਿਸ ਦੀ ਲੀਲਾ ਤੇ ਜਿਸ ਦਾ ਨਿਆਰਾਪਣ ਇਸ ਕਲਮ ਤੇ ਅੱਖਰਾਂ ਦੀ ਪਕੜ ਤੋਂ ਬਾਹਰ ਦੀ ਗੱਲ ਐ... ਆਇਆ ਸੀ ਇਨਸਾਨੀ ਜਾਮੇ ਵਿਚ... ਆਨੰਦਪੁਰ ਦੀ ਧਰਤੀ ਦਾ ਵਸਨੀਕ ਜੋ ਪਟਨੇ 'ਚ ਜਨਮਿਆਂ, ਜਿਸ ਨੇ ਸੱਚ ਦੇ ਸਿਧਾਂਤ ਨੂੰ ਪ੍ਰਚੰਡ ਕਰਨ ਦੀ ਖਾਤਿਰ ਆਪਣਾ ਸਭ ਕੁੱਝ ਸਿੱਖੀ ਦੇ ਬੂਟੇ ਤੋਂ ਨਿਸ਼ਾਵਰ ਕਰ ਦਿਤਾ - ਆਪਣੇ ਚਾਰ ਜਿਗਰ ਦੇ ਲਾਲ, ਆਪਣਾ ਪਿਤਾ, ਆਪਣੀ ਮਾਤਾ ਅਤੇ ਆਪਣਾ ਆਪ ਵੀ ਉਸ ਸੱਚੇ-ਸੁੱਚੇ ਅਟੱਲ ਪਰਵਰਦਗਾਰ ਜਿਸਦਾ ਹੁਕਮ ਸੱਚਾ, ਜਿਸਦਾ ਤਖਤ ਸੱਚਾ, ਜਿਸਦੀ ਹੋਂਦ ਸੱਚੀ ਅਤੇ ਜਿਸਦਾ ਅਮਰ ਸੱਚਾ... ਨੂੰ ਭੇਟ ਕਰਕੇ ਉਸ ਵਿਚ ਅਭੇਦ ਹੋ ਗਿਆ... ਜੋ ਨਾ ਆਉਂਦੈ ਤੇ ਨਾ ਜਾਂਦੈ... ਉਸ ਅਕਾਲ ਪੁਰਖ ਦੇ ਸਿਧਾਂਤ ਨੂੰ ਪਰਤੱਖ ਖਾਲਸੇ ਦੇ ਰੂਪ ਵਿਚ ਪਰਗਟ ਕਰ ਗਿਆ।

ਸਰਬੰਸ ਦਾਨੀ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ...! ਓ ਭਲਿਓ! ਜ਼ਰਾ ਤਸਵਰ ਕਰਕੇ ਦੇਖਿਓ ਉਹ ਪਲ ਕੈਸੇ ਹੋਣਗੇ ਜਦੋਂ ਪਿਤਾ ਆਪਣੇ ਪੁੱਤਰਾਂ ਅਜੀਤ ਸਿੰਘ ਤੇ ਜੁਝਾਰ ਸਿੰਘ ਨੂੰ ਮੁਗਲਾਂ ਦੀ ਬੇ-ਪਨਾਹ ਫੌਜ ਨਾਲ ਜੂਝਣ ਲਈ ਵਿਦਾ ਕਰ ਰਿਹਾ ਹੋਊ... ਅਤੇ ਜਦੋਂ ਆਪਣੇ ਜਿਗਰ ਦੇ ਲਾਲਾਂ ਦੀਆਂ ਲਾਸ਼ਾ ਨੂੰ ਦੇਖਦਾ ਹੋਊ... ਮਾਂ ਦੇ ਦਿਲ 'ਤੇ ਕੀ ਬੀਤੀ ਹੋਊ... ਕਹਿੰਦੇ ਨੇ ਮੂਲ ਨਾਲੋਂ ਵਿਆਜ ਜ਼ਿਆਦਾ ਪਿਆਰਾ ਹੁੰਦਾ, ਦਾਦੀ ਦੇ ਦਿਲ 'ਤੇ ਕੀ ਬੀਤਦੀ ਹੋਊ ਜਦੋਂ ਉਸ ਨੇ ਆਪਣੇ ਪੁੱਤਰ ਦੇ ਦੋ ਬਚਾਅ ਕੇ ਲਿਆਂਦੇ ਇਹ ਲਾਲ ਸਰਹੰਦ ਦੇ ਠੰਡੇ ਬੁਰਜ ਵਿਚੋਂ ਆਪਣੇ ਹੱਥੀਂ ਤੋਰੇ ਹੋਣਗੇ ਅਤੇ ਉਹ ਪਲ ਕੈਸੇ ਹੋਣਗੇ ਜਦੋਂ ਨੰਨ੍ਹੀਆਂ ਜਿੰਦਾਂ - ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਦੇ ਸਰੀਰਾਂ ਦੁਆਲੇ ਮੁਗਲ ਸਿਪਾਹੀ ਕੰਧ ਉਸਾਰ ਕੇ ਨੀਂਹਾਂ ਵਿਚ ਚਿਣ ਰਹੇ ਹੋਣਗੇ... ਜ਼ਰਾ ਇਕਲੇ ਬਹਿ ਕੇ ਸੋਚਿਉ...।

ਓ ਭਲਿਉ! ਗੱਚ ਭਰ ਜਾਂਦੈ, ਅੱਖਾਂ ਨਮ ਹੋ ਜਾਂਦੀਆਂ ਨੇ ਤੇ ਬੰਦ ਜੁੜ ਜਾਂਦੈ ਨੇ... ਜ਼ਬਾਨ ਆਪ ਮੁਹਾਰੇ ਪੁਕਾਰ ਉੱਠਦੀ ਐ ਵਾਹ ਗੁਰੂ, ਵਾਹ ਗੁਰੂ ਤੂੰ ਧੰਨ ਐ... ਬਖਸ਼ ਲੈ... ਬਖਸ਼ ਲੈ... ਤੇਰੀ ਇਹ ਲੀਲਾ ਸਾਡੀ ਜਮ੍ਹਾਂ-ਘਟਾਓ ਬਿਰਤੀ ਰੱਖਣ ਵਾਲਿਆਂ ਦੀ ਸੋਚ ਤੇ ਸਮਝ ਤੋਂ ਬਾਹਰ ਦੀ ਗੱਲ ਹੈ ਸਮੇਤ ਮੇਰੇ ਅਸੀਂ ਤੇਰੇ ਅਹਿਸਾਨ ਫਰਾਮੋਸ਼ ਹਾਂ... ਉਨ੍ਹਾਂ ਚਾਰ ਜਿਗਰ ਦੇ ਲਾਲਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਗੱਲ ਉਹੀ ਸਮਝੂ ਤੇ ਕਰੂ ਜੋ ਉਸ ਸੱਚੇ-ਸੁੱਚੇ ਅਟੱਲ ਪਰਵਰਦਗਾਰ ਨਾਲ ਸਾਂਝ ਪਾਉ... ਜੇਕਰ ਧੰਨ ਗੁਰੂ ਦਸ਼ਮੇਸ਼ ਪਿਤਾ ਗੋਬਿੰਦ ਸਿੰਘ ਜੀ ਦੇ ਸਰਬੰਸ ਦੀ ਸ਼ਹਾਦਤ ਆਪ ਦੇ ਕਾਲਜੇ ਨੂੰ ਧੂਹ ਪਾਉਂਦੀ ਐ ਤਾਂ ਭਲਿਉ! ਸੋਚਣਾ ਤਾਂ ਬਣਦੈ!!! ਕਿ ਉਸ ਗੁਰੂ ਨੇ ਸਰਬੰਸ ਕਿਉਂ ਵਾਰਿਆ? ਸਾਨੂੰ ਇਕੋ ਇਕ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਕਿਉਂ ਲਾਇਆ...? ਕੀ ਮੈਂ ਗੁਰੂ ਨੂੰ ਜਾਣਿਆ...? ਕੀ ਮੇਰੇ ਅੰਦਰੋਂ ਗੁਰੂ ਨਾਲ ਸਾਂਝ ਪਾਉਣ ਦੀ ਪੁਕਾਰ ਕਦੀ ਉੱਠੀ?

ਸਿਆਣੇ ਕਹਿੰਦੇ ਨੇ "ਮਾਲਿਕ ਦੇ ਹੱਥ ਡੋਰੀਆਂ ਤੇ ਨੀਤਾਂ ਹੱਥ ਮੁਰਾਦ... ਲਾਹਾ ਲੈਣ ਵਿਆਜ (ਭਾਵ ਜੀਵਨ-ਜਾਚ) ਦਾ ਮੂਲ (ਭਾਵ ਗੁਰੂ) ਜਿਨ੍ਹਾਂ ਨੂੰ ਯਾਦ..." ਇਹ ਪੁਰਬ ਮਨਾਏ ਸਫਲ ਨੇ ਜੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਪੁਰਬ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਾਂਝ ਪਾ ਕੇ ਗੁਰੂ ਨੂੰ ਜਾਨਣ ਦਾ ਪ੍ਰਣ ਕਰੀਏ, ਗੁਰੂ ਨਾਲ ਸਾਂਝ ਪਾਈਏ।

ਜੇਕਰ ਅਸੀਂ ਹਰ ਰੋਜ਼ ਸਿਰਫ 15 ਮਿੰਟ ਕੱਢ ਕੇ 4 ਪੱਤਰੇ ਹਰ ਰੋਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੀਏ ਤਾਂ ਇਕ ਸਾਲ ਤੋਂ ਪਹਿਲਾਂ ਸਹਿਜ ਪਾਠ ਸੰਪੂਰਨ ਕਰਕੇ ਗੁਰੂ ਵਲੋਂ ਦਰਸਾਏ ਪੰਥ ਦੇ ਪਾਂਧੀ ਬਣ ਸਕਦੇ ਹਾਂ... ਸਾਨੂੰ ਗੁਰੂ ਸਾਹਿਬ ਤੋਂ ਸੇਧ ਲੈਣੀ ਚਾਹੀਦੀ ਹੈ, ਸਿੱਖੀ ਦੁਨੀਆਂ ਨੂੰ ਦਿਖਾਉਣ ਦਾ ਵਿਸ਼ਾ ਨਹੀਂ ਬਲਕਿ ਜ਼ਿੰਦਗੀ ਵਿਚ ਦ੍ਰਿੜਤਾ ਨਾਲ ਸਿੱਖੀ ਕਮਾਉਣ ਦੀ ਲੋੜ ਹੈ ਜਦੋਂ ਗੁਰੂ ਵਲੋਂ ਦਰਸਾਏ ਸੱਚ ਦੇ ਸਿਧਾਂਤ ਦਾ ਵਰਤਾਰਾ ਤੇ ਨਜ਼ਾਰਾ ਜੀਵਨ ਵਿਚ ਪ੍ਰਤੱਖ ਵਰਤਦੈ ਤਾਂ ਉਸ ਨੂੰ ਕਿਸੇ ਦੇ ਪਰਮਾਣ ਦੀ ਜ਼ਰੂਰਤ ਨਹੀਂ ਰਹਿੰਦੀ... ਇਹ ਮੌਕਾ ਹੈ...! ਗੁਰੂ ਮੇਹਰ ਕਰੇ ਟੁੱਟੀ ਗੰਢ ਲਵੇ...!

ਭੁੱਲ ਚੁਕ ਮੁਆਫ...

## ਆਪਣੇ ਆਪਣੇ ਪਰਿਵਾਰਾਂ ਵਿਚ ਵੱਧ ਤੋਂ ਵੱਧ ਬਾਣੀ ਪੜ੍ਹੋ ਅਤੇ ਬੱਚਿਆਂ ਨੂੰ ਇਤਿਹਾਸ ਬਾਰੇ ਦੱਸੋ...

6 ਪੋਹ /20 ਦਸੰਬਰ : ਸਵੇਰੇ ਗੁਰੂ ਸਾਹਿਬ ਨੇ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ

6 ਪੋਹ /20 ਦਸੰਬਰ : ਰਾਤ ਗੁਰੂ ਜੀ ਅਤੇ ਵਡੇ ਸਾਹਿਬਜ਼ਾਦੇ ਕੋਟਲਾ ਨਿਹੰਗ ਰੋਪੜ ਵਿਖੇ ਨਿਹੰਗ ਖਾਂ ਕੋਲ ਰਹੇ



ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਕੁੰਮੇ ਮਾਸ਼ਕੀ ਦੀ ਝੁਗੀ ਵਿਚ ਰਹੇ

7 ਪੋਹ/21 ਦਸੰਬਰ : ਗੁਰੂ ਸਾਹਿਬ ਅਤੇ ਵਡੇ ਸਾਹਿਬਜ਼ਾਦੇ ਸ਼ਾਮੀ ਚਮਕੌਰ ਸਾਹਿਬ ਪਹੁੰਚੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਨੂੰ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ

8 ਪੋਹ/ 22 ਦਸੰਬਰ : ਚਮਕੌਰ ਦੀ ਜੰਗ ਸ਼ੁਰੂ ਬਾਬਾ ਅਜੀਤ ਸਿੰਘ ਜੀ ਉਮਰ 17 ਸਾਲ ਭਾਈ ਮੋਹਕਮ ਸਿੰਘ (ਪੰਜਾਂ ਪਿਆਰਿਆਂ ਵਿਚੋਂ ) ਅਤੇ 7 ਹੋਰ ਸਿੰਘਾਂ ਨਾਲ ਸ਼ਹੀਦ ਹੋਏ ਬਾਬਾ ਜੁਝਾਰ ਸਿੰਘ ਉਮਰ 14 ਸਾਲ ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ (ਪੰਜਾਂ ਪਿਆਰਿਆਂ ਵਾਲੇ) ਅਤੇ ਤਿੰਨ ਹੋਰ ਸਿੰਘਾਂ ਸਮੇਤ ਸ਼ਹੀਦ ਹੋਏ8 ਪੋਹ/ 22 ਦਸੰਬਰ : ਦੀ ਰਾਤ ਗੁਰੂ ਸਾਹਿਬ ਸਿੰਘਾਂ ਦੇ ਹੁਕਮ ਅੰਦਰ ਚਮਕੌਰ ਦੀ ਗੜੀ ਵਿਚੋਂ ਨਿਕਲ ਗਏ

8 ਪੋਹ / 22 ਦਸੰਬਰ : ਮੋਰਿੰਡੇ ਦੇ ਚੌਧਰੀ ਗਨੀ ਖਾਨ ਅਤੇ ਮਨੀ ਖਾਨ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗੰਗੂ ਦੇ ਘਰੋਂ ਗ੍ਰਿਫਤਾਰ ਕਰਕੇ ਤੁਰ ਪਏ

9 ਪੋਹ /23 ਦਸੰਬਰ : ਤਿੰਨੋਂ ਸਰਹਿੰਦ ਪਹੁੰਚਾਏ ਗਏ ਅਤੇ ਠੰਡੇ ਬੁਰਜ ਵਿਚ ਰਾਤ ਰਖੇ ਗਏ

10 ਅਤੇ 11 ਪੋਹ/ 24 ਅਤੇ 25 ਦਸੰਬਰ : ਨਵਾਬ ਵਜ਼ੀਰ ਖਾਨ ਦੀ ਕਚਹਿਰੀ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਪੇਸ਼ ਕੀਤਾ ਗਿਆ

12 ਪੋਹ / 26 ਦਸੰਬਰ: ਬਾਬਾ ਜ਼ੋਰਾਵਰ ਸਿੰਘ ਉਮਰ 8 ਸਾਲ ਅਤੇ ਬਾਬਾ ਫਤਿਹ ਸਿੰਘ ਉਮਰ 6 ਸਾਲ ਸ਼ਹੀਦ ਕੀਤੇ ਗਏ। ਕਦੋਂ ਦਾਦੀ ਨੂੰ ਆਪਣੇ ਜਿਗਰ ਦੇ ਲਾਲਾਂ ਬਾਰੇ ਇਹ ਭੈੜੀ ਖ਼ਬਰ ਮਿਲੀ ਤਾਂ ਮਾਤਾ ਗੁਜਰੀ ਜੀ ਠੰਢੇ ਬੁਰਜ ਵਿੱਚ ਸਵਾਸ ਤਿਆਗ ਗਏ।

ਪਿਆਰਿਓ! ਆਉ ਗੁਰੂ ਦੀ ਸ਼ਰਨ ਵਿਚ ਰਹਿ ਕੇ ਸਿੱਖੀ ਕਮਾਉਣ ਦਾ ਉਪਰਾਲਾ ਕਰੀਏ... ਗੁਰੂ ਮੇਹਿਰ ਕਰੇ!

---

*(ਪਿਛਲੇ ਸਫੇ ਦਾ ਬਾਕੀ)*

ਦਰਸਾਇਆ ਗਿਆ ਹੈ ਜੋ ਮਾਲਕਾਂ ਅਤੇ ਮਜ਼ਦੂਰਾਂ ਦੋਵਾਂ ਲਈ ਲਾਹੇਵੰਦੀ ਹੈ - ਮਾਲਕ ਪੈਦਾਵਾਰ ਦੀਆਂ ਮੰਗਾਂ ਅਨੁਸਾਰ ਇਸ ਨੂੰ ਢਾਲ ਸਕਦੇ ਹਨ, ਮਜ਼ਦੂਰ ਓਵਰਟਾਈਮ ਤੋਂ ਕਮਾ ਸਕਦੇ ਹਨ। ਪਰ ਅਮਲ ਵਿਚ ਹੋਣਾ ਇਹ ਹੈ ਕਿ ਮਾਲਕ ਮਜ਼ਦੂਰਾਂ ਉੱਪਰ ਵਾਧੂ ਘੰਟੇ ਕੰਮ ਨੂੰ ਸਵੀਕਾਰ ਕਰਨ ਲਈ ਦਬਾਅ ਪਾਉਣਗੇ, ਖ਼ਾਸ ਕਰਕੇ ਪੱਕੇ ਕੰਮ 'ਤੇ ਰੱਖੇ ਅਤੇ ਠੇਕੇ 'ਤੇ ਕੰਮ ਕਰਨ ਵਾਲੇ ਮਜ਼ਦੂਰਾਂ ਉੱਪਰ ਭਾਰੀ ਦਬਾਅ ਬਣੇਗਾ ਜੋ ਆਪਣੇ ਨੌਕਰੀ ਦੇ ਇਕਰਾਰਨਾਮੇ ਨਵਿਆਉਣ ਲਈ ਤੱਤਪਰ ਹੁੰਦੇ ਹਨ। 12 ਘੰਟੇ ਦੇ ਕੰਮ ਦਿਨ ਦੀ 'ਚੋਣ' ਹਕੀਕਤ ਵਿਚ ਕੋਈ ਚੋਣ ਬਿਲਕੁਲ ਨਹੀਂ ਰਹਿੰਦੀ।

**ਠੇਕਾ ਮਜ਼ਦੂਰੀ: ਸਥਾਈ ਅਸੁਰੱਖਿਆ**

ਠੇਕਾ ਮਜ਼ਦੂਰਾਂ ਨਾਲ ਸਲੂਕ ਇਨ੍ਹਾਂ ਕੋਡਾਂ ਦੇ ਮਾਲਕਾਂ ਪੱਖੀ ਹੋਣ ਨੂੰ ਸਾਫ਼ ਤੌਰ 'ਤੇ ਦਰਸਾਉਂਦਾ ਹੈ। ਠੇਕਾ ਮਜ਼ਦੂਰੀ (ਰੈਗੂਲੇਸ਼ਨ ਅਤੇ ਖ਼ਾਤਮਾ) ਕਾਨੂੰਨ, 1970 ਦੇ ਤਹਿਤ ਠੇਕਾ ਮਜ਼ਦੂਰੀ ਨੂੰ ਨਿਯਮਤ ਕਰਨ ਦੀ ਵਿਵਸਥਾ ਕੀਤੀ ਗਈ ਸੀ, ਜਿਸ ਵਿਚ ਕੁਝ ਹਾਲਤਾਂ ਵਿਚ ਇਸ ਦੇ ਖ਼ਾਤਮੇ ਦੀ ਵਿਵਸਥਾ ਸੀ ਅਤੇ ਠੇਕੇਦਾਰਾਂ ਲਈ ਲਾਇਸੈਂਸ ਲੈਣਾ ਜ਼ਰੂਰੀ ਸੀ।

ਕਿੱਤਾ ਸੁਰੱਖਿਆ, ਸਿਹਤ ਅਤੇ ਕੰਮ ਦੇ ਹਾਲਾਤ ਕੋਡ, 2020 ਦੇ ਤਹਿਤ ਕੋਡ ਠੇਕਾ ਮਜ਼ਦੂਰਾਂ ਨੂੰ ਪ੍ਰਮੁੱਖ ਮਾਲਕ ਦੇ ਕਾਰੋਬਾਰੀ ਅਦਾਰੇ ਵਿਚ ਆਪਣੇ ਆਪ ਸਮੋ ਜਾਣ ਦੀ ਵਿਵਸਥਾ ਕਰਦਾ ਹੈ ਜਿੱਥੇ ਉਨ੍ਹਾਂ ਨੂੰ ਬਿਨਾਂ ਲਾਇਸੈਂਸ ਵਾਲੇ ਠੇਕੇਦਾਰ ਰਾਹੀਂ ਕੰਮ 'ਤੇ ਲਗਾਇਆ ਗਿਆ ਹੈ। ਠੇਕਾ ਮਜ਼ਦੂਰਾਂ ਨੂੰ ਪੱਕੇ ਸਟਾਫ਼ ਵਾਲੇ ਲਾਭ ਦੇਣ ਦੀ ਗੱਲ ਕੀਤੀ ਗਈ ਹੈ।

ਆਪਣੇ ਆਪ ਸਮੋ ਲਏ ਜਾਣ ਦੀ ਇਹ ਵਿਵਸਥਾ ਦੇਖਣ ਨੂੰ ਸੁਰੱਖਿਆਤਮਕ ਜਾਪਦੀ ਹੈ, ਪਰ ਇਹ ਸਿਰਫ਼ ਬਿਨਾਂ ਲਾਇਸੈਂਸ ਠੇਕੇਦਾਰਾਂ 'ਤੇ ਹੀ ਲਾਗੂ ਹੁੰਦੀ ਹੈ—ਜਿਸ ਨਾਲ ਮਾਲਕਾਂ ਨੂੰ ਠੇਕੇਦਾਰਾਂ ਦੇ ਲਾਇਸੈਂਸ ਯਕੀਨੀ ਬਣਾਉਣ ਦਾ ਹਰ ਉਤਸ਼ਾਹ ਮਿਲਦਾ ਹੈ। 'ਬਰਾਬਰ ਲਾਭ' ਦਾ ਦਾਅਵਾ ਉਸ ਹਾਲਤ ਵਿਚ ਖੋਖਲਾ ਸਾਬਤ ਹੁੰਦਾ ਹੈ ਜਦੋਂ ਠੇਕਾ ਮਜ਼ਦੂਰਾਂ ਦਾ ਕੰਮ ਕਿਸੇ ਵੀ ਸਮੇਂ ਸਿਰਫ਼ ਉਸ ਠੇਕੇਦਾਰ ਨਾਲ ਠੇਕਾ ਖ਼ਤਮ ਕਰਕੇ ਖ਼ਤਮ ਕੀਤਾ ਜਾ ਸਕਦਾ ਹੈ ਜੋ ਉਨ੍ਹਾਂ ਨੂੰ ਕੰਮ 'ਤੇ ਰੱਖਦਾ ਹੈ।

ਨਤੀਜਾ ਇਹ ਨਿਕਲਦਾ ਹੈ ਕਿ ਇੱਕੋ ਅਦਾਰੇ ਵਿਚ ਬਹੁ-ਪੱਧਰੀ ਕਿਰਤ ਸ਼ਕਤੀ ਹੁੰਦੀ ਹੈ—ਨੌਕਰੀ ਦੀ ਸੁਰੱਖਿਆ ਵਾਲੇ ਥੋੜ੍ਹੇ ਜਿਹੇ ਪੱਕੇ ਮਜ਼ਦੂਰਾਂ ਦੀ ਨਿੱਕੀ ਜਹੀ ਗੁੱਲੀ, ਆਰਜ਼ੀ ਸੁਰੱਖਿਆ ਵਾਲੇ ਨਿਸ਼ਚਿਤ ਸਮੇਂ ਲਈ ਰੱਖੇ ਮਜ਼ਦੂਰਾਂ ਦਾ ਵੱਡਾ ਸਮੂਹ ਅਤੇ ਬਿਨਾਂ ਕਿਸੇ ਸੁਰੱਖਿਆ ਵਾਲੇ ਠੇਕਾ ਮਜ਼ਦੂਰਾਂ ਦਾ ਵਿਸ਼ਾਲ ਆਧਾਰ। ਇਹ ਤਿੰਨੋਂ ਗਰੁੱਪ ਇੱਕੋ ਹੀ ਕੰਮ ਕਰਦੇ ਹਨ, ਪਰ ਬਿਲਕੁਲ ਵੱਖਰੀਆਂ-ਵੱਖਰੀਆਂ ਹਾਲਤਾਂ ਦਾ ਸਾਹਮਣਾ ਕਰਦੇ ਹਨ। ਇਹ ਖਿੰਡਾਅ ਮਜ਼ਦੂਰ ਏਕਤਾ ਨੂੰ ਰੋਕਦਾ ਹੈ ਅਤੇ ਕੰਮ ਦੀਆਂ ਹਾਲਤਾਂ ਨੂੰ ਹੇਠਾਂ ਵੱਲ ਦੀ ਦੌੜ ਵਿਚ ਧੱਕਦਾ ਹੈ।

**ਬਿਨਾਂ ਸੁਰੱਖਿਆ ਤੋਂ ਮਾਨਤਾ**

ਗਿਗ ਅਤੇ ਪਲੇਟਫਾਰਮ ਮਜ਼ਦੂਰਾਂ ਪ੍ਰਤੀ ਸਲੂਕ ਸ਼ਾਬਦਿਕ ਦਾਅਵਿਆਂ ਅਤੇ ਠੋਸ ਸੁਰੱਖਿਆ ਵਿਚਕਾਰਲੀ ਖਾਈ ਨੂੰ ਉਜਾਗਰ ਕਰਦਾ ਹੈ।

ਪਿਛਲੇ ਕਾਨੂੰਨਾਂ ਦੇ ਤਹਿਤ, ਗਿਗ ਅਤੇ ਪਲੈਟਫਾਰਮ ਮਜ਼ਦੂਰਾਂ - ਜਿਵੇਂ ਡਿਲਿਵਰੀ ਰਾਈਡਰ, ਕੈਬ ਡਰਾਈਵਰ ਆਦਿ - ਦਾ ਵਰਗੀਕਰਨ ਸੁਤੰਤਰ ਠੇਕੇਦਾਰਾਂ ਦੇ ਰੂਪ 'ਚ ਕੀਤਾ ਜਾਂਦਾ ਸੀ ਜਿਨ੍ਹਾਂ ਨੂੰ ਮੂਲ ਰੂਪ 'ਚ ਕਿਰਤ ਕਾਨੂੰਨਾਂ ਦੇ ਤਹਿਤ ਕੋਈ ਸੁਰੱਖਿਆ ਨਹੀਂ ਸੀ। ਸਮਾਜਿਕ ਸੁਰੱਖਿਆ ਕੋਡ, 2020 ਦੇ ਤਹਿਤ ਇਨ੍ਹਾਂ ਕਿਰਤੀਆਂ ਨੂੰ ਕਾਨੂੰਨੀ ਮਾਨਤਾ ਹੈ, ਅਤੇ ਇਨ੍ਹਾਂ ਪਲੇਟਫਾਰਮ ਕੰਪਨੀਆਂ ਲਈ ਆਪਣੀ ਸਾਲਾਨਾ ਟਰਨਓਵਰ ਦਾ 1-2% ਸਮਾਜਿਕ ਸੁਰੱਖਿਆ ਕੋਸ਼ ਵਿਚ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।

ਮਾਨਤਾ, ਗੁੰਮਨਾਮੀ ਨਾਲੋਂ ਤਾਂ ਬਿਹਤਰ ਹੈ, ਪਰ ਇਹ ਕਾਫ਼ੀ ਨਹੀਂ ਹੈ। ਗਿਗ ਕਿਰਤੀਆਂ ਨੂੰ ਕਰਮਚਾਰੀਆਂ ਦੀ ਬਜਾਏ ਠੇਕੇਦਾਰ ਹੀ ਮੰਨਿਆ ਜਾਂਦਾ ਹੈ, ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਨੌਕਰੀ ਸੁਰੱਖਿਆ, ਘੱਟੋ-ਘੱਟ ਮਜ਼ਦੂਰੀ ਦੀ ਗਾਰੰਟੀ, ਕੰਮ ਦੇ ਘੰਟਿਆਂ ਦੀ ਸੁਰੱਖਿਆ ਅਤੇ ਸਮੂਹਿਕ ਸੌਦੇਬਾਜ਼ੀ ਕਰਨ ਦੇ ਅਧਿਕਾਰ ਨਹੀਂ ਹਨ। ਸਮਾਜਿਕ ਸੁਰੱਖਿਆ ਫੰਡ ਮਹਿਜ਼ ਪ੍ਰਤੀਕਾਤਮਕ ਕਦਮ ਹੈ - ਪਲੈਟਫਾਰਮਾਂ ਦੇ ਕਾਰੋਬਾਰੀ ਮਾਡਲ ਨੂੰ ਦੇਖਦੇ ਹੋਏ ਉਨ੍ਹਾਂ ਦੀ ਕਮਾਈ ਦਾ 1-2% ਯੋਗਦਾਨ ਬਹੁਤ ਹੀ ਨਿਗੂਣਾ ਹੈ।

ਆਲੋਚਕਾਂ ਦਾ ਕਹਿਣਾ ਹੈ ਕਿ ਗਿਗ ਆਰਥਿਕਤਾ ਵਿਚ ਕੰਮ ਕਰਨ ਵਾਲੇ ਕਿਰਤੀਆਂ ਦਾ ਵਰਗੀਕਰਨ ਆਮ ਤੌਰ 'ਤੇ ਸੁਤੰਤਰ ਠੇਕੇਦਾਰ ਦੇ ਰੂਪ 'ਚ ਕੀਤਾ ਜਾਂਦਾ ਹੈ, ਇਸ ਤਰ੍ਹਾਂ ਉਨ੍ਹਾਂ ਨੂੰ ਵੱਖ-ਵੱਖ ਕਿਰਤ ਕਾਨੂੰਨਾਂ ਦੁਆਰਾ ਮੁਹੱਈਆ ਕੀਤੀ ਜਾਣ ਵਾਲੀ ਸੁਰੱਖਿਆ ਨਹੀਂ ਦਿੱਤੀ ਜਾਂਦੀ। ਇਹ ਕੋਡ ਰਸਮੀ ਰੂਪ 'ਚ ਗਿਗ ਮਜ਼ਦੂਰਾਂ ਦੀ ਹੋਂਦ ਨੂੰ ਤਾਂ ਮੰਨਦੇ ਹਨ, ਪਰ ਉਨ੍ਹਾਂ ਨੂੰ ਕਰਮਚਾਰੀ ਦਾ ਪੂਰਾ ਦਰਜਾ ਦੇਣ ਅਤੇ ਉਸਦੇ ਅਨੁਸਾਰੀ ਸੁਰੱਖਿਆ ਦੇਣ ਤੋਂ ਇਨਕਾਰ ਕਰਦੇ ਹਨ। ਇਸ ਤਰ੍ਹਾਂ ਇਹ ਪਲੇਟਫਾਰਮ ਆਰਥਿਕਤਾ ਦੇ ਲੋਟੂ ਮਾਡਲ ਨੂੰ ਕਾਨੂੰਨੀ ਵਾਜਬੀਅਤ ਮੁਹੱਈਆ ਕਰਦੇ ਹਨ, ਨਾਲ ਹੀ ਅਗਾਂਹਵਧੂ ਸੁਧਾਰ ਦਾ ਢੌਂਗ ਵੀ ਰਚਦੇ ਹਨ।

**ਲਾਗੂ ਕਰਨ ਤੋਂ ਛੋਟ**

ਇਨ੍ਹਾਂ ਕੋਡਾਂ ਦੀਆਂ ਕਈ ਵਿਵਸਥਾਵਾਂ ਸਿਰਫ਼ ਇਕ ਨਿਸ਼ਚਿਤ ਆਕਾਰ ਤੋਂ ਵੱਡੀਆਂ ਉਦਯੋਗਿਕ ਇਕਾਈਆਂ ਉੱਪਰ ਹੀ ਲਾਗੂ ਹੁੰਦੀਆਂ ਹਨ, ਜਿਸ ਨਾਲ ਵਿਹਾਰ ਵਿਚ ਉਨ੍ਹਾਂ ਵਿਸ਼ਾਲ ਗੈਰਜਥੇਬੰਦ ਖੇਤਰਾਂ ਨੂੰ ਉਨ੍ਹਾਂ ਤੋਂ ਬਾਹਰ ਕਰ ਦਿੱਤਾ ਗਿਆ ਹੈ ਜਿੱਥੇ ਭਾਰਤ ਦੇ ਜ਼ਿਆਦਾਤਰ ਮਜ਼ਦੂਰ ਕੰਮ ਕਰਦੇ ਹਨ।

ਕਿੱਤਾ ਸੁਰੱਖਿਆ, ਸਿਹਤ ਅਤੇ ਕੰਮ ਦੇ ਹਾਲਾਤ ਕੋਡ ਬਿਜਲੀ ਦੀ ਵਰਤੋਂ ਦੇ ਆਧਾਰ 'ਤੇ 20 ਜਾਂ 40 ਤੋਂ ਘੱਟ ਮਜ਼ਦੂਰਾਂ ਵਾਲੀਆਂ ਇਕਾਈਆਂ ਨੂੰ ਕਈ ਸ਼ਰਤਾਂ ਤੋਂ ਛੋਟ ਦਿੰਦਾ ਹੈ ਜਿਵੇਂ ਫੈਕਟਰੀ ਦੀ ਰਜਿਸਟ੍ਰੇਸ਼ਨ।

ਸਮਾਜਿਕ ਲਾਭਾਂ ਨੂੰ ਉਦਯੋਗਿਕ ਇਕਾਈ ਦੇ ਆਕਾਰ ਨਾਲ ਜੋੜਿਆ ਜਾਣ ਦੀ ਵਿਵਸਥਾ ਉਨ੍ਹਾਂ ਲੱਖਾਂ ਮਜ਼ਦੂਰਾਂ ਨੂੰ ਛੱਡ ਦਿੰਦੀ ਹੈ ਜੋ ਛੋਟੀਆਂ ਇਕਾਈਆਂ ਵਿਚ ਅਤੇ ਘਰਾਂ ਅਧਾਰਤ ਕੰਮ ਕਰਦੇ ਹਨ।

ਭਾਰਤ ਦੀ ਕਿਰਤ ਸ਼ਕਤੀ ਬਹੁਤ ਵੱਡੀ ਗਿਣਤੀ 'ਚ ਛੋਟੀਆਂ ਇਕਾਈਆਂ ਅਤੇ ਗ਼ੈਰਜਥੇਬੰਦ ਖੇਤਰ ਵਿਚ ਕੰਮ ਕਰਦੀ ਹੈ। ਛੋਟੀਆਂ ਇਕਾਈਆਂ ਨੂੰ ਕਈ ਜ਼ਰੂਰੀ ਸ਼ਰਤਾਂ ਤੋਂ ਛੋਟ ਦੇ ਕੇ, ਇਹ ਕੋਡ ਜ਼ਿਆਦਾਤਰ ਮਜ਼ਦੂਰਾਂ ਨੂੰ ਕਾਰਗਰ ਰੂਪ 'ਚ ਸੁਰੱਖਿਆ ਤੋਂ ਬਾਹਰ ਕਰ ਦਿੰਦੇ ਹਨ। ਜਥੇਬੰਦ ਖੇਤਰ ਦੀਆਂ ਵਿਵਸਥਾਵਾਂ, ਹਾਲਾਂਕਿ ਇਹ ਕਮਜ਼ੋਰ ਹੀ ਹਨ, ਸ਼ਾਇਦ ਸਿਰਫ਼ 10% ਮਜ਼ਦੂਰਾਂ ਉੱਪਰ ਲਾਗੂ ਹੁੰਦੀਆਂ ਹਨ। ਬਾਕੀ 90% ਮਜ਼ਦੂਰਾਂ ਦੀ ਸੁਰੱਖਿਆ ਪਹਿਲਾਂ ਨਾਲੋਂ ਵੀ ਘੱਟ ਗਈ ਹੈ।

ਇਸ ਨਾਲ ਨਿਯਮਾਂ ਤੋਂ ਬਚਣ ਲਈ ਮਾਲਕਾਂ ਨੂੰ ਛੋਟੇ ਬਣੇ ਰਹਿਣ ਜਾਂ ਆਪਣੇ ਕਾਰੋਬਾਰ ਨੂੰ ਕਈ ਛੋਟੀਆਂ ਇਕਾਈਆਂ ਵਿਚ ਵੰਡਣ ਲਈ ਉਲਟਾ ਉਤਸ਼ਾਹ ਮਿਲਦਾ ਹੈ। ਇਸਦਾ ਭਾਵ ਇਹ ਵੀ ਹੈ ਕਿ ਕੋਡਾਂ ਦੁਆਰਾ ਵਧੇਰੇ ਮਜ਼ਦੂਰਾਂ ਨੂੰ ਸੁਰੱਖਿਆ ਦੇ ਤਹਿਤ ਲਿਆਉਣ ਦੇ ਜੋ ਦਾਅਵੇ ਕੀਤੇ ਗਏ ਹਨ, ਉਹ ਬਹੁਤ ਹੱਦ ਤੱਕ ਭਰਮ ਹਨ - ਜਿਨ੍ਹਾਂ ਮਜ਼ਦੂਰਾਂ ਨੂੰ ਸੁਰੱਖਿਆ ਦੀ ਸਭ ਤੋਂ ਵੱਧ ਜ਼ਰੂਰਤ ਹੈ, ਉਨ੍ਹਾਂ ਨੂੰ ਸਿਲਸਿਲੇਵਾਰ ਤਰੀਕੇ ਨਾਲ ਬਾਹਰ ਰੱਖਿਆ ਗਿਆ ਹੈ।

**ਭਰਮਾਊ ਧੋਖਾ**

ਟਰੇਡ ਯੂਨੀਅਨਾਂ ਦਾ ਇਹ ਕਹਿਣਾ ਬਿਲਕੁਲ ਸਹੀ ਹੈ ਕਿ ਕਿਰਤ ਕੋਡ ਕਪਟਪੂਰਨ ਧੋਖਾ ਹਨ। ਭਰਮ ਬਿਆਨਬਾਜ਼ੀ ਅਤੇ ਹਕੀਕਤ ਦਰਮਿਆਨ ਦੇ ਅੰਤਰ ਵਿਚ ਨਿਹਿਤ ਹੈ—ਮਜ਼ਦੂਰ ਸ਼ਕਤੀਕਰਨ ਦੇ ਦਾਅਵਿਆਂ ਅਤੇ ਮਜ਼ਦੂਰਾਂ ਦੀ ਸੁਰੱਖਿਆ ਕਰਨ ਵਾਲੀ ਹਰ ਵਿਵਸਥਾ ਨੂੰ ਗਿਣ-ਮਿੱਥਕੇ ਕਮਜ਼ੋਰ ਕੀਤੇ ਜਾਣ ਦਰਮਿਆਨ ਦਾ ਅੰਤਰ। ਧੋਖਾ ਇਸ ਗੱਲ ਵਿਚ ਹੈ ਕਿ ਮਾਲਕਾਂ ਦੀ ਅਮੀਰੀ ਨੂੰ ਕਿਰਤੀਆਂ ਦੀ ਭਲਾਈ, ਅਸੁਰੱਖਿਆ ਨੂੰ ਲਚਕੀਲਾਪਣ ਅਤੇ ਅਧਿਕਾਰਹੀਣਤਾ ਨੂੰ ਆਧੁਨਿਕੀਕਰਨ ਬਣਾਕੇ ਪੇਸ਼ ਕੀਤਾ ਜਾ ਰਿਹਾ ਹੈ।

ਜਦੋਂ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਕਹਿੰਦੀ ਹੈ ਕਿ ਇਹ ਕੋਡ 'ਸਖ਼ਤ ਘਾਲਣਾ ਘਾਲ ਕੇ ਹਾਸਲ ਕੀਤੇ ਕਿਰਤ ਕਾਨੂੰਨਾਂ ਨੂੰ ਤਬਾਹ ਕਰਦੇ ਹਨ' ਅਤੇ 'ਤਾਕਤ ਦੇ ਤੋਲ ਨੂੰ ਮਾਲਕਾਂ ਦੇ ਹੱਕ ਵਿਚ ਤੇਜ਼ੀ ਨਾਲ ਮੋੜ ਦਿੰਦੇ ਹਨ,' ਜਦਕਿ ਸਰਕਾਰ ਦਾਅਵਾ ਕਰਦੀ ਹੈ ਕਿ ਇਹ 'ਮਜ਼ਦੂਰਾਂ ਨੂੰ ਤਾਕਤਵਰ ਬਣਾਉਂਦੇ ਹਨ,' ਤਾਂ ਇਹ ਸਿਰਫ਼ ਵੱਖ-ਵੱਖ ਰਾਜਨੀਤਿਕ ਨਜ਼ਰੀਏ ਨਹੀਂ ਹਨ—ਇਹ ਹਕੀਕਤ ਦੇ ਬਿਲਕੁਲ ਵਿਰੋਧੀ ਵਰਣਨ ਹਨ। ਸਬੂਤ ਵਿਵਸਥਾ-ਦਰ-ਵਿਵਸਥਾ, ਤੁਲਨਾ-ਦਰ-ਤੁਲਨਾ ਟਰੇਡ ਯੂਨੀਅਨਾਂ ਦੇ ਮੁਲਾਂਕਣ ਦੀ ਪੁਸ਼ਟੀ ਕਰਦੇ ਹਨ।

ਭਾਰਤ ਦੇ ਮਜ਼ਦੂਰਾਂ ਨੂੰ ਅਸਲੀ ਸੁਧਾਰਾਂ ਦੀ ਲੋੜ ਸੀ: ਮੌਜੂਦਾ ਸੁਰੱਖਿਆਵਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ, ਇਨ੍ਹਾਂ ਦਾ ਗ਼ੈਰਜਥੇਬੰਦ ਖੇਤਰ ਤੱਕ ਵਿਸਤਾਰ, ਕੰਮ ਵਾਲੀ ਥਾਂ ਦੇ ਸੰਚਾਲਨ ਦਾ ਜਮਹੂਰੀਕਰਨ ਅਤੇ ਉਲੰਘਣਾਂ ਕਰਨ ਵਾਲੇ ਮਾਲਕਾਂ ਲਈ ਸਖ਼ਤ ਸਜ਼ਾਵਾਂ। ਇਸ ਦੀ ਬਜਾਏ ਉਨ੍ਹਾਂ ਲਈ ਅਜਿਹੇ ਕੋਡ ਬਣਾ ਦਿੱਤੇ ਗਏ ਜੋ ਲੁੱਟਖਸੁੱਟ ਨੂੰ ਕਾਨੂੰਨੀ ਬਣਾਉਂਦੇ ਹਨ, ਉਨ੍ਹਾਂ ਦੀ ਅਸੁਰੱਖਿਆ ਨੂੰ ਰਸਮੀਂ ਰੂਪ ਦਿੰਦੇ ਹਨ ਅਤੇ ਉਨ੍ਹਾਂ ਦੀ ਅਧੀਨਤਾ ਦੀ ਮੁਕਤੀ ਵਜੋਂ ਸ਼ਲਾਘਾ ਕਰਦੇ ਹਨ।

ਇਹ ਸੁਧਾਰ ਨਹੀਂ ਹੈ। ਇਹ ਵਿਸ਼ਵਾਸਘਾਤ ਹੈ। ਅਤੇ ਸੜਕਾਂ ਉੱਪਰ ਕਿਰਤ ਕੋਡਾਂ ਦੀਆਂ ਕਾਪੀਆਂ ਸਾੜਨ ਵਾਲੇ ਮਜ਼ਦੂਰ ਸਰਕਾਰ ਦੀ ਜੈ-ਜੈਕਾਰ ਕਰਨ ਵਾਲੀ ਬਿਆਨਬਾਜ਼ੀ ਦੁਆਰਾ ਲੁਕੋਈ ਨਾ ਜਾ ਸਕਣ ਵਾਲੀ ਸਚਾਈ ਨੂੰ ਬਿਹਤਰ ਸਮਝਦੇ ਹਨ।

# ਗੁਰੂ, ਸਿੱਖੀ ਤੇ ਸਿੱਖ

**ਬਲਕਾਰ ਸਿੰਘ ਪ੍ਰੋਫੈਸਰ**
**ਫੋਨ: +91- 93163-01328**

ਸਿੱਖ ਅਤੇ ਗੁਰੂ ਵਿਚਕਾਰ ਬਾਣੀ ਹੈ। ਜਦੋਂ ਜਦੋਂ ਬਾਣੀ ਦੀ ਥਾਂ ਇਤਿਹਾਸ ਅਤੇ ਪੰਥ ਨੂੰ ਵਰਤਿਆ ਹੈ, ਨਤੀਜੇ ਦੁਖਾਂਤਕ ਅਤੇ ਘਾਤਕ ਨਿਕਲਦੇ ਰਹੇ ਹਨ। ਇਸ ਨੂੰ ਸਿੱਖ-ਸਿਆਸਤ ਦੁਆਰਾ ਸੌਖਿਆਂ ਸਮਝਿਆ ਜਾ ਸਕਦਾ ਹੈ।

ਦੁਖਾਂਤ ਇਹ ਹੈ ਕਿ ਬਾਣੀ ਦੀ ਅਗਵਾਈ ਵਿਚ ਪੈਦਾ ਹੋਣ ਵਾਲੀ ਭਾਈਚਾਰਕ-ਨੈਤਿਕਤਾ ਦੇ ਸਿੱਖ-ਅਧਾਰਯੋਗਤਾ (competence), ਆਗਿਆਕਾਰੀ (sincerity) ਅਤੇ ਈਮਾਨਦਾਰੀ (honesty), ਵਰਤਮਾਨ ਵਿਚ ਸਿਖ-ਨੈਤਿਕਤਾ ਦੀ ਸਿਆਸਤ ਹੁੰਦੇ ਜਾ ਰਹੇ ਹਨ। ਇਸ ਨੂੰ ਇਤਿਹਾਸ ਦੇ ਹਵਾਲਿਆਂ ਨਾਲ ਢਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਉਤੇ ਪੰਥਕ ਸਿਆਸਤ ਦੀ ਲੇਬਲਿੰਗ ਕੀਤੀ ਜਾ ਰਹੀ ਹੈ। ਇਸ ਬਰੈਂਡ-ਸਿਆਸਤ ਨਾਲ ਬੰਧਕ-ਮਾਨਸਿਕਤਾ ਵਾਸਤੇ ਸਪੇਸ ਪੈਦਾ ਹੋ ਰਹੀ ਹੈ। ਇਸ ਨੂੰ ਬਾਣੀ ਦੀ ਇਸ ਚਾਬੀ ਨਾਲ ਖੋਲ੍ਹਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ:



ਪਰਮੇਸਰ ਤੇ ਭੁਲਿਆਂ ਵਿਆਪਨ ਸਭੇ ਰੋਗ॥

ਗਲਵੱਢਵੀਂ-ਸਿਆਸਤ (competition politics) ਵਿਚ ਅਸੀਂ ਵੱਢੀਖੋਰੀ-ਵਿਧੀਆਂ, ਦਿਲ-ਲਗਾਊ ਤੇ ਦਿਲ-ਲਭਾਊ ਵਾਅਦਿਆਂ ਵਿਚ ਵਹਿ ਕੇ ਸਿਖ-ਸਰੋਕਾਰਾਂ 'ਤੋਂ ਦੂਰ ਜਾਈ ਜਾ ਰਹੇ ਹਾਂ। ਇਸ ਨਾਲ ਦੋਗਲੀ-ਮਾਨਸਿਕਤਾ (ਜਿਨ ਮਨਿ ਹੋਰ ਮੁਖ ਹੋਰ ਸੇ ਕਾਢੇ ਕਚਿਆ) ਸਾਹਮਣੇ ਆ ਕੇ ਆਪਣਾ ਸਿੱਕਾ ਮੰਨਵਾਉਣ ਦੀ ਕੋਸ਼ਿਸ਼ ਕਰਨ ਲਗ ਪਈ ਹੈ। ਦੋਗਲੀ-ਮਾਨਸਿਕਤਾ ਜੋ ਕਹਿੰਦੀ ਹੈ, ਉਹ ਨਹੀਂ ਕਹਿ ਰਹੀ ਹੁੰਦੀ ਅਤੇ ਜੋ ਸੋਚਦੀ ਹੈ, ਉਹ ਨਹੀਂ ਸੋਚ ਰਹੀ ਹੁੰਦੀ। ਇਸੇ irrational fantasy ਵਿਚੋਂ glittering & self destructive illusions ਨੂੰ ਜਨਮ ਦੇ ਰਹੇ ਸਰੋਕਾਰ ਸਾਹਮਣੇ ਆ ਰਹੇ ਹਨ। ਇਹ ਬਖਸ਼ਿਸ਼ਾਂ ਦੇ ਚੁਫੇਰੇ ਫੈਲੇ ਦੁਖਾਂਤ ਨਾਲ ਟਕਰਾ ਜਾਣ ਵਾਲੇ ਰਾਹ ਪੈ ਗਏ ਹਨ। open society ਦੇ ਮੁਦਈ ਸਿੱਖ, close society ਵਲ ਤੁਰ ਪਏ ਹਨ। ਸਰਬਤ ਦੇ ਭਲੇ ਵਾਲੀ ਮਾਨਸਿਕਤਾ ਗੁਆਚਦੀ ਜਾ ਰਹੀ ਹੈ। ਆਤਮ ਚੀਨਣ ਦੀ ਲੋੜ ਹੀ ਮਹਿਸੂਸ ਨਹੀਂ ਹੋ ਰਹੀ।

ਪਰਸਪਰ-ਭਰੋਸਾ, ਖੁਆਰੀ ਦੇ ਰਾਹ ਪੈ ਗਿਆ ਹੈ। (ਖੁਆਰ ਹੋਏ ਸਭ ਮਿਲਹਿਗੇ) ਬਿਬੇਕੀ-ਬਦਲਾਵ ਦੀ ਰੀਝ ਮੁਰਝਾਈ ਜਾ ਰਹੀ ਹੈ। (ਦੀਜੈ ਬੁਧ ਬਿਬੇਕਾ)

**ਸਵਾਲ:**

1.ਇਤਿਹਾਸ ਨੂੰ ਕਿਸ ਲੀਹ ਤੇ ਉਸਾਰਿਆ ਗਿਆ ਹੈ?

2.ਇਤਿਹਾਸ ਕਿਹੋ ਜਿਹੀ ਨੈਤਿਕਤਾ ਨੂੰ ਪੈਦਾ ਕਰਦਾ ਹੈ? End of history & beyond history ਕੀ ਹੈ?

ਇਤਿਹਾਸ ਨੂੰ ਆਮ ਲੋਕਾਂ ਦਾ ਇਤਿਹਾਸ, ਖਾਸ ਲੋਕਾਂ ਦਾ ਇਤਿਹਾਸ ਅਤੇ ਕਿਸੇ ਵੀ ਸਮਕਾਲ ਦਾ ਇਤਿਹਾਸ (proper history) ਵਜੋਂ ਕਿਵੇਂ ਸਮਿਝਆ ਜਾ ਸਕਦਾ ਹੈ?

3. ਪ੍ਰਾਪਤ ਅੰਤਰਦ੍ਰਿਸ਼ਟੀਆਂ ਇਤਿਹਾਸ-ਮੁਕਤ ਸੋਚ ਵਲ ਵਧ ਰਹੀਆਂ ਹਨ ਅਤੇ futureoriented, emancipatory&democratising ਨੂੰ ਮੰਜ਼ਲ ਮੰਨ ਰਹੀਆਂ ਹਨ। ਇਸ ਦੇ ਆਧਾਰ ਸਿੱਖ-ਚਿੰਤਨ ਵਿਚ ਚੜ੍ਹਦੀ-ਕਲਾ, ਜੀਵਨਮੁਕਤ ਅਤੇ ਸਰਬੱਤ ਦਾ ਭਲਾ ਵਜੋਂ ਪ੍ਰਾਪਤ ਵੀ ਹਨ ਅਤੇ ਸਕਰਮਕ ਵੀ ਹਨ। ਸਖ-ਸੁਰ ਵਿਚ ਇਹ ਇਹ ਇਤਿਹਾਸ-ਸਿਰਜਣਾ ਵਲ ਸੇਧਤ ਵੀ ਹਨ ਅਤੇ ਇਤਿਹਾਸ-ਧਾਰਕ ਮਾਨਸਿਕਤਾ ਦੀਆਂ ਸਿਰਜਕ ਵੀ ਹਨ। ਇਸ ਸੁਰ ਨਾਲੋਂ ਵਿਛੁਨਿਆ ਹੋਇਆ ਇਤਿਹਾਸ ਭੂਤਮੁਖੀ-ਇਤਿਹਾਸ-ਪੂਜਕ-ਮਾਨਸਿਕਤਾ ਪੈਦਾ ਕਰਦਾ ਆਇਆ ਹੈ ਅਤੇ ਉਸ ਨਾਲ ਵਰਤਮਾਨ ਨੂੰ ਸੁਆਰ ਸਕਣ ਦਾ ਰਾਹ ਰੋਕਦਾ ਆਇਆ ਹੈ।

ਸਿੱਖ-ਇਤਿਹਾਸ ਨੂੰ ਸਿੱਖਾਂ ਵਲੋਂ ਇਕੋ ਤਰ੍ਹਾਂ ਵੇਖਿਆ ਜਾਂਦਾ ਰਿਹਾ ਹੈ ਅਤੇ ਉਹ ਹੈ ਸਿੱਖਾਂ ਦਾ ਸ਼ਾਨਾਮੱਤਾ ਇਤਿਹਾਸ। ਇਸ ਨਾਲ ਭਵਿੱਖ ਦੇ ਮੋਹ ਵਿਚ ਸਿੱਖਾਂ ਵੱਲੋਂ ਸਿੱਖਾਂ ਦਾ ਵਰਤਮਾਨ ਵਿਸਰਦਾ ਰਿਹਾ ਹੈ ਜਾਂ ਸਿਆਸਤ ਦਾ ਸ਼ਿਕਾਰ ਹੁੰਦਾ ਰਿਹਾ ਹੈ। ਵਰਤਮਾਨ ਦੀਆਂ ਵੰਗਾਰਾਂ ਨੂੰ ਸਿੱਖ, ਬੀਤ ਗਏ (ਇਤਿਹਾਸ) ਦੇ ਹਵਾਲੇ ਨਾਲ ਨਜਿੱਠਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਇਸ ਨਾਲ ਸਾਨੂੰ ਦੂਜਿਆਂ ਦੇ ਏਜੰਡੇ ਮੁਤਾਬਿਕ ਸੋਚਣਾ ਤੇ ਵਿਚਰਨਾ ਪੈਂਦਾ ਰਿਹਾ ਹੈ। ਇਥੋਂ ਤਕ ਕਿ ਸਾਨੂੰ, ਸਾਡਾ ਇਤਿਹਾਸ ਵੀ ਦੂਜੇ ਹੀ ਦਸਦੇ ਰਹੇ ਹਨ। ਇਸ ਹਾਲਤ ਵਿਚ ਆਪਣੇ ਇਤਿਹਾਸ ਨੂੰ ਆਪ ਲਿਖਣ ਦੀ ਕੋਸ਼ਿਸ਼ ਵੀ ਦੂਜਿਆਂ ਵੱਲੋਂ ਲਿਖੇ ਇਤਿਹਾਸ ਨੂੰ ਨਾਲ ਲੈ ਕੇ ਤੁਰਦੀ ਰਹੀ ਹੈ। ਭਾਈ ਰਤਨ ਸਿੰਘ ਭੰਗੂ ਦਾ 'ਪੰਥ ਪ੍ਰਕਾਸ਼' ਸ਼ਰਧਾ ਰਾਮ ਫਿਲੌਰੀ ਨੂੰ ਨਾਲ ਲੈ ਕੇ ਤੁਰਦਾ ਹੈ ਅਤੇ ਦੋਵੇਂ ਕਲੋਨੀਅਲ-ਏਜੰਡੇ ਨਾਲ ਜੁੜੇ ਰਹਿੰਦੇ ਹਨ। ਕਲੋਨੀਅਲ-ਏਜੰਡਾ, ਇਤਿਹਾਸ ਦੀ ਰੌਸ਼ਨੀ ਵਿਚ ਸਿੱਖੀ ਨੂੰ ਸਮਝਣ ਦੀ ਕੋਸ਼ਿਸ਼ ਸੀ ਅਤੇ ਇਸ ਵਿਚ ਸਿੱਖ-ਇਤਿਹਾਸ ਦੇ ਊਰਜਿਤ-ਸ੍ਰੋਤ ਗੁਰਬਾਣੀ ਦਾ ਕੋਈ ਦਖਲ ਨਹੀਂ ਸੀ। ਇਤਿਹਾਸ ਦੀਆਂ ਵਿਧੀਆਂ ਨੂੰ ਜੇ ਸ੍ਰੋਤ ਅਤੇ ਡੈਟਾ ਵਿਚੋਂ ਇਕ ਚੁਣਨਾ ਪਵੇ ਤਾਂ ਡੈਟਾ, ਸ੍ਰੋਤ ਨਾਲੋਂ ਪਹਿਲ ਪ੍ਰਾਪਤ ਕਰ ਲਵੇਗਾ। ਇਸ ਵਿਚੋਂ ਦੋ ਤਰ੍ਹਾਂ ਦੇ ਇਤਿਹਾਸਕਾਰ ਪੈਦਾ ਹੋਏ ਹਨ। ਪਹਿਲੇ, ਜੋ ਗੁਰਬਾਣੀ ਨਹੀਂ ਜਾਣਦੇ ਸਨ ਅਤੇ ਇਤਿਹਾਸਕਾਰੀ ਕਰਦੇ ਰਹੇ ਸਨ। ਦੂਜੇ, ਉਹ ਜੋ ਗੁਰਬਾਣੀ ਵੀ ਜਾਣਦੇ ਸਨ ਅਤੇ ਇਤਿਹਾਸਕਾਰੀ ਵੀ ਕਰਦੇ ਰਹੇ ਸਨ। ਇਹ ਦੋਵੇਂ ਰੰਗ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਰਹੇ ਹਨ। ਇਸ ਨਾਲ ਇਕ ਪਾਸੇ ਸਿੱਖ-ਅਧਿਆਤਮ ਦੇ ਦਿੱਭ ਵਰਤਾਰੇ ਅੱਖੋਂ ਓਹਲੇ ਹੁੰਦੇ ਰਹੇ ਹਨ ਅਤੇ ਦੂਜੇ ਪਾਸੇ ਇਤਿਹਾਸਕ ਵਿਧੀਆਂ ਵਿਚ ਸਿੱਖ ਪਹੁੰਚ-ਵਿਧੀਆਂ ਦੀ ਸੁਤੰਤਰ ਸਥਾਪਤੀ ਦਾ ਰਾਹ ਰੁਕਦਾ ਰਿਹਾ ਹੈ। ਮਿਸਾਲ ਦੇ ਤੌਰ 'ਤੇ ਜਿਹੋ ਜਿਹਾ ਸਿੱਖ-ਬਿਰਤਾਂਤ, ਸੋਹਣ ਸਿੰਘ ਸੀਤਲ ਦਾ 'ਦੁਖੀਏ ਮਾਂ ਪੁਤ', ਸੁਰਿੰਦਰ ਸਿੰਘ ਮੰਡ ਦਾ ਨਾਵਲ 'ਬੋਲ ਮਰਦਾਨਿਆਂ' ਅਤੇ ਬਲਦੇਵ ਸਿੰਘ ਸੜਕਨਾਮਾ ਦਾ ਨਾਵਲ 'ਪੰਜਵਾਂ ਸਾਹਿਬਜ਼ਾਦਾ' ਨਾਲ ਸਾਹਮਣੇ ਲਿਆਂਦਾ ਗਿਆ ਹੈ, ਉਹ ਕਿਸੇ ਵੀ ਸਥਾਪਤ ਸਿੱਖ-ਇਤਿਹਾਸਕਾਰੀ ਦੇ ਲੇਖਕ ਵਿਚੋਂ ਨਹੀਂ ਲੱਭਦਾ। ਇਨ੍ਹਾਂ ਤਿੰਨਾਂ ਪੁਸਤਕਾਂ ਨੂੰ ਪਾਰ-ਇਤਿਹਾਸਕ ਵਿਧੀ ਸਥਾਪਤ ਕਰਨ ਵਾਸਤੇ ਵਰਤਿਆ ਜਾ ਸਕਦਾ ਹੈ, ਹਾਲਾਂ ਕਿ ਇਨ੍ਹਾਂ ਤਿੰਨਾਂ ਪੁਸਤਕਾਂ ਨੂੰ ਵੀ ਗੁਰਬਾਣੀ ਦੀ ਵਿਧੀ ਵਿਚ ਨਹੀਂ ਲਿਖਿਆ ਗਿਆ। ਪਰ ਇਨ੍ਹਾਂ ਵਿਚ ਉਹ ਕੁਝ ਹੋ ਗਿਆ ਹੈ, ਜਿਸ ਦੀ ਗੱਲ ਕੀਤੀ ਜਾ ਰਹੀ ਹੈ।

ਲੋੜ ਇਹ ਸੋਚਣ ਦੀ ਹੈ ਕਿ ਕਿਹੜੇ ਕਾਰਨਾਂ ਕਰਕੇ ਸਿੱਖਾਂ ਦੇ ਚੇਤਿਆਂ ਅਤੇ ਚੇਤਨਾ ਵਿਚਕਾਰ ਤਣਾਉ ਪੈਦਾ ਹੁੰਦਾ ਜਾ ਰਿਹਾ ਹੈ। ਚੇਤਿਆਂ ਦੀ ਪ੍ਰਤੀਨਿਧ ਸਿੱਖ-ਸਿਆਸਤ ਹੋ ਗਈ ਹੈ ਅਤੇ ਚੇਤਨਾ ਦੀ ਪ੍ਰਤੀਨਿਧ ਸਿੱਖ-ਅਕਾਦਮਿਕਤਾ ਅਤੇ ਸਿੱਖਾਂ ਦੀ ਮਹਾਂਨਗਰੀ-ਮਾਨਸਿਕਤਾ ਹੋ ਗਈ ਹੈ। ਇਸ ਨਾਲ ਭਾਰਤੀ ਪ੍ਰਸੰਗ ਵਿਚ ਘਟ-ਗਿਣਤੀ ਸਿੱਖ-ਭਾਈਚਾਰਾ, ਅੱਗੋਂ ਮੁੱਖਧਾਰਾ ਅਤੇ ਘਟ-ਗਿਣਤੀ ਵਿਚਕਾਰ ਵੰਡੀਦਾ ਜਾ ਰਿਹਾ ਹੈ। ਦੁਖਾਂਤ ਇਹ ਹੈ ਕਿ ਮੁੱਖ-ਧਾਰਾ ਦੀ ਪ੍ਰਧਾਨ ਸੁਰ ਅਨਪੜ੍ਹਤਾ ਹੁੰਦੀ ਜਾ ਰਹੀ ਹੈ ਅਤੇ ਘਟ-ਗਿਣਤੀ ਦੀ ਪ੍ਰਧਾਨ ਸੁਰ ਉਪਭੋਗੀ-ਚੇਤਨਾ ਹੁੰਦੀ ਜਾ ਰਹੀ ਹੈ। ਇਹ ਵੰਡ ਬੇਸ਼ਕ ਪੱਕੀ ਨਹੀਂ, ਬਿਲਕੁਲ ਕੱਚੀ ਹੈ ਅਤੇ ਅਨਪੜ੍ਹਤਾ ਤੇ ਚੇਤਨਾ ਨੂੰ ਸਹਿਯੋਗੀ ਭੂਮਿਕਾ ਵਿਚ ਲਿਆਉਣ ਦੀਆਂ ਕੋਸ਼ਿਸ਼ਾਂ ਵੀ ਹੋ ਰਹੀਆਂ ਹਨ।

Thich Nhat Hanh, Old Path White Clouds, Walking in the Footsteps of Budha, Hind Pocket Books, 22nd edition, 2016, total pages 598

ਦਸਮ ਪਾਤਸ਼ਾਹ ਹਜ਼ੂਰ ਦੇ ਜਨਮ ਵੇਲੇ (1666) ਬਿਹਾਰ ਵਿਖੇ ਮਹਾਤਮਾ ਬੁਧ (ਈਸਾ ਤੋਂ ਪੰਜ ਸਦੀਆਂ ਪਹਿਲਾਂ, ਇਕ ਪਰੰਪਰਾ ਮੁਤਾਬਿਕ 566-436 ਬੀ.ਸੀ ਅਤੇ ਦੂਜੀ ਮੁਤਾਬਿਕ 624-544 ਬੀ.ਸੀ) ਦਾ ਧਰਮ ਸਥਾਪਤ ਹੋ ਚੁਕਾ ਸੀ ਅਤੇ ਦੁਨੀਆਂ ਵਿਚ ਫੈਲ ਵੀ ਚੁਕਾ ਸੀ ਅਤੇ ਮਿਸ਼ਨਰੀ ਅਪੀਲ ਵਾਲੇ ਵਿਸ਼ਵ ਧਰਮ ਵਜੋਂ ਪਰਵਾਨ ਹੋਣ ਲਗ ਪਿਆ ਸੀ। 12ਵੀਂ ਸਦੀ ਵਿਚ ਤਾਂ ਬੁਧ ਧਰਮ ਨੂੰ ਜਲਾਵਤਨ ਕਰ ਦਿਤਾ ਗਿਆ ਸੀ। ਸਿੱਖੀ, ਬਿਹਾਰ ਵਿਚ ਨੌਵੇਂ ਪਾਤਸ਼ਾਹ ਦੀ ਅਗਵਾਈ ਵਿਚ ਅੰਗੜਾਈਆਂ ਲੈ ਰਹੀ ਸੀ ਅਤੇ ਦਸਮ ਪਾਤਸ਼ਾਹ ਜੀ ਦੇ ਜਨਮ ਨਾਲ ਪਕੇ ਪੈਰੀਂ ਹੋ ਗਈ ਸੀ। ਸਿੱਖੀ ਨੇ ਸਿਖਿਆਵਾਂ ਨੂੰ ਲੋਕ-ਅਮਲ ਵਿਚ ਉਤਾਰ ਦਿਤਾ ਸੀ। ਚੰਗਾ ਸੋਚਣਾ ਜਿੰਨਾ ਸੌਖਾ ਹੈ, ਚੰਗਾ ਕਰਨਾ ਉਨਾ ਹੀ ਔਖਾ ਹੈ।

ਗੁਰੂ, ਅਵਤਾਰ ਨਹੀਂ ਹੈ ਕਿਉਂਕਿ ਗੁਰੂ, ਮਾਤ ਲੋਕ ਵਿਚੋਂ ਅਵਤਰੇ ਜ਼ਰੂਰ ਸਨ, ਪਰ ਸਮੇਂ ਅਤੇ ਸਥਾਨ ਦੀਆਂ ਹਦਬੰਦੀਆਂ ਤੋਂ ਮੁਕਤ ਹੋ ਕੇ ਵਿਚਰਦੇ ਰਹੇ ਸਨ। ਸੋ ਧਰਮ ਦੇ ਖੇਤਰ ਵਿਚ ਬਹੁਤ ਕੁਝ ਅਜਿਹਾ ਵਾਪਰਿਆ ਜਿਸ ਨਾਲ ਇਹ ਸਾਹਮਣੇ ਆ ਗਿਆ ਕਿ ਜੀਵਨ ਮੁਕਤੀ ਦਾ ਭੇਤ ਚੇਤਨ ਪ੍ਰਚੰਡਤਾ ਦੁਆਰਾ ਹੀ ਸਾਖਸ਼ਾਤ ਹੋ ਸਕਦਾ ਹੈ। ਇਸ ਵਾਸਤੇ ਸ਼ਬਦ ਦੁਆਰਾ ਬਲਵਾਨ ਸੁਰਤਿ, ਉਸਾਰੂ ਸੁਭਾ ਅਤੇ ਸਰਬਤ ਦੇ ਭਲੇ ਵਾਲੀ ਗੁਰਮੁਖੀ ਮਾਨਸਿਕਤਾ, ਭਾਣੇ ਵਚ ਰਹਿ ਕੇ ਚੜ੍ਹਦੀ ਕਲਾ ਵਿਚ ਵਿਚਰ ਸਕਦੀ ਹੈ।

ਗੁਰੂ, ਸਕਰਮਕ ਸੁਧਾਰਕ ਹੈ ਅਤੇ ਅਜਿਹਾ ਪ੍ਰੇਮ ਦੀ ਵਿਧੀ ਨਾਲ ਬੰਦੇ ਦੀਆਂ ਸੁਤੀਆਂ ਕਲਾਂ ਨੂੰ ਜਗਾਉਣਾ ਹੈ।

ਗੁਰੂ, ਜੋਧਾ ਹੈ ਅਤੇ ਸਮਕਾਲ ਨੂੰ 'ਸ਼ਸ਼ਤ੍ਰਨ ਸਿਉਂ ਅਤਿ ਹੀ ਰਣ ਭੀਤਰ ਜੂਝ ਮਰਉਂ ਤਉ ਸਾਚ ਪਤੀਜੈ' ਦੀ ਵਿਧੀ ਨਾਲ ਜੇਤੂ ਤਰਕ ਨੂੰ ਪ੍ਰਚੰਡਤ ਕਰਦਾ ਹੈ।

ਗੁਰੂ ਜੀ ਨੇ ਜਿਸ ਵਿਉਂਤ ਦੀ ਨੀਂਹ ਰਖੀ, ਉਹ ਗ਼ਲਤੀ ਤੋਂ ਰਹਿਤ ਸੀ ਅਤੇ ਠੀਕ ਸਮੇਂ ਸਿਰੇ ਚੜ੍ਹਣ ਦੇ ਸਮਰਥ ਅਤੇ ਠੀਕ ਸਮੇਂ ਫਲ ਲਿਆਉਂਦੀ ਹੈ। ਗੁਰੂ ਦੀ ਬੀਰਤਾ ਦੀ ਨਦੀ, ਪ੍ਰੇਮ, ਧਰਮ ਅਤੇ ਸਦਾਚਾਰ ਦੇ ਕੰਢਿਆਂ ਵਿਚਕਾਰ ਵੈਹੰਦੀ ਰਹੀ ਹੈ।

ਗੁਰੂ, ਨੀਤੀਵੇਤਾ ਹੈ। ਭਾਈ ਵੀਰ ਸਿੰਘ ਮੁਤਿਬਕ- 'ਉਨ੍ਹਾਂ ਦੀ ਨੀਤੀ ਸਚ ਪਰ ਸੀ ਅਰ ਸਚੀ ਦਾਨਾਈ ਪਰ ਸੀ। ਉਚੀ ਅਕਲ, ਦੂਰ ਦੀ ਸੋਝੀ, ਦਮਾਗ਼ੀ ਕਮਲ ਉਨ੍ਹਾਂ ਦੀ ਨੀਤੀ ਸੀ।

ਗੁਰੂ-ਪ੍ਰਬੰਧ ਵਿਚ ਹਰੇਕ ਨੂੰ ਆਪਣੇ ਧਰਮ ਦੀ ਪਾਲਣਾ ਦਾ ਅਧਿਕਾਰ ਸੀ। ਸਮੇਂ ਦੀ ਹਕੂਮਤ ਵਲੋਂ ਸਤਾਏ ਹੋਇਆਂ ਦੀ ਸ਼ਰਨਗਾਹ ਵੀ ਗੁਰੂ ਹੀ ਸੀ। ਗੁਰੂ, ਵਿਦਵਾਨ ਸੀ ਅਤੇ ਵਿਦਿਆ ਦਾ ਕਦਰਦਾਨ ਸੀ।

ਗੁਰੂ, ਕਵੀ ਸੀ ਅਤੇ ਸ਼ਾਤ-ਰਸ ਅਤੇ ਬੀਰ-ਰਸ ਦਾ ਸੰਤੁਲਤ ਪ੍ਰਗਟਾਵਾ ਸੀ। ਭਾਈ ਸਾਹਿਬ ਦੀ ਸੁਣੋ- 'ਕੈਸਾ ਅਸਚਰਜ ਹੈ ਕਿ ਜੋ ਮਹਾਂਪੁਰਖ ਅਠ ਪਹਿਰ ਸ਼ਬਦ ਵਿਚ ਜੁੜ ਰਿਹਾ ਹੈ, ਜੋ ਸੰਸਾਰ ਦੇ ਸੰਕਟ ਹਰ ਰਿਹਾ ਹੈ, ਜੋ ਸਦਾਚਾਰ ਸਿਖਾਲ ਰਿਹਾ ਹੈ, ਜੋ ਜਬਰਦਸਤ ਰਾਜੇ ਅਤੇ ਮੁਗ਼ਲ ਸਲਤਨਤ ਦਾ ਮੁਕਾਬਲਾ ਕਰ ਰਿਹਾ ਹੈ, ਜੋ ਨੀਤੀ ਦੇ ਪ੍ਰਬੰਧ ਵਿਚ ਮਗਨ ਹੈ, ਜੋ ਪੰਡਤਾਂ ਦਾ ਕਦਰਦਾਨ ਹੈ, ਗੁਣੀਆਂ ਦੀ ਸਭਾ ਨੂੰ ਸੋਭਾ ਦੇ ਰਿਹਾ ਹੈ, ਉਹ ਆਪ ਕਵਿਤਾ ਕਰਦਾ ਹੈ, ਕਵਿਤਾ ਲਈ ਸਮਾਂ ਕਢਦਾ ਹੈ, ਅਰ ਹਰ ਇਕ ਦੀ ਕਵਿਤਾ ਸੰਪੂਰਨ ਕਰਦਾ ਹੈ ਅਤੇ ਸੈਂਕੜੇ ਨਵੇਂ ਛੰਦਾਂ ਦਾ ਆਪ ਨੂੰ ਕਰਤਾ ਸਾਬਤ ਕਰਦਾ ਹੈ।'

ਦਸਮ ਪਾਤਸ਼ਾਹ ਜੀ, ਕਲਾਕਾਰ, ਦੇਸ਼ ਭਗਤ ਅਤੇ ਸੂਰਮੇ ਦੇ ਨਾਲ ਨਾਲ ਨੇਸ਼ਨ ਬਿਲਡਰ ਵੀ ਸਨ। 'ਆਪ ਨੇ ਟੁਟੀ-ਫੁਟੀ ਮਰ-ਮਿਟੀ ਪਰਜਾ ਵਚ ਕੌਮੀਅਤ ਦੀ ਨੀਂਹ ਰਖੀ ਅਰ ਕੌਮੀਅਤ ਦਾ ਮਾਦਾ ਭਰ ਕੇ ਲੋਕਾਂ ਨੂੰ ਕੌਮ ਬਨਣਾ ਸਿਖਾਲ ਦਿਤਾ। ਸਾਂਝਾ ਪਿਆਰ, ਸਾਂਝਾਂ ਭੁਜਬਲ, ਸਾਂਝੇ ਘਾਟੇ ਦੇ ਅਗੇ ਸਾਂਝ ਪ੍ਰਯਤਨ, ਸਾਂਝੇ ਲਾਭ ਪਰ ਆਪਣੇ ਹਕ ਦੂਸਰੇ ਦੇ ਫਰਜ਼ ਦਾ ਸਤਿਕਾਰ ਕਰਨਾ ਕੁਟ ਕੁਟ ਕੇ ਭਰ ਦਿਤਾ।

ਕਵੀ ਕੰਕਨ, 52 ਕਵੀਆਂ ਵਿਚੋਂ ਹੈ ਅਤੇ ਹਜ਼ੂਰੀ ਕਵੀ ਵਜੋਂ ਕਹਿੰਦਾ ਸੁਣੋ:

ਕਹਿਆ ਗੁਰੂ ਸੁਣਾਇਕੇ ਸਭਨਾ ਨੂੰ: 'ਅਸੀਂ ਜੰਗ ਤੋਂ ਮੂਲ ਨ ਸੰਗਦੇ ਹਾਂ।

ਤੁਸੀਂ ਬਾਜ ਹੀ ਬਾਜ ਪੁਕਾਰਦੇ ਹੋ, ਅਸੀਂ ਰਾਜ ਤੁਹਾਡਾ ਭੀ ਮੰਗਦੇ ਹਾਂ।

ਕਈ ਬੈਰੀਆਂ ਦੀ ਸਾਨੂੰ ਕਾਣ ਨਾਹੀਂ, ਅਸੀਂ ਬੈਰਾਂ ਨੂੰ ਮਾਰਕੇ ਟੰਗਦੇ ਹਾਂ।

ਤੁਸੀਂ ਫੌਜ ਦਾ ਕਰੋ ਗੁਮਾਨ ਯਾਰੋ, ਅਸੀਂ ਤਾਲ ਅਕਾਲ ਦੀ ਮੰਗਦੇ ਹਾਂ।

ਸਵੈਯਾ-ਮਾਰ ਕਰੀ ਤਰਵਾਰਨ ਕੀ ਗੁਰ ਲੋਥਨ ਊਪਰ ਲੋਥ ਗਰਾਈ।

ਲੋਥ ਕੇ ਅਪਰ ਲੋਥ ਧਰੀ ਸੁ ਮਾਨੋ ਸੁਰ-ਲੋਕ ਲੌ ਸੀਢੀ ਬਨਾਈ।

ਜੋਊ ਬਚੇ ਤੇਊ ਭਾਗ ਗਏ ਤਨ ਆਪਨੇ ਸ਼ਾਹ ਸੋਂ ਜਾਇ ਸੁਨਾਈ।

ਜੀਤ ਭਈ ਰਨ ਮੇ ਗੁਰ ਕੀ ਫਰੀ ਮਧਯ ਅਕਾਸ਼ ਰਾਮਦੁਹਾਈ।

-ਬੋਲ ਮਰਦਾਨਿਆ, ਪੰਜਵਾਂ ਸਾਹਿਬਜ਼ਾਦਾ ਤੋਂ ਬਿਨਾ ਹਰਜੀਤ ਅਟਵਾਲ ਦੇ ਦੋ ਨਾਵਲ ਆਪਣਾ (ਦੁਖੀਏ ਮਾਂ ਪੁਤ) ਅਤੇ ਅਕਾਲ ਸਹਾਇ (ਸਿੱਖ ਰਾਜ ਕਿਵੇਂ ਗਿਆ) ਲਿਖੇ ਗਏ ਹਨ। ਇਹ ਕਰਨਲ ਨਰਿੰਦਰਪਾਲ ਸਿੰਘ ਵਾਲੀ ਸੁਰ ਵਿਚ ਹਨ।

-ਸਿਖੀ ਮੁਦਿਆਂ ਤੋਂ ਵਿਛੁੰਨੀ ਹੋਈ ਹੈ ਅਤੇ ਸੰਭਾਵਨਾਵਾਂ ਦਾ ਊਰਜਿਤ ਸ੍ਰੋਤ ਗੁੰਮ ਰਹਿਣ ਕਾਰਨ ਗੁਰੂ ਸਾਹਿਬਾਨ ਮਾਸਟਰ ਆਫ ਦਾ ਪਾਸੇਬਿਲਿਟੀ ਸਾਹਮਣੇ ਨਹੀਂ ਆ ਰਹੇ?

-ਨਵੀਂ ਪੀਹੜੀ ਨੂੰ ਸਮਝਾਉਣ ਲਈ ਗ੍ਰੰਥ ਨੂੰ ਸ੍ਰੋਤ ਵਜੋਂ ਅਤੇ ਪੰਥ ਨੂੰ ਪ੍ਰਾਪਤੀ ਵਜੋਂ ਲੈਣਾ ਪਵੇਗਾ। ਪ੍ਰਾਪਤੀ ਹਰ ਸਮਕਾਲ ਦੀ ਸਮਕਾਲ ਦੇ ਪ੍ਰਸੰਗ ਵਿਚ ਹੀ ਹੁੰਦੀ ਹੈ ਅਤੇ ਇਸ ਨੂੰ ਗ੍ਰੰਥ ਦੇ ਹਵਾਲੇ ਨਾਲ ਹੀ ਸਮਝਿਆ ਜਾ ਸਕਦਾ ਹੈ। ਜੇ ਇਨ੍ਹਾਂ ਦਿਹਾਂ ਵਿਚਕਾਰ ਸੰਤੁਲਨ ਵਿਗੜ ਜਾਏ ਤਾਂ ਕੇਂਦਰ ਅਤੇ ਹਾਸ਼ੀਏ ਵਰਗੀ ਦਵੈਤ ਨਾਲ ਘੜਮਸ ਪੈਦਾ ਹੋ ਸਕਦੀ ਹੈ।

-ਇਸ ਨੂੰ ਸੰਭਾਲਣ ਦੀ ਪਹਿਲ ਅਕਾਦਮੀਸ਼ਨਾ ਨੂੰ ਕਰਨੀ ਚਾਹੀਦੀ ਹੈ। ਅਜਿਹਾ ਆਈਡੀਆ ਐਂਡ ਆਈਡਿਆਲੋਜੀ ਨੂੰ ਸਮੇਂ ਦੇ ਹਾਣ ਦਾ ਉਸਾਰ ਕੇ ਹੀ ਕੀਤਾ ਜਾ ਸਕਦਾ ਹੈ। ਕੀਤਾ ਹੋਇਆ ਇਹ ਕੰਮ ਜੇ ਸਮਕਾਲੀ ਵਾਰਸਾਂ ਦੀ ਚੇਤਨਾ ਵਿਚ ਰਮ ਕੇ ਸੁਪਿਨਆਂ ਨੂੰ ਸਾਕਾਰ ਕਰਨ ਵਾਲੇ ਰਾਹ ਨਹੀਂ ਪੈਂਦਾ ਤਾਂ ਬੌਧਿਕਤਾ, 'ਸਿਧ ਛਪ ਬੈਠੇ ਪਰਬਤੀ' ਵਾਲੇ ਰਾਹ ਪੈ ਜਾਂਦੀ ਹੈ ਅਤੇ ਹਰ ਕਿਸਮ ਦੇ ਅਪੂਰਣ ਦੀਆਂ ਸਥਿਤੀਆਂ ਪੈਦਾ ਹੋ ਜਾਂਦੀਆਂ/ਸਕਦੀਆਂ/ਜਾਣਗੀਆਂ ਹਨ।

-ਸਿਖ-ਸਿਧਾਂਤਕੀ ਵਿਚ ਧਰਮ ਦੇ ਸ਼ਸ਼ਕਤੀਕਰਣ ਦੇ ਬਿੰਬ ਸੰਭਾਲੇ ਹੋਏ ਹਨ। ਇਨ੍ਹਾਂ ਦੀਆਂ ਸੰਭਾਵਨਾਵਾਂ ਨੂੰ ਸਮਝੌਤਿਆਂ ਨਾਲ, ਸਿਆਸਤ ਨਾਲ ਜਾਂ ਚਲਾਕੀਆਂ ਨਾਲ ਪਕੇ ਪੈਰੀਂ ਨਹੀਂ ਉਸਾਰਿਆ ਜਾ ਸਕਦਾ। ਇਹ ਰਾਹ ਜੂਝਣ ਵਲ ਸੇਧਤ ਤਾਂ ਹੈ ਪਰ ਕਿਸੇ ਕਿਸਮ ਦੀ ਵਧੀਕੀ ਦੀ ਆਗਿਆ ਨਹੀਂ ਦੇਂਦਾ। ਬਸ ਨਮੋ ਦੀ ਆਗਿਆ ਹੈ, ਅੰਨ੍ਹੇ ਸ਼ਰਧਾਲੂਆਂ ਵਾਂਗ ਨਹੀਂ ਜਾਗੇ ਹੋਏ ਵਾਰਸਾਂ ਵਾਂਗ:

ਜ਼ਿਆਰਤ ਕਰੋ, ਸਿਰ ਝੁਕਾਉ, ਆਂਸੂ ਬਹਾਉ ਪਿਆਰ ਮੇਂ
ਦੋ ਬਚੇ ਜ਼ਿੰਦਾ ਦਫਨ (ਹੈਂ) ਸਰਹੰਦ ਕੀ ਦੀਵਾਰ ਮੇਂ
ਏਸੇ ਦਾ ਸਮਰਥਨ ਕਰਦਾ ਹੈ ਇਹ ਗੀਤ-

ਸਰਹੰਦ ਨੂੰ ਜੇ ਚਲੇ ਹੋ ਮੇਰੇ ਪਿਆਰਿਉ, ਮੇਰੇ ਲਾਲ ਦੇ ਨਾਲ ਰਲ ਕੇ ਰਾਤ ਗੁਜ਼ਾਰਿਉ

-ਗੁਰੂ-ਪਿਤਾ ਦੇ ਹੁੰਦਿਆਂ ਗੁਰੂ-ਸੁਤ ਵਾਂਗ ਵਿਚਰਦਿਆਂ ਗੁਰੂ-ਜੋਤਿ ਦੇ ਸੰਕੇਤ ਮਿਲ ਗਏ ਸਨ।

-ਗੁਰ-ਇਤਿਹਾਸ ਵਿਚ ਦਿਭਤਾ-ਬਿੰਬ ਦਾ ਪ੍ਰਗਟਾਵਾ ਜਿਸ ਤਰ੍ਹਾਂ ਦਸਮ ਪਾਤਸ਼ਾਹ ਹਜ਼ੂਰ ਰਾਹੀਂ ਹੋਇਆ, ਉਹ ਆਪਣੇ ਵਰਗਾ ਆਪ ਸੀ। ਗੁਰੂ-ਪਰੰਪਰਾ ਦੀ ਨਿਰੰਤਰਤਾ ਵਿਚ ਉਹ ਕ੍ਰਿਸ਼ਨ ਪੂਜਕਾਂ ਨੂੰ ਕ੍ਰਿਸ਼ਨ ਲਗਦੇ ਸਨ ਅਤੇ ਬਿਹਾਰ ਦੀਆਂ ਗਲੀਆਂ ਵਿਚ ਉਹ ਕ੍ਰਿਸ਼ਨ-ਲੀਲ੍ਹਾ ਦੇ ਸ੍ਰੋਤ ਵਾਂਗ ਵਿਚਰਦੇ ਰਹੇ ਸਨ।

-ਦਸਮ ਪਾਤਸ਼ਾਹ ਜਿਥੇ ਵੀ ਹੁੰਦੇ ਸਨ, ਉਥੋਂ ਦਾ ਮਾਹੌਲ ਉਨ੍ਹਾਂ ਦੇ ਰੰਗ ਵਿਚ ਰੰਗਿਆ ਜਾਂਦਾ ਸੀ। ਵਖ ਵਖ ਦੇਵਿਤਆਂ ਦੇ ਭਗਤਾਂ ਨੂੰ ਦਸਮ ਪਾਤਸ਼ਾਹ ਜੀ ਦੇ ਬਚਪਨ ਵਿਚੋਂ ਆਪਣੇ ਆਪਣੇ ਦੇਵਤੇ ਦੇ ਰੰਗ ਨਜ਼ਰ ਆਉਣ ਲਗ ਪਏ ਸਨ। ਇਹ ਦਿਭਤਾ ਦੀ ਉਸ ਪ੍ਰਤਾਪੀ ਪ੍ਰਚੰਡਤਾ ਕਰਕੇ ਵਾਪਰਿਆ ਸੀ, ਜਿਸ ਦੀ ਪ੍ਰਤਿਨਧਤਾ ਲਗਾਤਾਰ ਨਾਨਕ-ਜੋਤਿ ਕਰਦੀ ਆ ਰਹੀ ਸੀ।

**ਨਤੀਜਾ ਇਹ ਕਢਿਆ ਜਾ ਸਕਦਾ ਹੈ:**

1.ਦਸਮ ਪਾਤਸ਼ਾਹ ਜੀ ਨੇ ਪਟਨਾ ਸਾਹਿਬ ਨੂੰ ਜਨਮ ਭੂਮੀ ਚੁਣ ਕੇ ਬਿਹਾਰ ਦੀ ਧਰਤੀ ਤੇ ਅਧਿਆਤਿਮਕ-ਜ਼ਰਖੇਜ਼ੀਅਤ ਦਾ ਬੀਜ ਸਿੱਖ-ਸੁਰ ਵਿਚ ਬੀਜ ਦਿਤਾ ਸੀ। ਇਹ ਬਿਹਾਰੀ-ਸਭਿਆਚਾਰ ਨੂੰ ਸਿੱਖ-ਸੀਭਆਚਾਰ ਦੇ ਰੰਗ ਵਿਚ ਰੰਗ ਦੇਣਾ ਸੀ। ਇਸ ਦਾ ਪ੍ਰਗਟਾਵਾ ਨਤੀਸ਼ ਦੇ ਹਥੋਂ ਹੋ ਚੁਕਾ ਹੈ ਕਿਉਂਕਿ ਪਟਨਾ, ਸਾਰੇ ਬਿਹਾਰ ਦੇ ਰੰਗ ਦਾ ਬਿੰਬ ਹੋ ਗਿਆ ਸੀ।

2.ਦਸਮ ਪਾਸ਼ਾਹ ਜੀ ਦੋਹਾਂ ਸਿਰਿਆਂ ਦੇ ਸਵਾਮੀ ਸਨ। ਇਸ ਦਾ ਪ੍ਰਗਟਾਵਾ ਭਾਈ ਨੰਦ ਲਾਲ ਨੇ 'ਨਾਸਰੋ ਮਨਸੂਰ' ਰਾਹੀਂ ਕੀਤਾ, ਅਲਾ ਯਾਰ ਖਾਂ ਜੋਗੀ ਨੇ 'ਸ਼ਹੀਦਾਨੇ ਵਫਾ' ਰਾਹੀਂ ਕੀਤਾ ਅਤੇ ਹਤਕਾਰ/ਕਲਾਕਾਰ ਲਗਾਤਾਰ ਕਰਦੇ ਜਾ ਰਹੇ ਹਨ।

3.ਭਾਰਤੀ ਪ੍ਰਸੰਗ ਵਿਚ ਦਸਮ ਪਾਤਸ਼ਾਹ ਦੀ ਅਧਿਆਤਿਮਕ ਯਾਤਰਾ ਨੂੰ ਜਮਨਾ ਤੋਂ ਗੋਦਾਵਰੀ ਤਕ ਦੀ ਯਾਤਰਾ ਵਾਂਗ ਵੇਖਿਆ ਜਾ ਸਕਦਾ ਹੈ। ਇਹ ਕੌਮੀਅਤ ਦੀ ਨੀਂਹ ਰਖੀ ਗਈ ਸੀ ਅਤੇ ਧਰਮ ਨੂੰ ਧਰਮ ਦੀਆਂ ਹਦਬੰਦੀਆਂ ਤੋਂ ਮੁਕਤ ਕਰਨ ਦੀ ਮੁਹਿੰਮ ਸ਼ੁਰੂ ਕਰ ਦਿਤੀ ਸੀ। ਸੀ ਨੂੰ ਹੈ ਵਿਚ ਤਬਦੀਲ ਕਰਨ ਵਾਲਾ ਇਕ ਕਦਮ ਨਤੀਸ਼ ਦੀ ਅਗਵਾਈ ਵਿਚ ਪੁਟਿਆ ਜਾ ਚੁਕਾ ਹੈ। ਇਸ ਦੀ ਲਗਾਤਾਰਤਾ ਭਾਰਤ ਨੂੰ ਲੋੜੀਂਦੀ ਮੁਕਤੀ ਵਲ ਜਾਏਗਾ।

4.ਆਮ ਬੰਦੇ ਤੋਂ ਖਾਲਸਾ ਵਲ ਸ਼ੁਰੂ ਹੋਇਆ ਸਿਖ-ਸਫਰ, ਸਿਧਾਂਤ ਰੂਪ ਵਿਚ ਮਾਨਵਤਾ ਵਲ ਸੇਧਤ ਹੈ। ਜਿਵੇਂ ਇਹ ਸਫਰ ਸਿੱਖ ਤੋਂ ਖਾਲਸੇ ਦਾ ਸਫਰ ਤਹਿ ਕਰ ਚੁਕਾ ਹੈ, ਉਵੇਂ ਹੀ ਖਾਲਸੇ ਤੋਂ ਸਿੱਖ ਵਲ ਯਾਤਰਾ ਸ਼ੁਰੂ ਕਰਕੇ, ਪਹਿਲਾਂ ਸ਼ਹਿਰੀ, ਫਿਰ ਰਾਸ਼ਟਰੀ-ਸ਼ਹਿਰੀ ਅਤੇ ਫਿਰ ਅੰਤਰਰਾਸ਼ਟਰੀ-ਸ਼ਹਿਰੀ ਹੋ ਸਕਣ ਦੀ ਸਿੱਖ-ਸੋਚ ਨੂੰ ਸਾਹਮਣੇ ਲਿਆਂਦੇ ਜਾਣ ਦੀ ਲੋੜ ਹੈ, ਕਿਉਂਕਿ ਦੁਨੀਆਂ ਦੇ ਇਕ ਪਿੰਡ ਵਾਂਗ ਹੋ ਜਾਣ ਕਰਕੇ ਮਲਟੀਕਲਚਰਲ ਭਾਈਚਾਰਿਆਂ ਨੂੰ ਅਜਿਹੀ ਸਿਧਾਂਤਕੀ ਦੀ ਲੋੜ ਹੈ, ਜਿਹੋ ਜਿਹੀ ਸਿਧਾਂਤਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸਾਹਮਣੇ ਆ ਚੁਕੀ ਹੈ।

5.ਅਜਿਹਾ ਏਜੰਡੇ ਦੀ ਨਿਸ਼ਾਨਦੇਹੀ ਨਾਲ ਹੀ ਹੋ ਸਕੇਗਾ। ਲਕੜ ਤੋਂ ਪੜ੍ਹਣ ਵਾਲੀ ਫਟੀ ਬਨਾਉਣੀ ਹੈ ਕਿ ਕਿਸੇ ਦੀ ਕੁਹਾੜੀ ਦਾ ਦਸਤਾ ਬਨਾਉਣਾ ਹੈ, ਇਸ ਦਾ ਫੈਸਲਾ ਹੀ ਏਜੰਡੇ ਦੀ ਨਿਸ਼ਾਨਦੇਹੀ ਹੈ। ਇਹ ਰਾਹ ਸਿਧਾਂਤਕੀ ਵਲ ਨੂੰ ਜਾਂਦਾ ਹੈ।

6.ਪ੍ਰਤਾਪੀ-ਦਿਭਤਾ ਨੂੰ ਸੰਸਾਰ ਵਿਚ ਪਰਵੇਸ਼ ਕਰਨ ਵਾਸਤੇ ਬਿੰਦ (ਪਿਤਾ) ਅਤੇ ਕੁਖ (ਮਾਤਾ) ਅਹਿਮ ਭਿਮਕਾ ਨਭਾਉਂਦੇ ਹਨ। ਜੀਨ-ਪ੍ਰਕਾਸ਼ਨਾ ਦੇ ਆਮ ਅਤੇ ਪਰੰਪਰਕ ਪ੍ਰਗਟਾਵਿਆਂ ਵਿਚ ਦਿਭ-ਵਿਲਖਣਤਾਵਾਂ ਕਿਵੇਂ ਵਾਪਰਦੀਆਂ ਹਨ, ਇਸ ਨੂੰ ਦਸਮ ਪਾਤਸ਼ਾਹ ਜੀ ਦੇ ਹਵਾਲੇ ਨਾਲ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ: ਦਿਭਤਾ, ਵਿਆਖਿਅਤ ਹੈ ਕਿਰਪਾ ਦੇ ਸਾਗਰ ਅਤੇ ਦਇਆ ਦੇ ਘਰ ਵਜੋਂ- 'ਦਇਆ ਨਿਧਿ ਦਿਆਲੰ। ਸਦਾਯੰ ਕਿਰਪਾਲੰ।'(ਬਚਿਤ੍ਰ ਨਾਟਕ)

7.ਲਿੰਗ ਭੇਦ ਨੇ ਬਹੁਤ ਪੁਆੜੇ ਪਾਏ ਹਨ ਅਤੇ ਗੁਰੂ-ਚਿੰਤਨ ਵਿਚ ਨਾਦੀ ਅਤੇ ਬਿੰਦੀ ਦੇ ਚਕਰ ਨੂੰ ਹੀ ਤੋੜ ਦਿਤਾ ਹੈ ਅਤੇ ਇਸ ਵਾਸਤੇ 'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਸਿਖ-ਸਿਧਾਂਤ ਸਥਾਪਤ ਕਰ ਦਿਤਾ ਹੈ। ਮਾਨਵਤਾ ਨੂੰ ਅਧਿਆਤਮ ਆਧਾਰਤ ਲੜੀ ਵਿਚ ਪ੍ਰੋਣ ਵਾਸਤੇ 'ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ ਅਤੇ ਵਾਸੀ ਅਨੰਦਪੁਰ ਸਾਹਿਬ' ਦੀ ਸਿੱਖ-ਸਿਧਾਂਤਕੀ ਪ੍ਰਾਪਤ ਮਾਨਵੀ-ਨਾਨਤਵ ਨੂੰ ਰਲ ਮਿਲ ਕੇ ਤੁਰਨ ਵਾਸਤੇ ਸਹਾਇਤਾ ਕਰ ਸਕਦੀ ਹੈ।

8. 350 ਸਾਲ ਗੁਰੂ ਦੇ ਨਾਲ ਨੂੰ 42 ਸਾਲ ਗੁਰੂ ਦੇ ਨਾਲ ਵਾਂਗ ਮਨਾਉਣ ਦੀ ਥਾਂ 1708 ਤੋਂ ਗੁਰੂ ਦੇ ਨਾਲ ਵਾਂਗ ਮਨਾਉਣਾ ਚਾਹੀਦਾ ਹੈ। ਗੁਰੂ ਜੀ ਤਾਂ ਦਿਭ ਸ਼ਕਤੀ ਸਨ ਅਤੇ ਉਹ੍ਹਾਂ ਦੀ ਗੈਰਹਾਜ਼ਰੀ ਵਿਚ ਸਿੱਖ ਗੁਰੂ ਜੀ ਨਾਲ ਕਿਵੇਂ ਤੁਰਦੇ ਰਹੇ ਅਤੇ ਇਹ ਸਿਏਖ-ਸਫਰ ਬਾਕੀ ਧਰਮੀਆਂ ਦੇ ਸਫਰ ਨਾਲੋਂ ਕਿਵੇਂ ਵਖਰਾ ਸੀ, ਇਹ ਸਾਮ੍ਹਣੇ ਲਿਆਉਣਾ ਚਾਹੀਦਾ ਹੈ।

9. ਦਿਭਤਾ ਅਤੇ ਦੁਨੀਆਂਦਾਰੀ ਦਾ ਜੋ ਸਬੰਧ ਸਿੱਖਾਂ ਨੇ ਜੀਵਿਆ, ਉਸ ਦੇ ਵੇਰਵੇ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਾਂਭੇ ਪਏ ਹਨ। ਇਹ ਲਹੂ ਵਿਚ ਰਮੀ ਹੋਈ ਸਿੱਖੀ ਦੀ ਦਾਸਤਾਨ ਹੈ। ਇਸ ਦੀਆਂ ਪਰਤਾਂ ਲਹੂ+ਸਮਝ, ਸ਼ਾਰਧਾ+ਤਰਕ, ਵਿਰਾਸਤ+ਵਰਤਮਾਨ ਅਤੇ ਸਿਧਾਂਤ+ਅਮਲ/ਅਮਲ ਦਾ ਸਿਧਾਂਤ ਹੋ ਸਕਦੀਆਂ ਹਨ। ਇਨ੍ਹਾਂ ਨੂੰ ਟਾਈਮ ਐਂਡ ਸਪੇਸ ਅਤੇ ਕਾਜ਼ ਐਂਡ ਅਫੈਕਟ ਦੇ ਹਵਾਲੇ ਨਾਲ ਵਿਸਥਾਰਿਆ ਜਾ ਸਕਦਾ ਹੈ।

10. ਸਿਖੀ, ਅਧਿਆਤਿਮਕ-ਸਕਰਮਕਤਾ ਹੈ ਅਤੇ ਇਸ ਦੀ ਦਿਭ ਅਗਵਾਈ ਸ਼ਬਦ-ਗੁਰੂ ਕਰਦਾ ਹੈ। ਬਾਣੀ ਨਾਲੋਂ ਜੇ ਇਤਿਹਾਸ ਨੂੰ ਪਹਿਲ ਦੇਵਾਂਗੇ ਤਾਂ ਵਿਸ਼ਵਾਸ਼ ਅਤੇ ਚੇਤਨਾ ਤਨਾਉ ਵਿਚ ਆ ਜਾਣਗੇ। ਕਿਸੇ ਵੀ ਸਮਕਾਲ ਵਿਚ ਬਾਣੀ ਵਲ ਪਰਤਣਾ ਹੀ ਮੁਖ ਰਿਹਾ ਹੈ ਅਤੇ ਰਹਿਣਾ ਚਾਹੀਦਾ ਹੈ।

11. ਸਿਖੀ ਨੇ ਪਰਮਾਤਮਾ ਤੋਂ ਪਰਮਾਤਮਾ ਤਕ ਦੀ ਯਾਤਰਾ ਨੂੰ ਪਰਮਾਤਮਾ ਤੋਂ ਨੈਤਿਕਤਾ ਵਲ ਯਾਤਰਾ ਵਜੋਂ ਸਾਹਮਣੇ ਲਿਆਂਦਾ ਅਤੇ ਦਸਮ ਪਾਤਸ਼ਾਹ ਜੀ ਨੂੰ 'ਚੁਭੀ ਰਹੀ ਸੁਰਤਿ ਚਰਨਨ ਮਹਿ' ਵਿਚੋਂ ਨਿਕਲਣ ਦਾ ਕਾਰਨ ਇਹੀ ਸੀ। ਇਹ ਮਿਹਜ਼ ਇਤਿਹਾਸ ਨਹੀਂ ਹੈ ਕਿਉਂਕਿ ਇਤਿਹਾਸ ਤਥਮੂਲਕ ਹੋਣ ਕਰਕੇ ਚੇਤਨਾ ਤੋਂ ਪਾਸੇ ਹਟ ਜਾਂਦਾ ਹੈ। ਤਪਸਵੀ-ਜੁਗਤਾਂ, ਸੰਨਿਆਸਵਾਦ ਵਲ ਜਾਂਦੀਆ ਹਨ ਅਤੇ ਦਿਭਤਾ, ਦੁਨੀਆਂਦਾਰੀ ਵਲ ਪਿਠ ਕਰ ਲੈਂਦੀ ਹੈ। ਦੋਹਾਂ ਸਿਰਿਆਂ ਦੇ ਸਵਾਮੀ ਦੀ ਕਥਾ ਇਥੋਂ ਹੀ ਸ਼ੁਰੂ ਹੁੰਦੀ ਹੈ। ਇਹ ਕਰਮ ਅਤੇ ਗਿਆਨ ਦੀ ਸੰਤੁਲਨ ਸਥਾਪਨਾ ਵਲ ਜਾਣਾ ਹੈ। ਇਸ ਵਾਸਤੇ 'ਰਾਜ ਨਾ ਚਾਹੂੰ ਮੁਕਤ ਨਾ ਚਾਹੂੰ' ਅਤੇ ਸਵਾ ਲਖੀ ਸਤਿ ਸ੍ਰੀ ਅਕਾਲ ਦੇ ਹਵਾਲੇ ਨਾਲ ਬੀਜ-ਪ੍ਰਕਾਸ਼ ਦੀ ਗੱਲ ਕੀਤੀ ਜਾ ਸਕਦੀ ਹੈ। ਇਹ ਮੂਰਤ ਤੋਂ ਅਮੂਰਤ ਵਲ ਸਿੱਖ-ਯਾਤਰਾ ਹੈ।

12. ਸਿੱਖ ਸੁਰ ਵਿਚ ਸਮਾਧੀ, ਅਨੰਤ ਵਿਚ ਲਾਈ ਹੋਈ ਚੁਭੀ ਹੈ ਅਤੇ ਇਸ ਨਾਲ ਸੰਤੁਸ਼ਟੀ ਸੰਨਿਆਸੀ-ਅਕਰਮਕਤਾ ਹੈ। ਸਾਧਕ, ਵਿਦਵਾਨ ਅਤੇ ਯੋਧਾ ਦੇ ਨਾਨਤਵ ਦੇ ਏਕਤਵ-ਪ੍ਰਕਾਸ਼ ਦੀ ਸੰਭਾਵਨਾ ਹੀ ਸਿਖੀ ਹੈ।

# ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨੂੰ ਯਾਦ ਕਰਦਿਆਂ...



ਡਾ ਗੁਰਬਖ਼ਸ਼ ਸਿੰਘ ਭੰਡਾਲ

ਚੌਗਿਰਦੇ ਵਿਚ ਘੁਲੀ ਸਾਜ਼ਿਸ਼ੀ ਗੁਫ਼ਤਗੂ
ਫ਼ਿਜ਼ਾ ਵਿਚਲੀ ਗੁਰ-ਮਹਿਕ ਨੂੰ
ਮਿਟਾਉਣ 'ਚ ਸਫਲ ਹੋ ਗਈ।
ਗੁਰ-ਪਰਿਵਾਰ ਨੇ ਆਨੰਦਪੁਰੀ ਤੋਂ ਬਾਹਰ ਕਦਮ ਰੱਖਿਆ
ਸਰਦਲ ਦੀ ਸਿੱਸਕੀ ਪੌਣ 'ਚ ਗੂੰਜੀ
ਦਰਵਾਜਿਆਂ ਦੀਆਂ ਵਿਰਲਾਂ 'ਚੋਂ ਚਾਨਣ ਦਾ ਦਰਦ ਛਲਕਿਆ
ਕੰਧਾਂ ਨੇ ਡੂੰਘਾ ਹਾਉਕਾ ਭਰਿਆ
ਤੇ ਨੂਰੀ ਚਿਹਰਿਆਂ ਦੀ ਅਨਾਦੀ ਆਭਾ ਦਾ ਵਿਛੋੜਾ
ਆਨੰਦਪੁਰੀ ਨੂੰ ਉਦਾਸ ਕਰ
ਵੱਸਦੀ-ਰਸਦੀ ਨਗਰੀ 'ਚ ਖਾਮੋਸ਼ੀ ਧਰ ਗਿਆ।
ਦਰਾਂ 'ਚੋਂ ਬਾਹਰ ਨਿਕਲ ਰਹੇ ਕਦਮਾਂ ਨੂੰ ਪਤਾ ਸੀ
ਕਿ ਇਸ ਅਗੰਮੀ ਸਫ਼ਰ ਨੇ ਹੀ
ਅਜੇਹੀਆਂ ਸ਼ਹਾਦਤਾਂ ਦੀ ਤਵਾਰੀਖ਼ ਬਣਨਾ
ਜਿਸ ਨੇ ਕਾਲੇ ਦੌਰ ਦੀ ਹਿੱਕ 'ਚ ਸੂਰਜ ਬੀਜਣੇ।
ਗੁਰ-ਕਾਫ਼ਲਾ ਸਰਸਾ ਨਦੀ ਵੱਲ ਤੁਰਿਆ
ਤਾਂ ਸਹੁੰਆਂ ਤੋੜ ਕੇ ਆਚੜੀ ਦੁਸ਼ਮਣਾਂ ਦੀ ਵਾਹਰ ਨੂੰ
ਸਿੰਘਾਂ ਨੇ ਬਹਾਦਰੀ ਦਾ ਪਹਿਲਾ ਸਬਕ ਪੜ੍ਹਾ ਯਾਦ ਦਿਤਾ।
—
ਸਰਸਾ ਨਦੀ ਦੇ ਆਫ਼ਰੇ ਪਾਣੀਆਂ
ਤੇ ਹੱਡ ਚੀਰਵੀਂ ਸੀਤ ਨੇ ਸਿੱਖੀ-ਸਿਦਕ ਨੂੰ ਪਰਖਿਆ
ਮੀਂਹ ਨੇ ਗਾਲ਼ ਦਿੱਤੇ ਆਵੇਸ਼ੀ ਦਸਤਾਵੇਜ਼
ਤੇ ਪਾਣੀਆਂ 'ਚ ਗਵਾਚੇ ਗ੍ਰੰਥਾਂ ਦੀ ਸ਼ਬਦ-ਜੋਤ
ਪਾਣੀ ਨੂੰ ਵੀ ਪਾਣੀ ਪਾਣੀ ਕਰ ਗਈ।
ਪਾਣੀ ਦੇ ਵੇਗ ਨੂੰ ਪੈਰਾਂ ਹੇਠ ਮਿੱਧਦੇ
ਬਿਫ਼ਰੀਆਂ ਛੱਲਾਂ ਦੀ ਸਵਾਰੀ ਕਰਦਿਆਂ
ਸਰਸਾ ਦੇ ਪਾਣੀਆਂ ਨੂੰ ਦਰਸਾ ਦਿਤਾ
ਕਿ ਜਾਂਬਾਜਾਂ ਦੇ ਜਜ਼ਬਿਆਂ ਸਾਹਵੇਂ
ਤੁੱਛ ਹੁੰਦਾ ਏ ਪਾਣੀਆਂ ਦਾ ਕਹਿਰ।
ਸਰਸਾ ਦੇਖਦੀ ਹੀ ਰਹਿ ਗਈ
ਜਦ ਇਸਦੀ ਹਿੱਕ 'ਤੇ ਸਾਬਤ ਪੈੜਾਂ ਦੇ ਨਕਸ਼ ਉਕਰ
ਬਿਖਰ ਗਿਆ ਗੁਰ-ਕਾਫ਼ਲਾ
ਤੇ ਮਰਜੀਵੜਿਆਂ ਨੇ ਸ਼ਹੀਦੀ ਜਾਮ ਪੀਣ ਲਈ
ਮੱਲ ਲਈਆਂ ਅੱਡ-ਅੱਡ ਦਿਸ਼ਾਵਾਂ।

ਸਰਸਾ ਨਦੀ ਦੇ ਕੰਢੇ 'ਤੇ
ਕੇਹਾ ਹੋਵੇਗਾ ਉਹ ਪਲ
ਕਿ ਸ਼ਹਾਦਤਾਂ ਦੇ ਸਫ਼ਰ 'ਤੇ ਤੁਰੀ ਨਿੱਕੀ ਜੋੜੀ
ਬਿਖੜੇ ਰਾਹਾਂ 'ਤੇ ਆਪਣੀਆਂ ਪੈੜਾਂ ਪਾਉਂਦੀ
ਤੇ ਉਬੜ ਖੋਬੜ ਰਾਹਾਂ 'ਤੇ ਨਕਸ਼ ਉਗਾਉਂਦੀ।
ਨੂਰੀ ਰੂਹਾਂ ਨੂੰ ਕਿ ਆਸ ਵੀ ਨਹੀਂ ਸੀ
ਕਿ ਉਨ੍ਹਾਂ ਦੇ ਨਾਲ ਤੁਰ ਰਹੇ ਸਖ਼ਸ਼ ਦੇ ਮਨ 'ਚ
ਪਨਪ ਰਿਹਾ ਏ ਪਲ ਪਲ ਪਾਪ।
ਓਕਸਰ ਪਾਪੀ ਭੁੱਲ ਹੀ ਜਾਂਦੇ ਕਿ
ਮੰਦ-ਭਾਵਨਾ ਨਾਲ ਲਾਲਸਾ ਪਾਲਣ ਵਾਲੇ
ਬੜੀ ਜਲਦੀ ਹੋ ਜਾਂਦੇ ਨੇ ਖ਼ਾਕ।
ਤੇ ਗੰਗੂ ਪਾਪੀ ਨੇ ਛੋਟੇ ਸਾਹਿਬਾਜ਼ਿਆਂ ਨੂੰ
ਮੂਰਿੰਡੇ ਦੀ ਜੇਲ੍ਹ 'ਚ ਪਹੁੰਚਾ ਦਿਤਾ
ਜੇਲ੍ਹ ਦੀਆਂ ਕੰਧਾਂ ਵੀ
ਨੂਰੀ ਚਮਕ ਨਾਲ ਲਿਸ਼ਕ ਗਈਆਂ ਹੋਣਗੀਆਂ।
ਤੇ ਫਿਰ ਜਦ ਦਾਦੀ-ਪੋਤਿਆਂ ਦੀ ਜੋੜੀ
ਸਰਹਿੰਦ ਦੀ ਜੂਹ 'ਚ ਵੜੀ
ਤਾਂ ਸਰਹਿੰਦ ਦੀ ਫ਼ਿਜ਼ਾ ਨੂੰ ਅਹਿਸਾਸ ਜ਼ਰੂਰ ਹੋਇਆ ਹੋਵੇਗਾ
ਕਿ ਕੁਝ ਅਜੇਹਾ ਅਣਹੋਣਾ ਅਤੇ ਅਦੁੱਤੀਹੋਣਾ
ਜਿਸ ਕਾਰਨ ਸਰਹਿੰਦ ਦੀ ਗੰਧਲੀ ਤੇ ਫਿਰਕੂ ਫ਼ਿਜ਼ਾ ਨੇ
ਸ਼ਹਾਦਤੀ ਰੰਗ 'ਚ ਰੰਗਿਆਂ ਪਾਕੀਜ਼ ਹੋਣਾ
ਤੇ ਸਰਹਿੰਦ ਤੋਂ ਫਤਿਹਗੜ੍ਹ ਸਾਹਿਬ ਕਹਿਲਾਉਣਾ।

ਬੁਰਜ ਦੀਆਂ ਕੰਧਾਂ ਅਤੇ ਸੀਤ ਹਵਾਵਾਂ ਨੇ
ਆਪਣੇ ਵਿਚੋਂ ਸੇਕ ਨਿਚੋੜ ਕੇ
ਬੱਚਿਆਂ ਨੂੰ ਨਿੱਘ ਤਾਂ ਦਿੱਤਾ ਹੋਵੇਗਾ
ਉਨ੍ਹਾਂ ਪਲਾਂ ਵਿਚ ਅੰਬਰ ਦਾ ਚੰਦਰਮਾ
ਆਪਣੀਆਂ ਸਿੱਲੀਆਂ ਅੱਖਾਂ ਨੂੰ ਕਿੰਝ ਲਕੋਂਦਾ?
ਤਾਰਿਆਂ ਦੀ ਆਹ ਅੰਬਰ ਕਿੰਝ ਸੁਣਾਉਂਦਾ?
ਤੇ ਯੱਖ ਰਾਤਾਂ 'ਤੇ ਲਿਖੀ ਜਾਣ ਵਾਲੀ ਸੁਰਖ ਦਾਸਤਾਨ
ਬ੍ਰਹਿਮੰਡ ਆਪਣੇ ਅੰਤਰੀਵ 'ਚ ਜ਼ਰੂਰ ਗੁਣਗੁਣਾਉਂਦਾ ਹੋਵੇਗਾ।
ਦਾਦੀ ਮਾਂ ਦੀ ਕੇਹੀ ਦੀਦਾ-ਦਲੇਰੀ
ਕਿ ਉਹ ਪੋਤਿਆਂ ਨੂੰ ਦਾਦੇ ਦੀਆਂ ਬਾਤਾਂ ਸੁਣਾਉਂਦੀ
ਸਾਹਿਬਜ਼ਾਦਿਆਂ ਦਾ ਖ਼ੂਨ ਗਰਮਾਉਂਦੀ ਹੋਵੇਗੀ
ਜਿਨ੍ਹਾਂ ਨੇ ਚੜ੍ਹਦੇ ਸੂਰਜ ਨਾਲ ਰਾਜ-ਦਰਬਾਰ 'ਚ
ਵਜੀਰ ਖਾਨ ਦੀ ਕੋਝੀ ਚਾਲ ਨੂੰ ਵੰਗਾਰਨਾ
ਤੇ ਹੱਕ ਸੱਚ ਦਾ ਹੋਕਰੇ ਨਾਲ ਲਲਕਾਰਨਾ ਸੀ।
ਦਾਦੀ ਜਾਣਦੀ ਸੀ ਕਿ
ਨਿੱਕੇ ਨਿੱਕੇ ਬਾਲਾਂ ਦੀ ਦਹਾੜ ਨਾਲ
ਕੰਬਣਾ ਏ ਰਾਜ ਦਰਬਾਰ
ਹੋਵੇਗੀ ਅਹਿਲਕਾਰਾਂ ਦੇ ਮੂੰਹ 'ਤੇ ਚੁੱਪ ਦਰਕਾਰ
ਮੱਚੇਗੀ ਸ਼ਹਿਰ-ਵਾਸੀਆਂ ਵਿਚ ਹਾਹਾਕਾਰ
ਕਿ ਕਦੇ ਮਾਸੂਮਾਂ 'ਤੇ ਵੀ
ਜ਼ੁਲਮ ਢਾਹ ਸਕਦੀ ਏ ਬੇਰਹਿਮ-ਸਰਕਾਰ।

ਉਸ ਵਕਤ ਰੁਕ ਗਏ ਹੋਣਗੇ ਸਮੇਂ ਦੇ ਪਲ
ਜਦ ਚੜ੍ਹਦੀ ਕਲਾ 'ਚ ਦਾਦੀ ਨੇ
ਪੋਤਿਆਂ ਨਾਲ ਕੀਤੀ ਹੋਵੇਗੀ ਗੱਲ
ਕਿ ਬੱਚਿਓ
ਤੁਹਾਡੇ ਲਈ ਪਰਖਦੀ ਘੜੀ ਆਉਣੀ ਹੈ ਕੱਲ੍ਹ
ਜਿਸਨੇ ਦਿਖਾਉਣਾ ਹੈ ਸਿਰ ਉਚਾ ਕਰਕੇ ਜਿਊਣ ਦਾ ਵੱਲ।

ਭਲਾ!
ਕੀ ਹਾਲਾਤ ਹੋਵੇਗੀ ਮਾਂ ਗੁਜਰੀ ਦੇ ਮਨ ਦੀ
ਜਦ ਸੁਣਾਈ ਹੋਵੇਗੀ ਪਤੀ ਦੀ ਸ਼ਹਾਦਤ ਦੀ ਕਹਾਣੀ
ਨੈਣਾਂ ਵਿਚ ਸਿੰਮਿਆ ਤਾਂ ਹੋਵੇਗਾ ਰੋਹ ਦਾ ਪਾਣੀ
ਜਾਣਦਿਆਂ ਕਿ ਪੋਤਰੇ ਵੀ ਸਿਰਜਣਗੇ ਅਜੇ ਹੀ ਬੇਬਾਕ ਵਾਣੀ
ਕਿ ਆਉਣ ਵਾਲੇ ਵਕਤ ਕੋਲ ਤਾਂ ਸੁਣਾਈ ਵੀ ਨਹੀਂ ਜਾਣੀ।

ਪੇਸ਼ੀ ਵਾਲੇ ਦਿਨ
ਕਿੰਨੇ ਲਾਡਾਂ ਤੇ ਚਾਵਾਂ ਨਾਲ ਦਾਦੀ ਨੇ
ਪੋਤਰਿਆਂ ਨੂੰ ਕਚਹਿਰੀ ਵਿਚ ਜਾਣ ਲਈ ਕੀਤਾ ਹੋਵੇਗਾ ਤਿਆਰ
ਕਿਹੜੀਆਂ ਤਮੰਨਾਵਾਂ ਨਾਲ ਲਡਾਏ ਹੋਣਗੇ ਦੁਲਾਰ
ਮਨ ਹੀ ਮਨ ਆਏ ਹੋਣਗੇ
ਲਾਡਲਿਆਂ ਦੀ ਸ਼ਹੀਦੀ ਦੇ ਵਿਚਾਰ
ਤੇ ਜਿਉਂਦੀ ਜੀਅ ਕੀਤੇ ਹੋਣਗੇ ਬੱਚਿਆਂ ਦੇ ਭਰਵੇਂ ਦੀਦਾਰ।

ਕਿੰਨੇ ਜਿਗਰੇ ਅਤੇ ਮਮਤਾਈ ਮੋਹ ਨਾਲ
ਸਾਹਿਬਜ਼ਾਦਿਆਂ ਨੂੰ ਬੁੱਕਲ 'ਚ ਲੈ
ਸ਼ਹਾਦਤ ਦੀ ਗੁੜ੍ਹਤੀ ਦੇ
ਅਤੇ ਸ਼ਹੀਦੀ ਗਾਨੇ ਬੰਨ੍ਹ ਕੇ
ਆਖ਼ਰੀ ਫਤਹਿ ਬੁਲਾਈ ਹੋਵੇਗੀ।

ਵਕਤ ਵੀ ਦਹਿਲ ਗਿਆ ਹੋਵੇਗਾ
ਇਸ ਪਲ ਨੂੰ ਦੇਖ ਕੇ
ਕਿ ਮਾਵਾਂ ਦੇ ਦਿਲ ਵੀ ਕਿੰਨੇ ਵੱਡੇ ਹੁੰਦੇ
ਕਿ
ਉਹ ਆਪਣੇ ਲਾਡਲਿਆਂ ਨੂੰ ਸ਼ਹੀਦ ਹੋਣ ਲਈ
ਇੰਜ ਵੀ ਹੱਥੀਂ ਤੋਰ ਸਕਦੀਆਂ?

ਸਿਰ ਉੱਚਾ ਕਰਕੇ ਤੁਰੇ ਜਾਂਦੇ
ਸਾਹਿਬਜ਼ਾਦਿਆਂ ਦੀ ਮਟਕਣੀ ਤੋਰ ਨਾਲ
ਲਰਜ਼ਾਈ ਤਾਂ ਹੋਵੇਗੀ ਧੂੜ
ਛੋਹ ਮਾਣਦੀ ਧਰਤ ਦਾ ਭਰਿਆ ਤਾਂ ਹੋਵੇਗਾ ਮਨ
ਕਿ
ਮੈਂ ਇਹ ਮਨਮੋਹਕ ਚਿਹਰੇ ਫਿਰ ਨਹੀਂ ਤੱਕਣੇ
ਪਰ
ਸਦੀਆਂ ਤੀਕ ਮੇਰੇ ਅੰਗ-ਸੰਗ ਰਹੇਗੀ ਪੈਰਾਂ ਦੀ ਛੋਹ
ਅਤੇ ਮੜਕਵੀਂ ਚਾਲ ਵਿਚਲਾ ਤਾਲ
ਜਿਹੜਾ ਬਣੇਗਾ ਵਕਤ ਦਾ ਸਦੀਵੀ ਖ਼ਿਆਲ
ਕਿ ਮੌਤ ਨੂੰ ਵਿਆਹੁਣ ਲਈ
ਸਾਹਿਬਜ਼ਾਦਿਆਂ ਨੂੰ ਕਿੰਨੀ ਸੀ ਕਾਹਲ?

ਬਾਲਾਂ ਨੂੰ ਲਈ ਜਾਂਦੇ ਸਿਪਾਹੀਆਂ ਨੂੰ ਵੀ
ਭਵਿੱਖਤ ਹੋਣੀ ਨੂੰ ਕਿਆਸ ਕੇ
ਆਪਣੇ ਬੱਚੇ ਜ਼ਰੂਰ ਚੇਤੇ ਆਏ ਹੋਣਗੇ
ਪਿੱਘਲੀ ਹੋਵੇਗੀ ਉਨ੍ਹਾਂ ਦੀ ਕਰੁਣਾ
ਅਤੇ ਉਨ੍ਹਾਂ ਦੇ ਮਨਾਂ 'ਚ ਪਸਰਿਆ ਹੋਵੇਗਾ ਮਾਤਮ।

ਦਰਬਾਰ ਵਿਚ ਦਾਖ਼ਲ ਹੋਣ ਵੇਲੇ
ਜਦ ਸਾਹਿਬਜ਼ਾਦੇ ਸਿਰ ਝੁਕਾਉਣ ਦੀ ਬਜਾਏ
ਪਹਿਲਾਂ ਪੈਰ ਧਰ ਅੰਦਰ ਦਾਖ਼ਲ ਹੋਏ ਹੋਣਗੇ
ਤਾਂ ਦਰਬਾਨ ਦੀ ਨਮੋਸ਼ੀ
ਦਰਵਾਜ਼ਿਆਂ 'ਤੇ ਉਕਰੀ
ਬਣੀ ਹੋਵੇਗੀ ਰਾਜ ਦਰਬਾਰ ਦੀ ਸ਼ਰਮਸਾਰੀ
ਉਨ੍ਹਾਂ ਦੇ ਚਿਹਰਿਆਂ ਦੇ ਨੂਰ ਨਾਲ
ਚੁੰਧਿਆ ਗਈ ਹੋਵੇਗੀ ਕੂੜ ਦੀ ਕਚਹਿਰੀ।

ਖੇਹਾ ਮੰਜ਼ਰ ਹੋਵੇਗਾ ਕਿ
ਸਾਹਿਬਜ਼ਾਦਿਆਂ ਦੀ ਦਲੇਰੀ ਸਾਹਵੇਂ
ਖੌਫ਼ਜ਼ਦਾ ਹੋ ਗਈ ਹੋਵੇਗੀ ਫ਼ਿਜ਼ਾ
ਕਾਜ਼ੀ ਨੇ ਵੀ ਸ਼ਰਮਸ਼ਾਰ ਕੀਤਾ ਹੋਵੇਗਾ ਆਪਣਾ ਅੱਲ੍ਹਾ
ਸ਼ੇਰ ਮੁਹੰਮਦ ਖਾਨ ਦਾ ਸੁਣ ਕੇਹਾ ਅਦਾ ਨਾਹਰਾ
ਰੋਇਆ ਤਾਂ ਹੋਵੇਗਾ ਅੰਬਰੀਂ ਪਸਾਰਾ
ਤੇ ਸੂਬਾ ਸਰਹਿੰਦ ਦੀ ਲਚਾਰਗੀ ਨੇ
ਹਾਕਮੀ ਹਾਰ ਨੂੰ ਛੁਪਾਉਣ ਲਈ
ਕਾਜ਼ੀ ਦੇ ਫਤਵੇ ਦਾ ਲੱਭਿਆ ਹੋਵੇਗਾ ਸਹਾਰਾ।

ਬੇਖੌਫ਼ ਸਾਹਿਬਜ਼ਾਦਿਆਂ ਦੀ ਸੁਣ ਕੇ ਲਲਕਾਰ
ਕੰਬਿਆ ਤਾਂ ਹੋਵੇਗਾ ਰਾਜ-ਦਰਬਾਰ
ਦਰਬਾਰੀਆਂ ਦੇ ਚਿਹਰੇ ਬਣੇ ਹੋਣਗੇ
ਵਕਤ ਦਾ ਤ੍ਰਿਸਕਾਰ
ਅੰਬਰ 'ਚ ਲਹਿਰਾਉਂਦੇ ਸ਼ਹਾਦਤੀ ਪ੍ਰਚਮ ਨੇ
ਸ਼ਾਹਿਬਜ਼ਾਦਿਆਂ ਦੀ ਬੁਲੰਦਗੀ ਨੂੰ ਕੀਤਾ ਹੋਵੇਗਾ ਸਲਾਮ
ਕਿ ਵਕਤ ਦੀ ਵਹੀ 'ਤੇ ਲਿਖੇ ਜਾਂਦੇ ਨੇ ਇੰਝ ਵੀ ਕੁਝ ਨਾਮ
ਜਿਨ੍ਹਾਂ ਦਾ ਸਦੀਆਂ ਤੀਕ ਰਹਿੰਦਾ ਏ ਬੁਲੰਦ ਪੈਗ਼ਾਮ
ਤੇ ਰੂਹਾਂ ਵਿਚ ਹੀ ਗੂੰਜਦਾ ਏ ਅਲਾਹੀ ਅਲਹਾਮ।

ਕੰਧਾਂ ਚਿਣ ਰਹੇ ਮਿਸਤਰੀਆਂ ਦੇ ਦਰਦ 'ਚ
ਭਰੀ ਹੋਵੇਗੀ ਹਰ ਇੱਟ ਦੀ ਅੱਖ
ਮਜ਼ਦੂਰਾਂ ਦੇ ਗਲੇਡੂਆਂ ਨਾਲ ਬਣੀ ਘਾਣੀ ਨਾਲ
ਚਿਣੀ ਜਾ ਰਹੀ ਦੀਵਾਰ ਦਾ ਹਰ ਰੱਦਾ
ਬਣ ਰਿਹਾ ਹੋਵੇਗਾ ਇਤਿਹਾਸ ਦਾ ਸੁਰਖ ਪੰਨਾ
ਹੌਲੀ ਹੌਲੀ ਉਸਰਦੀਆਂ ਕੰਧਾਂ ਵੀ
ਸਾਹਿਬਜ਼ਾਦਿਆਂ ਨੂੰ ਆਪਣੀ ਬੁੱਕਲ ਵਿਚ ਲੈ
ਹੋਈਆਂ ਹੋਣਗੀਆਂ ਸਦਾ ਲਈ ਪਾਕੀਜ਼।

ਜਦ ਵਾਪਰਿਆ ਹੋਵੇਗਾ ਇਹ ਅਣਕਿਹਾ ਕਹਿਰ
ਤਾਂਹਵਾ 'ਚ ਪਸਰੀ ਹੋਵੇਗੀ ਮਾਤਮੀ ਲਹਿਰ
ਅੰਬਰ 'ਚ ਚੜ੍ਹੀ ਹੋਵੇਗੀ ਲਾਲ ਗ਼ਹਿਰ
ਸੁੰਨ 'ਚ ਡੁੱਬਿਆ ਹੋਵੇਗਾ ਸਰਹਿੰਦ ਸ਼ਹਿਰ
ਅਤੇ ਰੋਹੀਲੇ ਜੈਕਾਰਿਆਂ 'ਚ ਸਹਿਮੀ ਫਿਜ਼ਾ ਨੂੰ
ਪਤਾ ਤਾਂ ਲੱਗ ਹੀ ਗਿਆ ਹੋਣਾ
ਕਿ ਜਜ਼ਬਾ, ਜਨੂੰਨ, ਜਾਂਬਾਜ਼ੀ ਤੇ ਸ਼ਹਾਦਤ
ਕਦੇ ਵੀ ਕੰਧਾਂ 'ਚ ਚਿਣੀ ਨਹੀਂ ਜਾਂਦੀ।

ਸੂਬਾ ਸਰਹਿੰਦ ਨੂੰ ਪਤਾ ਹੀ ਨਹੀਂ ਸੀ ਕਿ
ਸਿਰਫ਼ ਜਿਸਮ ਕਤਲ ਕੀਤੇ ਜਾ ਸਕਦੇ
ਪਰ ਵਿਚਾਰ ਤਾਂ ਹੋਰ ਵੀ ਜ਼ਰਖੇਜ਼ ਹੋ ਜਾਂਦੇ
ਅਤੇ ਇਹੀ ਜ਼ਰਖੇਜਤਾ ਕਾਰਨ ਹੀ
ਸਿੱਖੀ ਦੇ ਬੀਜ ਸਦੀਆਂ ਤੀਕ
ਉਸ ਕਤਲਗਾਹ 'ਚੋਂ ਉਗਣਗੇ
ਕੰਧ 'ਚੋਂ ਉਠੀ ਨਿਰਭੈਤਾ ਦੀ ਗੂੰਜ
ਵਕਤ ਨੂੰ ਥਰਥਰਾਉਂਦੀ ਰਹੇਗੀ
ਤੇ ਹਰੇਕ ਮਨ-ਮਸਤਕ 'ਤੇ
ਸਿੱਖੀ-ਬੀਰਤਾ ਦਾ ਜਾਗ ਲਾਉਂਦੀ ਰਹੇਗੀ।

ਸਾਹਿਬਜ਼ਾਦਿਆਂ ਦੇ ਕਤਲ ਤੋਂ ਬਾਅਦ
ਸੂਬੇ ਦਾ ਜ਼ਾਲਮਾਨਾ ਹੰਕਾਰ ਬੋਲਿਆ ਤਾਂ ਹੋਣਾ
ਕਿ
ਦੇਖਦਾ ਹਾਂ ਹੁਣ
ਕੌਣ ਲਾਸ਼ਾਂ ਨੂੰ ਚੁੱਕਣ ਦਾ ਹੀਆ ਕਰੇਗਾ
ਅਤੇ ਕਿਹੜਾ ਬਾ-ਅਦਬ ਸਸਕਾਰ ਕਰੇਗਾ?

ਸ਼ਇਦ ਉਹ ਭੁੱਲ ਹੀ ਗਿਆ ਹੋਣਾ
ਕਿ ਜਿਹੜਾ ਸਿੱਖ ਗੁਰੂ ਦੇ ਧੜ ਦੇ ਸਸਕਾਰ ਲਈ
ਘਰ 'ਚ ਸਿਵਾ ਬਾਲ ਸਕਦਾ
ਤੇ ਸੀਸ ਨੂੰ ਦਿਲੀਓਂ ਲਿਆ
ਆਨੰਦਪੁਰ ਵਿਚ ਦੂਸਰਾ ਸਿਵਾ ਸੇਕ ਸਕਦਾ
ਉਹ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀਆਂ ਦੇਹਾਂ ਦੀ
ਬੇਅਦਬੀ ਹਰਗਿਜ਼ ਨਹੀਂ ਹੋਣ ਦੇਣਗੇ।
ਜਦ ਤੀਕ ਦੀਵਾਨ ਟੋਡਰ ਮੱਲ ਵਰਗੇ ਜਿਉਂਦੇ ਨੇ
ਸਸਕਾਰ ਲਈ ਸਭ ਕੁਝ ਨਿਸ਼ਾਵਰ ਕੀਤਾ ਜਾ ਸਕਦਾ।

ਉਹ ਧਰਤ ਕਿੰਨੀ ਹੁਲਾਸੀ ਗਈ ਹੋਵੇਗੀ
ਜਦ ਉਸਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ
ਆਪਣੀ ਹਿੱਕ ਨਾਲ ਲਾਇਆ ਹੋਵੇਗਾ
ਉਨ੍ਹਾਂ ਦੀ ਪਾਕੀਜ਼ ਛੋਹ 'ਚ ਲੀਨ ਹੋ
ਮਾਣਮੱਤੀ ਮਿੱਟੀ ਹੋਣ ਦਾ ਸ਼ਰਫ਼
ਤੇ ਦੁਨੀਆਂ ਦੀ ਸਭ ਤੋਂ ਮਹਿੰਗੀ ਥਾਂ ਦਾ ਮਾਣ
ਹਾਸਲ ਕੀਤਾ ਹੋਵੇਗਾ।

ਉਸ ਵਕਤ
ਲਾਸ਼ਾਂ ਨੂੰ ਮਿੱਟੀ ਜਦ ਮਿਲੀ,
ਤਾਂ ਧਾਹਾਂ ਮਾਰਕੇ ਰੋਈ।
ਆਪਣੇ ਕਣਕਣ ਦੇ ਵਿਚ,
ਨਿੱਕਿਆਂ ਦੀ ਛੋਹ ਸਮੋਈ।
ਲਾਲਾਂ ਤੇ ਮਾਂ ਗੁਜਰੀ ਨੂੰ ਮਿਲ ਕੇ,
ਮਿੱਟੀ ਧੰਨ ਧੰਨ ਹੋਈ।

ਇਸ ਮਿੱਟੀ ਦਾ ਮੁਕਾਮ
ਸਾਰੇ ਤੀਰਥਾਂ ਤੋਂ ਉਚਾ।
ਇਸਦੇ ਦਰਾਂ 'ਚ ਕੀਤਾ ਸੱਜਦਾ
ਹੈ ਸੁੱਚਿਉਂ ਵੀ ਸੁੱਚਾ।
ਇਸਦੇ ਦਰਸ਼ਨ ਕੀਤਿਆਂ,
ਪੈਂਦੀ ਮਨਾਂ 'ਚ ਖ਼ੋਹ।
ਮੰਜ਼ਰ ਚੇਤੇ ਕੀਤਿਆਂ,
ਨੈਣੀਂ ਵਗਦੇ ਖ਼ਾਰੇ ਚੋਅ।

ਇਸ ਘਟਨਾ ਨੇ ਮਿੱਟੀ ਨੂੰ ਕੇਹਾ ਵਰਸੋਇਆ
ਕਿ ਜਿਸ ਨੂੰ ਨਤਮਸਤਕ ਹੋਣ ਲਈ
ਲੋਕਾਂ ਨੇ ਸਦੀਆਂ ਤੀਕ
ਘੱਤ ਵਹੀਰਾਂ ਆਉਂਦੇ ਰਹਿਣਾ
ਮਿੱਟੀ ਦਾ ਗੁਣਗਾਉਂਦੇ ਰਹਿਣਾ
ਅਤੇ ਦੀਵਾਨ ਟੋਡਰ ਮੱਲ ਦਾ ਜੱਸ ਗਾਉਣਾ

ਅਜੇਹੀਆਂ ਹੀ ਕੁਝ ਮਿੱਟੀਆਂ
ਇੰਝ ਹੀ ਅਮਰ ਹੋ ਜਾਂਦੀਆਂ
ਜਿਨ੍ਹਾਂ ਦੇ ਦੀਦਿਆਂ ਵਿਚ
ਬੀਤਿਆ ਮੰਜ਼ਰ ਸਦਾ ਦ੍ਰਿਸ਼ਟਮਾਨ ਰਹਿੰਦਾ।

ਸਰਸਾ ਨਦੀ 'ਤੇ ਹੋਏ ਵਿਛੋੜੇ ਦੌਰਾਨ
ਗੁਰ-ਪਿਤਾ, ਵੱਡੇ ਲਾਲਾਂ ਤੇ 40 ਕੁ ਸਿੰਘਾਂ ਨਾਲ
ਤੁੱਰ ਪਿਆ ਮਾਛੀਵਾੜੇ ਵੱਲ
ਸ਼ਹਾਦਤਾਂ ਦੀ ਇਕ ਸੁਰਖ ਤਵਾਰੀਖ਼ ਸਿਰਜਣ
ਜਿਸਨੇ ਵੈਰੀ ਨੂੰ ਦਿਖਾਉਣਾ ਸੀ ਕਿ
ਸਵਾ ਲੱਖ ਨਾਲ 'ਕੱਲਾ ਸਿੰਘ ਵੀ ਲੜ ਸਕਦਾ
ਅਤੇ ਆਪਣੀਆਂ ਕੀਰਤੀਆਂ ਨੂੰ ਵ
ਕਤ ਦੇ ਸਫ਼ੇ 'ਤੇ ਉਗਾ ਸਕਦਾ
ਗੁਰ-ਪਿਤਾ ਜੇਹਾ ਜਿਗਰਾ ਚਾਹੀਦਾ
ਜਿਗਰ ਦੇ ਟੋਟਿਆਂ ਨੂੰ
ਮੌਤ ਵਿਆਹੁਣ ਲਈ ਹੱਥੀਂ ਤੋਰਨਾ
ਅਤੇ ਫਿਰ ਗੜ੍ਹੀ ਦੀ ਕੰਧ 'ਤੇ ਖੜ੍ਹ
ਸ਼ਹਾਦਤ ਵਰਦਿਆਂ ਨੂੰ ਅੱਖੀਂ ਦੇਖਣਾ
ਤੇ ਵਾਹਿਗੁਰੂ ਦੀ ਸ਼ੁਕਰਗੁਜ਼ਾਰੀ ਵਿਚ ਸਿਰ ਝੁਕਾਉਣਾ।
ਦੀਦਿਆਂ ਵਿਚਲੇ ਰੋਹ ਤੇ ਲਾਸਾਨੀ ਕੁਰਬਾਨੀਆਂ ਦੇ ਦ੍ਰਿਸ਼ਾਂ
ਤੇ ਜਜ਼ਬਾਤਾਂ ਦੇ ਵਾ-ਵਰੋਲਿਆਂ ਦੌਰਾਨ
ਸ਼ਾਂਤ-ਚਿੱਤ ਹੋ ਗੁਰੂ ਜੀ ਦੇ ਮਨ ਵਿਚ ਕੀ ਆਇਆ ਹੋਵੇਗਾ
ਜਦ ਪੰਚ-ਪ੍ਰਧਾਨੀ ਪ੍ਰੰਪਰਾ ਨੇ
ਉਨ੍ਹਾਂ ਨੂੰ ਗੜ੍ਹੀ ਤੋਂ ਚਲੇ ਜਾਣ ਦਾ
ਹੁਕਮ ਸੁਣਾਇਆ ਹੋਵੇਗਾ
ਅਤੇ ਕਿੰਨਾ ਔਖਾ ਹੋਵੇਗਾ
ਆਪਣੇ ਲਾਡਲਿਆਂ ਦੀਆਂ ਅਣਕੱਜੀਆਂ
ਤੇ ਬਿਨ-ਸਸਕਾਰ ਲਾਸ਼ਾਂ ਨੂੰ ਛੱਡ
ਅਗਲੇਰੇ ਸਫ਼ਰ 'ਤੇ ਤੁਰ ਪੈਣਾ।
ਉਸ ਸਰਦ ਰਾਤ ਨੂੰ ਕੇਹਾ ਆਲਮ ਹੋਵੇਗਾ
ਜਦ ਗੁਰੂ ਜੀ ਨੇ ਮਾਛੀਵਾੜੇ ਨੂੰ ਤੁਰਨ ਲੱਗਿਆਂ
ਕੱਚੀ ਗੜ੍ਹੀ ਨੂੰ ਨਦਰਿ-ਨਿਹਾਲ ਕੀਤਾ ਹੋਵੇਗਾ
ਜਿਸਨੇ ਕੱਚੀ ਹੋ ਕੇ ਵੀ
ਪੱਕੀ ਵਰਗਾ ਸਾਥ ਨਿਭਾਇਆ।

ਉਨ੍ਹਾਂ ਦੇ ਲਲਕਾਰੇ ਨਾਲ
ਹਵਾ ਤਾਂ ਹੁਲਾਸੀ ਗਈ ਹੋਵੇਗੀ
ਦਰਖ਼ਤਾਂ ਚੌਰ ਕੀਤਾ ਹੋਵੇਗਾ
ਪਰਿੰਦਿਆਂ ਸੋਹਲੇ ਗਾਏ ਹੋਣਗੇ
ਚਾਨਣੀ ਪੈਰੀਂ ਵਿਛੀ ਹੋਵੇਗੀ
ਅਤੇ ਨੰਗੇ ਪੈਰਾਂ ਦੀ ਛੋਹ ਨਾਲ
ਸਰੂਰਿਆ ਗਿਆ ਹੋਵੇਗਾ ਜੰਗ ਦਾ ਮੈਦਾਨ।

ਤੁਰਿਆ ਜਾਂਦਾ ਗੁਰ-ਪਿਤਾ
ਸਾਹਿਬਜ਼ਾਦਿਆਂ ਤੇ ਸਿੰਘਾਂ ਦੀਆਂ
ਬੇ-ਕਫ਼ਣ ਲਾਸ਼ਾਂ ਨਿਹਾਰਦਾ
ਹਿੱਕ 'ਤੇ ਲੱਗੇ ਫੱਟ ਅਤੇ
ਸੀਨੇ 'ਚ ਖੁੱਭੇ ਤੀਰ ਗਿਣਦਾ
ਲਾਡਲਿਆਂ ਦੇ ਚਿਹਰਿਆਂ 'ਚੋ
ਸ਼ਹਾਦਤ ਦਾ ਸ਼ੁਕਰਾਨਾ ਤਾਂ ਜ਼ਰੂਰ ਪੜ੍ਹਦਾ ਹੋਵੇਗਾ
ਤੇ ਫਿਰ ਅਸਮਾਨ ਵੱਲ ਦੇਖਿਆ ਹੋਵੇਗਾ
ਤਾਂ ਹੀ ਉਨ੍ਹਾਂ ਮਾਛੀਵਾੜੇ ਵਿਚ ਪਰਵਰਦਿਗਾਰ ਨੂੰ ਯਾਦ ਕਰਦਿਆਂ,
'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ'
ਉਚਾਰਿਆ ਸੀ।

ਗੁਰੂ ਜੀ ਨੂੰ ਤੁਰੇ ਜਾਂਦਿਆਂ ਦੇਖ ਕੇ
ਤਾਰੇ ਜ਼ਰੂਰ ਰਸ਼ਕ ਕਰਦੇ ਹੋਣਗੇ
ਕਿ
ਕੇਹਾ ਕਮਾਲ!
ਪੁੱਤ ਤੇ ਸਿੰਘ ਵਾਰ ਕੇ ਵੀ
ਚਿਹਰੇ 'ਤੇ ਜਲਾਲ।

ਉਨ੍ਹਾਂ ਦੀ ਪੈੜ ਚਾਲ ਦੀ ਰਾਗਣੀ 'ਚ
ਰਾਤ ਦੀ ਚੁੱਪ ਨੇ ਗੁਰ-ਉਸਤਤ ਦਾ ਗੀਤ ਗਾਇਆ ਹੋਵੇਗਾ
ਤੇ ਉਹ ਕਕਰੀਲੀ ਰਾਤ ਸਦੀਆਂ ਤੀਕ
ਖ਼ੁਦ ਨੂੰ ਵਡਿਆਉਂਦੀ ਰਹੇਗੀ
ਕਿ ਰਾਤ ਦੇ ਪਿੰਡੇ 'ਤੇ
ਇਤਿਹਾਸ ਇੰਝ ਵੀ ਲਿਖਿਆ ਜਾਂਦਾ।

# ਪੰਜਾਬੀ ਸੰਗੀਤ 'ਚ ਵਧ ਰਿਹੈ ਹਿੱਪ-ਹੌਪ ਤੇ ਰੈਪ ਦਾ ਰੁਝਾਨ

ਹਰਜੀਤ ਸਿੰਘ ਗਿੱਲ

ਕਲਾ ਪਰਿਕਰਮਾ



ਪੰਜਾਬੀ ਪੌਪ-ਸੰਗੀਤ ਨੂੰ ਕੇਵਲ ਸੰਗੀਤ ਹੀ ਨਹੀਂ, ਸਗੋਂ ਕਲਚਰਲ ਲਹਿਰ ਦਾ ਨਾਂ ਦਿੱਤਾ ਹੈ, ਜੋ 1970 ਦੇ ਦਹਾਕੇ 'ਚ ਨਿਊਯਾਰਕ ਦੇ ਬਰੈਂਕਸ ਇਲਾਕੇ 'ਚ ਅਫਰੀਕਨ-ਅਮਰੀਕਨ ਤੇ ਲਾਤੀਨੀ ਨੌਜਵਾਨਾਂ ਵੱਲੋਂ ਸ਼ੁਰੂ ਹੋਈ ਸੀ। ਟਿੱਪ-ਹੋਪ ਵਿਚ ਸੰਗੀਤ, ਨਾਚ ਕਲਾ ਤੇ ਜੀਵਨਸ਼ੈਲੀ ਸਭ ਕੁਝ ਸ਼ਾਮਿਲ ਹੁੰਦਾ ਹੈ। ਨੌਜਵਾਨ ਸਿੱਪ-ਰੋਪ/ ਰੈਪ ਰਾਹੀਂ ਆਪਣੀ ਜ਼ਿੰਦਗੀ, ਜਜ਼ਬਾਤ ਤੇ ਤਜਰਬੇ ਤਾਕਤਵਰ ਢੰਗ ਨਾਲ ਪ੍ਰਗਟ ਕਰਦੇ ਹਨ। ਇਸ ਰਾਹੀਂ ਉਹ ਉਨ੍ਹਾਂ ਗੱਲਾਂ ਨੂੰ ਕਹਿ ਸਕਦੇ ਹਨ, ਜੋ ਕਈ ਵਾਰ ਖੁੱਲ੍ਹ ਕੇ ਸਮਾਜ 'ਚ ਨਹੀਂ ਕਹੀਆਂ ਜਾਂਦੀਆਂ।

ਹਿੱਪ-ਰੋਪ ਨੌਜਵਾਨਾਂ ਲਈ ਆਵਾਜ਼,ਮੰਚ ਅਤੇ ਵਿਅਕਤੀਗਤ ਆਜ਼ਾਦੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਹਿੱਪ-ਰੌਪ ਨੌਜਵਾਨਾਂ ਨੂੰ ਆਪਣੀ ਪਛਾਣ ਬਣਾਉਣ ਦਾ ਮੌਕਾ ਦਿੰਦਾ ਹੈ। ਇਸ ਰਾਹੀਂ ਮੈਂ ਕੌਣ ਹਾਂ ? ਮੇਰੀ ਹਸਤੀ ਕਿ ਹੈ ? ਮੇਰੀ ਕਦਰ ਕੀ ਹੈ? ਮੇਰੀ ਕਹਾਣੀ ਦੂਸਰਿਆਂ ਨੂੰ ਕਿਉਂ ਸੁਣਨੀ ਚਾਹੀਦੀ ਹੈ ? ਵਰਗੇ ਅਨੇਕਾਂ ਸਵਾਲ ਖੜ੍ਹੇ ਹੁੰਦੇ ਹਨ। ਇਸ ਮਿਊਜਿਕ ਨਾਲ ਨੌਜਵਾਨ ਆਪਣੇ ਘਰ ਦੀਆਂ ਮੁਸ਼ਕਲਾਂ, ਸਮਾਜਿਕ ਤਣਾਅ ਜਿਸ ਵਿੱਚੋਂ ਉਹ ਨਿਕਲ ਰਹੇ ਹੁੰਦੇ ਹਨ ਤੇ ਆਪਣੇ ਭਵਿੱਖ ਦੀ ਟੈਂਸ਼ਨ ਅਤੇ ਚਿੰਤਾਵਾਂ, ਪੜ੍ਹਾਈ, ਰੁਜ਼ਗਾਰ ਨੌਕਰੀ ਤੇ ਆਪਣੇ ਸਮਾਜਿਕ ਰੁਤਬੇ ਲਈ ਸਖਤ ਸ਼ਬਦਾਂ ਦੀ ਚੋਣ ਨਾਲ ਆਪਣਾ ਗੁੱਸਾ ਗਿਲਾ ਜ਼ਾਹਿਰ ਕਰਦਾ ਹੈ। ਨੌਜਵਾਨ ਜੋ ਵੀ ਕੁਝ ਵੀ ਮਹਿਸੂਸ ਕਰਦੇ ਹਾਂ, ਲਫ਼ਜ਼ਾਂ ਰਾਹੀਂ ਕਹਿੰਦੇ ਹਨ, ਆਪਣਾ ਦਰਦ ਬਿਆਨ ਕਰਦੇ ਹਨ। ਸਮਾਜਿਕ ਅਨਿਆਂ, ਭੇਦ-ਭਾਵ ਵਿਰੁੱਧ, ਪਰਿਵਾਰਕ ਅਤੇ ਸਮਾਜਿਕ ਦਬਾਅ ਅਤੇ ਮੌਕੇ ਨਾ ਮਿਲਣ ਦੀ ਕਸਕ ਬਿਆਨਦੇ ਹਨ। ਹਿੱਪ-ਪ ਸੰਗੀਤ ਨੇ ਨੌਜਵਾਨਾਂ ਨੂੰ ਸਿਸਟਮ ਦੀਆਂ ਕਮੀਆਂ,ਭਾਵ ਭ੍ਰਿਸ਼ਟਾਚਾਰ, ਭੇਦਭਾਵ, ਨਾਬਰਾਬਰੀ ਦੇ ਖ਼ਿਲਾਫ਼ ਬੋਲਣ ਦੀ ਆਜ਼ਾਦੀ ਤੇ ਤਾਕਤ ਦਿੱਤੀ ਹੈ। ਨੌਜਵਾਨ ਰੈਪ ਅਤੇ ਹਿੱਪ-ਹੌਪ ਸੰਗੀਤ ਵਿਚ ਆਪਣੀ ਨਿੱਜੀ ਪੀੜ ਵੀ ਬਿਆਨ ਕਰਦੇ ਹਨ ਜਿਸ ਵਿਚ ਵਫ਼ਾਦਾਰੀ ਦਾ ਪ੍ਰਗਟਾਵਾ, ਪਿਆਰ ਟੁੱਟ ਜਾਣ ਦਾ ਜ਼ਿਕਰ, ਨਿਭਾਏ ਗਏ ਪਿਆਰ ਤੇ ਦੋਸਤੀ ਦੇ ਟੁੱਟੇ ਰਿਸ਼ਤਿਆਂ ਨੂੰ ਵੀ ਬਿਆਨ ਕਰਦੇ ਹਨ।



ਹਿੱਪ-ਹੌਪ ਰਾਹੀਂ ਨੌਜਵਾਨ ਆਪਣਾ ਵਿਸ਼ਵਾਸ, ਸਟਾਇਲ, ਕੱਪੜੇ, ਪਹਿਰਾਵਾ, ਬੋਲ-ਚਾਲ ਸਵੈਗ, ਐਟੀਚਿਊਟ, ਰਵੱਈਆ ਅਤੇ ਸ਼ਖ਼ਸੀਅਤ ਵੀ ਬਿਆਨਦੇ ਹਨ। ਹਿੱਪ-ਹੌਪ ਦਾ ਜਨਮ ਲਗਭਗ 1973 ਦੇ ਆਸ-ਪਾਸ ਹੋਇਆ ਮੰਨਿਆ ਜਾਂਦਾ ਹੈ। ਇਨ੍ਹਾਂ ਸਮਿਆਂ ਵਿਚ ਨਿਊਯਾਰਕ ਦਾ ਬਰੌਂਕਸ ਇਲਾਕਾ ਇਕ ਗ਼ਰੀਬ, ਅਨਿਆਂ ਦਾ ਸ਼ਿਕਾਰ, ਤਬਾਹਸ਼ੁਦਾ ਤੇ ਅਪਰਾਧ ਵਾਲਾ ਇਲਾਕਾ ਹੁੰਦਾ ਸੀ।

ਸੁਆਲ ਉੱਠਦਾ ਹੈ ਕਿ ਕੀ ਬਲੈਕ ਨੌਜਵਾਨ ਇਸ ਨਾਲ ਗੁਮਰਾਹ ਵੀ ਹੋਇਆ? ਆਪਣੇ ਹੱਕੀ ਮੰਗਾਂ ਦੇ ਮਿਸ਼ਨ ਤੋਂ ਭਟਕਿਆ ਤੇ ਕਰਾਈਮ ਵੱਲ ਵੀ ਧੱਕਿਆ ਗਿਆ। ਇਹ ਸੱਚ ਹੈ। ਕਿ ਹਿੱਪ-ਹੌਪ/ਰੈਪ ਨੇ ਬਲੈਕ ਨੌਜਵਾਨਾਂ ਨੂੰ ਤਾਕਤ ਵੀ ਦਿੱਤੀ ਤੇ ਕਈ ਵਾਰ ਕੁਝ ਹਿੱਸਿਆਂ ਨੂੰ ਗੁਮਰਾਹ ਵੀ ਕੀਤਾ। ਹੱਕ ਦੀ ਲੜਾਈ ਨੂੰ ਰਾਜਨੀਤਕ ਪੱਧਰ 'ਤੇ ਵਿਰੋਧ ਜਿਤਾਉਣ, ਰਾਜਨੀਤਕ ਸੰਘਰਸ਼ ਨੂੰ ਸੜਕਾਂ ਜਥੇਬੰਦਕ ਰੋਸ ਵਿਖਾਵਿਆਂ ਤੇ ਕੂਟਨੀਤਕ ਦਬਾਅ ਬਣਾਉਣ ਤੋਂ ਭਟਕ ਕੇ ਇਸ ਸਮੂਹ ਦੇ ਕੁਝ ਹਿੱਸੇ ਹਿੱਪ-ਹੋਪ ਦੇ ਗੈਂਗਸਟਰ ' 'ਕਲਚਰ ਤੋਂ ਪ੍ਰਭਾਵਿਤ ਹੋਏ। ਖ਼ਾਸ ਕਰਕੇ ਉਹ ਜਿਨ੍ਹਾਂ ਦਾ ਮਾਹੌਲ ਪਹਿਲਾਂ ਹੀ ਤਣਾਅ ਵਾਲਾ ਸੀ। ਗੈਂਗਸਟਾ ਰੈਪ ਨੇ ਗੈਂਗ ਕਲਚਰ ਨੂੰ ਗਲੈਮਰਾਈਜ਼ ਕੀਤਾ। ਨਸ਼ਿਆਂ ਨੂੰ, ਪੈਸੇ ਨੂੰ, ਹਥਿਆਰਾਂ ਨੂੰ ਝੂਠੀ ਸ਼ਾਨ ਵਾਂਗ ਵਿਖਾਇਆ ਗਿਆ। ਇਸ ਨਾਲ ਕੁਝ ਨੌਜਵਾਨਾਂ ਨੇ ਕਰਾਈਮ ਨੂੰ ਪਛਾਣ ਸਮਝ ਲਿਆ, ਹਿੰਸਾ ਨੂੰ ਤਾਕਤ ਮੰਨ ਲਿਆ ਅਤੇ ਗ਼ਲਤ ਰਾਹਾਂ ਨੂੰ ਅਸਲ ਜ਼ਿੰਦਗੀ ਕਹਿਣ ਲੱਗੇ। ਕੁਝ ਲੋਕ ਇਹ ਵੀ ਸਵਾਲ ਕਰਦੇ ਹਨ ਕਿ ਕੀ ਤਾਕਤਵਰ ਲੋਕਾਂ ਦੀ ਗੁੱਝੀ ਚਾਲ ਨਾਲ ਬਲੈਕ ਨੌਜਵਾਨ ਹਿੱਪ-ਹੋਪ ਅਤੇ ਰੈਪ ਨਾਲ ਕਰਾਈਮ ਵੱਲ ਮੋੜੇ ਗਏ ਸਨ? ਇਸ ਦਾ ਭਾਵੇਂ ਕੋਈ ਸਪੱਸ਼ਟ ਜਾਂ ਪ੍ਰਮਾਣਿਤ ਸਬੂਤ ਨਹੀਂ ਮਿਲਦਾ ਕਿ ਕਿਸੇ ਗੁਪਤ ਪਲਾਨ ਨੇ ਜਾਣ ਬੁੱਝ ਕੇ ਬਲੈਕ ਨੌਜਵਾਨਾਂ ਨੂੰ ਹਿੱਪ-ਹੌਪ ਰਾਹੀਂ ਕਰਾਈਮ ਵੱਲ ਧੱਕਿਆ। ਪਰ ਇਹ ਜੱਗ ਜ਼ਾਹਿਰ ਹੈ ਕਿ ਬਲੈਕ ਇਲਾਕਿਆਂ ਨੂੰ ਜਾਨ- ਬੁੱਝ ਕੇ ਗ਼ਰੀਬ ਰੱਖਣ ਦੀ ਨੀਤੀ ਲੰਮੇ ਸਮੇਂ ਤੋਂ ਚੱਲ ਰਹੀ ਸੀ। 1930 ਤੋਂ 1960 ਦੇ ਵਿਚਕਾਰ ਸਰਕਾਰੀ ਨੀਤੀਆਂ ਨਾਲ' ਬਲੈਕ ਇਲਾਕਿਆਂ ਨੂੰ ਖ਼ਤਰਨਾਕ ਘੋਸ਼ਿਤ ਕਰਕੇ ਇਨਵੈਸਟਮੈਂਟ ਰੋਕ ਦਿੱਤੀ ਗਈ, ਜਿਸ ਨਾਲ ਗ਼ਰੀਬੀ ਆਮ ਹੋ ਗਈ। 1980 ਦੇ ਦਹਾਕੇ ਵਿਚ ਨਸ਼ਿਆਂ ਵਿਰੁੱਧ ਜੰਗ ਨਾ ਦੀਨੀਤੀ ਨਾਲ ਬਲੈਕ ਇਲਾਕਿਆਂ ਵਿਚ ਭਾਰੀ ਪੁਲੀਸ ਕਾਰਵਾਈ ਕੀਤੀ ਗਈ, ਜਿਹੜੇ ਅਪਰਾਧ ਗੋਰੇ ਕਰਦੇ, ਉਨ੍ਹਾਂ ਨੂੰ ਘੱਟ ਸਜ਼ਾ ਤੇ ਜਿਹੜੇ ਬਲੈਕ ਕਰਦੇ, ਉਨ੍ਹਾਂ ਨੂੰ ਕਈ ਗੁਣਾ ਵੱਧ ਸਜ਼ਾ ਦਿੱਤੀ ਜਾਂਦੀ ਰਹੀ। ਇਸ ਨਾਲ ਬਲੈਕ ਨੌਜਵਾਨ ਜੇਲ੍ਹਾਂ ਵਿਚ ਸੁੱਟੇ ਗਏ। ਨਵੀਂ ਤਕਨਾਲੋਜੀ ਦੀ ਆਮਦ ਨਾਲ 1970 ਤੋਂ 1990 'ਚ ਫੈਕਟਰੀਆਂ ਬੰਦ ਹੋਈਆਂ ਅਤੇ ਮਜ਼ਦੂਰੀ ਮਿਲਣੀ ਔਖੀ ਗਈ। ਬਲੈਕ ਇਲਾਕਿਆਂ 'ਚ ਨਵੀਆਂ ਨੌਕਰੀਆਂ ਆਈਆਂ ਹੀ ਨਹੀਂ। ਜੋ ਥੋੜ੍ਹੀਆਂ ਬਹੁਤ ਪਹਿਲਾਂ ਸਨ, ਖ਼ਤਮ ਹੋ ਗਈਆਂ। ਆਰਥਿਕ ਮੌਕਿਆਂ ਦੀ ਘਾਟ ਦੇ ਕਾਰਨ ਗ਼ਰੀਬ ਬਲੈਕ ਭਾਈਚਾਰੇ ਦੇ ਨੌਜਵਾਨਾਂ ਨੂੰ ਗਲੀਆਂ ਬਾਜ਼ਾਰਾਂ 'ਚ ਵਿਹਲੇ ਘੁੰਮਣ ਤੋਂ ਇਲਾਵਾ ਕੋਈ ਕੰਮ ਨਾ ਰਿਹਾ ਅਤੇ ਉਹ ਗੈਂਗ ਕਲਚਰ ਵੱਲ ਆਕਰਸ਼ਿਤ ਹੋਏ।



ਪਿਛਲੇ ਲੰਮੇ ਸਮੇ ਤੋਂ ਪੰਜਾਬ ਦੇ ਹਲਾਤ ਵੀ ਅਜਿਹੇ ਖ਼ਤਰਨਾਕ ਦੌਰ ਵਿਚ ਪਹੁੰਚ ਗਏ ਹਨ। ਭਾਰਤ ਦਾ ਸਿਰਮੌਰ ਇਕ ਨੰਬਰ ਦਾ ਪ੍ਰਾਂਤ ਬੇਰੁਜ਼ਗਾਰੀ ਭ੍ਰਿਸ਼ਟਾਚਾਰ, ਰਾਜਨੀਤਕ ਬੇਭਰੋਸਗੀ ਦਾ ਸ਼ਿਕਾਰ ਹੈ। ਸਭ ਕੁਝ ਪਰੋਸ ਕੇ ਕਾਰਪੋਰੇਟ ਦੇ ਅੱਗੇ ਧਰ ਦਿੱਤਾ ਹੈ ਅਤੇ ਪਬਲਿਕ ਰਾਮ ਭਰੋਸੇ ਦਿਨ ਕੱਟੀ ਕਰਨ ਲਈ ਮਜਬੂਰ ਹੈ। ਧਾਰਮਿਕ ਵਖਰੇਵੇਂ ਵੱਧ ਰਹੇ ਹਨ, ਜਿਸ ਨਾਲ ਸਮਾਜ ਵਿਚ ਨਫ਼ਰਤ ਅਤੇ ਪਾੜਾ ਵਧਿਆ ਹੈ।

ਨੌਜਵਾਨੀ ਭਵਿੱਖ ਨੂੰ ਲੈ ਕੇ ਚਿੰਤਾ ਵਿਚ ਹੈ। ਥੋੜ੍ਹੇ ਬਹੁਤੇ ਲੋਕਾਂ ਨੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਵਿਦੇਸ਼ਾਂ ਵੱਲ ਮੂੰਹ ਕਰ ਲਿਆ ਸੀ ਪਰ ਹੁਣ ਪਰਵਾਸ ਵੀ ਔਖਾ ਹੈ। ਵਿਹਲੇ ਹੋਏ ਨੌਜਵਾਨ ਅਮਰੀਕਾ ਦੇ ਬਲੈਕ ਭਾਈਚਾਰੇ ਦਾ ਇਤਿਹਾਸ ਦੁਹਰਾਉਣ ਦੀ ਰਾਹ 'ਤੇ ਪੈ ਰਹੇ ਹਨ। ਹਰ ਛੋਟੇ ਵੱਡੇ ਕਸਬੇ ਅਤੇ ਸ਼ਹਿਰ ਵਿਚ ਪਈਆਂ ਖ਼ਾਲੀ ਥਾਵਾਂ ਵਿਚ ਰੈਪ ਕਲੱਬਾਂ ਹੋਂਦ 'ਚ ਆ ਰਹੀਆਂ ਹਨ। ਹੁਣ ਪੰਜਾਬੀ ਨੌਜਵਾਨ ਵੀ ਹਿੱਪ-ਹੌਪ ਸੰਗੀਤ ਰਾਹੀਂ ਆਪਣੀ ਸੋਚ, ਜੀਵਨ-ਸੰਘਰਸ਼, ਗੁੱਸਾ, ਭਵਿੱਖ ਦੇ ਸੁਪਨੇ ਅਤੇ ਡਰ ਸਭ ਕੁਝ ਪ੍ਰਗਟ ਕਰਦੇ ਨਜ਼ਰ ਆ ਰਹੇ ਹਨ। ਪੰਜਾਬੀ ਹਿੱਪ-ਹੋਪ ਵਿਚ ਨੌਜਵਾਨਾਂ ਦੀ ਸਿਸਟਮ ਨਾਲ ਨਾਰਾਜ਼ਗੀ, ਬੇਰੁਜ਼ਗਾਰੀ, ਨਸ਼ੇ ਦਾ ਮਾਹੌਲ, ਭ੍ਰਿਸ਼ਟਾਚਾਰ ਅਤੇ ਸਿੱਖਿਆ ਅਤੇ ਸਿਹਤ ਅਦਾਰਿਆਂ ਦੀ ਬੇਹਾਲੀ ਦਾ ਜ਼ਿਕਰ ਦਿਖਾਈ ਦਿੰਦਾ ਹੈ। ਪੰਜਾਬੀ ਰੈਪ ਦਾ ਇਕ ਵੱਡਾ ਹਿੱਸਾ ਆਪਣੀ ਪਛਾਣ ਆਪਣੀਆਂ ਜੜ੍ਹਾਂ, ਬੋਲੀ, ਪੇਂਡੂ ਸੱਭਿਅਚਾਰ ਅਤੇ ਸਵੈ-ਅਭਿਮਾਨ ਬਾਰੇ ਹੁੰਦਾ ਹੈ।

ਕਈ ਪੰਜਾਬੀ ਰੈਪਰ ਕਿਸਾਨ ਸੰਘਰਸ਼, ਹੱਕਾਂ, ਸਮਾਜਿਕ ਨਿਆਂ ਅਤੇ ਪੰਜਾਬੀਅਤ ਬਾਰੇ ਪ੍ਰੋਟੈਸਟ ਰੈਪ ਕਰਦੇ ਹਨ। ਪੰਜਾਬੀ ਰੈਪ ਵਿਚ ਇਕ ਬਹੁਤ ਵੱਡਾ ਜਜ਼ਬਾ ਕਿ ਮੈਂ ਅੱਗੇ ਵੱਧ ਕੇ ਵਿਖਾਵਾਂਗਾ, ਮੇਰੇ ਦਿਨ ਵੀ ਆਉਣਗੇ ਵੀ ਮਿਲਦਾ ਹੈ। ਪਰ ਇਸ ਦੇ ਨਾਲ ਨਾਲ ਨਸ਼ੇ ਦਾ ਰੁਝਾਨ, ਗੈਂਗਸਟਰ ਨੂੰ ਗਲੋਰੀਫਾਈ ਕਰਨ, ਹਿੰਸਾ ਨੂੰ ਪ੍ਰਮੋਟ ਕਰਨ, ਸ਼ੇਖੀਆਂ ਮਾਰਨ ਅਤੇ ਫੁਕਰਾਪੰਥੀ ਵਾਲਾ ਗ਼ਲਤ ਰਾਹ ਚੁਣਨ ਦੇ ਰੁਝਾਨ ਵਿਚ ਚਿੰਤਾਜਨਕ ਵਾਧਾ ਹੋ ਰਿਹਾ ਹੈ। ਇਹ ਸਭ ਰੁਝਾਨ ਨੌਜਵਾਨਾਂ ਨੂੰ ਵਿਰਸੇ ਤੋਂ ਦੂਰ ਅਤੇ ਨਕਲੀ ਹੀਰੋਇਜ਼ਮ ਵੱਲ ਲੈ ਕੇ ਜਾ ਰਹੇ ਹਨ। ਪੰਜਾਬੀ ਰੈਪ ਦੇ ਗ਼ਲਤ ਰੁਝਾਨ ਪੰਜਾਬ ਦੀਆ ਅਮੀਰ ਪ੍ਰੰਪਰਾਵਾਂ ਨਾਲ ਮੇਲ ਨਹੀਂ ਖਾਂਦੇ ਅਤੇ ਇਸ ਨਾਲ ਪੁਰਾਤਨ ਪ੍ਰੰਪਰਾਵਾਂ ਨਾਲ ਟਕਰਾਅ ਵੱਧ ਰਿਹਾ ਹੈ।

ਪੰਜਾਬ ਦੀ ਮਿੱਟੀ ਦੀ ਆਪਣੀ ਸ਼ਾਨਮੱਤੀ ਵਿਰਾਸਤ ਹੈ। ਪੁਰਾਣੇ ਪੰਜਾਬੀ ਲੋਕ ਗੀਤਾਂ 'ਚ ਸ਼ਬਦਾਂ ਦੀ ਮਿਠਾਸ, ਸ਼ਾਲੀਨਤਾ ਅਤੇ ਕਹਾਣੀ ਦਾ ਧੀਰਜ ਸੀ। ਅੱਜ ਦੇ ਰੈਪ ਗੀਤਾਂ 'ਚ ਗਾਲ੍ਹਾਂ ਵਰਗੇ ਬੇਸ਼ੁਮਾਰ ਗੰਦੇ ਸ਼ਬਦਾਂ ਦੀ ਭਰਮਾਰ ਹੈ। ਔਰਤਾਂ ਨੂੰ ਬਾਜ਼ਾਰੀ ਵਸਤਾਂ ਵਾਂਗਰ ਚਿਤਰਨਾ, ਅਸ਼ਲੀਲ ਇਸ਼ਾਰਿਆਂ ਨਾਲ ਹਿੰਸਕ ਭਾਵ ਪੈਦਾ ਕਰਨੇ, ਆਮ ਵਰਤਾਰਾ ਹੈ। ਇਹ ਸਭ ਪੰਜਾਬ ਦੀ ਗੁਰਮਤਿ ਕਾਵਿ-ਰਵਾਇਤ ਤੇ ਸੂਫ਼ੀਆਨਾ ਧਾਰਾ ਦੇ ਰੂਹਾਨੀ ਅਹਿਸਾਸ ਨਾਲ ਨਹੀਂ ਮਿਲਦੇ। ਚਾਹੀਦਾ ਇਹ ਹੈ ਕਿ ਨੌਜਵਾਨ ਆਪਣੇ ਵਿਰਸੇ, ਗੁਰਮਤਿ ਤੇ ਲੋਕ-ਧਰਮ ਤੋਂ ਤਾਕਤ ਲਵੇ ਤੇ ਕਲਾ ਨੂੰ ਵੀ ਇਮਾਨਦਾਰੀ ਨਾਲ ਨਿਭਾਵੇ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਜਨਵਰੀ 2026 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-722




*ਬਾਹਰ ਪਿੰਡਾਂ ਤੋਂ ਬਣਾ ਲਏ ਡੇਰੇ, ਕੱਪੜੇ ਸਾਧੂਆਂ ਪਰ ਦਿਲੋਂ ਲੁਟੇਰੇ।*
*ਲੋਕਾਂ ਨੂੰ ਆਖੇ ਪੈਸੇ ਦਾ ਨਹੀਂ ਮੋਹ, ਆਪੂੰ ਮਿੱਠੇ ਬਣ ਕੇ ਸਭ ਲੈਂਦੇ ਖੋਹ।*
*ਗੱਲਾਂ ਕਰਦੇ ਨੇ ਉੱਚੀਆਂ ਸੁੱਚੀਆਂ, ਹਰਕਤਾਂ ਕਰਦੇ ਲੁੱਚੀਆਂ ਲੁੱਚੀਆਂ।*

### ਕੈਪਸ਼ਨ ਮੁਕਾਬਲਾ-720



ਗੋਲ਼ ਗੋਲ਼ ਪੀਲ਼ੇ ਪੀਲ਼ੇ ਕਿਨੂੰਆਂ,
ਬਾਜ਼ਾਰ ਪੰਜਾਬ ਦੇ ਭਰੇ ਨੇ,
ਠੇਕੇਦਾਰਾਂ ਦੇ ਚਿਹਰੇ 'ਤੇ ਰੌਣਕ,
ਆਣਕੇ ਮਸਾਂ ਕਿਤੇ ਕਰੇ ਨੇ।
ਸਾਲ ਭਰ ਤੋਂ ਉਡੀਕਦੇ ਬਿਚਾਰੇ,
ਕਾਮਿਆਂ ਦੇ ਦਿਨ ਫਿਰੇ ਨੇ,
ਨਾ਼ਲ ਮੁਸ਼ੱਕਤ ਕਰਕੇ ਛਾਂਟੀਆਂ,
ਸੜਕਾਂ ਦੇ ਕਿਨਾਰੇ ਭਰੇ ਨੇ।
***-ਸੇਵਾ ਸਿੰਘ "ਨੂਰਪੁਰੀ "***

---

ਮਾਘ ਮਹੀਨਾ ਅੰਤ ਠੰਡ ਦਾ,
ਫ਼ਸਲ ਫ਼ਲਾਂ ਦੀ ਜੋਬਨ 'ਤੇ ਆਈ
ਸਾਂਭਣ ਦੇ ਲਈ ਫ਼ਸਲ ਆਪਣੀ,
ਲੇਬਰ ਬਿਹਾਰ ਤੋਂ ਮੰਗਵਾਈ।
ਰਸ ਵਾਲੇ ਫ਼ਲ ਸ਼ਹਿਦ ਤੋਂ ਮਿੱਠੇ,
ਪਾਣੀ ਮੂੰਹ ਵਿਚ ਭਰ ਆਇਆ
ਫ਼ਲ ਤੋੜ ਕੇ ਬੂਟਿਆਂ ਨਾਲੋਂ,
ਢੇਰ ਵਿਚ ਖੇਤ ਦੇ ਲਾਇਆ
ਠੇਕੇਦਾਰ ਸਮਝਾਇਆ ਸਭ ਨੂੰ,
ਫ਼ਲ ਬਕਸਿਆਂ ਵਿਚ ਨੇ ਪਾਉਣੇ
ਵਿਕ ਜਾਣ ਸਵੇਰੇ ਸਾਰੇ,
ਸਬਜ਼ੀ ਮੰਡੀ ਨੇ ਪਹੁੰਚਾਉਣੇ।
***-ਮਾ: ਪ੍ਰੀਤਮ ਸਿੰਘ ਲੰਮੇਂ***
***925-325-2486***

---

ਜਦ ਰੁੱਤ ਮੇਵਿਆਂ ਦੀ ਆਵੇ
ਚਾਰ-ਚੁਫੇਰੇ ਨੂੰ ਖੁਸ਼ਬਾਵੇ।
ਹੋਵਣ ਲਗਦੀ ਤੋੜ ਤੁੜਾਈ
ਫੇਰ ਹੁੰਦੀ ਹੈ ਛਾਂਟ ਛਟਾਈ।
ਦੇਖ ਕੇ ਭੋ਼ਲਾ ਮਨ ਲਲਚਾਵੇ
ਮੂੰਹਾਂ ਦੇ ਵਿਚ ਪਾਣੀ ਆਵੇ।
ਨਿਗਾਹ ਟਿਕਾ ਕੇ ਰੱਖੀ ਜਾਂਦੀ
ਮੂੰਹ ਵਿਚ ਪਾਵਣ 'ਤੇ ਪਾਬੰਦੀ।
ਕੀਤੀ ਜਾਂਦੀ ਫਿਰ ਦਰਜ਼ਾਬੰਦੀ
ਮੁੱਲ ਪੈਂਦਾ ਵਿਚ ਜਾ ਕੇ ਮੰਡੀ।
***ਜਗਮੀਤ ਸਿੰਘ ਪੰਧੇਰ***
***+1 403 439 2008***

---

ਮਾਘ ਦਾ ਮਹੀਨਾ ਆਇਆ
ਰਸਾਂ ਵਾਲੇ ਫ਼ਲ ਪੱਕ ਹੋ ਗਏ ਮਿੱਠੇ।
ਤੁੜਾ ਕੇ ਫਲਾਂ ਦਾ ਲਾਇਆ ਢੇਰ
ਛਾਂਟਣ ਵਾਲੀਆਂ ਨੂੰ ਕਹੇ ਕਰੋ ਜਲਦੀ
ਪੈ ਨਾ ਜਾਣ ਛਿੱਟੇ।
ਕਰੇਟਾਂ ਵਿਚ ਭਰ ਮੰਡੀ ਪੁਰਾਣੇ
ਪੈਸੇ ਜਾਣੇ ਵੱਟੇ।
ਕੰਮ ਉਤੇ ਲਾਈਆਂ ਔਰਤਾਂ
ਕੰਮ ਦੇ ਚੱਕਣ ਫੱਟੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***

## ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ

### ਗੁਰੂ ਗੋਬਿੰਦ ਜੀ ਦੇ ਲਾਲ

ਗੁਰੂ ਗੋਬਿੰਦ ਜੀ ਦੇ ਲਾਲ, ਵੇਖੋ ਕਰ ਗਏ ਕਮਾਲ।
ਕੀਹਨੂੰ ਕਹਿੰਦੇ ਕੁਰਬਾਨੀ, ਦੇ ਗਏ ਜਗ ਨੂੰ ਮਿਸਾਲ।
ਲੈ ਕੇ ਦਾਦੀ ਤੋਂ ਪਿਆਰ, ਤੁਰੇ ਜਾਣ ਵੈਰੀ ਨਾਲ।
ਜਾ ਕੇ ਸੂਬੇ ਦੀ ਕਚਹਿਰੀ, ਦੋਵੇਂ ਬੋਲੇ ਸੋ ਨਿਹਾਲ।
ਲੋਭ ਦਿੱਤਾ ਸੀਗ੍ਹਾ ਬੜਾ, ਪਰ ਮੰਨੇ ਨਹੀਓਂ ਲਾਲ।
ਗੁਰੂ ਗੋਬਿੰਦ ਜੀ ਦੇ ਲਾਲ...।

ਨੀਂਹ ਵਿੱਚ ਜਾ ਕੇ ਜਦੋਂ, ਜ਼ਿੰਦਾਂ ਦੋ ਖਲੋ ਗਈਆਂ।
ਵੇਖਣ ਵਾਲੀਆਂ ਸੱਭੇ ਅੱਖਾਂ ਨਮ ਸੀ ਹੋ ਗਈਆਂ।
ਲਾਲ ਰਹੇ ਸੀ ਅਡੋਲ, ਜਦੋਂ ਨੇੜੇ ਆਇਆ ਕਾਲ਼।
ਗੁਰੂ ਗੋਬਿੰਦ ਜੀ ਦੇ ਲਾਲ...।

ਅਜੀਤ ਤੇ ਜੁਝਾਰ ਨੇ ਵੀ, ਘੱਟ ਨਾ ਗੁਜ਼ਾਰੀ ਸੀ।
ਵੈਰੀਆਂ ਦੀ ਹਿੱਕ ਵਿਚ, ਵੱਜੇ ਵਾਰੋ-ਵਾਰੀ ਸੀ।
ਕੋਈ ਸੁਣਿਆ ਹੈ ਬਾਪ, ਜਿਹੜਾ ਹੱਥੀਂ ਵਾਰੇ ਬਾਲ।
ਗੁਰੂ ਗੋਬਿੰਦ ਜੀ ਦੇ ਲਾਲ...।

ਕੌਮ ਲਈ ਲਾਲਾਂ ਨੂੰ, ਕਿਵੇਂ ਗੁਰੂ ਜੀ ਨੇ ਵਾਰਿਆ।
'ਅਮਰੀਕ ਤਲਵੰਡੀ' ਨੇ ਹੈ, ਗੀਤ ਵਿਚ ਉਚਾਰਿਆ।
ਕਲਮ ਲਈ ਵੀ ਔਖੇ ਨੇ, ਐਸੇ ਪਕੜਨੇ ਖਿਆਲ।
ਗੁਰੂ ਗੋਬਿੰਦ ਜੀ ਦੇ ਲਾਲ...।

***-ਅਮਰੀਕ ਸਿੰਘ ਤਲਵੰਡੀ ਕਲਾਂ-***
***ਫੋਨ: 94635-52996***

---

### ਸਫ਼ਰ- ਏ- ਸ਼ਹਾਦਤ

ਸ਼ਹਾਦਤ ਦੇ ਸਫਰ 'ਤੇ ਜਿੱਤ ਹੈ ਜੈਕਾਰਿਆਂ ਕਰਕੇ।
ਪਿਆਰੇ ਗੁਰਮੁਖੋ ਸਾਡਾ ਪੰਥ ਹੈ ਗੁਰਪਿਆਰਿਆਂ ਕਰਕੇ।
ਸੀਸ ਦੇਣਾ ਸਿਰੜ ਨਹੀਂ ਹਾਰਨਾ, ਹੈ ਫਤਹਿ ਸਿੱਖੀ ਦੀ,
ਚਾਂਦਨੀ ਚੌਂਕ ਵਿਚ ਨੌਵੇਂ ਗੁਰਾਂ, ਸੀਸ ਵਾਰਿਆ ਕਰਕੇ।

ਦੇਗ ਤੋਂ ਕਾੜ੍ਹ ਨਾ ਹੋਈ, ਨਾ ਰੂੰਅ ਤੋਂ ਸਾੜ ਹੋਈ ਸਿੱਖੀ,
ਸਿੱਖ ਤਾਂ ਹੱਸ ਕੇ ਦੋਫਾੜ ਹੋਇਆ, ਆਰਿਆਂ ਕਰਕੇ।

ਹਿੰਦ ਦੀ ਖੁਲ੍ਹ ਗਈ ਨੀਂਦਰ, ਜਦੋਂ ਚਮਕੌਰ ਸੀ ਗੱਜਿਆ,
ਜੰਗ ਲਈ ਵੱਡੇ ਲਾਲਾਂ ਨੂੰ, ਗੁਰਾਂ ਸ਼ਿੰਗਾਰਿਆ ਕਰਕੇ।
ਕੰਧਾਂ ਜਦ ਤਿੜਕੀਆਂ ਸਰਹੰਦ ਵਿਚ, ਤਾਂ ਮਹਿਲ ਵੀ ਤਿੜਕੇ,
ਗੁਜ਼ਰੀ ਮਾਂ ਦੀਆਂ ਅੱਖਾਂ ਦੇ, ਸੋਹਣੇ ਤਾਰਿਆਂ ਕਰਕੇ।

ਸਰਹੰਦ ਦੀ ਇੱਟ ਦੇ ਨਾਲ ਇੱਟ ਖੜਕਾ ਕੇ ਟੰਗਿਆ ਸੂਬਾ,
ਬਹਾਦਰ ਬੰਦਾ ਸਿੰਘ ਦੇ ਗੱਜਦੇ ਲਲਕਾਰਿਆਂ ਕਰਕੇ।
ਜ਼ੁਲਮ ਦੀ ਰਾਤ ਸੀ ਮੁੱਕੀ, ਹਲੇਮੀ ਚੜ੍ਹ ਗਿਆ ਸੂਰਜ,
ਖਾਲਸਾ ਫੌਜ ਦੇ ਝਲਕਾਰਿਆਂ, ਚਮਕਾਰਿਆਂ ਕਰਕੇ।

ਖਾਲਸਾਈ ਅੱਖ ਦੇ ਵਿਚ ਅੱਖ ਪਾ ਕੇ ਤੱਕਣਾ ਕਿਹਨੇ,
ਨਿਸ਼ਾਨੇ ਸਿੱਖੀ ਹੇਠਾਂ ਏਕਾ ਹੈ ਜੇ ਸਾਰਿਆਂ ਕਰਕੇ।
ਸਾਨੂੰ ਖੁਦਦਾਰੀਆਂ ਸਿਰਦਾਰੀਆਂ ਦੀ ਹੋਈ ਹੈ ਬਖਸ਼ਿਸ਼,
ਚੋਜੀ ਪਿਤਾ ਨੇ ਸਰਬੰਸ ਆਪਣਾ ਵਾਰਿਆ ਕਰਕੇ।

ਜੇ ਇਹ ਬਿਪਰੀ ਰੀਤਾਂ ਤੋਂ 'ਢੇਸੀ' ਮੁਕਤ ਹੋ ਜਾਵਣ,
ਖਾਲਸਾ ਪੰਥ ਦਾ ਗੌਰਵ ਹੈ ਗੁਰੂਦੁਆਰਿਆਂ ਕਰਕੇ।

***-ਕੁਲਵੰਤ ਸਿੰਘ ਢੇਸੀ, ਯੂ ਕੇ***

### ਸੋਗ ਭਰਿਆ ਹਫ਼ਤਾ

ਪੋਹ ਮਹੀਨਾ ਹੈ ਠੰਢਾ ਠਾਰ ਜੀ,
ਲੱਗ ਜਾਏ ਤਾਂ ਕਰੇ ਬੀਮਾਰ ਜੀ।
ਸਰਸੇ ਵਿਛੋੜਿਆ ਪਰਿਵਾਰ ਸੀ,
ਮੁੜ ਨਾ ਮਿਲੇ ਹੋਏ ਖ਼ੁਆਰ ਸੀ।
ਦੋ ਚਮਕੌਰ ਗੜ੍ਹੀ ਕੰਮ ਆਏ ਸੀ,
ਹੱਥੀਂ ਬੰਨ੍ਹ ਗਾਨੇ ਮੌਤ ਸਦਾਏ ਸੀ।
ਦਾਦੀ ਗੁਜਰੀ, ਦੋ ਛੋਟੇ ਲਾਲ ਸੀ,
ਗੰਗੂ ਮਕਾਰ ਮੁਗਲ ਭਿਆਲ਼ ਸੀ।
ਵਜ਼ੀਰ ਖਾਂ ਨੂੰ ਜਾ ਦਿੱਤੀ ਸੂਹ ਜੀ,
ਦੇਖ ਕਰਤੂਤ ਕੰਬਦੀ ਹੈ ਰੂਹ ਜੀ।
ਬੇਕਸੂਰ ਬਾਲ ਅਤੇ ਦਾਦੀ ਮਾਂ ਸੀ,
ਬੰਦ ਕਰੇ ਬੁਰਜ 'ਚ ਠੰਢੀ ਥਾਂ ਸੀ ।
ਔਝੜ ਤੇ ਬਿੱਖੜੀਆਂ ਰਾਹਵਾਂ ਜੀ,
ਸੁਣੋ ਅੱਗੇ ਦਾ ਹਾਲ ਸੁਣਾਵਾਂ ਜੀ।
ਕੀਤਾ ਕੈਦ ਇੰਝ ਬੇਈਮਾਨਾਂ ਸੀ,
ਫਾਹੀਆਂ ਦੋ ਨਿੱਕੀਆਂ ਜਾਨਾਂ ਸੀ ।
ਤੁਰੇ ਜਾਂਦੇ ਗੁਜਰੀ ਮਾਂ ਤੇ ਬਾਲ ਜੀ,
ਠੰਢੇ ਬੁਰਜ ਨੇ ਕੀਤੇ ਨਿਢਾਲ ਜੀ।
ਕੱਪੜਾ ਨਾ ਕੋਈ ਲੇਫ਼ ਰਜ਼ਾਈ ਸੀ ,
ਭੁੱਖੇ ਢਿੱਡ ਦਰੀ ਭੁੰਜੇ ਵਿਛਾਈ ਸੀ।
ਠੰਢ ਹੱਡਾਂ ਵਿੱਚ ਜਾਂਦੀ ਵੜਦੀ ਸੀ,
ਨੇੜੇ ਆਉਂਦਾ ਨਾ ਕੋਈ ਦਰਦੀ ਸੀ।
ਮੋਤੀ ਮਹਿਰਾ ਨੇ ਦਇਆ ਖਾਈ ਸੀ,
ਦੁੱਧ ਪਿਲਾਉਣ ਦੀ ਸਜ਼ਾ ਪਾਈ ਸੀ।
ਵਜ਼ੀਦੇ ਨੇ ਐਸੀ ਸਜ਼ਾ ਸੁਣਾਈ ਜੀ,
ਡਿੱਠੀ ਜੱਗ ਨੇ ਕਦੇ ਨਹੀਂ ਭਾਈ ਜੀ।
ਸਣੇ ਪਰਿਵਾਰ ਕੋਹਲੂ 'ਚ ਪੀੜੇ ਸੀ,
ਲਹੂ ਲੁਹਾਣ ਤੇ ਲੱਥ ਪੱਥ ਲੀੜੇ ਸੀ।
ਜਦੋਂ ਸੂਬੇ ਨੇ ਕਚਹਿਰੀ ਬੁਲਾਏ ਸੀ,
ਸਾਹਿਬਜ਼ਾਦਿਆਂ ਫ਼ਤਹਿ ਗੂੰਜਾਏ ਸੀ।
ਸੁੱਚਾ ਨੰਦ ਪਿਆ ਇੰਝ ਸਮਝਾਵੇ ਜੀ,
ਜੇ ਬਦਲੋ ਦੀਨ ਜਾਨ ਬੱਚ ਜਾਵੇ ਜੀ।
ਕਹਿੰਦੇ ਅੱਗੋਂ ਦਸ਼ਮੇਸ਼ ਦੇ ਲਾਲ ਜੀ,
'ਝੂਠਿਆ ਜਰਾ ਜ਼ੁਬਾਨ ਸੰਭਾਲ਼ ਜੀ।
ਰਾਖੀ ਧਰਮ ਦੀ ਦਾਦੇ ਨੇ ਕੀਤੀ ਸੀ,
ਸਿਰ ਦਿੱਤਾ ਪਰ ਸੀਅ ਨ ਕੀਤੀ ਸੀ।"
ਦੇਖ ਹਠ ਸੂਬਾ ਹੋਏ ਲਾਲੋ ਲਾਲ ਸੀ,
ਸਪੋਲੀਆਂ ਦੀ ਕਹੇ ਕੀ ਮਿਜ਼ਾਲ ਜੀ?
ਗੁੱਸੇ ਹੋ ਕਾਜ਼ੀ ਨੂੰ ਝੱਟ ਬੁਲਾਉਂਦਾ ਹੈ,
ਦੇਵੋ ਸਖਤ ਸਜ਼ਾ ਕਹਿ ਸੁਣਾਉਂਦਾ ਹੈ।
ਸੱਦੇ ਦਰਬਾਰ ਫਿਰ ਦਿਨ ਦੂਜੇ ਜੀ।
'ਮੰਨੋ ਗੱਲ ਨਹੀਂ ਲਾਵਾਂਗਾ ਖੂੰਜੇ ਜੀ।
ਕਬੂਲੋ ਇਸਲਾਮ ਤਾਂ ਮੌਜਾਂ ਕਰੋਗੇ,
ਨਹੀਂ ਤਾਂ ਨੀਹਾਂ 'ਚ ਘੁੱਟ ਕੇ ਮਰੋਗੇ।'
ਕਰ ਇਨਕਾਰ ਤੇ ਛੱਡੇ ਜੈਕਾਰੇ ਸੀ,
"ਸਾਨੂੰ ਡਰਾ ਨ ਮਾਰੇ ਲਲਕਾਰੇ ਸੀ।
ਅਸੀਂ ਪੁੱਤ ਦਸ਼ਮੇਸ਼ ਦੇ ਪਿਆਰੇ ਜੀ,
ਜਿਨ੍ਹੇ ਬਾਪ ਤੇ ਪੁੱਤ ਕੌਮ ਤੋਂ ਵਾਰੇ ਜੀ।
ਕੋਈ ਡਰ ਨਹੀਂ ਸਾਡੇ ਮਨ ਚਿੱਤ ਜੀ,
ਹੇ ਭੇੜੀਏ! ਤੂੰ ਨਹੀਂ ਸਾਡਾ ਮਿੱਤ ਜੀ।
ਕਰ ਵੇਖ ਲੈ ਜੋ ਤੇਰੇ ਮਨ ਆਈ ਜੀ,
ਰਹਿ ਨ ਜਾਏ ਮੱਬੜਾ ਮਨ ਭਾਈ ਜੀ।"
ਸੂਬੇ ਸੁਣਿਆ ਜਦੋਂ ਵਾਰਤਾਲਾਪ ਜੀ।
ਕੱਪੜਿਆਂ ਤੋਂ ਬਾਹਰ ਹੋਵੇ ਆਪ ਜੀ।
ਆਖੇ ਕਾਜ਼ੀ ਨੂੰ ਫ਼ਤਵਾ ਸੁਣਾ ਦੇਹ ਤੂੰ,
ਜਿਉਂਦੇ ਨੀਹਾਂ ਵਿੱਚ ਚਿਣਾ ਦੇਹ ਤੂੰ।
ਸੁਣ ਨਾ ਡੋਲੇ ਨ ਬਾਲ ਘਬਰਾਏ ਸੀ,
'ਬੋਲੇ ਸੋ ਨਿਹਾਲ' ਜੈਕਾਰੇ ਛਡਾਏ ਸੀ।
ਜਾਲਮ ਨੇ ਖੜ੍ਹ ਨੀਹੀਂ ਚਿਣਵਾਏ ਸੀ,
ਬੇਹੋਸ਼ ਹੋਏ ਤਾਂ ਸਿਰ ਧੜੋਂ ਲੁਹਾਏ ਸੀ।
ਨਵਾਬ ਸ਼ੇਰ ਖਾਂ ਤੱਕਦਾ ਇੰਤਹਾ ਸੀ,
ਝੱਟ ਪਾਈ ਸੂਬੇ ਦੇ ਸਿਰ ਸੁਆਹ ਸੀ।
ਚਾਹੁੰਨੈਂ ਬਦਲਾ ਲੈਣਾ ਫੜ ਬਾਪ ਲੈ ,
ਕੋਹ ਕੇ ਬੱਚੜੇ ਨਾ ਤੂੰ ਮੁੱਲ ਪਾਪ ਲੈ।
ਮਾਂ ਗੁਜਰੀ ਨੂੰ ਖਬਰ ਸੁਣਾਈ ਸੀ,'
ਟੁੱਟੀ ਕਮਰ ਮੁੱਕਾ ਸਬਰ ਭਾਈ ਸੀ।
ਸੁਣ ਬੁਰਜ਼ 'ਚ ਪ੍ਰਾਣ ਤਿਆਗੇ ਸੀ,
ਰੂਹ ਪਹੁੰਚੀ ਗੁਰੂ ਚਰਨਾਂ ਲਾਗੇ ਸੀ।
ਉਮਰੋਂ ਕੱਚੇ ਉਹ ਧਰਮ ਦੇ ਪੱਕੇ ਸੀ,
ਉਹਨਾਂ ਜ਼ਾਲਮ ਦੇ ਛੁਡਾਏ ਛੱਕੇ ਸੀ।
ਕੁਰਬਾਨੀ ਦੀ ਗਾਥਾ ਬੇਮਿਸਾਲ ਹੈ,
ਮਗਰ ਸਿਦਕ ਸਿਰੜ ਭੀ ਨਾਲ਼ ਹੈ।

***-ਸੇਵਾ ਸਿੰਘ " ਨੂਰਪੁਰੀ"***

---

### ਕ੍ਰਿਸਮਿਸ ਅਤੇ ਵਿਰਸਾ

ਪੰਜਾਬੀਓ ਕ੍ਰਿਸਮਿਸ ਰੱਜ ਕੇ ਮਨਾਈ ਜਾਓ
ਲਹੂ ਨਾਲ ਭਿੱਜਿਆ ਨਾ ਵਿਰਸਾ ਭੁਲਾਈ ਜਾਓ

ਚਮਕੌਰ ਗੜੀ ਅਤੇ ਸਰਹੰਦ ਚੇਤੇ ਰਖਿਓ
ਜੰਮ ਜੰਮ Sainte ਨਾਲ ਫੋਟੋਆਂ ਖਿਚਾਈ ਜਾਓ

ਭੁੱਲਿਓ ਨਾ ਕਦੇ ਠੰਡੇ ਬੁਰਜਾਂ ਦੀ ਦਾਸਤਾਨ
Snowman ਬਰਫਾਂ ਦੇ ਖੁਸ਼ ਹੋ ਬਣਾਈ ਜਾਓ

ਟੰਗੀ ਜਾਓ ਗਿਫਟ ਕ੍ਰਿਸਮਿਸ tree 'ਤੇ
ਸੂਲੀਆਂ 'ਤੇ ਟੰਗਿਓ ਨਾ ਦਿਲਾਂ ਤੋਂ ਭੁਲਾਈ ਜਾਓ

ਸਰਸਾ ਕਿਨਾਰੇ ਬੁਝੇ ਦੀਪ ਚੇਤੇ ਰਖਿਓ
ਕ੍ਰਿਸਮਿਸ ਲਾਈਟਾਂ ਵੀ ਘਰਾਂ 'ਤੇ ਜਗਾਈ ਜਾਓ

ਝੁੱਲਦੇ ਨੇ ਕੇਸਰੀ ਨਿਸ਼ਾਨ ਜਿਨ੍ਹਾਂ ਕਰਕੇ
ਕੁਲਵੀਰ ਓਹਨਾਂ ਯੋਧਿਆਂ ਨੂੰ ਸੀਸ ਵੀ ਝੁਕਾਈ ਜਾਓ

***-ਕੁਲਵੀਰ ਸਹੋਤਾ 'ਡਾਨਸੀਵਾਲ***

---

### ਲਾਸਾਨੀ ਸ਼ਹਾਦਤ ਨੂੰ ਸਲਾਮ!

ਜ਼ਾਲਮ ਅੱਗੇ ਝੁਕੇ ਨਹੀਂ, ਸ਼ਹਾਦਤ ਨੂੰ ਸਲਾਮ
ਇਸ਼ਟ ਆਪਣਾ ਰੱਖਿਆ ਕਾਇਮ-ਮੁਕਾਮ
ਦੂਸਰਿਆਂ ਲਈ ਹੋਏ ਕੁਰਬਾਨ।
ਅੱਜ ਤੱਕ ਐਸਾ ਹੋਇਆ ਨਾ ਪੈਗੰਬਰ ਕੋਈ
ਆਪਣਾ ਸਰਬੰਸ ਵਾਰ ਕੇ
ਦੂਜਿਆਂ ਨੂੰ ਦਿੱਤੀ ਢੋਈ।
ਐਸੀ ਸ਼ਖਸੀਅਤ-ਏ-ਕਮਾਲ ਸਨ
ਗੁਰੂ ਗੋਬਿੰਦ ਸਿੰਘ।
ਪਿਤਾ ਜੀ ਤੇਗ ਬਹਾਦਰ ਨੂੰ ਸ਼ਹਾਦਤ ਵਾਸਤੇ ਤੋਰ ਕੇ
ਜ਼ੁਲਮਾਂ ਵਿਰੁੱਧ ਚੁੱਕੀ ਤਲਵਾਰ।
ਭੰਗਾਣੀ ਦੇ ਯੁੱਧ ਵਿਚ
ਅਜੀਤ ਸਿੰਘ ਤੇ ਜੁਝਾਰ ਸਿੰਘ ਲੜੇ
ਆਪਣੀਆਂ ਜਾਨਾਂ ਗਏ ਵਾਰ
ਚੜ੍ਹਕੇ ਘੋੜੇ ਦੁਸ਼ਮਣ ਦੇ ਆਹੂ ਦਿੱਤੇ ਲਾਹ
ਸੀ ਤੱਕ ਨਹੀਂ ਕੀਤੀ ਇਕ ਵਾਰ।
ਲਾਸਾਨੀ ਸ਼ਹਾਦਤ ਨੂੰ ਸਲਾਮ!

ਸਰਸਾ ਨਦੀ ਤੋਂ ਪਰਿਵਾਰ ਨਾਲੋਂ ਵਿਛੜੇ
ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ
ਗੰਗੂ ਬ੍ਰਾਹਮਣ ਗੁਰੂ ਘਰ ਦਾ ਰਸੋਈਆ ਮਿਲਿਆ ਆਣ।
ਆਪਣੇ ਘਰ ਲੈ ਗਿਆ, ਸੇਵਾ ਕੀਤੀ
ਰਾਤ ਲੰਘੀ, ਲਾਲਚ ਵਿਚ ਸਵੇਰੇ ਦਰੋਗੇ ਨੂੰ ਦੱਸਿਆ ਜਾਣ।
ਅੰਦਰਖਾਤੇ ਸੀ ਡਰ ਗਿਆ ਗੰਗੂ
ਪਰ ਰਿਪੋਰਟ ਪਹੁੰਚ ਗਈ
ਸੂਬਾ ਸਰਹੰਦ ਦੇ ਕੋਲ।
ਵੇਲਾ ਹੱਥੋਂ ਲੰਘਿਆ ਮਾੜੇ ਟਾਈਮ 'ਤੇ
ਕੋਈ ਨਾ ਆਵੇ ਕੋਲ।

ਲਾਸਾਨੀ ਸ਼ਹਾਦਤ ਨੂੰ ਸਲਾਮ!
ਮਾਤਾ ਗੁਜਰੀ ਜੀ ਅਤੇ ਨੰਨ੍ਹੀਆਂ ਜਿੰਦਾਂ ਨੂੰ
ਠੰਢੇ ਬੁਰਜ ਵਿਚ ਕੀਤਾ ਬੰਦ।
ਮੋਤੀ ਰਾਮ ਮਹਿਰਾ ਦੀ ਬੁਰਜ ਵਿਚ
ਡਿਊਟੀ ਲੱਗੀ ਸੀ ਨਿਗਰਾਨੀ ਦੀ
ਚੋਰੀ ਛਿਪੇ ਗਰਮ ਦੁੱਧ ਪਿਲਾਉਂਦਾ ਕੀਤੀ ਮਿਹਰਬਾਨੀ ਸੀ।
ਧਰਮ ਬਦਲੀ ਲਈ ਤਸੀਹੇ ਅਤੇ ਲਾਲਚ ਦਿੱਤੇ ਸੀ ਜਾਂਦੇ
ਮਾਤਾ ਗੁਜਰੀ ਜੀ ਤੋਂ ਝੱਲੇ ਨਹੀਂ ਸੀ ਜਾਂਦੇ।
ਪੱਕਿਆਂ ਪੋਤਿਆਂ ਨੂੰ ਸੀ ਕੀਤਾ
ਲਾਲਚ ਵਿਚ ਨਹੀਂ ਆਉਣਾ।
ਮਾਤਾ ਜੀ ਨੂੰ ਬੁਰਜ ਤੋਂ ਸ਼ਹੀਦੀ ਦੇਖਦਿਆਂ
ਧੱਕਾ ਕਿਸੇ ਤੋਂ ਦਿਵਾਉਣਾ।
ਲਾਸਾਨੀ ਸ਼ਹਾਦਤ ਨੂੰ ਸਲਾਮ!
ਟੋਡਰ ਮੱਲ ਦੀਵਾਨ ਨੂੰ
ਜਦੋਂ ਸਾਹਿਬਜ਼ਾਦਿਆਂ ਦੇ ਸੰਸਕਾਰ ਵਾਸਤੇ
ਥਾਂ ਨਾ ਮਿਲੀ ਤਾਂ ਜਗ੍ਹਾ ਖਰੀਦਣ ਲਈ ਮੋਹਰਾਂ ਸੀ ਵਿਛਾਈਆਂ।
ਫਿਰ ਫਰਮਾਨ ਹੋਇਆ ਵਿਛਾਉਣੀਆਂ ਨ੍ਹੀਂ
ਸਿੱਧੀਆਂ ਖੜ੍ਹੀਆਂ ਕਰਵਾਈਆਂ।
ਦੀਵਾਨ ਜੀ ਨੇ ਆਪਣਾ ਸਾਰਾ ਕੁਝ ਵੇਚ ਕੇ
ਦਾਅ 'ਤੇ ਸੀ ਲਾਇਆ
ਤਾਂ ਜਿੰਦਾਂ ਦਾ ਸਸਕਾਰ ਕਰਾਇਆ।
ਮਲੇਰਕੋਟਲਾ ਨਵਾਬ ਨੇ ਵੀ ਬੱਚਿਆਂ ਦੇ ਹੱਕ 'ਚ ਮਾਰਿਆ
ਨਾਹਰਾ
ਰਹਿੰਦੀ ਦੁਨੀਆ ਤੱਕ ਯਾਦ ਰਹੇਗਾ
ਔਰੰਗੇ ਦਾ ਅਣਮਨੁੱਖੀ ਤੇ ਨਿਰਦਈ ਕਾਰਾ।

***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ, ਪਟਿਆਲਾ***

# ਵਾਰਿਸ ਸ਼ਾਹ ਓਹ ਸਦਾ ਈ ਰਹਿਣ ਜਿਉਂਦੇ ਜਿੰਨਾ ਕੀਤੀਆਂ ਨੇਕ ਕਮਾਈਆਂ ਨੀ

**ਪ੍ਰੋ. ਅਮਾਨਤ ਗਿੱਲ (ਲਾਹੌਰ)**

ਸਿੱਖ ਇਤਿਹਾਸ ਸ਼ਹਾਦਤਾਂ, ਕੁਰਬਾਨੀਆਂ ਅਤੇ ਹੱਕ ਦੀ ਗਵਾਹੀ ਨਾਲ ਭਰਿਆ ਪਿਆ ਹੈ, ਪਰ ਜੇ ਕਿਸੇ ਕੁਰਬਾਨੀ ਨੂੰ ਮਨੁੱਖਤਾ ਦੇ ਇਤਿਹਾਸ ਵਿਚ ਹਮੇਸ਼ਾਂ ਲਈ ਅਮਰ ਕਰ ਦਿੱਤਾ ਗਿਆ ਹੈ, ਉਹ ਹੈ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ। ਇਹ ਸ਼ਹਾਦਤ ਸਿਰਫ਼ ਸਿੱਖ ਕੌਮ ਲਈ ਨਹੀਂ, ਸਗੋਂ ਪੂਰੀ ਮਨੁੱਖਤਾ ਲਈ ਇੱਕ ਮਹਾਨ ਨੈਤਿਕ, ਆਤਮਕ ਅਤੇ ਵਿਚਾਰਧਾਰਾਤਮਕ ਸੰਦੇਸ਼ ਹੈ। ਸਾਹਿਬਜ਼ਾਦਿਆਂ ਦੀ ਕੁਰਬਾਨੀ ਦਾ ਮਕਸਦ ਸੱਤਾ ਹਾਸਲ ਕਰਨਾ ਜਾਂ ਰਾਜਨੀਤਕ ਗਲਬਾ ਕਾਇਮ ਕਰਨਾ ਨਹੀਂ ਸੀ, ਬਲਕਿ ਜ਼ੁਲਮ ਦੇ ਖ਼ਿਲਾਫ਼ ਹੱਕ ਦਾ ਝੰਡਾ ਉੱਚਾ ਰੱਖਣਾ, ਧਾਰਮਿਕ ਆਜ਼ਾਦੀ ਦੀ ਰੱਖਿਆ ਕਰਨੀ ਅਤੇ ਮਨੁੱਖ ਨੂੰ ਗ਼ੈਰਤ, ਹੌਸਲੇ ਅਤੇ ਸੱਚਾਈ ਦਾ ਪਾਠ ਪੜ੍ਹਾਉਣਾ ਸੀ।

ਸਤਾਰ੍ਹਵੀਂ ਸਦੀ ਦੇ ਅੰਤ ਅਤੇ ਅਠਾਰ੍ਹਵੀਂ ਸਦੀ ਦੇ ਆਰੰਭ ਵਿਚ ਭਾਰਤ ਅੰਦਰ ਜ਼ੁਲਮ, ਜਬਰ ਅਤੇ ਧਾਰਮਿਕ ਅਸਹਿਣਸ਼ੀਲਤਾ ਆਮ ਸੀ। ਕਮਜ਼ੋਰ ਅਤੇ ਬੇਬਸ ਲੋਕਾਂ ਉੱਤੇ ਅੱਤਿਆਚਾਰ ਕੀਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਆਪਣੇ ਧਰਮ ਬਦਲਣ ਲਈ ਮਜਬੂਰ ਕੀਤਾ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਹਾਲਾਤ ਵੇਖ ਕੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ, ਤਾਂ ਜੋ ਜ਼ੁਲਮ ਦੇ ਖ਼ਿਲਾਫ਼ ਸੰਗਠਿਤ ਅਤੇ ਸਨਮਾਨਜਨਕ ਪ੍ਰਤੀਰੋਧ ਕੀਤਾ ਜਾ ਸਕੇ। ਉਨ੍ਹਾਂ ਦੇ ਸਾਹਿਬਜ਼ਾਦੇ ਇਸ ਸੰਦੇਸ਼ ਨੂੰ ਅਮਲ ਵਿਚ ਲਿਆ ਕੇ ਦੁਨੀਆ ਅੱਗੇ ਪੇਸ਼ ਕਰਨ ਲਈ ਖੜੇ ਹੋਏ ਕਿ ਸੱਚ ਦਾ ਰਸਤਾ ਕਦੇ ਵੀ ਆਸਾਨ ਨਹੀਂ ਹੁੰਦਾ, ਪਰ ਉਸ ਦੀ ਕੀਮਤ ਕੁਰਬਾਨੀ ਹੁੰਦੀ ਹੈ।

ਚਮਕੌਰ ਦੀ ਜੰਗ ਵਿਚ ਵੱਡੇ ਸਾਹਿਬਜ਼ਾਦੇ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਜ਼ੁਲਮ ਦੇ ਖ਼ਿਲਾਫ਼ ਲੜਦਿਆਂ ਸ਼ਹਾਦਤ ਪ੍ਰਾਪਤ ਕੀਤੀ। ਉਨ੍ਹਾਂ ਦੀ ਉਮਰ ਨੌਜਵਾਨੀ ਦੀ ਦਹਲੀਜ਼ 'ਤੇ ਸੀ, ਪਰ ਉਨ੍ਹਾਂ ਦਾ ਹੌਸਲਾ ਬੁਜ਼ੁਰਗਾਂ ਦੀਆਂ ਫੌਜਾਂ ਤੋਂ ਵੀ ਵੱਡਾ ਸੀ। ਉਨ੍ਹਾਂ ਨੇ ਆਪਣੀ ਜਾਨ ਵਾਰ ਦਿੱਤੀ, ਪਰ ਜ਼ੁਲਮ ਅੱਗੇ ਸਿਰ ਨਹੀਂ ਝੁਕਾਇਆ। ਉਨ੍ਹਾਂ ਦੀ ਸ਼ਹਾਦਤ ਦਾ ਮਕਸਦ ਇਹ ਸਾਬਤ ਕਰਨਾ ਸੀ ਕਿ ਹੱਕ ਦੀ ਰਾਹ ਵਿਚ ਉਮਰ ਜਾਂ ਗਿਣਤੀ ਕੋਈ ਮਾਇਨੇ ਨਹੀਂ ਰੱਖਦੀ, ਅਸਲ ਚੀਜ਼ ਨੀਅਤ ਅਤੇ ਵਿਸ਼ਵਾਸ ਹੁੰਦਾ ਹੈ।

ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦੀ ਸ਼ਹਾਦਤ ਇਤਿਹਾਸ ਦਾ ਉਹ ਅਧਿਆਇ ਹੈ ਜੋ ਪੱਥਰ ਦਿਲ ਨੂੰ ਵੀ ਕੰਬਾ ਦਿੰਦਾ ਹੈ। ਬਾਲ ਉਮਰ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਸਰਹਿੰਦ ਵਿਚ ਜਿਉਂਦਾ ਦੀਵਾਰ ਵਿਚ ਚੁਣਵਾ ਦਿੱਤਾ ਗਿਆ, ਪਰ ਉਨ੍ਹਾਂ ਨੇ ਆਪਣੇ ਧਰਮ, ਸੱਚ ਅਤੇ ਅੰਤਰਾਤਮਾ ਦਾ ਸੌਦਾ ਨਹੀਂ ਕੀਤਾ। ਇਨ੍ਹਾਂ ਮਾਸੂਮ ਬੱਚਿਆਂ ਦੀ ਕੁਰਬਾਨੀ ਦਾ ਮਕਸਦ ਇਹ ਸੰਦੇਸ਼ ਦੇਣਾ ਸੀ ਕਿ ਹੱਕ 'ਤੇ ਕਾਇਮ ਰਹਿਣ ਲਈ ਉਮਰ ਨਹੀਂ, ਹੌਸਲੇ ਦੀ ਲੋੜ ਹੁੰਦੀ ਹੈ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਇੱਕ ਵੱਡਾ ਮਕਸਦ ਧਾਰਮਿਕ ਆਜ਼ਾਦੀ ਦੀ ਰੱਖਿਆ ਸੀ। ਗੁਰੂ ਗੋਬਿੰਦ ਸਿੰਘ



ਜੀ ਨੇ ਸਾਫ਼ ਕਿਹਾ ਕਿ ਹਰ ਮਨੁੱਖ ਨੂੰ ਆਪਣੇ ਧਰਮ ਅਨੁਸਾਰ ਜੀਊਣ ਦਾ ਪੂਰਾ ਹੱਕ ਹੈ। ਉਨ੍ਹਾਂ ਦੀ ਕੁਰਬਾਨੀ ਨਾਲ ਇਹ ਸਿਧਾਂਤ ਮਜ਼ਬੂਤ ਹੋਇਆ ਕਿ ਕਿਸੇ ਨੂੰ ਵੀ ਤਾਕਤ ਦੇ ਜ਼ੋਰ 'ਤੇ ਆਪਣਾ ਧਰਮ ਜਾਂ ਵਿਚਾਰ ਬਦਲਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।

ਇਹ ਸ਼ਹਾਦਤ ਸਿਰਫ਼ ਜੰਗੀ ਜਾਂ ਰਾਜਨੀਤਕ ਘਟਨਾ ਨਹੀਂ, ਸਗੋਂ ਇੱਕ ਉੱਚਾ ਨੈਤਿਕ ਪਾਠ ਹੈ। ਸਾਹਿਬਜ਼ਾਦਿਆਂ ਨੇ ਦੁਨੀਆ ਨੂੰ ਸਿਖਾਇਆ ਕਿ ਸੱਚਾਈ, ਇਨਸਾਫ਼, ਕੁਰਬਾਨੀ ਅਤੇ ਆਤਮ-ਸਨਮਾਨ ਉਹ ਮੁੱਲ ਹਨ ਜੋ ਮਨੁੱਖ ਨੂੰ ਅਸਲੀ ਮਹਾਨਤਾ ਬਖ਼ਸ਼ਦੇ ਹਨ। ਉਨ੍ਹਾਂ ਦੀ ਕੁਰਬਾਨੀ ਇਹ ਵੀ ਦੱਸਦੀ ਹੈ ਕਿ ਜ਼ੁਲਮ ਦੇ ਖ਼ਿਲਾਫ਼ ਚੁੱਪ ਰਹਿਣਾ ਵੀ ਇਕ ਕਿਸਮ ਦਾ ਅਪਰਾਧ ਹੈ।

ਅੱਜ ਦੇ ਯੁੱਗ ਵਿੱਚ, ਜਦੋਂ ਦੁਨੀਆ ਵਿਚ ਨਫ਼ਰਤ, ਤੰਗ-ਨਜ਼ਰੀ ਅਤੇ ਨਿਆਂਹੀਨਤਾ ਫੈਲੀ ਹੋਈ ਹੈ, ਸਾਹਿਬਜ਼ਾਦਿਆਂ ਦੀ ਸ਼ਹਾਦਤ ਸਾਡੇ ਲਈ ਰਾਹ ਦਿਖਾਉਣ ਵਾਲਾ ਦੀਵਾ ਹੈ। ਇਹ ਸਾਨੂੰ ਸਿਖਾਉਂਦੀ ਹੈ ਕਿ ਧਰਮ, ਨਸਲ ਜਾਂ ਭਾਸ਼ਾ ਦੇ ਆਧਾਰ 'ਤੇ ਨਫ਼ਰਤ ਫੈਲਾਉਣਾ ਮਨੁੱਖਤਾ ਦੇ ਖ਼ਿਲਾਫ਼ ਹੈ ਅਤੇ ਹੱਕ ਤੇ ਇਨਸਾਫ਼ ਲਈ ਆਵਾਜ਼ ਉਠਾਉਣਾ ਹਰ ਮਨੁੱਖ ਦਾ ਫਰਜ਼ ਹੈ।

*ਮੁੱਕਦੀ ਗੱਲ*

ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਮਕਸਦ ਰਾਜ ਜਾਂ ਜਿੱਤ ਹਾਸਲ ਕਰਨਾ ਨਹੀਂ ਸੀ, ਸਗੋਂ ਮਨੁੱਖਤਾ ਨੂੰ ਇਹ ਸਿਖਾਉਣਾ ਸੀ ਕਿ ਸੱਚ ਦੀ ਰਾਹ ਵਿਚ ਕੁਰਬਾਨੀ ਹੀ ਸਭ ਤੋਂ ਵੱਡੀ ਤਾਕਤ ਹੁੰਦੀ ਹੈ। ਉਨ੍ਹਾਂ ਦੀ ਕੁਰਬਾਨੀ ਨੇ ਸਿਰਫ਼ ਸਿੱਖ ਕੌਮ ਨੂੰ ਨਹੀਂ, ਬਲਕਿ ਪੂਰੀ ਦੁਨੀਆ ਨੂੰ ਇਹ ਸੰਦੇਸ਼ ਦਿੱਤਾ ਕਿ ਜ਼ੁਲਮ ਆਰਜ਼ੀ ਹੁੰਦਾ ਹੈ, ਪਰ ਸੱਚ ਸਦਾ ਲਈ ਜਿਊਂਦਾ ਰਹਿੰਦਾ ਹੈ। ਇਹ ਸ਼ਹਾਦਤਾਂ ਰਹਿੰਦੀ ਦੁਨੀਆ ਤੱਕ ਮਨੁੱਖ ਨੂੰ ਹੌਸਲੇ, ਗ਼ੈਰਤ ਅਤੇ ਸੱਚਾਈ ਦਾ ਰਸਤਾ ਦਿਖਾਉਂਦੀਆਂ ਰਹਿਣਗੀਆਂ।

*ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਿਹ*

## *ਇੱਕ ਪਾਸੇ 40 ਤੇ ਦੂਜੇ ਪਾਸੇ 10 ਲੱਖ

# ਸੰਸਾਰ ਦੀ ਅਸਾਵੀਂ, ਨਿਰਾਲੀ ਤੇ ਅਲੌਕਿਕ ਜੰਗ ਸ਼ੁਰੂ ਹੋਣ ਲੱਗੀ

### *ਨਾ ਇਸ ਤਲਖ਼ ਹਵਾ ਦਾ .ਗਰੂਰ ਜਾਣਾ ਹੈ<br>ਨਾ ਉਡਦੇ ਰਹਿਣ ਦਾ ਫਤੂਰ ਜਾਣਾ ਹੈ*

ਨੀਲੇ ਘੋੜੇ ਦਾ ਸ਼ਾਹ ਅਸਵਾਰ ਦੋ ਵੱਡੇ ਸਾਹਿਬਜ਼ਾਦੇ
ਅਤੇ ਖਾਲਸਾ ਫੌਜ ਸਰਸਾ ਨਦੀ ਪਾਰ ਕਰਕੇ
ਚਮਕੌਰ ਦੀ ਗੜੀ ਵਿਚ ਦਾਖਲ

****

ਦਸ਼ਮੇਸ਼ ਪਿਤਾ 21 ਦਸੰਬਰ 1704 ਈਸਵੀ ਨੂੰ ਦੁਪਹਿਰ ਤੋਂ ਪਹਿਲਾਂ ਜਾਂ ਕੁਝ ਖਬਰਾਂ ਮੁਤਾਬਿਕ ਰਾਤ ਦੇ ਪਿਛਲੇ ਪਹਿਰ ਵੱਡੇ ਤੜਕੇ ਚਮਕੌਰ ਸਾਹਿਬ ਪਹੁੰਚੇ ਅਤੇ ਗੜੀ ਵਿਚ ਦਾਖਲ ਹੋਣ ਤੋਂ ਪਹਿਲਾਂ ਅੰਬਾਂ ਦੇ ਇੱਕ ਸੰਘਣੇ ਬਾਗ ਹੇਠਾਂ ਡੇਰਾ ਲਾਇਆ

****

ਅਨੰਦਪੁਰ ਸਾਹਿਬ ਤੋਂ ਚੱਲਣ ਪਿੱਛੋਂ ਇਕ ਹਜ਼ਾਰ ਖਾਲਸਾ ਫੌਜ ਦੇ ਸਾਰੇ ਸਿੰਘ ਸ਼ਹੀਦ ਹੋ ਗਏ ਅਤੇ ਕੇਵਲ 40 ਹੀ ਬਚ ਸਕੇ। ਕੁਝ ਇਤਿਹਾਸਕਾਰ ਇਹ ਗਿਣਤੀ 700 ਦਸਦੇ ਹਨ।



****

ਗੁਰੂ ਪਾਤਸ਼ਾਹ ਦੀਆਂ ਦੋਵੇਂ

**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 99150-91063**

ਪਤਨੀਆਂ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਨਾਲ ਦਿੱਲੀ ਚਲੀਆਂ ਗਈਆ

****

ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਗੁਰੂ ਜੀ ਨਾਲੋਂ ਵਿਛੜ ਗਏ ਅਤੇ ਉਹ ਗੰਗੂ ਬ੍ਰਾਹਮਣ ਦੇ ਨਾਲ ਪੋਹ ਦੀ ਠੰਡੀ ਰਾਤ ਵਿੱਚ ਪੈਦਲ ਚਲਦੇ ਹੋਏ ਗੰਗੂ ਦੇ ਪਿੰਡ ਪਹੁੰਚੇ।

****

ਦੁਸ਼ਮਣ ਨੂੰ ਸ਼ਾਮ ਤੱਕ ਸੂਹ ਮਿਲ ਗਈ ਸੀ ਕਿ ਗੁਰੂ ਜੀ ਚਮਕੌਰ ਵਿਚ ਹਨ।

****

21 ਦਸੰਬਰ ਦੀ ਰਾਤ ਤੱਕ ਮੁਗਲ ਫੌਜ ਚਮਕੌਰ ਪੁੱਜ ਗਈ ਅਤੇ ਗੜੀ ਨੂੰ ਘੇਰਾ ਪਾ ਲਿਆ। ਗਿਣਤੀ ਇਕ ਲੱਖ ਦੇ ਕਰੀਬ ਸੀ ਜਦਕਿ ਪੰਜਾਬ ਦਾ ਸਮੁੱਚਾ ਮੁਲਖਯੀਆ ਹੀ ਗੁਰੂ ਸਾਹਿਬ ਦੇ ਖਿਲਾਫ ਖੜਾ ਸੀ, ਜਿਸ ਦੀ ਗਿਣਤੀ ਜ਼ਫ਼ਰਨਾਮੇ ਵਿੱਚ 10 ਲੱਖ ਦੱਸੀ ਗਈ ਹੈ। ਇੰਝ ਖਾਲਸਾ ਇੱਕ ਤਰ੍ਹਾਂ ਨਾਲ 10 ਲੱਖ ਵਰਦੀਧਾਰੀ ਤੇ ਗੈਰ ਵਰਦੀਧਾਰੀ ਫੌਜ ਦਾ ਸਾਹਮਣਾ ਕਰ ਰਿਹਾ ਸੀ।

****

ਉਧਰ ਗੁਰੂ ਸਾਹਿਬ ਨੇ ਖਾਲਸੇ ਨਾਲ ਜੰਗ ਦੀ ਰਣਨੀਤੀ ਬਾਰੇ ਵਿਚਾਰ ਕੀਤਾ ਅਤੇ ਥਾਂ ਥਾਂ ਸਿੰਘਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ।

****

ਮੁਗਲ ਫੌਜ ਦੀ ਅਗਵਾਈ ਨਾਹਰ ਖਾਂ ਅਤੇ ਖਵਾਜਾ ਜ਼ਫ਼ਰ ਬੇਗ ਕਰ ਰਹੇ ਸਨ। ਗੁਰੂ ਸਾਹਿਬ ਨੇ ਖੁਦ ਵੀ ਜ਼ਫ਼ਰਨਾਮੇ ਵਿਚ ਇਸ ਦਾ ਜ਼ਿਕਰ ਕੀਤਾ ਹੈ।

****

22 ਦਸੰਬਰ ਨੂੰ ਸੰਸਾਰ ਦੀ ਅਜੋੜ, ਅਸਾਵੀਂ, ਇਤਿਹਾਸਿਕ, ਯਾਦਾਂ ਵਿੱਚ ਕੰਬਣੀ ਛੇੜ ਜਾਣ ਵਾਲੀ ਜੰਗ ਸ਼ੁਰੂ ਹੋ ਗਈ। ਦੁਸ਼ਮਣ ਹਨੇਰੀ ਵਾਂਗ ਗੜੀ ਦੇ ਵੱਡੇ ਦਰਵਾਜ਼ੇ ਵੱਲ ਚੜ ਕੇ ਆਇਆ ਪਰ ਗੋਲੀਆਂ ਤੇ ਤੀਰਾਂ ਦੀ ਬਾਰਿਸ਼ ਤੋਂ ਪਿੱਛੋਂ ਘਬਰਾ ਕੇ ਪਿੱਛੇ ਨੂੰ ਨੱਸਿਆ।

****

ਅਸਲ ਵਿੱਚ ਮੁਗਲ ਫੌਜ ਨੂੰ ਇਹ ਸਪਸ਼ਟ ਨਹੀਂ ਸੀ ਕਿ ਗੜੀ ਦੇ ਅੰਦਰ ਸਿੰਘਾਂ ਦੀ ਗਿਣਤੀ ਕਿੰਨੀ ਹੈ। ਇਸ ਲਈ





ਉਹ ਬਾਰ-ਬਾਰ ਆਪਣੀ ਰਣਨੀਤੀ ਬਦਲ ਰਹੇ ਸਨ। ਦਿਨ ਢਲੇ ਤੱਕ ਜੰਗ ਨੇ ਕਈ ਸ਼ਕਲਾਂ ਬਦਲੀਆਂ।

****

ਦਰਅਸਲ ਗੜੀ ਦੇ ਇੱਕ ਪਾਸੇ ਬਹੁਤ ਨੀਵੀ ਜਗ੍ਹਾ ਸੀ ਜਿੱਥੇ ਮੁਗਲ ਫੌਜੀ ਸਿੰਘਾਂ ਦੀ ਮਾਰ ਹੇਠਾਂ ਸਨ।

****

ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਤੇਜ਼ ਤੂਫਾਨ ਵਾਂਗ ਦੁਸ਼ਮਣ ਦੇ ਗੜ ਵਿਚ ਦਾਖਲ ਹੋਏ ਅਤੇ ਜੰਗ ਦੇ ਜੌਹਰ ਦਿਖਾ ਕੇ ਸ਼ਹੀਦ ਹੋ ਗਏ। ਦਸ਼ਮੇਸ਼ ਪਿਤਾ ਨੇ ਜ਼ਫ਼ਰਨਾਮੇ ਵਿਚ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਇਨਾ ਖੂਨ ਡੁਲਿਆ ਕਿ ਜੰਗ ਦਾ ਮੈਦਾਨ ਪੋਸਤ ਦੇ ਫੁੱਲਾਂ ਵਾਂਗ ਲਾਲ ਹੋ ਗਿਆ। ਸਿਰ ਪੈਰਾਂ ਦੇ ਇਉ ਢੇਰ ਲੱਗ ਗਏ ਅਤੇ ਇਹ ਇੱਕ ਤਰ੍ਹਾਂ ਨਾਲ ਖੇਡ ਦਾ ਮੈਦਾਨ ਲੱਗਦਾ ਸੀ ਜਿਵੇਂ ਖਿੱਦੋ-ਖੂੰਡੀਆਂ ਨਾਲ ਭਰ ਗਿਆ ਹੋਵੇ। ਭਾਵ ਰਣਭੂਮੀ ਵਿਚ ਸਿਰ ਖਿਦੋਆਂ ਵਾਂਗ ਤੇ ਲੱਤਾਂ ਬਾਹਾਂ ਖੂੰਡੀਆਂ ਵਾਂਗ ਲੱਗਦੀਆਂ ਸਨ। ਜ਼ਫ਼ਰਨਾਮਾ ਸਾਰੀ ਕੌਮ ਨੂੰ ਪੜ੍ਹਨਾ ਚਾਹੀਦਾ ਹੈ।

****

ਹੁਣ ਕੇਵਲ ਥੋੜੇ ਜਿਹੇ ਸਿੰਘ ਹੀ ਬਚੇ ਸਨ। ਉਨ੍ਹਾਂ ਨੇ ਮਤਾ ਪਕਾਇਆ ਕਿ ਦਸ਼ਮੇਸ਼ ਪਿਤਾ ਨੂੰ ਗੜੀ ਨੂੰ ਛੱਡ ਦੇਣ ਲਈ ਕਿਹਾ ਜਾਵੇ ਕਿਉਂਕਿ ਜੇਕਰ ਉਹ ਇੱਥੋਂ ਨਿਕਲ ਜਾਂਦੇ ਹਨ ਤਾਂ ਖਾਲਸਾ ਉਨ੍ਹਾਂ ਦੀ ਅਗਵਾਈ ਵਿੱਚ ਮੁੜ ਜਥੇਬੰਦ ਹੋ ਜਾਵੇਗਾ। ਉਨ੍ਹਾਂ ਦਾ ਨਿਕਲ ਜਾਣਾ ਬਹੁਤ ਜ਼ਰੂਰੀ ਹੈ। ਪਹਿਲਾਂ ਗੁਰੂ ਸਾਹਿਬ ਨਹੀਂ ਮੰਨੇ। ਉਨ੍ਹਾਂ ਕਿਹਾ ਕਿ ਮੈਂ ਵੀ ਅੱਜ ਇੱਥੇ ਸ਼ਹੀਦ ਹੋਵਾਂਗਾ। ਫਿਰ ਪੰਜ ਸਿੰਘਾਂ ਨੇ ਹੁਕਮਨਾਮਾ ਜਾਰੀ ਕੀਤਾ ਤੇ ਦਸ਼ਮੇਸ਼ ਪਿਤਾ ਨੂੰ ਕਿਹਾ ਕਿ ਸੱਚੇ ਪਾਤਸ਼ਾਹ, ਖਾਲਸਾ ਤੁਹਾਨੂੰ ਗੜੀ ਵਿਚੋਂ ਚਲੇ ਜਾਣ ਦਾ ਹੁਕਮ ਦੇ ਰਿਹਾ ਹੈ। ਸਾਡੇ ਪਿਆਰ ਦੇ ਸਦਕੇ ਘੇਰੇ ਵਿਚੋਂ ਨਿਕਲ ਜਾਵੋ। ਤੁਸੀਂ ਜ਼ਰੂਰ ਜਾਣਾ ਹੈ ਤੇ ਇਸ ਵੇਲੇ ਸ਼ਹੀਦ ਨਹੀਂ ਹੋਣਾ।

****

ਗੁਰੂ ਪਾਤਸ਼ਾਹ ਨੇ ਖਾਲਸੇ ਦੀ ਮਰਜ਼ੀ ਅੱਗੇ ਸਿਰ ਨਿਵਾ ਦਿੱਤਾ ਅਤੇ ਐਲਾਨ ਕੀਤਾ ਕਿ ਖਾਲਸਾ ਜੀ ਤੁਸੀਂ ਇਸ ਸਮੇਂ ਗੁਰੂ ਜੇਡੇ ਹੋ। ਜਿਸ ਬੁਲੰਦੀ ਉੱਤੇ ਮੈਂ ਖੜਾ ਹਾਂ ਉੱਥੇ ਹੀ ਤੁਸੀਂ ਵੀ ਖੜੇ ਹੋ। ਤੁਸੀਂ ਗੁਰੂ ਹੋ।

****

ਗੁਰੂ ਜੀ ਨੇ ਆਪਣੀ ਚਮਕਦੀ ਕਲਗੀ ਉਤਾਰੀ ਅਤੇ ਖਾਲਸੇ ਨੂੰ ਭੇਟ ਕਰ ਦਿੱਤੀ। ਸਿੰਘਾਂ ਨੇ ਇਸ ਬਖਸ਼ਿਸ਼ ਨੂੰ ਚੁੰਮਿਆ ਤੇ ਭਾਈ ਸੰਗਤ ਸਿੰਘ ਨਾਂ ਦੇ ਇੱਕ ਸਿੰਘ ਦੇ ਸੀਸ ਉੱਤੇ ਸਜਾ ਦਿੱਤਾ।

****

ਦਸ਼ਮੇਸ਼ ਪਿਤਾ ਨੇ ਤੀਰ ਕਮਾਨ ਤੇ ਤੇਗ ਨੂੰ ਸੰਭਾਲਿਆ ਤੇ ਗੜੀ ਤੋਂ ਬਾਹਰ ਕਦਮ ਰੱਖਿਆ। ਉਨ੍ਹਾਂ ਨਾਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਵੀ ਸਨ। ਉਨ੍ਹਾਂ ਨੇ ਸਿੰਘਾਂ ਨੂੰ ਅੱਡ ਹੋਣ ਦਾ ਸੰਦੇਸ਼ ਦਿੱਤਾ ਅਤੇ ਬਚਨ ਕੀਤਾ ਕਿ ਮੈਂ ਇਸ ਤਾਰੇ ਦੀ ਸੇਧ ਉੱਤੇ ਜਾਵਾਂਗਾ ਤੇ ਉਸ ਦਾ ਹਿਸਾਬ ਲਾ ਕੇ ਤੁਸੀਂ ਮੈਨੂੰ ਢੂੰਡ ਲੈਣਾ।

****

ਲੋਥਾਂ ਦੇ ਢੇਰ ਵਿਚ ਗੁਰੂ ਜੀ ਦੀ ਜੁੱਤੀ ਦਾ ਇੱਕ ਪੈਰ ਉਤਰ ਗਿਆ। ਉਨ੍ਹਾਂ ਨੇ ਦੂਜਾ ਵੀ ਉਤਾਰ ਦਿੱਤਾ ਤੇ ਥੋੜੀ ਦੂਰ ਜਾ ਕੇ ਉਨ੍ਹਾਂ ਨੇ ਉੱਚੀ ਆਵਾਜ਼ ਵਿੱਚ ਆਖਿਆ ਖਾਲਸੇ ਦਾ ਗੁਰੂ ਜਾ ਰਿਹਾ ਹੈ।

****

ਦੁਸ਼ਮਣ ਦੀ ਫੌਜ ਵਿਚ ਇੱਕ ਅਜੀਬ ਡਰਾਉਣਾ ਸ਼ੋਰ ਉਠਿਆ ਤੇ ਪਾਗਲਾਂ ਵਾਂਗ ਇਧਰ-ਉਧਰ ਭੱਜ ਦੌੜ ਸ਼ੁਰੂ ਹੋ ਗਈ। ਉਧਰ ਗੜੀ ਦੇ ਸਿੰਘਾਂ ਨੇ ਧੌਂਸਾ ਵਜਾਇਆ ਤੇ ਜੈਕਾਰੇ ਲਾਏ। ਗੁਰੂ ਜੀ ਅਤੇ ਸਿੰਘ ਸੁਰੱਖਿਅਤ ਘੇਰੇ ਤੋਂ ਬਾਹਰ ਨਿਕਲ ਗਏ।

****

ਸਿਆਲ ਦੀ ਠਰੀ ਰਾਤ ਵਿਚ ਦਸ਼ਮੇਸ਼ ਪਿਤਾ ਕੰਡਿਆਲੇ ਜੰਗਲਾਂ ਵਿਚ ਪੈਦਲ ਚੱਲ ਰਹੇ ਸਨ। ਕੰਡਿਆਂ ਨਾਲ ਉਨ੍ਹਾਂ ਦੇ ਪੈਰ ਛਿੱਲੇ ਗਏ ਸਨ। ਅਤੇ ਜਾਮਾ ਝਰੀਟਿਆ ਗਿਆ ਸੀ। ਟਿੱਬਿਆਂ ਦੀ ਰੇਤ ਲਹੂ ਨੂੰ ਸੁੰਨ ਕਰ ਦੇਣ ਵਾਲ਼ੀ ਸੀ। ਹਨੇਰਾ ਸੰਘਣਾ ਪਰ ਛੁਰੀ ਵਾਂਗ ਤਿੱਖਾ ਸੀ। ਸਵੇਰ ਤੋਂ ਪਹਿਲਾਂ ਦਸ਼ਮੇਸ਼ ਪਿਤਾ ਇੱਕ ਪਿੰਡ ਦੀ ਜੂਹ ਵਿਚ ਦਾਖਲ ਹੋਏ ਜਿੱਥੇ ਉਨ੍ਹਾਂ ਨੂੰ ਦੋ ਗੁੱਜਰ ਮਿਲੇ ਅਤੇ ਉਨ੍ਹਾਂ ਨੂੰ ਵੇਖ ਕੇ ਸ਼ੱਕ ਵਿਚ ਰੌਲਾ ਪਾਉਣ ਲੱਗੇ।

****

ਹਜ਼ੂਰ ਨੇ ਬੜੀ ਫੁਰਤੀ ਨਾਲ ਵਾਰੋ-ਵਾਰੀ ਹੱਥ ਨਾਲ ਦੋਵਾਂ ਦੇ ਬੁੱਲਾਂ ਉੱਤੇ ਤੀਰ ਮਾਰਿਆ ਅਤੇ ਬੇਹੋਸ਼ ਕਰ ਦਿੱਤੇ. ਸਵੇਰ ਸਾਰ ਦਸ਼ਮੇਸ਼ ਪਿਤਾ ਮਾਛੀਵਾੜੇ ਦੀ ਜੂਹ ਵਿਚ ਦਾਖਲ ਹੋਏ। ਨੇੜੇ ਹੀ ਇੱਕ ਖੂਹ ਸੀ ਜਿਸ ਨੂੰ ਗੇੜ ਕੇ ਪਾਣੀ ਪੀਤਾ, ਫੇਰ ਇਸ ਦੀ ਮਣ ਕੋਲ ਪਈ ਖਾਲੀ ਟਿੰਡ ਨੂੰ ਉਠਾਇਆ ਅਤੇ ਸੰਘਣੇ ਬਿਰਛਾਂ ਦੇ ਇੱਕ ਝੁੰਡ ਕੋਲ ਪਹੁੰਚ ਗਏ। ਉਥੇ ਹੀ ਸੁੱਕੇ ਘਾਹ ਦੇ 70 ਉੱਤੇ ਇੱਕ ਜੰਡ ਥੱਲੇ ਟਿੰਡ ਦਾ ਸਰਾਣਾ ਲਾ ਕੇ ਗੂੜੀ ਨੀਂਦ ਵਿੱਚ ਸੌਂ ਗਏ।

****

ਧੁੱਪਾਂ ਚੜੀਆਂ ਤੱਕ ਗੁਰੂ ਜੀ ਡੂੰਘੀ ਨੀਂਦ ਵਿਚ ਸੁੱਤੇ ਰਹੇ। ਉਸ ਵੇਲੇ ਉਨ੍ਹਾਂ ਦੀ ਰੂਹ ਵਿਚੋਂ ਜੰਗਲ ਦੀ ਫਿਜ਼ਾ ਵਿਚ ਇੱਕ ਮਿੱਠਾ ਸ਼ਬਦ ਉਤਰ ਰਿਹਾ ਸੀ। ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।

************************************************

ਪਿੰਡ ਦੀਆਂ ਮੰਜ਼ਿਲਾਂ ਉਦਾਸ ਕਰ ਜਾਂਦੀਆਂ
ਲੰਘਾਂ ਸਰਹੰਦ ਚੋਂ ਤਾਂ ਅੱਖਾਂ ਭਰ ਜਾਂਦੀਆਂ।
ਜਿਨ੍ਹਾਂ ਵਿੱਚ ਜ਼ਿੰਦਗੀ ਦੇ ਗੀਤ ਬੇਸ਼ੁਮਾਰ ਸੀ
ਸਰਸਾ 'ਚੋਂ ਕਾਸ਼ ਉਹ ਕਿਤਾਬਾਂ ਤਰ ਜਾਂਦੀਆਂ।
ਜੇ ਨਾ ਲਲਕਾਰ ਉਹ ਅਨੰਦਪੁਰੋ ਉੱਠਦੀ
ਪਾਣੀਆਂ 'ਚ ਉੱਠੀਆਂ ਤਰੰਗਾਂ ਮਰ ਜਾਂਦੀਆਂ।
ਸਿਜਦਾ ਹਵਾਵਾਂ ਵੀ ਕਰਨ ਚਮਕੌਰ ਨੂੰ
ਕੱਚੀ ਗੜੀ ਅੱਗੇ ਤਾਜੇ ਫੁੱਲ ਧਰ ਜਾਂਦੀਆਂ।
ਮਿੱਤਰ ਪਿਆਰੇ ਨੂੰ ਜੇ ਹਾਲ ਨਾ ਉਹ ਦੱਸਦਾ
ਜੂਹਾਂ ਮਾਛੀਵਾੜੇ ਦੀਆਂ ਹੋਰ ਠਰ ਜਾਂਦੀਆਂ।
ਸੀਨੇ ਚ ਲੁਕਾਈ ਦੇ ਉਹ ਦੁੱਖ ਨਾ ਜੇ ਪਾਲਦਾ
ਪਾਲਾਂ ਮਜ਼ਲੂਮਾਂ ਦੀਆਂ ਕਿਹੜੇ ਦਰ ਜਾਂਦੀਆਂ।
-ਜਸਵਿੰਦਰ

************************************

ਅਸੀਂ ਸਦਾ ਹੀ ਨਿਭਾਈ ਹੈ ਸਵੇਰਿਆਂ ਦੇ ਨਾਲ
ਸਾਡੀ ਸ਼ੁਰੂ ਤੋਂ ਲੜਾਈ ਹੈ ਹਨੇਰਿਆਂ ਦੇ ਨਾਲ।
ਜਿਹੜੇ ਕਿਲਿਆਂ ਦੇ ਜਾਏ ਸਾਨੂੰ ਕਦੇ ਵੀ ਨਾ ਭਾਏ
ਮੋਹ ਗੜੀ ਦਿਆਂ ਕੱਚਿਆਂ ਬਨੇਰਿਆਂ ਦੇ ਨਾਲ।
ਮੁੱਲ ਸਿਰਾਂ ਦੇ ਪੁਆਏ ਬੰਨ੍ਹੇ ਜਾਂਦੇ ਵੀ ਛੜਾਏ
ਵਾਹ ਸ਼ੁਰੂ ਤੋਂ ਹੀ ਪਿਆ ਹੈ ਲੁਟੇਰਿਆਂ ਦੇ ਨਾਲ।
ਸਾਨੂੰ ਗੁਰਾਂ ਨੇ ਸਿਖਾਇਆ ਇਹੋ ਕਲਮਾ ਪੜਾਇਆ
ਰਹਿਣਾ ਅੰਗ ਸੰਗ ਸਦਾ ਕੱਚੇ ਵੇਹੜਿਆਂ ਦੇ ਨਾਲ।
ਅਸੀਂ ਚਾਨਣੀ ਦੇ ਜਾਏ ਗਏ ਨੀਹਾਂ 'ਚ ਚਿਣਾਏ
ਕਿਹੜੇ ਵੇਲਿਆਂ ਦੇ ਜੂਝੇ ਕਿਹੜੇ ਕਿਹੜਿਆਂ ਦੇ ਨਾਲ।
ਸਦਾ ਸੱਚ ਦੀ ਲੜਾਈ ਸਦਾ ਹੱਕ ਦੀ ਲੜਾਈ
ਜਿੰਦ ਵਾਰ ਕੇ ਨਿਭਾਈ ਵੱਡੇ ਜੇਰਿਆਂ ਦੇ ਨਾਲ।

,,

ਜੋ ਅਥਰੂ ਆਪਣੇ ਲਈ ਰੋਵੇ ਥੋੜੇ ਚਿਰਿਆਂ ਦਾ ਸਾਥ ਬਣੇ
ਜੋ ਅਥਰੂ ਜਗ ਨਾਲ ਖਲੋਵੇ ਉਹ ਇੱਕ ਦਿਨ ਇਤਿਹਾਸ ਬਣੇ।
ਇੱਕ ਅਥਰੂ ਬੇਦਾਵਾ ਬਣਿਆ ਮੋਹ ਤੋਂ ਮੁਖੜਾ ਮੋੜ ਗਿਆ
ਉਮਰਾਂ ਤੀਕ ਨਿਭਾਵਣ ਵਾਲਾ ਅੱਧ ਵਿਚਕਾਰੋਂ ਤੋੜ ਗਿਆ।
ਮੋਹ ਜਾਗਿਆ ਮੌਤ ਕਬੂਲੀ ਅੰਤਿਮ ਸਾਹ ਉਡੀਕ ਰਿਹਾ
ਮੋਹ ਦਾ ਮਾਹੀ ਲੱਭਦਾ ਲੱਭਦਾ ਲੱਖੀ ਜੰਗਲ ਤੀਕ ਗਿਆ।
ਮਿੱਤਰ ਰੁਸਦੇ ਮੋਹ ਨਹੀਂ ਟੁੱਟਦੇ ਗੋਦੀ ਵਿਚ ਬਿਠਾ ਲਿਆ
ਨੈਣਾਂ ਵਾਲੇ ਨੇ ਡਿੱਗਦਾ ਹੰਝੂ ਨੈਣਾਂ ਵਿਚ ਸੰਭਾਲ ਲਿਆ।
-ਅਨੂਪ ਵਿਰਕ

# ਇੱਕ ਵੱਡੀ ਨਿਆਮਤ



## *ਜ਼ਿੰਦਗੀ ਨਾਮਾ*

**ਹਰਪ੍ਰੀਤ ਸਿੰਘ ਜਵੰਦਾ**

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਕਮਾਦ ਦੀ ਛੇਲੀ ਵੇਲੇ...ਅਕਸਰ ਬਾਲਣ ਜੋਗੀ ਖੋਰੀ ਇਕੱਠੀ ਕਰਨ ਆ ਜਾਂਦੀ...ਅਸੀਂ ਆਖਣਾ ਆਗ ਵੀ ਲੈ ਜਾ ਤਾਂ ਅੱਗੋਂ ਉੱਚੀ ਸਾਰੀ ਦੱਸਣਾ...ਆਗ ਕਾਹਦੇ ਲਈ...ਝੋਟੀ ਤੇ ਤਿੱਬੜ ਵਾਲੀ ਨਿੱਕੀ ਲੈ ਗਈ...ਅਖੇ ਨਿਆਣੇ ਲਵੇਰੇ ਖੁਣੋਂ ਤਰਸਦੇ...!

ਬੈਠੀ-ਬੈਠੀ ਨੇ ਆਪਣੇ-ਆਪ ਨਾਲ ਗੱਲਾਂ ਕਰਦੀ ਰਹਿਣਾ...ਆਪੇ ਸਵਾਲ ਆਪੇ ਜੁਆਬ...ਫੇਰ ਉਡੀਕਦੀ ਰਹਿਣਾ ਕੋਈ ਪੰਡ ਚੁਕਾ ਦੇਵੇ...ਅਸੀ ਆਖਣਾ ਘੜੀ ਕੂ ਹੋਰ ਬੈਠ ਜਾ ਹੋਰ ਗੱਲਾਂ ਦੱਸਦੀ ਜਾ...!



ਐਵੇਂ ਤੁੱਖਣੀ ਛੇੜ ਦੇਣੀ...ਦੋਰਾਂਗਲੇ ਵਾਲੇ ਭਣੋਈਏ ਦਾ ਕੀ ਹਾਲ...ਉਸਨੇ ਸ਼ੁਰੂ ਤੋਂ ਲੈ ਕੇ ਅਖੀਰ ਤੀਕਰ ਸਾਰੀ ਵਿਥਿਆ ਸੁਣਾ ਦੇਣੀ...ਅਖ਼ੇ ਰੋਟੀਆਂ ਬੜੀਆਂ ਖਾਂਦਾ ਸੀ...ਜਦੋਂ ਆਉਣਾ ਦੂਜੀ ਵਾਰੀ ਆਟਾ ਗੁਣਾਉਣਾ...ਮੈ ਬਥੇਰੇ ਨੱਕ ਬੁੱਲ ਵੱਟਣੇ...ਫੇਰ ਜਦੋਂ ਭੈਣ ਮੋਈ ਮੁੜ ਕੇ ਨੀ ਵੜਿਆ...ਵਡਾਲੇ ਵਾਲੀ ਵੱਡੀ...ਸ਼ਹਿਰ ਵਾਲੀ ਭਰਜਾਈ...ਹਰੇਕ ਨਾਲ ਕੋਈ ਨਾ ਕੋਈ ਗਿਲਾ ਪਰ ਤਾਰਾਗੜ੍ਹ ਵਾਲੀ ਭੂਆ ਨੂੰ ਹਮੇਸ਼ਾ ਦੁਆਵਾਂ ਦੇਣੀਆਂ...ਅਖ਼ੇ ਹੱਲਿਆਂ ਵੇਲੇ ਮੈਨੂੰ ਪਾਰੋਂ ਚੁੱਕ ਕੇ ਲਿਆਈ ਸੀ...!

ਇੱਕ ਵੇਰ ਆਗਾਂ ਦੀ ਪੰਡ ਕਰ ਲਈ...ਪੁੱਛਿਆ ਆਹ ਕੀਦੇ ਲਈ...ਕਹਿੰਦੀ ਫੰਡਰ ਹੋ ਗਈ ਨੂੰ ਮੁੜ ਛੱਡ ਗਈ ਏ...ਹੱਡੋ ਰੋੜੇ ਛੱਡਣ ਚੱਲੀ ਸੀ...ਮੈਂ ਵਰਜ ਦਿੱਤਾ ਅਖ਼ੇ ਕਸਾਈਆਂ ਜਿਉਂਦੀ ਦੀ ਖੱਲ ਲਾਹ ਦੇਣੀ...ਇਥੇ ਛੱਡ ਜਾ!


ਕਿਸੇ ਪੁੱਛਣਾ ਜਦੋਂ ਤੇਰੇ ਹੱਥ ਪੈਰ ਖਲੋ ਗਏ ਫੇਰ ਕੀ ਬਣੂੰ...ਉਸਨੇ ਗੁਰੂਦੁਆਰੇ ਵੱਲ ਨੂੰ ਮੂੰਹ ਕਰ ਕੇ ਹੱਥ ਜੋੜ ਦੇਣੇ...ਓਹੀ ਜਾਣੇ...ਮੈਨੂੰ ਪਤਾ ਮੈਂ ਮੰਜੇ 'ਤੇ ਨੀ ਪੈਣਾ...ਤੁਰਦੀ ਫਿਰਦੀ ਹੀ ਜਾਊਂ...!

ਫੇਰ ਹੋਇਆ ਵੀ ਇੰਝ ਹੀ...ਇੱਕ ਦਿਨ ਘਾਹ ਵੱਢਦੀ ਓਥੇ ਹੀ ਲੰਮੀ ਪੈ ਗਈ...ਕੋਲੋਂ ਲੰਘਦੇ ਰਾਹਗੀਰਾਂ ਸੋਚਿਆ ਸੁੱਤੀ ਪਈ ਹੋਣੀ...ਦੇਰ ਆਥਣੇ ਪਤਾ ਲੱਗਾ ਮੁੱਕ ਗਈ...ਘਰੇ ਬੇਜੁਬਾਨ ਤੋਕੜ ਪੱਠਿਆਂ ਦੀ ਝਾਕ...ਪਰ ਉਸ ਦਿਨ ਨਾ ਤੇ ਬੋਲੀ ਤੇ ਨਾ ਹੀ ਅੜਿੰਗੀ...ਸ਼ਾਇਦ ਅਹਿਸਾਸ ਹੋ ਗਿਆ ਸੀ...ਡੰਗਰ ਵੀ ਤੇ ਭਵਿੱਖ ਬਾਰੇ ਸੋਚਦੇ ਹੋਣੇ...ਆਪਣੇ ਤਰੀਕਿਆਂ ਨਾਲ...ਖੁਦ ਨਾਲ ਗੱਲਾਂ ਵੀ ਕਰਦੇ ਹੋਣੇ...ਮਗਰੋਂ ਪਤਾ ਨੀ ਕੀ ਬਣਿਆ ਪਰ ਇਹ ਆਪਣੇ ਆਖੇ ਬੋਲ ਪੁਗਾ ਗਈ...ਕੁਝ ਲੋਕ ਪੁਗਾ ਹੀ ਜਾਂਦੇ...ਉੱਪਰ ਬੈਠਾ ਵੀ ਤੋੜ ਤੀਕਰ ਸਹਾਈ ਹੁੰਦਾ...ਜਾਣਦਾ ਇਸਨੂੰ ਕਿਸੇ ਨੀ ਸਾਂਭਣਾ...!

ਅਜੋਕੇ ਆਪ-ਹੁਦਰੇ ਦੌਰ ਵਿਚ ਤੁਰਦੇ ਫਿਰਦੇ ਰਵਾਨਗੀ ਪਾ ਜਾਣੀ...ਕਰਮਾਂ ਵਾਲਿਆਂ ਦੇ ਹਿੱਸੇ ਆਉਂਦੀ ਇੱਕ ਵੱਡੀ ਨਿਆਮਤ...!

# ਦਸਮ ਪਿਤਾ ਦਾ ਆਨੰਦਪੁਰ ਸਾਹਿਬ ਛੱਡਣਾ ਸਿਧਾਂਤਕ ਅਡੋਲਤਾ ਦੀ ਅਦੁੱਤੀ ਮਿਸਾਲ

ਇਤਿਹਾਸ ਪੜ੍ਹਦਿਆਂ ਇਹੋ ਗਿਆਤ ਹੁੰਦਾ ਹੈ ਕਿ ਸੰਨ 1700 ਤੋਂ ਨਿਰੰਤਰ ਚਾਰ ਸਾਲ ਆਨੰਦਪੁਰ ਸਾਹਿਬ 'ਤੇ ਹਮਲੇ ਕਰਨ ਤੋਂ ਬਾਅਦ ਵੀ ਮੁਗਲਾਂ ਅਤੇ ਪਹਾੜੀ ਰਾਜਿਆਂ ਨੂੰ ਕੋਈ ਕਾਮਯਾਬੀ ਪ੍ਰਾਪਤ ਨਾ ਹੋਈ, ਕਈ ਮਹੀਨੇ ਚੱਲੀ ਆਨੰਦਪੁਰ ਸਾਹਿਬ ਦੀ ਘੇਰਾਬੰਦੀ ਵੀ ਬੇਅਸਰ ਸਾਬਿਤ ਹੋਈ ਤਾਂ ਗੁਰੂ ਗੋਬਿੰਦ ਸਿੰਘ ਜੀ ਕੋਲ ਸ਼ਾਂਤੀ ਬਹਾਲ ਕਰਨ ਦੀ ਤਜਵੀਜ ਭੇਜੀ ਗਈ ਕਿ ਗੁਰੂ ਸਾਹਿਬ ਅਲਪ ਕਾਲ ਲਈ ਆਨੰਦਪੁਰ ਸਾਹਿਬ ਛੱਡ ਦੇਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ, ਕੋਈ ਨੁਕਸਾਨ ਨਹੀਂ ਪੁਜਾਇਆ ਜਾਵੇਗਾ। ਗੁਰੂ ਸਾਹਿਬ ਵੈਰੀ ਦੀ ਨੀਅਤ ਜਾਣਦੇ ਸਨ। ਉਨ੍ਹਾਂ ਨੇ ਕੁੱਝ ਗੱਡੇ ਪੁਰਾਨੇ ਕੱਪੜੇ ਤੇ ਹੋਰ ਸਮਾਨ ਨਾਲ ਭਰ ਕੇ ਉੱਪਰ ਰੇਸ਼ਮੀ ਵਸਤਰ ਪਾ ਦਿੱਤੇ ਤੇ ਸਿੱਖਾਂ ਦੇ ਇੱਕ ਦਲ ਨਾਲ ਬਾਹਰ ਭੇਜੇ। ਮੁਗਲਾਂ ਨੂੰ ਭੁਲੇਖਾ ਪਿਆ ਕਿ ਗੁਰੂ ਗੋਬਿੰਦ ਸਿੰਘ ਜੀ



ਡਾ. ਸਤਿੰਦਰ ਪਾਲ ਸਿੰਘ
ਫੋਨ: 94159-60533

ਦਾ ਕਾਰਵਾਂ ਜਾ ਰਿਹਾ ਹੈ। ਆਪਣੀ ਕਸਮ ਤੋੜ ਕੇ ਉਨ੍ਹਾਂ ਫੌਰਨ ਹਮਲਾ ਕਰ ਦਿੱਤਾ ਤੇ ਸਾਰਾ ਸਮਾਨ ਲੁੱਟ ਲਿਆ। ਗੁਰੂ ਸਾਹਿਬ ਨੇ ਇਵੇਂ ਵੈਰੀ ਦੀ ਨੀਅਤ ਨੂੰ ਬੇਨਕਾਬ ਕਰ ਦਿੱਤਾ। ਕੁੱਝ ਸਮੇਂ ਬਾਅਦ ਮੁਗਲਾਂ ਨੇ ਆਪਣੇ ਕੀਤੇ ਦੀ ਮੁਆਫੀ ਮੰਗੀ ਤੇ ਔਰੰਗਜ਼ੇਬ ਦੀ ਚਿੱਠੀ ਅਤੇ ਉਸ ਦੇ ਦਸਤਖਤ ਕੀਤੀ ਕੁਰਾਨ ਭੇਜੀ ਕਿ ਗੁਰੂ ਸਾਹਿਬ ਆਨੰਦਪੁਰ ਸਾਹਿਬ ਛੱਡ ਦੇਣ, ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪੁਚਾਇਆ ਜਾਵੇਗਾ। ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਸਿੱਖਾਂ ਨੇ ਜਿਵੇਂ ਵੀ ਆਨੰਦਪੁਰ ਸਾਹਿਬ ਛੱਡਿਆ ਵੈਰੀ ਨੇ ਵਚਨ ਤੋੜਨ 'ਚ ਦੇਰ ਨਾ ਕੀਤੀ ਤੇ ਹਮਲਾਵਰ ਹੋ ਗਿਆ। ਵੈਰੀ ਨੇ ਧੋਖਾ ਕੀਤਾ, ਪਰ ਕੀ ਗੁਰੂ ਗੋਬਿੰਦ ਸਿੰਘ ਜੀ ਨੇ ਧੋਖਾ ਖਾਧਾ। ਦੂਜੀ ਵਾਰ ਝੂਠੀ ਕਸਮ 'ਤੇ ਭਰੋਸਾ ਕਿਵੇਂ ਕਰ ਲਿਆ। ਦਰਅਸਲ ਕਈ ਵਾਰ ਇਤਿਹਾਸ ਜਿਵੇਂ ਦਿੱਸਦਾ ਹੈ ਉਵੇਂ ਹੁੰਦਾ ਨਹੀਂ ਹੈ। ਸੱਚ ਜਾਨਣ ਤੇ ਸਮਝਣ ਲਈ ਇਤਿਹਾਸ ਦੀਆਂ ਲਿਖੀਆਂ ਇਬਾਰਤਾਂ ਦੇ ਵਿਚ ਉਹ ਪੜ੍ਹਨਾ ਪੈਂਦਾ ਹੈ ਜੋ ਲਿਖਿਆ ਨਹੀਂ ਗਿਆ ਜਾਂ ਸਮਝਿਆ ਨਹੀਂ ਜਾ ਸਕਦਾ ਸੀ। ਗੁਰੂ ਨੂੰ ਕੋਈ ਕਿਵੇਂ ਧੋਖਾ ਦੇ ਸਕਦਾ ਹੈ। ਧੋਖਾ ਤਾਂ ਕੋਈ ਉਸ ਨੂੰ ਵੀ ਨਹੀਂ ਦੇ ਸਕਦਾ ਜੋ ਪਰਮਾਤਮਾ ਨਾਲ ਜੁੜਿਆ ਹੋਇਆ ਹੈ, ਜਿਸ ਨੇ ਪਰਮਾਤਮਾ ਦੀ ਟੇਕ ਲਈ ਹੋਈ ਹੈ 'ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ।' ਜੇ ਪਰਮਾਤਮਾ ਦੇ ਭਗਤ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ ਤਾਂ ਗੁਰੂ ਗੋਬਿੰਦ ਸਿੰਘ ਜੀ ਤਾਂ ਆਪ ਪਰਮਾਤਮਾ ਰੂਪ ਸਨ। ਗੁਰੂ ਗੋਬਿੰਦ ਸਿੰਘ ਜੀ ਜਾਣਦੇ ਸਨ ਕਿ ਵੈਰੀ ਦੀ ਕਸਮ ਫਰੇਬ ਹੈ। ਫਿਰ ਵੀ ਆਨੰਦਪੁਰ ਸਾਹਿਬ ਛੱਡਣਾ ਗੁਰੂ ਸਾਹਿਬ ਦਾ ਲਿਆ ਗਿਆ ਆਪਣਾ ਫੈਸਲਾ ਸੀ। ਇਹ ਫੈਸਲਾ ਠੀਕ ਉਸ ਤਰ੍ਹਾਂ ਦਾ ਸੀ ਜੋ ਗੁਰੂ ਤੇਗ ਬਹਾਦਰ ਸਾਹਿਬ ਨੇ ਕਸ਼ਮੀਰ ਦੇ ਬ੍ਰਾਹਮਣਾਂ ਦੀ ਫਰਿਆਦ ਸੁਣਨ ਤੋਂ ਬਾਅਦ ਆਪਣਾ ਜੀਵਨ ਵਾਰ ਦੇਣ ਲਈ ਲਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਆਨੰਦਪੁਰ ਸਾਹਿਬ ਛੱਡਣਾ ਇੱਕ ਵੱਡਾ ਫੈਸਲਾ ਸੀ ਜਿਸ ਨੇ ਇਤਿਹਾਸ ਦੀ ਧਾਰਾ ਨੂੰ ਮੋੜ ਦਿੱਤਾ। ਕੁਰਾਨ ਦੀ ਕਸਮ ਤੇ ਮੁਗਲਾਂ ਦਾ ਵਚਨ ਜਿਹੇ ਤੱਤ ਨਾ ਤਾਂ ਇਸ ਫੈਸਲੇ ਦਾ ਆਧਾਰ ਬਣੇ ਨਾਂ ਗੁਰੂ ਸਾਹਿਬ ਨੇ ਕੋਈ ਧੋਖਾ ਖਾਧਾ। ਇਸ ਫੈਸਲੇ ਨੂੰ ਸਮਝਣ ਲਈ ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਸਮਝਣ ਦੀ ਲੋੜ ਹੈ।

ਗੁਰੂ ਗੋਬਿੰਦ ਸਿੰਘ ਜੀ ਲਈ ਜੀਵਨ ਨਹੀਂ, ਜੀਵਨ ਦਾ ਮਨੋਰਥ ਮੁੱਖ ਸੀ। ਧਰਮ ਪਹਿਲਾਂ ਸੀ, ਜੀਵਨ ਧਰਮ ਲਈ ਸੀ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਮਨੁੱਖੀ ਤਨ ਠੀਕਰੇ ਜਿਹਾ ਸੀ ਤਾਂ ਹੀ ਉਹ ਕਹਿ ਸਕੇ ਸਨ 'ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ।' ਆਪਣੇ ਪਿਤਾ, ਸਿੱਖ ਪੰਥ ਦੇ ਗੁਰੂ ਦੇ ਤਨ ਦਾ ਨਹੀਂ ਧਰਮ ਲਈ ਮੋਹ ਤੇ ਸਮਰਪਣ ਸੀ ਤਾਂ ਹੀ ਆਪ ਗੁਰੂ ਤੇਗ ਬਹਾਦਰ ਜੀ ਨੂੰ ਬਲਿਦਾਨ ਲਈ ਪ੍ਰੇਰਿਤ ਕਰ ਸਕੇ ਸਨ। ਗੁਰਸਿੱਖ ਜੀਵਨ ਦੀ ਸਾਰਥਕਤਾ ਜੀਵਨ ਅਵਧੀ ਵਿਚ ਨਹੀ,' ਧਰਮੀ ਜੀਵਨ ਜਿਉਣ ਵਿਚ ਵੇਖਦਾ ਹੈ 'ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ॥ ਸੁਖ ਜੀਵਣੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਸੋਇ॥' ਜੀਵਨ ਦੀ ਸਫਲਤਾ ਧਰਮ ਵਿਚ ਹੈ। ਧਰਮ ਨਹੀਂ ਤਾਂ ਜੀਵਨ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਜੀਵਨ ਗੁਰੂ ਨਾਨਕ ਸਾਹਿਬ ਦੇ ਇਸ ਸਿਧਾਂਤ 'ਤੇ ਚੱਲਦਾ ਵਿਖਾਈ ਦਿੰਦਾ ਹੈ। ਧਰਮ ਲਈ ਜਿਉਣਾ ਤੇ ਧਰਮ ਲਈ ਮਰਨਾ ਹੀ ਗੁਰੂ ਸਾਹਿਬ ਦੇ ਜੀਵਨ ਦਾ ਸੁੱਖ ਸੀ। ਇਸ ਸੁੱਖ ਨੂੰ ਮਾਨਣਾ ਹੀ ਪਰਮਾਤਮਾ ਦੀ ਭਗਤੀ ਹੈ। ਇਸ ਭਗਤੀ ਵਿਚ ਪਰਿਪੱਕ ਹੋ ਜਾਣਾ ਹੀ ਸੂਰਵੀਰ ਹੋਣਾ ਹੈ 'ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।' ਗੁਰੂ ਗੋਬਿੰਦ ਸਿੰਘ ਜੀ ਦੀ ਵੀਰਤਾ ਤੇ ਹਿੰਮਤ ਦਰਅਸਲ ਪਰਮਾਤਮਾ ਭਗਤੀ ਦੀ ਵੀਰਤਾ ਤੇ ਹਿੰਮਤ ਸੀ। ਗੁਰੂ ਸਾਹਿਬ ਪਰਮਾਤਮਾ ਭਗਤੀ ਵਿਚ ਦ੍ਰਿੜ੍ਹਤਾ ਦੀ ਮਿਸਾਲ ਸਨ। ਜੰਗ ਦੇ ਮੈਦਾਨ ਵਿਚ ਸੂਰਵੀਰਤਾ ਕੁੱਝ ਘੰਟਿਆਂ, ਦਿਨਾਂ ਦੀ ਹੁੰਦੀ ਹੈ ਪਰ ਪਰਮਾਤਮਾ ਭਗਤੀ ਜੀਵਨ ਦੇ ਇੱਕ ਇੱਕ ਪਲ, ਇੱਕ ਇੱਕ ਕਦਮ ਦੀ ਕਰੜੀ ਪ੍ਰੀਖਿਆ ਹੁੰਦੀ ਹੈ। ਮਨੁੱਖ ਮਾਇਆ ਦੇ ਜਾਲ ਵਿਚ ਕਿਸੇ ਪਲ ਵੀ ਫਸ ਸਕਦਾ ਹੈ, ਵਿਕਾਰਾਂ ਤੋਂ ਕਦੇ ਵੀ ਹਾਰ ਸਕਦਾ ਹੈ। ਸਾਲਾਂ ਦੇ ਜੀਵਨ ਭਰ ਦੇ ਤਪ, ਜਪ ਭੰਗ ਹੁੰਦੇ ਵੇਖੇ ਗਏ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪੂਰਾ ਜੀਵਨ ਕਾਲ ਪ੍ਰੀਖਿਆਵਾਂ ਦਾ ਕਾਲ ਸੀ। ਗੁਰੂ ਸਾਹਿਬ ਹਰ ਵਾਰ ਖਰੇ ਉਤਰੇ ਭਾਵੇਂ ਉਹ ਸਿਧਾਂਤਕ ਪ੍ਰੀਖਿਆ ਸੀ ਜਾਂ ਜੰਗ ਦੇ ਮੈਦਾਨ ਵਿਚ ਵੈਰੀ ਦੇ ਹਮਲੇ। ਗੁਰੂ ਸਾਹਿਬ ਨੂੰ ਧਾਰਮਕ ਵਿਸ਼ਵਾਸ ਦੀ ਰਾਖੀ ਲਈ ਤੇਗ ਉਠਾਉਣੀ ਪਈ ਤੇ ਸਰਬੰਸ ਵਾਰਨਾ ਪਿਆ।

ਗੁਰੂ ਸਾਹਿਬ ਨੇ ਸੰਨ 1699 ਦੀ ਵਿਸਾਖੀ ਦੇ ਦਿਨ ਆਨੰਦਪੁਰ ਸਾਹਿਬ ਵਿਚ ਖਾਲਸਾ ਸਾਜਣ ਤੋਂ ਬਾਅਦ ਮੌਜੂਦ ਸੰਗਤ ਵਿਚ ਜੋ ਤਕਰੀਰ ਕੀਤੀ ਸੀ ਉਹ ਇੱਕ ਇਤਿਹਾਸਕ ਅਤੇ ਪ੍ਰਮਾਣਿਕ ਦਸਤਾਵੇਜ ਵਾਂਗੂੰ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ। ਇਹ ਤਕਰੀਰ ਹੀ ਭਵਿੱਖ ਦਾ ਰਾਹ ਦਸੇਰਾ, ਬਲੂ ਪ੍ਰਿੰਟ ਬਣੀ। ਗੁਰੂ ਸਾਹਿਬ ਨੇ ਆਪਣੀ ਤਕਰੀਰ ਵਿਚ ਨਵੇਂ ਸਾਜੇ ਖਾਲਸਾ ਨੂੰ ਕਿਹਾ ਕਿ 'ਤੁਸੀਂ ਸੰਤਾਂ ਜਿਹੇ ਪਵਿੱਤਰ, ਧਰਮੀ, ਭਜਨੀਕ, ਪਰਉਪਕਾਰੀ ਤੇ ਈਸ਼ਵਰ ਭਗਤ ਬਣਨਾ ਹੈ ਅਤੇ ਨਾਲ ਹੀ ਸੂਰਬੀਰਾਂ ਜਿਹੇ ਦਲੇਰ, ਨਿਰਭੈ ਬਲਵਾਨ ਜੋਧੇ ਬਣਨਾ ਹੈ। ਕਮਜ਼ੋਰਾਂ, ਅਨਾਥਾਂ, ਦੁਖੀਆਂ, ਜਾਬਰਾਂ ਦੇ ਹੇਠ ਮਿੱਧੇ ਹੋਏ ਤੇ ਮਿੱਧੇ ਜਾ ਰਹੇ ਨਿਤਾਣਿਆਂ ਨਿਮਾਣਿਆਂ ਨਿਆਸਰਿਆਂ ਦੀ ਤੁਸੀਂ ਬਾਂਹ ਫੜਨੀ ਤੇ ਬਹੁੜੀ ਕਰਨੀ ਹੈ। ਕਿਸੇ ਉੱਤੇ ਜਬਰ ਨਹੀਂ ਕਰਨਾ, ਕਿਸੇ ਨੂੰ ਡਰਾਉਣਾ ਨਹੀਂ ਪਰ ਨਾਲ ਹੀ ਕਿਸੇ ਦਾ ਜਬਰ ਸਹਿਣਾ ਨਹੀਂ, ਜਬਰ ਹੁੰਦਾ ਵੇਖ ਕੇ ਦੜ ਵੱਟ ਕੇ ਬਹਿਣਾ ਨਹੀਂ, ਸਗੋਂ ਜਬਰ ਹੁੰਦਾ ਰਹਿਣ ਨਹੀਂ ਦੇਣਾ। ਕਿਸੇ ਦਾ ਡਰ ਮੰਨਣਾ ਨਹੀਂ, ਧਰਮ ਨਹੀਂ ਛੱਡਣਾ ਭਾਵੇਂ ਕਿੰਨੇ ਕਸ਼ਟ ਝੱਲਣੇ ਪੈਣ ਧਰਮ ਤੋਂ ਡੋਲਣਾ ਨਹੀਂ।' ਗੁਰੂ ਸਾਹਿਬ ਨੇ ਅੱਗੇ ਕਿਹਾ ਕਿ 'ਤੁਹਾਡੇ ਖਿਆਲ, ਤੁਹਾਡੇ ਬਚਨ, ਤੁਹਾਡੇ ਕੰਮ ਸਭ ਗੁਰਸਿੱਖੀ ਦੇ ਰੰਗ ਵਾਲੇ ਸੱਚੇ-ਸੁੱਚੇ ਧਰਮੀ ਬੰਦਿਆਂ ਵਾਲੇ ਹੋਣੇ ਜਰੂਰੀ ਹਨ।' ਸਪਸ਼ਟ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਖਾਲਸਾ ਕੋਈ ਫੌਜ ਨਹੀਂ, ਪੂਰਨ ਸਮਰਪਿਤ, ਉੱਚ ਆਤਮਿਕ ਅਵਕਸਥਾ ਵਾਲੇ ਧਰਮੀ ਸਿੱਖਾਂ ਦਾ ਇੱਕ ਸਭਿਆਚਾਰ ਸੀ ਜੋ ਮਨ, ਵਚਨ, ਕਰਮ ਨਾਲ ਪਰਮਾਤਮਾ ਪ੍ਰਤੀ ਵਚਨਬੱਧ ਸੀ। ਇਸ ਦੇ ਨਾਲ ਉਹ ਆਪਣੀ ਵਚਨਬੱਧਤਾ ਦੀ ਰਾਖੀ ਕਰਨ ਦੀ ਸਮਰੱਥਾ ਰੱਖਦਾ ਸੀ। ਗੁਰੂ ਸਾਹਿਬ ਨੇ ਖਾਲਸਾ ਨੂੰ ਪੰਜ ਕਕਾਰ ਬਖਸ਼ੇ ਜਿਨ੍ਹਾਂ ' ਚੋਂ ਚਾਰ ਕਕਾਰ ਕੇਸ਼, ਕੰਘਾ, ਕੜਾ ਤੇ ਕਛਹਿਰਾ ਆਤਮਿਕ ਗੁਣਾਂ ਦੇ ਪ੍ਰਤੀਕ ਸਨ ਤੇ ਕਿਰਪਾਨ ਉਨ੍ਹਾਂ ਗੁਣਾਂ ਦੀ ਸੰਭਾਲ ਲਈ ਲੋੜੀਂਦੇ ਬਲ ਨੂੰ ਪ੍ਰਗਟ ਕਰਨ ਵਾਲੀ ਸੀ। ਇਸ ਕਿਰਪਾਨ ਦੀ ਵੀ ਇੱਕ ਮਰਿਆਦਾ ਸੀ। ਕਿਰਪਾਨ ਦੀ ਵਰਤੋਂ ਨੂੰ ਗੁਰੂ ਸਾਹਿਬ ਨੇ ਅੰਤਮ ਵਿਕਲਪ ਮੰਨਿਆ ਸੀ ' ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ਹਲਾਲ ਅਸਤ ਬੁਰਦਨ ਬ ਸ਼ਮਸ਼ੇਰ ਦਸਤ।' ਗੁਰੂ ਗੋਬਿੰਦ ਸਿੰਘ ਜੀ ਪਰਮ ਜੋਧਾ ਸਨ ਪਰ ਉਨ੍ਹਾਂ ਦਾ ਭਰੋਸਾ ਫੌਜੀ ਤਾਕਤ 'ਤੇ ਨਹੀਂ, ਸਦਾ ਹੀ ਪਰਮਾਤਮਾ ਦੀ ਓਟ ਤੇ ਹੀ ਰਿਹਾ 'ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ ਕਿ ਮਾਰਾ ਨਿਗ੍ਹਾਅਸਤ ਯਜ਼ਦਾਂ ਸ਼ੁਕਰ।' ਗੁਰੂ ਸਾਹਿਬ ਲਈ ਪਰਮਾਤਮਾ ਦੀ ਮਿਹਰ ਅੱਗੇ ਸੰਸਾਰ ਦੇ ਰਾਜ-ਪਾਟ ਦੀ ਵੀ ਕੋਈ ਕੀਮਤ ਨਹੀਂ ਸੀ 'ਕਿ ਤੋ ਰਾ ਗ਼ਰੂਰ ਅਸਤ ਬਰ ਮੁਲਕੋ ਮਾਲ ਵ ਮਾਰਾ ਪਨਾਹ ਅਸਤ ਯਜ਼ਦਾਂ ਅਕਾਲ।'

ਗੁਰੂ ਗੋਬਿੰਦ ਸਿੰਘ ਜੀ ਦਾ ਆਨੰਦਪੁਰ ਸਾਹਿਬ ਛੱਡਣ ਦਾ ਫੈਸਲਾ ਇੱਕ ਜੋਧਾ ਦਾ ਨਹੀਂ ਪਰਮਾਤਮਾ ਦੇ ਇੱਕ ਸੱਚੇ ਭਗਤ ਦਾ ਫੈਸਲਾ ਸੀ, ਜੋ ਸੰਸਾਰ ਸੰਦਰਭਾਂ ਤੋਂ ਨਿਰਲੇਪ ਪਰਮਾਤਮਾ ਦੇ ਪ੍ਰੇਮ ਵਿਚ ਰੰਗੇ ਹੋਏ, ਰਮੇ ਹੋਏ ਪਰਮ ਪੁਰਖ ਦਾ ਫੈਸਲਾ ਸੀ। ਇਸ ਫੈਸਲੇ ਨੂੰ ਸਮਝਣ ਲਈ ਗੁਰੂ ਅਰਜਨ ਸਾਹਿਬ ਦੇ ਇਸ ਵਚਨ ਦੀ ਦ੍ਰਿਸ਼ਟੀ ਚਾਹੀਦੀ ਹੈ ਕਿ 'ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ।' ਆਨੰਦਪੁਰ ਸਾਹਿਬ ਛੱਡਣ ਦੇ ਫੈਸਲੇ ਵਿਚ ਨਾ ਹਾਰ ਦਾ ਭਾਵ ਸੀ ਨਾ ਜਿੱਤ ਦਾ। ਗੁਰੂ ਸਾਹਿਬ ਕਿਸੇ ਵੀ ਕੀਮਤ ਤੇ ਧਰਮ ਦੀ ਪ੍ਰਤਿਸ਼ਠਾ ਚਾਹੁੰਦੇ ਸਨ। ਇਸ ਲਈ ਪਿਤਾ ਵੀ ਵਾਰਿਆ, ਪੁੱਤਰ ਤੇ ਮਾਂ ਵੀ ਵਾਰ ਦਿੱਤੀ। ਆਨੰਦਪੁਰ ਸਾਹਿਬ ਛੱਡਣਾ ਕੋਈ ਮਜਬੂਰੀ ਨਹੀਂ, ਧਰਮ ਲਈ ਤਿਆਗ ਸੀ।

ਕਿਸੇ ਅਸਥਾਨ ਦਾ ਕੋਈ ਮਹੱਤਵ ਨਹੀਂ ਹੁੰਦਾ ਹੈ। ਅਸਥਾਨ ਦੀ ਮਹੱਤਤਾ ਗੁਰੂ ਤੋਂ ਬਣਦੀ ਹੈ। ਗੁਰੂ ਰਾਮਦਾਸ ਸਾਹਿਬ ਦਾ ਵਚਨ ਹੈ 'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ।' ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪਟਨਾ ਸਾਹਿਬ ਵਿਖੇ ਹੋਇਆ, ਵਿਦਿਆ, ਸਿਖਿਆ ਆਨੰਦਪੁਰ ਸਾਹਿਬ ਹੋਈ। ਗੁਰੂ ਸਾਹਿਬ ਨੇ ਨਵਾਂ ਨਗਰ ਪਾਉਂਟਾ ਸਾਹਿਬ ਵਸਾਇਆ ਤੇ ਆਨੰਦਪੁਰ ਸਾਹਿਬ ਛੱਡ ਕੇ ਉੱਥੇ ਚਲੇ ਗਏ। ਪਾਉਂਟਾ ਸਾਹਿਬ ਛੱਡ ਕੇ ਮੁੜ ਆਨੰਦਪੁਰ ਸਾਹਿਬ ਪਰਤ ਆਏ। ਉਨ੍ਹਾਂ ਦਾ ਮੋਹ ਕਿਸੇ ਅਸਥਾਨ ਨਾਲ ਨਹੀਂ ਸੀ। ਹਰ ਉਹ ਥਾਂ ਆਨੰਦਪੁਰ ਸਾਹਿਬ ਬਣ ਗਈ ਜਿੱਥੇ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪਏ 'ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ।'

ਸਪਸ਼ਟ ਹੈ ਕਿ ਆਨੰਦਪੁਰ ਸਾਹਿਬ ਛੱਡਣਾ ਗੁਰੂ ਗੋਬਿੰਦ ਸਿੰਘ ਜੀ ਲਈ ਤਿਲ ਮਾਤਰ ਵੀ ਮਾਨਸਿਕ ਦਬਾਵ ਦਾ ਕਾਰਨ ਨਹੀਂ ਬਣਿਆ ਹੋਵੇਗਾ। ਆਨੰਦਪੁਰ ਸਾਹਿਬ ਵਿਚ ਮੌਜੂਦ ਸਿੱਖਾਂ ਦੀ ਜੋ ਵੀ ਰਾਇ ਰਹੀ, ਮੁਗਲਾਂ ਦੀ ਘੇਰਾਬੰਦੀ ਤੋਂ ਬਾਅਦ ਜੋ ਵੇ ਸਥਿਤੀਆਂ ਬਣੀਆਂ, ਗੁਰੂ ਸਾਹਿਬ ਉਨ੍ਹਾਂ ਤੋਂ ਬੇਅਸਰ ਸਨ। ਇਹ ਜ਼ਫ਼ਰਨਾਮਾ ਦੀ ਭਾਸ਼ਾ ਤੇ ਭਾਵਨਾ ਤੋਂ ਹੀ ਸਮਝ ਆ ਜਾਂਦਾ ਹੈ। ਗੁਰੂ ਸਾਹਿਬ ਦਾ ਫੈਸਲਾ ਉਨ੍ਹਾਂ ਦੀ ਸਰਵ ਵਿਆਪੀ ਨਿਰਮਲ ਸੋਚ ਤੋਂ ਨਿਕਲਿਆ ਫੈਸਲਾ ਸੀ। ਚਮਕੌਰ ਦੀ ਜੰਗ ਵਿਚ ਅਤੇ ਸਰਹਿੰਦ ਵਿਚ ਹੋਈਆਂ ਸ਼ਹੀਦੀਆਂ ਤੋਂ ਬਾਅਦ ਗੁਰੂ ਸਾਹਿਬ ਨੇ ਜਿਵੇਂ ਮੁਕਤਸਰ ਦੀ ਜੰਗ ਜਿੱਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨ ਕੀਤਾ, ਦਮਦਮਾ ਸਾਹਿਬ ਵਿਚ ਪ੍ਰਚਾਰ ਕੇਂਦਰ ਥਾਪਿਆ, ਹਜ਼ੂਰ ਸਾਹਿਬ ਤੱਕ ਧਰਮ ਪ੍ਰਚਾਰ ਕੀਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਸੌਂਪੀ, ਭਾਵ ਸੰਨ 1704 ਤੋਂ ਸੰਨ 1708 ਤੱਕ ਦੇ ਸਾਰੇ ਘਟਨਾ ਕ੍ਰਮ ਵਿਚ ਇੱਕ ਵੀ ਪਲ ਅਜਿਹਾ ਨਹੀਂ ਵਿਖਾਈ ਦਿੰਦਾ ਕਿ ਗੁਰੂ ਸਾਹਿਬ ਨੇ ਕੋਈ ਦਬਾਵ ਝੱਲਿਆ ਹੋਵੇ ਜਾਂ ਉਨ੍ਹਾਂ ਦਾ ਸਹਿਜ ਕਿਤੇ ਭੰਗ ਹੋਇਆ ਹੋਵੇ।

ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਮੁਗਲ ਫੌਜ ਨੇ ਭਾਵੇਂ ਸਮਝਿਆ ਕਿ ਉਸ ਦੀ ਚਾਲ ਕਾਮਯਾਬ ਹੋ ਗਈ ਹੈ ਪਰ ਉਹ ਗੁਰੂ ਸਾਹਿਬ ਦੇ ਨੇੜੇ ਤੱਕ ਨਹੀਂ ਪੁੱਜ ਸਕੀ। ਸਾਹਿਬਜਾਦਿਆਂ, ਸਿੱਖਾਂ ਦੀਆਂ ਸ਼ਹੀਦੀਆਂ ਹੋਈਆਂ, ਪਰ ਅੱਜ ਜਦੋਂ ਇਤਿਹਾਸਕ ਮੁੱਲਾਂਕਣ ਹੁੰਦਾ ਹੈ ਤਾਂ ਇਸ ਵਿਚ ਵੀ ਸਿੱਖਾਂ ਦੀ ਜਿੱਤ ਤੇ ਜਾਬਰ ਦੀ ਹਾਰ ਨਜਰ ਆਉਂਦੀ ਹੈ। ਇਤਿਹਾਸਕ ਫੈਸਲੇ ਉਹ ਹੁੰਦੇ ਹਨ ਜਿਨ੍ਹਾਂ ਵਿਚ ਤੱਤਕਾਲਿਕ ਲਾਭ ਨਹੀਂ ਭਵਿੱਖ ਤੇ ਪ੍ਰਭਾਵ ਦੀ ਸੋਚ ਸ਼ਾਮਿਲ ਹੁੰਦੀ ਹੈ। ਗੁਰੂ ਸਾਹਿਬ ਜਾਣਦੇ ਸਨ ਕਿ ਵੈਰੀ ਵਚਨ ਦਾ ਪੱਕਾ ਨਹੀਂ ਹੈ, ਵਚਨ ਭੰਗ ਕਰੇਗਾ, ਵੈਰੀ ਦੀ ਫੌਜੀ ਤਾਕਤ ਵੀ ਵੱਡੀ ਹੈ ਇਸ ਕਾਰਨ ਸ਼ਹੀਦੀਆਂ ਵੀ ਹੋਣਗੀਆਂ ਪਰ ਫਿਰ ਵੀ ਗੁਰੂ ਸਾਹਿਬ ਆਨੰਦਪੁਰ ਸਾਹਿਬ ਤੋਂ ਨਿੱਕਲੇ। ਆਨੰਦਪੁਰ ਸਾਹਿਬ ਤੋਂ ਉਨ੍ਹਾਂ ਦਾ ਚੱਲਣਾ ਠੀਕ ਉਸ ਤਰ੍ਹਾਂ ਸੀ ਜਿਵੇਂ ਗੁਰੂ ਅਰਜਨ ਸਾਹਿਬ ਅੰਮ੍ਰਿਤਸਰ ਤੋਂ ਲਾਹੌਰ ਵੱਲ ਤੁਰੇ ਸਨ ਤੇ ਗੁਰੂ ਤੇਗ ਬਹਾਦਰ ਜੀ ਨੇ ਆਨੰਦਪੁਰ ਸਾਹਿਬ ਤੋਂ ਦਿੱਲੀ ਲਈ ਚਾਲੇ ਪਾਏ ਸਨ। ਗੁਰੂ ਅਰਜਨ ਸਾਹਿਬ ਵੀ ਜਾਣਦੇ ਸਨ ਕਿ ਸ਼ਹੀਦੀ ਹੋਣੀ ਹੈ ਤੇ ਗੁਰੂ ਤੇਗ ਬਹਾਦਰ ਜੀ ਵੀ ਜਾਣਦੇ ਸਨ ਕਿ ਸੀਸ ਅਰਪਣ ਕਰਨਾ ਪੈਣਾ ਹੈ। ਇਹ ਸ਼ਹੀਦੀ ਦੀਆਂ ਨਹੀਂ ਸਿਧਾਂਤਕ ਅਡੋਲਤਾ ਪ੍ਰਗਟ ਕਰਨ ਦੀਆਂ ਯਾਤਰਾਵਾਂ ਸਨ। ਸੰਸਾਰ ਨੂੰ ਕਿਵੇਂ ਗਿਆਤ ਹੁੰਦਾ ਕਿ ਧਰਮ ਦੀ ਰਾਖੀ ਦੀ ਕੀ ਕੀਮਤ ਚੁਕਾਉਣੀ ਪੈਂਦੀ ਹੈ ਤੇ ਕਿਵੇਂ ਭੁਗਤਾਨ ਕਰਨਾ ਪੈਂਦਾ ਹੈ। ਇਹ ਵੀ ਪ੍ਰਗਟ ਹੋਣਾ ਜਰੂਰੀ ਹੋ ਗਿਆ ਸੀ ਕਿ ਧਰਮ ਸਦਾ ਹੀ ਅਜਿੱਤ ਰਹਿੰਦਾ ਹੈ, ਕੋਈ ਵੀ ਵਿਘਨ ਸਿਦਕ ਨੂੰ ਡਿਗਾ ਨਹੀਂ ਸਕਦਾ। ਦਰਅਸਲ ਸਿਦਕ ਤੇ ਸਮਰਪਣ ਦੀ ਇਹ ਯਾਤਰਾ ਨਨਕਾਣਾ ਸਾਹਿਬ ਤੋਂ ਸੰਨ 1469 ਵਿਚ ਆਰੰਭ ਹੋਈ ਸੀ ਤੇ ਆਨੰਦਪੁਰ ਸਾਹਿਬ ਹੁੰਦੀਆਂ ਹਜ਼ੂਰ ਸਾਹਿਬ ਨਾਂਦੇੜ ਵਿਖੇ ਸੰਪੂਰਣ ਹੋਈ। ਇਸ ਯਾਤਰਾ ਦਾ ਇੱਕ ਇੱਕ ਪੜਾਅ ਸਿੱਖ ਪੰਥ ਲਈ ਹੀ ਨਹੀਂ, ਪੂਰੀ ਮਨੁੱਖਤਾ ਲਈ ਸਬਕ ਤੇ ਪ੍ਰੇਰਨਾ ਹੈ ਧਾਰਮਕ ਸਿਧਾਂਤਾਂ ਦੇ ਅਡੋਲ ਰਹਿਣ ਦਾ ਤਾਂ ਜੋ ਪੂਰਾ ਸੰਸਾਰ ਆਨੰਦਪੁਰ ਸਾਹਿਬ ਬਣ ਸਕੇ।

# ਸਮਾਜ ਦੇ ਪਰਦੇ ਪਿੱਛੇ: ਸ਼ਿਕਲੀਗਰ ਕਬੀਲਾ—ਰਸਮਾਂ, ਮਰਿਆਦਾ ਅਤੇ ਵਫ਼ਾਦਾਰੀ ਦਾ ਅਨੋਖਾ ਸੰਸਾਰ

ਜਦੋਂ ਦੇਸ਼ ਆਧੁਨਿਕਤਾ, ਕਾਨੂੰਨਾਂ ਅਤੇ ਨਵੇਂ ਸਮਾਜਿਕ ਮਿਆਰਾਂ ਵੱਲ ਵਧ ਰਿਹਾ ਹੈ, ਓਥੇ ਹੀ ਭਾਰਤ ਦੀ ਧਰਤੀ 'ਤੇ ਕੁਝ ਅਜੇਹੇ ਕਬੀਲੇ ਵੀ ਵੱਸਦੇ ਹਨ, ਜੋ ਅੱਜ ਵੀ ਆਪਣੇ ਪੁਰਖਿਆਂ ਦੀ ਲਕੀਰ ਨੂੰ ਧਾਰ ਕੇ ਜੀ ਰਹੇ ਹਨ। ਇਨ੍ਹਾਂ ਵਿਚੋਂ ਇੱਕ ਹੈ ਸ਼ਿਕਲੀਗਰ ਕਬੀਲਾ—ਜਿਸਦਾ ਜੀਵਨ, ਰਸਮਾਂ ਅਤੇ ਨਿਯਮ ਆਮ ਸਮਾਜ ਤੋਂ ਬਿਲਕੁਲ ਵੱਖਰੇ ਹਨ। ਇਹ ਉਹ ਲੋਕ ਹਨ, ਜਿਨ੍ਹਾਂ ਕੋਲ ਨਾ ਤਾਂ ਵੱਡੀਆਂ ਜਾਇਦਾਦਾਂ ਹਨ, ਨਾ

ਗੁਰਭਿੰਦਰ ਗੁਰੀ

ਹੀ ਪੱਕੇ ਘਰ; ਪਰ ਫਿਰ ਵੀ ਉਨ੍ਹਾਂ ਦੀ ਸਮਾਜਿਕ ਬਣਤਰ, ਨੈਤਿਕਤਾ ਅਤੇ ਅਨੁਸ਼ਾਸਨ ਅੱਜ ਦੇ ਕਈ ਆਧੁਨਿਕ ਸਮਾਜਾਂ ਲਈ ਇੱਕ ਚੁਣੌਤੀ ਅਤੇ ਸਬਕ ਦੋਵੇਂ ਹਨ।

**ਕੌਣ ਹਨ ਸ਼ਿਕਲੀਗਰ**

ਸ਼ਿਕਲੀਗਰ ਕਬੀਲਾ ਮੁੱਖ ਤੌਰ 'ਤੇ ਲੋਹੇ ਦੇ ਕੰਮ ਨਾਲ ਜੁੜਿਆ ਹੋਇਆ ਮੰਨਿਆ ਜਾਂਦਾ ਹੈ। ਇਤਿਹਾਸਕ ਤੌਰ 'ਤੇ ਇਹ ਲੋਕ ਤਲਵਾਰਾਂ, ਹਥਿਆਰਾਂ, ਖੇਤੀਬਾੜੀ ਦੇ ਸੰਦ ਅਤੇ ਘਰੇਲੂ ਉਪਕਰਣ ਬਣਾਉਂਦੇ ਰਹੇ ਹਨ। ਇਨ੍ਹਾਂ ਦੀ ਜ਼ਿੰਦਗੀ ਸਫ਼ਰਕਾਰੀ ਰਹੀ ਹੈ—ਇੱਕ ਥਾਂ ਟਿਕ ਕੇ ਰਹਿਣਾ ਇਨ੍ਹਾਂ ਦੀ ਪ੍ਰਕਿਰਤੀ ਵਿਚ ਨਹੀਂ। ਇਹ ਲੋਕ ਡੇਰਿਆਂ ਵਿਚ ਰਹਿੰਦੇ ਹਨ। ਡੇਰਾ ਸਿਰਫ਼ ਰਹਿਣ ਦੀ ਥਾਂ ਨਹੀਂ, ਸਗੋਂ ਇੱਕ ਪੂਰਾ ਸਮਾਜਿਕ ਸਿਸਟਮ ਹੁੰਦਾ ਹੈ—ਜਿੱਥੇ ਕਾਨੂੰਨ, ਪੰਚਾਇਤ, ਰਿਵਾਜ ਅਤੇ ਸਜ਼ਾ ਸਭ ਕੁਝ ਇਕੱਠਾ ਹੈ।

**ਔਰਤਾਂ ਅਤੇ ਖੁਣੀਆਂ-ਸਰੀਰ 'ਤੇ ਲਿਖੀ ਸਭਿਆਚਾਰ ਦੀ ਕਹਾਣੀ**

ਸ਼ਿਕਲੀਗਰ ਸਮਾਜ ਵਿਚ ਔਰਤਾਂ ਦੇ ਸਰੀਰ 'ਤੇ ਬਣੀਆਂ ਖੁਣੀਆਂ ਸਿਰਫ਼ ਸਿੰਗਾਰ ਨਹੀਂ, ਸਗੋਂ ਧਾਰਮਿਕ ਅਤੇ ਆਤਮਿਕ ਨਿਸ਼ਾਨ ਹਨ। ਇਹ ਖੁਣੀਆਂ ਅਕਸਰ ਮੋਰ, ਸੱਪ, ਸੂਰਜ, ਚੰਦਰਮਾ ਅਤੇ ਕੁਦਰਤੀ ਨਕਸ਼ਾਂ ਦੇ ਰੂਪ ਵਿਚ ਬਣਾਈਆਂ ਜਾਂਦੀਆਂ ਹਨ। ਇਸ ਸਮਾਜ ਵਿਚ ਖੁਣੀਆਂ ਬਣਾਉਣ ਵਾਲੇ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਔਰਤਾਂ ਖੁਣੀਆਂ ਬਣਾਉਣ ਸਮੇਂ ਕੋਈ ਸ਼ਰਮ ਮਹਿਸੂਸ ਨਹੀਂ ਕਰਦੀਆਂ, ਕਿਉਂਕਿ ਉਨ੍ਹਾਂ ਲਈ ਇਹ ਸਰੀਰ ਦੀ ਨੁਮਾਇਸ਼ ਨਹੀਂ, ਸਗੋਂ ਰੱਬੀ ਆਸ਼ੀਰਵਾਦ ਦਾ ਪ੍ਰਤੀਕ ਹੈ।

**ਨੇਂਘ-ਇਕ ਲੁਕਿਆ ਹੋਇਆ ਪਰ ਸਭ ਤੋਂ ਪਵਿੱਤਰ ਰਾਜ**

ਸ਼ਿਕਲੀਗਰ ਸਮਾਜ ਦੀ ਸਭ ਤੋਂ ਰਹੱਸਮਈ ਅਤੇ ਗੰਭੀਰ ਰਸਮ ਹੈ—ਨੇਂਘ। ਇਹ ਔਰਤ ਦੇ ਸਰੀਰ ਦੀ ਉਹ ਥਾਂ ਹੈ, ਜਿਸਨੂੰ ਜ਼ਿੰਦਗੀ ਭਰ ਕਿਸੇ ਨੂੰ ਵੀ ਵੇਖਣ ਦੀ ਇਜਾਜ਼ਤ ਨਹੀਂ ਹੁੰਦੀ—ਇੱਥੋਂ ਤੱਕ ਕਿ ਪਤੀ ਨੂੰ ਵੀ ਨਹੀਂ। ਇਸ ਥਾਂ 'ਤੇ ਔਰਤ ਉਸ ਮਰਦ ਦਾ ਨਾਂ ਖੁਣਵਾਂਦੀ ਹੈ, ਜਿਸਨੂੰ ਉਹ ਆਪਣੀ ਰੂਹ ਦੀ ਵਫ਼ਾਦਾਰੀ ਸਮਰਪਿਤ ਕਰਦੀ ਹੈ। ਇਹ ਨਾਂ ਦਿਖਾਵੇ ਲਈ ਨਹੀਂ, ਸਗੋਂ ਅੰਦਰੂਨੀ ਸੰਕਲਪ ਲਈ ਹੁੰਦਾ ਹੈ। ਇਹ ਰਸਮ ਦਰਸਾਉਂਦੀ ਹੈ ਕਿ ਸ਼ਿਕਲੀਗਰ ਸਮਾਜ ਵਿਚ ਪਿਆਰ ਸਰੀਰਕ ਨਹੀਂ, ਆਤਮਿਕ ਮੰਨਿਆ ਜਾਂਦਾ ਹੈ।

**ਛਾਤੀ—ਮਾਂ ਦੀ ਅਮਾਨਤ-ਇੱਕ ਅਣਸੁਣੀ ਸਮਾਜਿਕ ਮਰਿਆਦਾ**

ਸ਼ਿਕਲੀਗਰ ਕਬੀਲੇ ਵਿਚ ਔਰਤ ਦੀ ਛਾਤੀ ਨੂੰ ਮਾਂ-ਪਣ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਇਸਨੂੰ ਬੱਚੇ ਦੀ ਅਮਾਨਤ ਸਮਝਿਆ ਜਾਂਦਾ ਹੈ, ਇਸ ਲਈ ਕਿਸੇ ਵੀ ਮਰਦ ਨੂੰ—ਚਾਹੇ



ਉਹ ਪਤੀ ਹੀ ਕਿਉਂ ਨਾ ਹੋਵੇ—ਇਸ 'ਤੇ ਹੱਕ ਨਹੀਂ। ਇਹ ਰਸਮ ਆਧੁਨਿਕ ਸਮਾਜ ਲਈ ਅਜੀਬ ਹੋ ਸਕਦੀ ਹੈ, ਪਰ ਇਹ ਔਰਤ ਦੇ ਸਰੀਰ ਪ੍ਰਤੀ ਆਦਰ ਅਤੇ ਸੁਰੱਖਿਆ ਦੀ ਅਤਿਅੰਤ ਉਦਾਹਰਨ ਹੈ।

**ਵਿਆਹ ਦੀ ਰਸਮ- ਵੀਣੀ ਫੜਨ ਦੀ ਰਿਵਾਇਤ**

ਸ਼ਿਕਲੀਗਰ ਵਿਆਹਾਂ ਵਿਚ ਸਭ ਤੋਂ ਮਹੱਤਵਪੂਰਣ ਰਸਮ ਹੁੰਦੀ ਹੈ ਵੀਣੀ ਫੜਨਾ। ਵਿਆਹ ਸਮੇਂ ਮਰਦ ਸਭ ਦੇ ਸਾਹਮਣੇ ਔਰਤ ਦੀ ਵੀਣੀ ਫੜਦਾ ਹੈ, ਜੋ ਇਹ ਦਰਸਾਉਂਦਾ ਹੈ ਕਿ ਹੁਣ ਉਹ ਇਸ ਰਿਸ਼ਤੇ ਦੀ ਜ਼ਿੰਮੇਵਾਰੀ ਸਾਰੀ ਉਮਰ ਨਿਭਾਏਗਾ।

ਇਸ ਸਮਾਜ ਵਿਚ ਕੁਆਰੀ ਕੁੜੀ ਅਤੇ ਵਿਆਹੀ ਔਰਤ ਦੇ ਕੱਪੜਿਆਂ ਰਾਹੀਂ ਗੁਰਭਿੰਦਰ ਗੁਰੀ ਵੀ ਪਛਾਣ ਹੁੰਦੀ ਹੈ—ਜੋ ਸਮਾਜਿਕ ਅਨੁਸ਼ਾਸਨ ਦਾ ਸਪਸ਼ਟ ਨਮੂਨਾ ਹੈ।

ਦਿਨ ਅਤੇ ਰਾਤ ਦੇ ਕਾਨੂੰਨ- ਸਮੇਂ ਨਾਲ ਬੱਧੀ ਨੈਤਿਕਤਾ

ਸ਼ਿਕਲੀਗਰ ਸਮਾਜ ਦਿਨ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ। ਦਿਨ ਦਾ ਸਮਾਂ ਰੋਜ਼ੀ-ਰੋਟੀ ਅਤੇ ਕੰਮਕਾਜ ਲਈ ਹੁੰਦਾ ਹੈ, ਜਦਕਿ ਰਾਤ ਦਾ ਸਮਾਂ ਪਵਿੱਤਰ ਅਤੇ ਪਰਿਵਾਰਕ ਮੰਨਿਆ ਜਾਂਦਾ ਹੈ। ਰਾਤ ਦੇ ਸਮੇਂ ਕਿਸੇ ਵੀ ਔਰਤ ਜਾਂ ਮਰਦ ਦਾ ਡੇਰੇ ਤੋਂ ਬਾਹਰ ਰਹਿਣਾ ਸਮਾਜਿਕ ਅਪਰਾਧ ਮੰਨਿਆ ਜਾਂਦਾ ਹੈ, ਜਿਸਦੀ ਸਜ਼ਾ ਕਬੀਲੇ ਤੋਂ ਬਹਿਸਕਾਰ ਤੱਕ ਹੋ ਸਕਦੀ ਹੈ।

**ਕਾਨੂੰਨ ਸਭ ਲਈ ਇੱਕੋ- ਮਰਦ ਅਤੇ ਔਰਤ ਦੀ ਬਰਾਬਰੀ**

ਇਸ ਕਬੀਲੇ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਨਿਯਮ ਸਿਰਫ਼ ਔਰਤਾਂ ਲਈ ਨਹੀਂ, ਮਰਦਾਂ ਲਈ ਵੀ ਉਨ੍ਹਾਂ ਹੀ ਸਖ਼ਤ ਹਨ। ਦੋਹਾਂ ਲਈ ਵਫ਼ਾਦਾਰੀ, ਮਰਿਆਦਾ ਅਤੇ ਅਨੁਸ਼ਾਸਨ ਇੱਕੋ ਜਿਹਾ ਲਾਗੂ ਹੁੰਦਾ ਹੈ।

ਇਹ ਇੱਕ ਅਜਿਹਾ ਸਮਾਜ ਜੋ ਸਵਾਲ ਛੱਡ ਜਾਂਦਾ ਹੈ

ਸ਼ਿਕਲੀਗਰ ਕਬੀਲਾ ਸਾਨੂੰ ਇਹ ਸੋਚਣ ਲਈ ਮਜਬੂਰ ਕਰਦਾ ਹੈ ਕਿ ਕੀ ਆਧੁਨਿਕਤਾ ਸਿਰਫ਼ ਕਾਨੂੰਨਾਂ ਅਤੇ ਤਕਨਾਲੋਜੀ ਨਾਲ ਆਉਂਦੀ ਹੈ, ਜਾਂ ਫਿਰ ਨੈਤਿਕਤਾ, ਵਫ਼ਾਦਾਰੀ ਅਤੇ ਮਰਿਆਦਾ ਨਾਲ? ਇਹ ਸਮਾਜ ਪਿੱਛੜਾ ਨਹੀਂ, ਸਗੋਂ ਇੱਕ ਅਜਿਹਾ ਆਇਨਾ ਹੈ, ਜੋ ਸਾਨੂੰ ਆਪਣੇ ਸਮਾਜਕ ਮੂਲਾਂ ਵੱਲ ਮੁੜ ਕੇ ਵੇਖਣ ਲਈ ਮਜਬੂਰ ਕਰਦਾ ਹੈ।

# ਮੁਕੰਮਲ ਔਰਤ ਕਿਸੇ-ਕਿਸੇ ਨੂੰ ਮਿਲਦੀ ਹੈ: ਇਮਰੋਜ਼

**ਇਮਰੋਜ਼ ਦੀ ਬਰਸੀ 'ਤੇ**

"ਔਰਤ ਸਰੀਰ ਤੋਂ ਵੀ ਬਹੁਤ ਅੱਗੇ ਹੈ ਤੇ ਪੂਰੀ ਔਰਤ ਕਿਸੇ-ਕਿਸੇ ਨੂੰ ਹੀ ਮਿਲਦੀ ਹੈ। ਪੂਰੀ ਔਰਤ ਸਿਰਫ ਉਸ ਨੂੰ ਮਿਲਦੀ ਹੈ ਜਿਸ ਨੂੰ ਉਹ ਪਿਆਰ ਕਰਦੀ ਹੈ ਤੇ ਪਿਆਰ 'ਤੇ ਕੋਈ ਪਹਿਰਾ ਨਹੀਂ ਲਾਇਆ ਜਾ ਸਕਦਾ।"

ਇਹ ਕਹਿਣਾ ਹੈ ਮਸ਼ਹੂਰ ਆਰਟਿਸਟ ਇਮਰੋਜ਼ ਦਾ। ਉਹ ਕਹਿੰਦੇ ਹਨ ਇਸ਼ਕ ਅਤੇ ਧਰਮ ਇਨਸਾਨ ਦੇ ਬੇਹਦ ਨਿੱਜੀ ਮਸਲੇ ਹਨ। ਇਸ 'ਤੇ ਕੋਈ ਪਾਬੰਦੀ ਨਹੀਂ ਲਾ ਸਕਦਾ। ਕੁੜੀ ਨੇ ਕਿਸ ਨਾਲ ਜ਼ਿੰਦਗੀ ਬਿਤਾਉਣੀ ਹੈ, ਇਹ ਉਸ 'ਤੇ ਛੱਡ ਦਿਉ। ਲੱਖ ਕੋਸ਼ਿਸ਼ਾਂ ਕਰਕੇ ਵੀ ਤੁਸੀਂ ਉਸ ਦੇ ਮਨ ਨੂੰ ਬੰਨ੍ਹ ਨਹੀਂ ਸਕਦੇ। ਜੇ ਦਬਾਅ 'ਚ ਕੁੜੀ ਨੇ ਤੁਹਾਡੀ ਗੱਲ ਮੰਨ ਵੀ ਲਈ ਤਾਂ ਸਾਰੀ ਉਮਰ ਉਸ ਨੂੰ ਸਮਝੌਤੇ ਹੀ ਕਰਣੇ ਪੈਣਗੇ

**ਹਰਜੋਤ ਸਿੰਘ**
**ਫੋਨ: 70094-52602**

ਤੇ ਜਦੋਂ ਉਸ ਦੇ ਸਬਰ ਦਾ ਬੰਨ੍ਹ ਟੁੱਟ ਜਾਂਦਾ ਹੈ ਤਾਂ ਤੁਸੀਂ ਉਸ ਨੂੰ ਨਾਜਾਇਜ਼ ਸੰਬੰਧ ਆਖਦੇ ਹੋ।

ਆਮ ਲੋਕਾਂ ਲਈ ਅੰਮ੍ਰਿਤਾ ਭਾਵੇਂ ਇਸ ਦੁਨੀਆਂ 'ਚ ਨਹੀਂ ਪਰ ਉਹ ਅੱਜ ਵੀ ਜ਼ਿੰਦਾ ਹੈ। ਜੇਕਰ ਤੁਸੀਂ ਉਨ੍ਹਾਂ ਨਾਲ ਮਿਲਣਾ ਚਾਹੁੰਦੇ ਹੋ ਤਾਂ ਤੁਹਾਨੂੰ ਇਮਰੋਜ਼ ਨਾਲ ਮਿਲਣਾ ਪਵੇਗਾ। ਉਨ੍ਹਾਂ ਵਿਚ ਅੰਮ੍ਰਿਤਾ ਵੀ ਜ਼ਿੰਦਾ ਹੈ। ਉਹ ਕਹਿੰਦੇ ਹਨ ਅੰਮ੍ਰਿਤਾ ਹੈ, ਅਸੀਂ ਇਸ ਤੋਂ ਕਿਵੇਂ ਇਨਕਾਰ ਕਰ ਸਕਦੇ ਹਾਂ।

ਇਸੇ ਲਈ ਗੱਲਬਾਤ ਦੌਰਾਨ ਉਹ ਅੰਮ੍ਰਿਤਾ ਵਾਸਤੇ 'ਹੈ' ਸ਼ਬਦ ਦਾ ਇਸਤੇਮਾਲ ਕਰਦੇ ਹਨ। ਉਨ੍ਹਾਂ ਨਾਲ ਹੋਈ ਲੰਮੀ ਮੁਲਾਕਾਤ ਦੇ ਕੁਝ ਖਾਸ ਹਿੱਸੇ।- ਇਮਰਾਨ ਖ਼ਾਨ

*********''''

* ਤੁਸੀਂ ਇਕ ਕਲਾਕਾਰ ਹੋ, ਪਰ ਤੁਸੀਂ ਅੱਜ ਤੱਕ ਆਪਣੀ ਕੋਈ ਪੇਂਟਿੰਗ ਵੇਚੀ ਨਹੀਂ ਤੇ ਨਾ ਹੀ ਕੋਈ ਪ੍ਰਦਰਸ਼ਨੀ ਲਾਈ, ਅਜਿਹਾ ਕਿਉਂ ?

- ਮੈਂ ਇਕ ਕਲਾਕਾਰ ਹਾਂ, ਇਹ ਗੱਲ ਮੈਨੂੰ ਪਤਾ ਹੈ। ਮੈਂ ਇਹ ਲੋਕਾਂ ਨੂੰ ਕਿਉਂ ਦੱਸਾਂ ਕਿ ਮੈਂ ਇਕ ਕਲਾਕਾਰ ਹਾਂ। ਜਿਸ ਨੂੰ ਮੇਰੀ ਪੇਂਟਿੰਗ ਪਸੰਦ ਹੋਵੇਗੀ ਉਹ ਆ ਕੇ ਲੈ ਜਾਵੇਗਾ। ਨਾ ਮੈਨੂੰ ਸ਼ੌਕ ਹੈ ਕਿ ਲੋਕ ਮੇਰੇ ਬਾਰੇ ਜਾਣਨ ਤੇ ਨਾ ਹੀ ਅੰਮ੍ਰਿਤਾ ਨੂੰ। ਜੇਕਰ ਅਸੀਂ ਪ੍ਰਦਰਸ਼ਨੀ ਲਾਉਂਦੇ ਵੀ ਹਾਂ ਤਾਂ ਉਥੇ ਅਜਿਹੇ ਲੋਕ ਆਉਂਦੇ ਹਨ ਜੋ ਸਾਨੂੰ ਜਾਣਦੇ ਨਹੀਂ, ਇਸ ਦਾ ਕੀ ਫਾਇਦਾ ਹੈ ? ਇਹ ਸਬ ਫਿਜ਼ੂਲ ਹੈ। ਮੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਇਕ ਕਲਾਕਾਰ ਹਾਂ ਹੋਰ ਕਿਸੇ ਨੂੰ ਪਤਾ ਹੋਣ ਜਾਂ ਨਾ ਹੋਣ ਨਾਲ ਕੀ ਫਰਕ ਪੈਂਦਾ ਹੈ। ਮੈਂ ਤੇ ਅੰਮ੍ਰਿਤਾ ਦੋਵੇਂ ਇਸੇ ਤਰ੍ਹਾਂ ਹੀ ਰਹਿੰਦੇ ਹਾਂ। ਬਹੁਤੇ ਲੇਖਕਾਂ ਦੀਆਂ ਕਿਤਾਬਾਂ ਦੇ ਪਹਿਲੇ 4-5 ਪੰਨਿਆਂ 'ਚ ਭੂਮਿਕਾ ਹੁੰਦੀ ਹੈ ਜੋ ਦੂਜੇ ਲੋਕਾਂ ਨੇ ਲਿਖੀ ਹੁੰਦੀ ਹੈ। ਇਹ ਸਿੱਧੇ ਤੌਰ 'ਤੇ ਲੇਖਕ ਨੂੰ ਔਬਲਾਈਜ਼ ਕਰਣ ਵਾਲੀ ਗੱਲ ਹੈ। ਅੰਮ੍ਰਿਤਾ ਦੀਆਂ ਤਕਰੀਬਨ 75 ਕਿਤਾਬਾਂ ਛਪੀਆਂ ਹਨ, ਮੈਂ ਉਨ੍ਹਾਂ 'ਤੇ ਅਜਿਹਾ ਕੁਝ ਨਹੀਂ ਵੇਖਿਆ। ਅਸੀਂ ਸਿਰਫ ਆਪਣੇ ਲਈ ਜ਼ਿੰਦਗੀ ਗੁਜ਼ਾਰੀ ਹੈ। ਮੈਂ ਅੰਮ੍ਰਿਤਾ ਨੂੰ ਜਾਣਦਾ ਹਾਂ ਤੇ ਅੰਮ੍ਰਿਤਾ ਮੈਨੂੰ। ਦੁਨੀਆਂ 'ਚ ਇਕ ਹੀ ਵਿਅਕਤੀ ਕਾਫੀ ਹੈ ਤੁਹਾਨੂੰ ਜਾਣਨ ਲਈ। ਮੈਂ ਅੰਮ੍ਰਿਤਾ ਦਾ ਸਮਾਜ ਹਾਂ ਤੇ ਉਹ ਮੇਰਾ। ਬਾਕੀ ਸਾਨੂੰ ਕਿਸੇ ਤੋਂ ਕੁਝ ਲੈਣਾ-ਦੇਣਾ ਨਹੀਂ।

* ਜਿਹੜੇ ਮਾਂ-ਬਾਪ ਪਿਆਰ 'ਤੇ ਪਾਬੰਦੀ ਲਾਉਂਦੇ ਹਨ, ਉਨ੍ਹਾਂ ਬਾਰੇ ਕੀ ਸੋਚਦੇ ਹੋ ?

- ਪਿਆਰ 'ਤੇ ਕੋਈ ਪਾਬੰਦੀ ਨਹੀਂ ਲਾਈ ਜਾ ਸਕਦੀ। 'ਲਵ ਇਜ਼ ਗੌਡ' ਤੁਸੀਂ ਹੀ ਤਾਂ ਕਹਿੰਦੇ ਹੋ ਤੇ ਪਿਆਰ 'ਤੇ ਪਾਬੰਦੀ ਦੀ ਗੱਲ ਵੀ ਕਰਦੇ ਹੋ। ਜੇ ਦੋ ਇਨਸਾਨ ਇਕ-ਦੂਜੇ ਨੂੰ ਪਿਆਰ ਕਰਦੇ ਹਨ ਤਾਂ ਦੁਨੀਆਂ ਦਾ ਕੋਈ ਫੈਸਲਾ ਉਨ੍ਹਾਂ 'ਤੇ ਲਾਗੂ ਨਹੀਂ ਹੁੰਦਾ। ਜਿਹੜੇ ਮਾਪਿਆਂ ਨੂੰ ਲਗਦਾ ਹੈ ਕਿ ਉਹ ਪਿਆਰ 'ਤੇ ਪਹਿਰਾ ਲਾ ਸਕਦੇ ਹਨ ਇਹ ਉਨ੍ਹਾਂ ਦੀ ਬੜੀ ਵੱਡੀ ਭੁੱਲ ਹੈ। ਜਿਵੇਂ ਫੁੱਲ ਨੂੰ ਕੋਈ ਖਿੜਣ ਤੋਂ ਰੋਕ ਨਹੀਂ ਸਕਦਾ ਉਸੇ ਤਰ੍ਹਾਂ ਪਿਆਰ ਕਰਨ ਵਾਲਿਆਂ 'ਤੇ ਕੋਈ ਪਹਿਰਾ ਨਹੀਂ ਲਾਇਆ ਜਾ ਸਕਦਾ। ਮਾਪੇ ਅਜਿਹਾ ਇਸ ਕਰਕੇ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਵਿਆਹ ਵੀ ਇਸੇ ਤਰ੍ਹਾਂ ਹੋਇਆ ਹੁੰਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸੋਸਾਇਟੀ ਨੂੰ ਵੀ ਜਵਾਬ ਦੇਣਾ ਹੁੰਦਾ ਹੈ। ਇਨਸਾਨ ਆਪਣੇ ਲਈ ਨਹੀਂ ਸੋਸਾਇਟੀ ਲਈ ਜੀ ਰਿਹਾ ਹੈ। ਦੋ ਨੌਜਵਾਨ ਲੋਕਾਂ ਦਾ ਇਹ ਨਿੱਜੀ ਮਸਲਾ ਹੈ ਕਿ ਉਹ ਕਿਸ ਨਾਲ ਰਹਿਣਾ ਪਸੰਦ ਕਰਦੇ ਹਨ।

* ਤੁਹਾਡਾ ਰਹਿਣ-ਸਹਿਣ ਕਿਵੇਂ ਦਾ ਸੀ ?

- ਅਸੀਂ ਸਾਦੀ ਜ਼ਿੰਦਗੀ 'ਚ ਯਕੀਨ ਰੱਖਦੇ ਹਾਂ। ਮੈਂ ਤੇ ਅੰਮ੍ਰਿਤਾ ਕਿਸੇ ਨੂੰ ਡਿਨਰ 'ਤੇ ਨਹੀਂ ਬੁਲਾਉਂਦੇ। ਇਹ ਤਾਂ ਸਾਡੀ ਮਰਜ਼ੀ 'ਤੇ ਹੈ ਕਿ ਅਸੀਂ ਕਿਸ ਨੂੰ ਬੁਲਾਉਣਾ ਹੈ ਤੇ ਕਿਸ ਨੂੰ ਨਹੀਂ। ਅਸੀਂ ਦੋਵੇਂ ਇਕੋ ਸਬਜ਼ੀ ਨਾਲ ਰੋਟੀ ਖਾਉਂਦੇ ਹਾਂ। ਜੇਕਰ ਅਸੀਂ ਕਿਸੇ ਨੂੰ ਬੁਲਾਈਏ ਤਾਂ ਸਾਨੂੰ ਉਸ ਵਾਸਤੇ ਸਬਜ਼ੀ ਵੀ ਬਨਾਉਣੀ ਪਵੇਗੀ। ਕੀ ਲੋੜ ਹੈ ਇਹ ਕਰਣ ਦੀ ? ਲੋਕ ਨੌਕਰ ਕਿਉਂ ਰਖਦੇ ਹਨ, ਕਿਉਂਕਿ ਉਹ ਉਨ੍ਹਾਂ ਨੂੰ ਅਰਾਮ ਦਿੰਦੇ ਹਨ। ਮੈਂ ਆਪਣੇ ਕਮਰੇ 'ਚ ਪੇਂਟਿੰਗ ਬਣਾ ਰਿਹਾ ਹੁੰਦਾ ਹਾਂ ਤੇ ਅੰਮ੍ਰਿਤਾ ਆਪਣੇ ਕਮਰੇ 'ਚ ਲਿਖ ਰਹੀ ਹੁੰਦੀ ਹੈ ਤੇ ਸਾਨੂੰ ਨੌਕਰ ਦਾ ਧਿਆਣ ਰੱਖਣਾ ਪੈਂਦਾ ਹੈ ਕਿ ਉਹ ਕੀ ਕਰ ਰਿਹਾ ਹੈ। ਇਸੇ ਲਈ ਅਸੀਂ ਨੌਕਰ ਨਹੀਂ ਰਖਦੇ। ਜੇਕਰ ਔਰਤ ਘਰ 'ਚ ਰਹਿੰਦੀ ਹੈ ਤਾਂ ਉਸ ਨੂੰ ਖੁਦ ਰੋਟੀ ਬਨਾਉਣੀ ਚਾਹੀਦੀ ਹੈ। ਅੰਮ੍ਰਿਤਾ ਖੁਦ ਖਾਣਾ ਬਨਾਉਂਦੀ ਹੈ। ਅਸੀਂ ਦੋਵੇਂ ਰੱਲ ਕੇ ਰਸੋਈ ਦਾ ਸਾਰਾ ਕੰਮ ਕਰਦੇ ਹਾਂ।

* ਤੁਸੀਂ ਤੇ ਅੰਮ੍ਰਿਤਾ ਮੁਸ਼ਾਇਰੇ 'ਚ ਨਹੀਂ ਜਾਂਦੇ, ਕਿਉਂ ?

- ਮੁਸ਼ਾਇਰਾ ਹੋਰ ਮੂਡ ਦਾ ਹੁੰਦਾ ਹੈ। ਅਸੀਂ ਉਸ 'ਚ ਫਿੱਟ ਨਹੀਂ ਬੈਠਦੇ। ਮੈਂ ਕਦੇ ਮੁਸ਼ਾਇਰੇ 'ਚ ਨਹੀਂ ਜਾਉਂਦਾ, ਅੰਮ੍ਰਿਤਾ ਸ਼ਾਇਦ ਇਕ ਵਾਰ ਗਈ ਹੈ। ਸ਼ਾਇਰ ਪਰਦੇ ਦੇ ਪਿੱਛੇ ਸ਼ਰਾਬ ਪੀ ਰਹੇ ਹੁੰਦੇ ਹਨ ਤੇ ਫਿਰ ਸ਼ਾਇਰੀ ਸੁਨਾਉਂਦੇ ਹਨ। ਛੋਟੇ-ਮੋਟੇ ਸ਼ਾਇਰਾਂ ਨੂੰ ਪਹਿਲਾਂ ਮੌਕਾ ਦਿੱਤਾ ਜਾਂਦਾ ਹੈ। ਵੱਡੇ ਸ਼ਾਇਰ ਬਾਅਦ ਵਿਚ ਆਉਂਦੇ ਹਨ ਤਾਂ ਜੋ ਭੀੜ ਬਣੀ ਰਹੇ। ਅਜਿਹਾ ਕਰਨ ਦੀ ਕੀ ਲੋੜ ਹੈ ਕਿਉਂ ਨਾ ਚੰਗੇ ਸ਼ਾਇਰਾਂ ਦੀਆਂ ਹੀ ਜ਼ਿਆਦਾ ਨਜ਼ਮਾਂ ਸੁਣ ਲਈਆਂ ਜਾਣ।





* ਤੁਸੀਂ ਖੁਦਾ 'ਚ ਯਕੀਨ ਰੱਖਦੇ ਹੋ ?

ਲੋਕ ਮੰਦਰ, ਮਸਜਿਦ ਜਾਂ ਗੁਰਦਵਾਰੇ ਕਿਉਂ ਜਾਂਦੇ ਹਨ ? ਕਿਉਂਕਿ ਉਨ੍ਹਾਂ ਨੇ ਖੁਦਾ ਤੋਂ ਕੁਝ ਮੰਗੁਣਾ ਹੁੰਦਾ ਹੈ। ਕੀ ਭਗਵਾਨ ਕਿਸੇ ਦਾ ਨੌਕਰ ਹੈ? ਉਹ ਕਿਸ-ਕਿਸ ਦੇ ਕੰਮ ਕਰਦਾ ਰਹੇਗਾ। ਤੁਸੀਂ ਭਗਵਾਨ ਕੋਲ ਸਿਰਫ ਮੰਗਣ ਜਾਂਦੇ ਹੋ, ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ ਅਸੀਂ ਨਹੀਂ ਜਾਉਂਦੇ। ਤੁਸੀਂ ਅਜਿਹਾ ਕਿਉਂ ਕਹਿੰਦੇ ਹੋ ਕਿ ਜੇਕਰ ਸਾਡਾ ਇਹ ਕੰਮ ਹੋ ਜਾਵੇਗਾ ਤਾਂ ਅਸੀਂ ਹਵਨ ਕਰਵਾਵਾਂਗੇ ਜਾਂ ਹੋਰ ਕੁਝ। ਤੁਸੀਂ ਸਿੱਧੇ ਤੌਰ 'ਤੇ ਭਗਵਾਨ ਨੂੰ ਰਿਸ਼ਵਤ ਦੇ ਰਹੇ ਹੋ। ਭਗਵਾਨ ਨੂੰ ਤਾਂ ਛੱਡ ਦਿਉ। ਕੋਈ ਕਹਿੰਦਾ ਹੈ ਭਗਵਾਨ ਮੇਰਾ ਵਿਆਹ ਕਰਵਾ ਦਿਉ, ਕੋਈ ਕਹਿੰਦਾ ਹੈ ਮੈਨੂੰ ਪਾਸ ਕਰਵਾ ਦਿਉ ਅਤੇ ਚੋਰ ਕਹਿੰਦਾ ਹੈ ਕਿ ਭਗਵਾਨ ਮੇਰੀ ਚੋਰੀ 'ਤੇ ਪਰਦਾ ਪਾਈ ਰੱਖੀਂ। ਚੋਰ ਇਹ ਨਹੀਂ ਕਹਿੰਦਾ ਕਿ ਭਗਵਾਨ ਚੋਰੀ ਦੀ ਆਦਤ ਛਡਵਾ ਦੇ। ਜੇਕਰ ਤੁਸੀਂ ਸੋਚਦੇ ਹੋ ਕਿ ਖੁਦਾ ਹੈ ਤਾਂ ਤੁਸੀਂ ਸਾਰੀਆਂ ਚੀਜ਼ਾਂ ਉਸ 'ਤੇ ਛੱਡ ਦਿੰਦੇ ਹੋ। ਜੇਕਰ ਸੋਚਦੇ ਹੋ ਕਿ ਉਹ ਨਹੀਂ ਹੈ ਤਾਂ ਤੁਸੀਂ ਦੋ ਤਰੀਕਿਆਂ ਨਾਲ ਸੋਚਦੇ ਹੋ। ਲੋਕ ਕਹਿੰਦੇ ਹਨ ਕਿ ਸਾਰਾ ਕੁਝ ਭਗਵਾਨ ਦੀ ਮਰਜ਼ੀ ਨਾਲ ਹੁੰਦਾ ਹੈ। ਜੇਕਰ ਕਿਸੇ ਦਾ ਕਤਲ ਹੁੰਦਾ ਹੈ ਤਾਂ ਉਹ ਵੀ ਭਗਵਾਨ ਦੀ ਮਰਜ਼ੀ ਨਾਲ ਹੋਇਆ ਹੈ। ਫਿਰ ਕਾਤਲ ਨੂੰ ਕਿਉਂ ਫੜਦੇ ਹੋ, ਭਗਵਾਨ ਨੂੰ ਫੜੋ ਜਾ ਕੇ। ਕਤਲ 'ਤੇ ਆ ਕੇ ਗੱਲ ਬਦਲ ਜਾਂਦੀ ਹੈ। ਤੁਸੀਂ ਸਿਰਫ ਆਪਣੇ ਫਾਇਦੇ ਲਈ ਭਗਵਾਨ ਨੂੰ ਇਸਤੇਮਾਲ ਕਰਦੇ ਹੋ।

* ਤੁਸੀਂ ਲਗਭਗ 40 ਸਾਲ ਇਕੱਠੇ ਰਹੇ, ਫਿਰ ਵੀ ਕਦੇ ਪਿਆਰ ਦਾ ਇਜ਼ਹਾਰ ਨਹੀਂ ਕੀਤਾ ?

- ਇਜ਼ਹਾਰ ਕਰਣ ਦੀ ਲੋੜ ਹੀ ਕੀ ਹੈ। ਜੇਕਰ ਕੋਈ ਬਿਨਾ ਕੁਝ ਦੱਸੇ ਹੀ ਸੱਭ ਕੁਝ ਕਹਿ ਦੇਵੇ ਤਾਂ ਦੱਸਣ ਦੀ ਕੀ ਲੋੜ ਹੈ। 40 ਸਾਲਾਂ 'ਚ ਅਸੀਂ ਇਕ ਦੂਜੇ ਨੂੰ 'ਆਈ ਲਵ ਯੂ' ਨਹੀਂ ਕਿਹਾ। ਪਿਆਰ ਹੈ ਤਾਂ ਹੈ, ਦੱਸਣ ਦੀ ਕੀ ਲੋੜ ਹੈ। ਜੇਕਰ ਕੋਈ ਮੈਨੂੰ ਖੂਬਸੂਰਤ ਲਗਦਾ ਹੈ ਤਾਂ ਲਗਦਾ ਹੈ, ਉਸ ਨੂੰ ਆਪਣੇ ਆਪ ਅਹਿਸਾਸ ਹੋ ਜਾਵੇਗਾ। ਜੇਕਰ ਅਸੀਂ ਕਿਸੇ ਨੂੰ ਕਹਿੰਦੇ ਹਾਂ ਕਿ ਮੈਂ ਤੈਨੂੰ ਪਿਆਰ ਕਰਦਾ ਹਾਂ ਤਾਂ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਮੈਂ ਤੈਨੂੰ ਪਿਆਰ ਕਰਦਾ ਹਾਂ ਤੇ ਤੂੰ ਵੀ ਮੈਨੂੰ ਪਿਆਰ ਕਰ। ਪਿਆਰ ਨੂੰ ਇਜ਼ਹਾਰ ਦੀ ਜ਼ਰੂਰਤ ਨਹੀਂ। ਇਜ਼ਹਾਰ ਤਾਂ ਕੋਸ਼ਿਸ਼ ਹੈ ਪਿਆਰ ਬਨਾਉਣ ਦੀ।

* ਅੰਮ੍ਰਿਤਾ ਜੀ ਦਾ ਕਮਰਾ ਘਰ ਦੀ ਸ਼ੁਰੂਆਤ 'ਚ ਸੀ ਤੇ ਤੁਹਾਡਾ ਅਖੀਰ 'ਚ, ਅਜਿਹਾ ਕਿਉਂ ?

- ਮੈਂ ਇਕ ਕਲਾਕਾਰ ਹਾਂ ਤੇ ਉਹ ਲੇਖਿਕਾ। ਪਤਾ ਨਹੀਂ ਕਦੋਂ ਉਹ ਲਿਖਣਾ ਸ਼ੁਰੂ ਕਰ ਦੇਵੇ ਤੇ ਮੈਂ ਪੇਂਟਿੰਗ ਬਨਾਉਣਾ। ਇੰਨਾ ਵੱਡਾ ਘਰ ਹੁੰਦਾ ਹੈ ਫਿਰ ਵੀ ਪਤੀ-ਪਤਨੀ ਇਕ ਬਿਸਤਰੇ 'ਤੇ ਕਿਉਂ ਸੌਂਦੇ ਹਨ ? ਉਨ੍ਹਾਂ ਦਾ ਮਕਸਦ ਕੁਝ ਹੋਰ ਹੁੰਦਾ ਹੈ, ਸਾਡਾ ਅਜਿਹਾ ਕੋਈ ਮਕਸਦ ਨਹੀਂ ਇਸ ਲਈ ਅਸੀਂ ਅਲਗ ਸੌਂਦੇ ਹਾਂ। ਜੇਕਰ ਅਸੀਂ ਇਕੱਠੇ ਸੌਂਦੇ ਤਾਂ ਜੇਕਰ ਮੈਂ ਹਿਲਦਾ ਤਾਂ ਉਸ ਨੂੰ ਪਰੇਸ਼ਾਨੀ ਹੋਣੀ ਸੀ ਤੇ ਜੇਕਰ ਉਹ ਹਿਲਦੀ ਤਾਂ ਮੈਨੂੰ। ਅਸੀਂ ਇਕ ਦੂਜੇ ਨੂੰ ਪਰੇਸ਼ਾਨੀ ਨਹੀਂ ਦੇਣਾ ਚਾਹੁੰਦੇ। ਅੱਜਕਲ ਵਿਆਹ ਸਿਰਫ ਔਰਤ ਦੇ ਸਰੀਰ ਵਾਸਤੇ ਹੁੰਦੇ ਹਨ। ਮਰਦ ਵਾਸਤੇ ਔਰਤ ਸਿਰਫ ਸਰਵਿੰਗ ਵੂਮੈਨ ਹੈ, ਕਿਉਂਕਿ ਉਹ ਨੌਕਰ ਤੋਂ ਸਸਤੀ ਹੈ। ਆਮ ਵਿਅਕਤੀ ਨੂੰ ਔਰਤ ਸਿਰਫ ਸਰੀਰ ਤੱਕ ਹੀ ਮਿਲਦੀ ਹੈ, ਪਿਆਰ ਤਾਂ ਕਿਸੇ-ਕਿਸੇ ਨੂੰ ਹੀ ਮਿਲਦਾ ਹੈ।

* ਤੁਸੀਂ ਅੰਮ੍ਰਿਤਾ ਜੀ ਨਾਲ ਆਪਣਾ ਜਨਮਦਿਨ ਪਹਿਲੀ ਵਾਰ ਮਨਾਇਆ ਸੀ। ਕਿਹੋ ਜਿਹਾ ਮਹਿਸੂਸ ਹੋਇਆ ਸੀ ?

- ਚੰਗਾ ਲੱਗਾ। ਉਹ ਤਾਂ ਬਾਈਚਾਂਸ ਹੀ ਮਨਾ ਲਿਆ। ਉਸਦੇ ਤੇ ਮੇਰੇ ਘਰ 'ਚ ਸਿਰਫ ਇਕ ਸੜਕ ਦਾ ਫਾਸਲਾ ਸੀ। ਮੈਂ ਉਸ ਨਾਲ ਮਿਲਣ ਜਾਂਦਾ ਰਹਿੰਦਾ ਸਾਂ। ਉਸ ਦਿਨ ਅਸੀਂ ਇਕੱਠੇ ਬੈਠੇ ਸੀ। ਮੈਂ ਉਸ ਨੂੰ ਦੱਸਿਆ ਕਿ ਅੱਜ ਦੇ ਦਿਨ ਹੀ ਮੈਂ ਪੈਦਾ ਹੋਇਆ ਸੀ। ਉਹ ਉਠ ਕੇ ਬਾਹਰ ਗਈ ਤੇ ਕੁਝ ਚਿਰ ਬਾਅਦ ਆ ਕੇ ਬੈਠ ਗਈ। ਸਾਡੇ ਪਿੰਡ ਜਨਮ ਦਿਨ ਮਨਾਉਣ ਦਾ ਰਿਵਾਜ਼ ਨਹੀਂ। ਪੈਦਾ ਹੋ ਗਏ ਤਾਂ ਹੋ ਗਏ। ਇਹ ਰਿਵਾਜ਼ ਤਾਂ ਅੰਗਰੇਜ਼ਾਂ ਦਾ ਹੈ। ਥੋੜੀ ਦੇਰ ਬਾਅਦ ਇਕ ਵਿਅਕਤੀ ਕੇਕ ਲੈ ਕੇ ਆਇਆ। ਉਸ ਨੇ ਕੇਕ ਕੱਟਿਆ। ਥੋੜ੍ਹਾ ਮੈਨੂੰ ਦਿੱਤਾ ਤੇ ਥੋੜ੍ਹਾ ਆਪ ਖਾਦਾ। ਨਾ ਉਸ ਨੇ ਮੈਨੂੰ ਹੈਪੀ ਬਰਥਡੇ ਕਿਹਾ ਨਾ ਮੈ ਥੈਂਕਯੂ। ਬੱਸ ਅਸੀਂ ਇਕ ਦੂਜੇ ਨੂੰ ਵੇਖਦੇ ਤੇ ਮੁਸਕੁਰਾਉਂਦੇ ਰਹੇ।

* ਅੱਜ ਕਲ ਤੁਹਾਡੇ ਕੀ ਰੁਝਾਨ ਹਨ ?

- ਹੁਣ ਮੈਂ ਘਰ ਹੀ ਰਹਿੰਦਾ ਹਾਂ। ਕੀ ਲੋੜ ਹੈ ਬਾਹਰ ਜਾਣ ਦੀ। ਕਵਿਤਾਵਾਂ ਲਿਖਦਾ ਹਾਂ, ਪੇਂਟਿੰਗ ਕਰਦਾ ਹਾਂ, ਖੁਸ਼ ਹਾਂ ਆਪਣੀ ਜ਼ਿੰਦਗੀ ਤੋਂ। ਕਦੇ-ਕਦੇ ਬਾਹਰ ਸਬਜ਼ੀ ਲੈਣ ਚਲਾ ਜਾਂਦਾ ਹਾਂ।

* ਇਸ ਸਮੇਂ ਦੇ ਲੋਕਾਂ ਬਾਰੇ ਕੀ ਕਹੋਗੇ ?

- ਅੱਜ ਕਲ ਕੋਈ ਜ਼ਿੰਦਾ ਨਹੀਂ। ਸਭ ਡੈਡ ਹੋ ਚੁੱਕੇ ਹਨ। ਜੋ ਮੁਆਫੀ ਨਹੀਂ ਮੰਗਦਾ, ਉਹ ਮਰ ਚੁੱਕਿਆ ਹੈ। ਜ਼ਿੰਦਾ ਇਨਸਾਨ ਨੂੰ ਕਦੇ ਨਾ ਕਦੇ ਇਕ ਵਾਰ ਆਪਣੀ ਗਲਤੀ ਦਾ ਅਹਿਸਾਸ ਤਾਂ ਹੁੰਦਾ ਹੀ ਹੈ। ਗੁਜਰਾਤ ਦੇ ਦੰਗਿਆਂ 'ਚ ਇਕ ਹਜ਼ਾਰ ਤੋਂ ਵੱਧ ਮੁਸਲਮਾਨ ਮਾਰੇ ਗਏ ਪਰ ਅੱਜ ਤੱਕ ਉਥੇ ਦੇ ਕਿਸੇ ਬੰਦੇ ਨੇ ਗਲਤੀ ਨਹੀਂ ਮੰਨੀ। ਕਿਉਂ? ਕਿਉਂਕਿ ਉਹ ਮਰ ਚੁੱਕੇ ਨੇ। ਅੱਜ ਕੋਈ ਵੀ ਮਜ਼ਹਬ ਇਨਸਾਨ ਨਹੀਂ ਬਣਾ ਰਿਹਾ। ਸਾਰੇ ਆਪਣੇ ਇਸਤੇਮਾਲ ਲਈ ਭੀੜ ਇਕੱਠੀ ਕਰ ਰਹੇ ਹਨ। ਕੋਈ ਇਹ ਨਹੀਂ ਕਹਿ ਸਕਦਾ ਕਿ ਅਸੀਂ ਦੂਜਿਆਂ ਨਾਲੋਂ ਚੰਗੇ ਹਾਂ ਕਿਉਂਕਿ ਸਭ ਵਹਿਸ਼ੀ ਹੋ ਚੁੱਕੇ ਹਨ।

# ਸੱਦਾਮ ਹੁਸੈਨ

30 ਦਸੰਬਰ 2006 ਨੂੰ ਸੱਦਾਮ ਹੁਸੈਨ ਨੂੰ ਤੜਕਸਾਰ ਤਿੰਨ ਵਜੇ ਉਠਾ ਕੇ ਦੱਸਿਆ ਗਿਆ ਸੀ ਕਿ ਉਨ੍ਹਾਂ ਨੂੰ ਕੁਝ ਦੇਰ 'ਚ ਹੀ ਫਾਂਸੀ ਦੇ ਦਿੱਤੀ ਜਾਵੇਗੀ। ਸੱਦਾਮ ਕੁਝ ਨਿਰਾਸ਼ ਹੋਏ। ਉਨ੍ਹਾਂ ਨੇ ਚੁੱਪ-ਚਾਪ ਜਾ ਕੇ ਇਸ਼ਨਾਨ ਕੀਤਾ ਅਤੇ ਫਿਰ ਫਾਂਸੀ ਦੇ ਲਈ ਖ਼ੁਦ ਤਿਆਰ ਵੀ ਹੋਏ। ਇਰਾਕ ਦੇ ਸਾਬਕਾ ਰਾਸ਼ਟਰਪਤੀ ਸੱਦਾਮ ਹੁਸੈਨ ਦੀ ਸੁਰੱਖਿਆ 'ਚ ਤੈਨਾਤ 12 ਅਮਰੀਕੀ ਸੁਰੱਖਿਆ ਮੁਲਾਜ਼ਮਾਂ 'ਚੋਂ ਇੱਕ ਵਿਲ ਬਾਰਡਨਵਰਪਰ ਨੇ ਆਪਣੀ ਕਿਤਾਬ 'ਦਿ ਪ੍ਰਿਜ਼ਨ ਇਨ ਹਿਜ਼ ਪੈਲੇਸ' 'ਚ ਸੱਦਾਮ ਹੁਸੈਨ ਦੀ ਜ਼ਿੰਦਗੀ ਦੇ ਆਖ਼ਰੀ ਦਿਨ ਬਾਰੇ ਲਿਖਿਆ ਹੈ। ਵਿਲ ਬਾਰਡਨਵਰਪਰ ਦੇ ਅਨੁਸਾਰ ਆਪਣੇ ਆਖ਼ਰੀ ਦਿਨਾਂ 'ਚ ਇਰਾਕ ਦੇ ਸਾਬਕਾ ਤਾਨਾਸ਼ਾਹ ਸੱਦਾਮ ਹੁਸੈਨ ਨੂੰ ਉਮੀਦ ਸੀ ਕਿ ਉਨ੍ਹਾਂ ਨੂੰ ਫਾਂਸੀ ਨਹੀਂ ਦਿੱਤੀ ਜਾਵੇਗੀ। ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੱਕ ਇਰਾਕ 'ਤੇ ਸ਼ਾਸਨ ਕਰਨ ਤੋਂ ਬਾਅਦ ਸਾਲ 2003 'ਚ ਸੱਦਾਮ ਹੁਸੈਨ ਦੀ ਸੱਤਾ ਦਾ ਅੰਤ ਹੋਇਆ ਸੀ।

ਕਿਹਾ ਜਾਂਦਾ ਹੈ ਕਿ ਇਰਾਕੀ ਰਾਸ਼ਟਰਪਤੀ ਸੱਦਾਮ ਹੁਸੈਨ ਨੇ ਆਪਣੀ ਗ੍ਰਿਫ਼ਤਾਰੀ ਤੋਂ ਬਾਅਦ ਮੁਕੱਦਮੇ ਦੌਰਾਨ ਅਦਾਲਤ ਨੂੰ ਸ਼ਿਕਾਇਤ ਕੀਤੀ ਸੀ ਕਿ ਉਸ ਨੂੰ ਜੇਲ੍ਹ ਵਿਚ ਸਹੀ ਸਹੂਲਤਾਂ ਨਹੀਂ ਦਿੱਤੀਆਂ ਜਾ ਰਹੀਆਂ। ਉਹ ਥੱਕਿਆ ਹੋਇਆ ਅਤੇ ਗੁੱਸੇ ਵਿਚ ਦਿਖਾਈ ਦੇ ਰਿਹਾ ਸੀ। ਉਸ ਨੇ ਕਿਹਾ ਕਿ ਕਈ ਦਿਨਾਂ ਤੋਂ ਆਪਣੇ ਕੱਪੜੇ ਬਦਲਣ ਦੀ ਇਜਾਜ਼ਤ ਨਹੀਂ ਸੀ, ਸਿਗਰਟ ਪੀਣ ਦੀ ਮਨਾਹੀ ਸੀ, ਅਤੇ ਉਸ ਦੇ ਕੋਲ ਸਿਰਫ਼ ਇੱਕ ਪੁਰਾਣਾ ਜੋੜਾ ਜੁੱਤੀ ਸੀ ਜੋ ਹੁਣ ਘਸ ਗਈ ਸੀ। ਅਦਾਲਤ ਨੇ ਉਸ ਦੀਆਂ ਕੁਝ ਸ਼ਿਕਾਇਤਾਂ 'ਤੇ ਵਿਚਾਰ ਕੀਤਾ ਅਤੇ ਉਸ ਦੀ ਜੇਲ੍ਹ ਦੀ ਸਥਿਤੀ ਵਿਚ ਸੁਧਾਰ ਕਰਨ ਦਾ ਆਦੇਸ਼ ਦਿੱਤਾ, ਜਿਸ ਤੋਂ ਬਾਅਦ ਉਸ ਨੂੰ ਨਵੇਂ ਜੁੱਤੇ, ਕੱਪੜੇ ਧੋਣ ਦੀਆਂ ਸਹੂਲਤਾਂ ਅਤੇ ਸਿਗਰਟ ਪੀਣ ਦੀ ਇਜਾਜ਼ਤ ਦਿੱਤੀ ਗਈ।

ਇਹ ਸੱਦਾਮ ਹੁਸੈਨ ਸੀ, ਇਰਾਕ ਦਾ ਸਾਬਕਾ ਸ਼ਾਸਕ। ਉਸ ਕੋਲ ਦਰਜਨਾਂ ਆਲੀਸ਼ਾਨ ਮਹਿਲ, ਹਜ਼ਾਰਾਂ ਮਹਿੰਗੇ ਸੂਟ, ਸੈਂਕੜੇ ਜੋੜੇ ਜੁੱਤੀਆਂ, ਹਜ਼ਾਰਾਂ ਮਹਿੰਗੇ ਪਰਫਿਊਮ ਅਤੇ 1,100 ਤੋਂ ਵੱਧ ਲਗਜ਼ਰੀ ਕਾਰਾਂ ਸਨ। ਉਸ ਦੀਆਂ ਮੁੱਛਾਂ ਨੂੰ ਰੰਗਣ ਲਈ ਬਾਰਾਂ ਮਾਹਿਰਾਂ ਦੀ ਇੱਕ ਵਿਸ਼ੇਸ਼ ਟੀਮ ਨੂੰ ਨਿਯੁਕਤ ਕੀਤਾ ਗਿਆ ਸੀ। ਉਸ ਦੇ ਸਿਗਾਰ ਸਿੱਧੇ ਹਵਾਨਾ ਤੋਂ ਲਿਆਂਦੇ ਜਾਂਦੇ ਸਨ, ਉਸ ਦੇ ਪੀਣ ਵਾਲੇ ਪਦਾਰਥ ਵਿਸ਼ੇਸ਼ ਤੌਰ 'ਤੇ ਫਰਾਂਸੀਸੀ ਕੰਪਨੀਆਂ ਦੁਆਰਾ ਤਿਆਰ ਕੀਤੇ ਜਾਂਦੇ ਸਨ, ਉਸ ਦੇ ਮਾਪ ਲੈਣ ਲਈ ਲੰਡਨ ਤੋਂ ਦਰਜ਼ੀ ਭੇਜੇ ਜਾਂਦੇ ਸਨ, ਅਤੇ ਬਗਦਾਦ ਵਿੱਚ ਸਿਰਫ਼ ਉਸ ਦੀ ਲਾਂਡਰੀ ਲਈ ਇੱਕ ਵੱਖਰਾ 'ਰਾਇਲ ਵਾਸ਼ਿੰਗ ਸੈਂਟਰ' ਸਥਾਪਤ ਕੀਤਾ ਗਿਆ ਸੀ, ਧੋਬੀ ਨੂੰ ਆਨਰੇਰੀ ਕਰਨਲ ਦਾ ਦਰਜਾ ਦਿੱਤਾ ਗਿਆ ਸੀ। ਉਸ ਦੇ ਸੂਟ ਦੀ ਦੁਬਾਰਾ ਵਾਰੀ ਆਉਣ ਲਈ ਦੋ ਜਾਂ ਤਿੰਨ ਸਾਲ ਲੱਗ ਜਾਂਦੇ ਸਨ, ਕਿਉਂਕਿ ਉਸ ਦੀਆਂ ਅਲਮਾਰੀਆਂ ਬੇਅੰਤ ਦੌਲਤ ਨਾਲ ਭਰੀਆਂ ਹੋਈਆਂ ਸਨ।

ਇਹ ਸੋਚ ਕੇ ਦਿਲ ਦਹਿਲ ਜਾਂਦਾ ਹੈ ਕਿ ਓਹੀ ਬੇਤਾਜ ਬਾਦਸ਼ਾਹ, ਜੋ ਕਦੇ ਮਹਿਲਾਂ ਦੀਆਂ ਛੱਤਾਂ ਹੇਠ ਐਸ਼ੋ-ਆਰਾਮ ਵਿਚ ਰਹਿੰਦਾ ਸੀ, ਜੇਲ੍ਹ ਵਿਚ ਆਪਣੇ ਹੱਥਾਂ ਨਾਲ ਆਪਣੇ ਕੱਪੜੇ ਧੋਂਦਾ ਦੇਖ਼ਿਆ ਗਿਆ। ਉਹ ਲੀਕ ਹੋਈਆਂ ਜੇਲ੍ਹ ਦੀਆਂ ਫੋਟੋਆਂ ਦਿਲ ਦਹਿਲਾਉਣ ਵਾਲੀਆਂ ਹਨ- ਇੱਕ ਇਕੱਲਾ ਆਦਮੀ, ਪਲਾਸਟਿਕ ਦੇ ਟੱਬ ਉੱਤੇ ਝੁਕਿਆ ਹੋਇਆ, ਕਿਸੇ ਸਧਾਰਣ ਕੈਦੀ ਵਾਂਗ ਆਪਣੇ ਕੱਪੜੇ ਧੋ ਰਿਹਾ ਹੈ। ਇਸ ਪਤਨ ਵਿਚ ਕਿੰਨਾ ਡੂੰਘਾ ਸਬਕ ਛੁਪਿਆ ਹੋਇਆ ਹੈ!

ਮੇਰੀ ਦਿਲੋਂ ਇੱਛਾ ਹੈ ਕਿ ਸਵਰਗੀ ਸੱਦਾਮ ਹੁਸੈਨ ਦੀ ਦਰਦਨਾਕ ਫੋਟੋ, ਜੋ ਆਪਣੇ ਹੱਥਾਂ ਨਾਲ ਆਪਣੇ ਕੱਪੜੇ ਧੋ ਰਹੇ ਹਨ, ਦੁਨੀਆ ਦੇ ਹਰ ਸ਼ਾਸਕ ਦੇ ਬੈੱਡਰੂਮ ਵਿੱਚ ਟੰਗੀ ਜਾਵੇ। ਤਾਂ ਜੋ ਉਹ ਹਰ ਰਾਤ ਸੌਣ ਤੋਂ ਪਹਿਲਾਂ ਇਸ ਨੂੰ ਦੇਖ ਸਕਣ ਅਤੇ ਯਾਦ ਰੱਖ ਸਕਣ ਕਿ ਇਨਸਾਨ ਆਖ਼ਰਕਾਰ ਇਨਸਾਨ ਹੀ ਹਨ- ਉਹ ਕਦੇ ਵੀ ਦੇਵਤਾ ਨਹੀਂ ਬਣ ਸਕਦੇ। ਸੱਤਾ ਦੇ ਸਿਖਰ 'ਤੇ ਬੈਠੇ ਲੋਕ ਵੀ ਇੱਕ ਦਿਨ ਡਿੱਗ ਪੈਂਦੇ ਹਨ। ਦੁਨੀਆਂ ਦੀ ਹਰ ਸ਼ਕਤੀ, ਹਰ ਰਾਜ ਅਸਥਾਈ ਹੈ। ਹਰ ਸ਼ਾਸਕ ਨੂੰ ਇੱਕ ਦਿਨ ਆਪਣੇ ਸੱਤਾ ਭਵਨ 'ਚੋਂ



ਬਾਹਰ ਨਿੱਕਲਣਾ ਪੈਂਦਾ ਹੈ, ਕਦੇ ਮਾਣ ਨਾਲ ਆਪਣੇ ਪੈਰਾਂ 'ਤੇ ਚੱਲ ਕੇ ਤੇ ਕਦੇ ਮਜਬੂਰੀ ਚ ਦੂਜਿਆਂ ਦੇ ਮੋਢਿਆਂ ਤੇ...।

ਇਹ ਤਸਵੀਰ ਸਿਰਫ਼ ਇੱਕ ਵਿਅਕਤੀ ਦੀ ਤਸਵੀਰ ਨਹੀਂ ਹੈ, ਸਗੋਂ ਇਨਸਾਨੀਅਤ ਦੇ ਥੋੜ੍ਹੇ ਸਮੇਂ ਲਈ ਇੱਕ ਯਾਦਗਾਰ ਹੈ। ਇਹ ਚੀਕ-ਚੀਕ ਕੇ ਦੱਸਦੀ ਹੈ ਕਿ ਦੌਲਤ, ਸ਼ਕਤੀ ਅਤੇ ਐਸ਼ੋ-ਆਰਾਮ ਸਭ ਧੋਖੇ ਹਨ। ਪਰਲੋਕ ਲਈ ਤਿਆਰੀ ਕਰੋ, ਕਿਉਂਕਿ ਇਹ ਦੁਨੀਆਂ ਇੱਕ ਪੁਲ ਹੈ ਜੋ ਇੱਕ ਦਿਨ ਜ਼ਰੂਰ ਟੁੱਟੇਗਾ।

***ਲਖਵਿੰਦਰ ਸਿੰਘ ਬੱਗਾ***

# ਖ਼ੂਨੀ ਇਤਿਹਾਸ ਦੇ ਪੱਤਰੇ

ਅਤਰਜੀਤ
ਫੋਨ: 94175-81936

5-6 ਪੋਹ ਦੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ਆਨੰਦਪੁਰ ਦਾ ਕਿਲ੍ਹਾ ਛੱਡਣ ਦਾ ਮਾਤਾ ਜੀ ਵੱਲੋਂ ਹੁਕਮ ਹੋ ਗਿਆ। ਕਿੰਨੇ ਦਿਨਾਂ ਤੋਂ ਭੁੱਖੇ ਭਾਣੇ ਸਿੰਘ ਯੁੱਧ ਕਰਦੇ ਰਹੇ ਸਨ। ਮੁਗ਼ਲ ਅਤੇ ਬਾਈ ਧਾਰ ਦੇ ਰਾਜਿਆਂ ਦੀਆਂ ਕਈ ਹਜ਼ਾਰ ਫੌਜਾਂ ਨੂੰ ਹਰ ਹਮਲੇ ਵਿਚ ਪਛਾੜ ਮਿਲਦੀ ਹੋਣ ਕਰਕੇ ਕਸਮਾਂ ਖਾ ਕੇ ਕੁੱਝ ਦਿਨਾਂ ਲਈ ਕਿਲ੍ਹਾ ਖਾਲੀ ਕਰਨ ਦੀ ਬੇਨਤੀ ਉੱਪਰ ਅਮਲ ਕਰਦਿਆਂ ਗੁਰੂ ਜੀ ਨੇ ਕਿਲ੍ਹਾ ਛੱਡਣ ਦਾ ਨਿਰਨਾ ਲੈ ਲਿਆ। ਕੁੱਝ ਸੈਂਕੜੇ ਸਿੰਘਾਂ ਨਾਲ਼ ਪਰਿਵਾਰ ਸਮੇਤ ਗੁਰੂ ਜੀ ਸਰਸਾ ਨਦੀ ਤੱਕ ਅੱਪੜੇ ਤਾਂ ਦੁਸ਼ਮਣ ਨੇ ਸਹੁੰਆਂ ਅਤੇ ਕਸਮਾਂ ਤੋੜ ਕੇ ਗੁਰੂ ਫੌਜਾਂ ਉੱਪਰ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕਹਿਰ ਕਾਰਨ ਸਾਰਾ ਪਰਿਵਾਰ ਸਿੰਘ ਖੇਰੂੰ-ਖੇਰੂੰ ਹੋ ਗਏ। ਵੱਡੇ ਸਾਹਿਬਜ਼ਾਦਿਆਂ ਸਮੇਤ ਚਾਲ਼ੀ ਕੁ ਸਿੰਘਾਂ ਨਾਲ ਸਰਸਾ ਪਾਰ ਕਰ ਕੇ ਗੁਰੂ ਜੀ ਚਮਕੌਰ ਪਹੁੰਚੇ ਜਿੱਥੇ ਉਨ੍ਹਾਂ ਨੇ ਗਿਣਤੀ ਦੇ ਸਿੰਘਾਂ ਨਾਲ ਕੱਚੀ ਗੜ੍ਹੀ ਵਿੱਚ ਮੋਰਚਾ ਲਾ ਲਿਆ। ਚਮਕੌਰ ਦੇ ਯੁੱਧ ਵਿਚ ਗੁਰੂ ਜੀ ਨੇ ਆਪਣੀ ਯੁੱਧਨੀਤਕ ਚੜ੍ਹਤ ਨੂੰ ਕਾਇਮ ਰੱਖਦਿਆਂ ਚਾਲ਼ੀ ਜੁਝਾਰ ਮਰਜੀਵੜਿਆਂ ਨਾਲ਼ 'ਸਵਾ ਲਾਖ ਸੇ ਏਕ ਲੜਾਊਂ' ਦਾ ਪਰਚਮ ਝੁਲਾ ਦਿੱਤਾ। ਪੈਂਤੀ ਸਿੰਘ ਅਤੇ ਦੋਵੇਂ ਸਾਹਿਬਜ਼ਾਦੇ ਅਜੀਤ ਸਿੰਘ ਜੁਝਾਰ ਸਿੰਘ ਨੂੰ ਸ਼ਹਾਦਤਾਂ ਦੇ ਜਾਮ ਪੀਂਦਿਆਂ ਅੱਖੀਂ ਵੇਖਿਆ। ਅੰਤ ਪੰਜ ਸਿੰਘਾਂ ਦਾ ਹੁਕਮ ਮੰਨ ਕੇ ਰਾਤ ਦੇ ਹਨੇਰੇ ਵਿੱਚ ਤਾੜੀ ਮਾਰ ਕੇ ਦੁਸ਼ਮਣ ਫੌਜਾਂ ਨੂੰ ਵੰਗਾਰਦਿਆਂ-ਸਿੰਘਾਂ ਦਾ ਗੁਰੂ ਚੱਲਿਆ ਹੈ' ਕਹਿ ਕੇ ਅੱਗੇ ਨਿਕਲ ਗਏ। ਇਤਿਹਾਸਕਾਰ ਲਿਖਦੇ ਹਨ ਕਿ ਦੁਸ਼ਮਣ ਫੌਜਾਂ ਰਾਤ ਭਰ ਆਪਸ ਵਿੱਚ ਹੀ ਲੋਥਾਂ ਦੇ ਢੇਰ ਲਾਈ ਗਈਆਂ। ਇਸ ਮਹਾਨ ਸਾਕੇ ਦਾ ਵਰਣਨ ਗੁਰੂ ਜੀ ਨੇ ਜ਼ਫ਼ਰਨਾਮੇ ਵਿੱਚ ਬਾਖ਼ੂਬੀ ਬਿਆਨ ਕੀਤਾ ਹੈ।

13 ਪੋਹ ਨੂੰ ਸਰਹਿੰਦ ਦੇ ਫੌਜਦਾਰ ਜਨੂੰਨੀ ਵਜ਼ੀਦ ਖਾਂ ਨੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਨੂੰ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ। ਇਹ ਸਿੱਖੀ ਦਾ ਜਲੌਅ ਹੀ ਸੀ, ਜੋ ਇੰਨੀ ਛੋਟੀ ਉਮਰ ਹੁੰਦਿਆਂ ਵੀ ਆਪਣੇ ਜਾਹੋ-ਜਲਾਲ ਨੂੰ ਕਾਇਮ ਰੱਖਦਿਆਂ ਹਾਸਲ ਕੀਤੀਆਂ। ਦੁਨੀਆਂ ਦੇ ਇਤਿਹਾਸ ਵਿੱਚ ਇਸ ਤਰ੍ਹਾਂ ਦੀਆਂ ਲਾਸਾਨੀ ਕੁਰਬਾਨੀਆਂ ਦਾ ਕਿਧਰੇ ਬਿਰਤਾਂਤ ਨਹੀਂ ਲੱਭਦਾ।

ਆਪਣੇ ਇਤਿਹਾਸਕ ਵਿਰਸੇ ਨੂੰ ਯਾਦ ਕਰਨਾ ਹਰ ਜਿਉਂਦੀ ਲੋਕਾਈ ਨੂੰ ਸ਼ੋਭਾ ਤਾਂ ਦਿੰਦਾ ਹੀ ਹੈ ਤੇ ਪ੍ਰੇਰਨਾ ਵੀ ਮਿਲਦੀ ਹੈ। ਇਸ ਭਾਵਨਾ ਤਹਿਤ ਪੋਹ ਦੇ ਮਹੀਨੇ ਦੇ ਬਲਦਾਨ ਭਰੇ ਦਿਨਾਂ ਵਿੱਚ ਸਿੱਖ ਸੰਗਤਾਂ ਰੁਦਨਮਈ ਅਤੇ ਵੈਰਾਗਮਈ ਮਨੋ-ਅਵਸਥਾ ਫਤਿਹਗੜ੍ਹ ਸਾਹਿਬ ਅਤੇ ਆਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਣ ਜਾਣਗੀਆਂ। ਪਰਚਾਰਕ, ਕਵੀਸ਼ਰ, ਰਾਗੀ, ਢਾਡੀ ਗੁਰੂ ਜੀ ਦੀ ਕਲਗੀ ਤੇ ਨੀਲੇ ਘੋੜੇ ਤੋਂ ਕੁਰਬਾਨ ਹੋ ਜਾਣ ਦੇ ਪ੍ਰਸੰਗ ਸਟੇਜਾਂ ਤੋਂ ਗਾਉਣਗੇ। ਸੰਗਤਾਂ ਇਨ੍ਹਾਂ ਪ੍ਰਸੰਗਾਂ ਦੇ ਬੋਲਾਂ 'ਤੇ ਅੱਥਰੂ ਵਹਾਉਂਦੀਆਂ ਚਹੁੰਆਂ ਸਾਹਿਬਜ਼ਾਦਿਆਂ ਦੀਆਂ ਲਾਸਾਨੀ ਸ਼ਹਾਦਤਾਂ 'ਤੇ ਰੁਦਨ ਕਰਦੀਆਂ ਵਾਪਸ ਪਰਤਣਗੀਆਂ।

ਪੋਹ ਮਹੀਨਾ ਮੁੱਕ ਜਾਏਗਾ, ਅਗਲੇ ਸਾਲ ਲਈ ਸਭ ਕੁੱਝ ਭੁੱਲ-ਭੁਲਾ ਜਾਏਗਾ। ਸਭ ਲੋਕ ਖ਼ਾਸ ਕਰਕੇ ਰੱਜੇ-ਪੁੱਜੇ ਲੋਕ ਹਰ ਢੰਗ ਵਰਤ ਕੇ ਧਨ ਮਾਇਆ ਦੇ ਚੱਕਰ ਵਿੱਚ ਪਏ ਜਾਇਦਾਦਾਂ ਨੂੰ ਜ਼ਰਬਾਂ ਦੇਣ ਲੱਗਣਗੇ। ਜਨ ਸਾਧਾਰਨ ਆਪਣੀ ਰੋਟੀ ਦਾ ਜੁਗਾੜ ਕਰਨ ਵਿੱਚ ਜੁਟਿਆ ਦਿਖਾਈ ਦੇਵੇਗਾ ਅਤੇ ਰੋਟੀ ਤੋਂ ਮੁਥਾਜ ਪੂਰਬਤ ਦੀ ਹਨ੍ਹੇਰੀ ਗੁਫ਼ਾ ਨੂੰ ਆਪਣੀ ਹੋਣੀ ਮੰਨ ਕੇ ਸਬਰ ਦਾ ਘੁੱਟ ਭਰਦਾ ਰਹਿ ਜਾਏਗਾ। ਥੁੜੇ-ਟੁੱਟੇ ਤਬਕਿਆਂ ਦੇ ਭਾਈਚਾਰੇ ਤਾਂ ਇਸ ਸਭ ਕਾਸੇ ਤੋਂ ਬੇਅਸਰ ਤੇ ਬੇਖ਼ਬਰ ਚੁੱਲ੍ਹੇ ਦੇ ਫ਼ਿਕਰ ਵਿੱਚ ਹੀ ਆਪਣੀ ਤੰਗਦਸਤੀ ਅਤੇ ਅਵਾਜ਼ਾਰੀ ਉੱਪਰ ਰੁਦਨ ਕਰਨ ਜੋਗੇ ਹੀ ਰਹਿ ਜਾਂਦੇ ਹਨ। ਮਨ ਵਿੱਚ ਥੋੜ੍ਹੀ ਰੜਕ ਵਾਲਾ ਕਿਰਤੀ ਵਰਗ ਸੜਕਾਂ 'ਤੇ ਉਤਰਦਾ ਹੱਕਾਂ ਦੇ ਨਾਹਰੇ ਲਾਉਂਦਾ ਬਾਬੇ ਨਾਨਕ ਦੇ ਕਿਰਤ ਦੇ ਫ਼ਲਸਫ਼ੇ ਨੂੰ ਲਾਗੂ ਕਰਾਉਣ ਲਈ ਸੰਘਰਸ਼ਰਤ ਦਿਖਾਈ ਦਿੰਦਾ ਹੈ। ਵਿਹਲੜ ਹੁੱਜਤੀ ਮਾਨਸਿਕਤਾ ਸਿੱਖੀ ਦੇ ਨਾਂ 'ਤੇ ਗਾਲ੍ਹਾਂ ਦਾ ਪ੍ਰਸ਼ਾਦ ਵਰਤਾਉਂਦੀ ਘਚੋਲਾ ਪਾਉਣ ਦਾ ਯਤਨ ਕਰਦੀ ਦਿਖਾਈ ਦਿੰਦੀ ਹੈ। ਧਨ-ਕੁਬੇਰ ਉਸੇ ਤਰ੍ਹਾਂ ਗੋਲਕਾਂ ਉੱਪਰ ਕਾਬਜ਼ ਮੁੜ ਸੱਤਾ ਵਿੱਚ ਛਟ-ਪਟਾਉਂਦੇ ਗੁਰਮਤਿ ਦੀ ਓਟ ਵਿੱਚ ਆਪਣੀ ਰਾਜਨੀਤੀ ਦੀਆਂ ਰੋਟੀਆਂ ਸੇਕਦ ਭਾਟ-ਮਝਾਟੀ ਵੀ ਹੋਣਗੇ। ਸਿੱਖੀ ਜਾਂ ਸਿੱਖ ਇਤਿਹਾਸ ਦੇ ਗੌਰਵ ਦਾ ਗੁਣ-ਗਾਣ ਕਰਨਾ ਉਨ੍ਹਾਂ ਦੇ ਭਾਸ਼ਣਾਂ ਵਿੱਚੋਂ ਗਾਇਬ ਰਹੇਗਾ।

ਜਗਿਆਸੂ ਇਸ ਵਿਚਾਰ ਨਾਲ ਸਹਿਮਤ ਹੋ ਸਕਦਾ ਹੈ ਕਿ ਧਰਮ ਦਾ ਕਦੀ ਵੀ ਇੱਕ ਸਰੂਪ ਨਹੀਂ ਰਿਹਾ ਕਿਉਂਕਿ ਜ਼ਿੰਦਗੀ ਦੇ ਹਰ ਪਹਿਲੂ ਉੱਪਰ ਤਬਦੀਲੀ ਦਾ ਨਿਯਮ ਲਾਗੂ ਹੁੰਦਾ ਹੈ। ਕੁੱਝ ਵੀ ਖੜੋਤ ਵਿੱਚ ਨਹੀਂ, ਹਰ ਪਹਿਲੂ ਗਤੀਸ਼ੀਲ ਹੈ ਤੇ ਲਗਾਤਾਰ ਤਬਦੀਲੀ ਵਾਪਰਦੀ ਰਹਿੰਦੀ ਹੈ। ਸ਼ਰਧਾ ਮੂਲਕ ਬਿਰਤੀ ਦੇ ਸਿੱਖ ਨੂੰ ਸ਼ਾਇਦ ਇਹ ਗੱਲ ਹਜ਼ਮ ਨਾ ਹੋਵੇ ਕਿ ਗੁਰਮਤਿ ਫ਼ਲਸਫ਼ਾ ਮਨੁੱਖੀ ਮਾਨਸਿਕਤਾ ਵਿੱਚ ਇਨਕਲਾਬੀ ਤਬਦੀਲੀ ਦਾ ਫ਼ਲਸਫ਼ਾ ਹੈ। ਗੁਰੂ ਨਾਨਕ ਸਾਹਿਬ ਦੇ ਵਕਤ ਦੇ ਸਮਾਜ, ਰਾਜ ਸੱਤਾ, ਜ਼ੁਲਮ-ਜਬਰ ਦੇ ਧਾੜੇ, ਸੱਭਿਆਚਾਰਕ ਪਰਦੂਸ਼ਨ, ਮਜ਼੍ਹਬ ਜਾਂ ਧਰਮ ਵਿੱਚ ਪਏ ਵਿਗਾੜ ਤੇ ਚਿੱਬ ਗੁਰੂ ਸਾਹਿਬ ਦੀ ਨਜ਼ਰ ਚੜ੍ਹੇ ਜਿਸ ਦਾ ਪ੍ਰਤੀਕਰਮ ਗੁਰਬਾਣੀ ਵਿੱਚ ਦਰਜ ਹੈ-ਆਸਾ ਜੀ ਦੀ ਵਾਰ ਦੀ ਵਾਚੀ ਜਾ ਸਕਦੀ ਹੈ। ਇਹ ਮੱਤ ਹੈ ਕਿ ਜਦ ਧਰਮ ਕੁਮਲਾ ਜਾਂਦਾ ਹੈ, ਇਸ ਵਿੱਚ ਖੋਟ ਪੈਦਾ ਹੋਣ ਲੱਗਦੇ ਹਨ। ਫਿਰ ਕੋਈ ਦਿੱਬ ਦ੍ਰਿਸ਼ਟ ਆਤਮਾ ਸੰਸਾਰ ਨੂੰ ਖੁੱਲ੍ਹੀਆਂ ਅੱਖਾਂ ਨਾਲ ਨਿਹਾਰਦੀ ਹੈ ਤੇ ਹਰ ਪੱਖ ਦੀ ਛਾਣ-ਬੀਣ ਕਰਦੀ ਹੈ ਤੇ ਗੁਰੂ ਨਾਨਕ ਅਖਵਾਉਂਦੀ ਹੈ। ਗੁਰੂ ਨਾਨਕ ਚਾਰ ਯਾਤਰਾਵਾਂ (ਉਦਾਸੀਆਂ ਨਾਂ ਸਾਧਾਂ ਨੇ ਦਿੱਤਾ ਹੈ) 'ਤੇ ਨਿਕਲਦੇ ਹਨ, ਤਕਰੀਬਨ ਅੱਧੇ ਸੰਸਾਰ ਦਾ ਭਰਮਣ ਕਰ ਕੇ ਜੋ ਸਿੱਟੇ ਕੱਢਦੇ ਹਨ, ਬਾਣੀ ਵਿੱਚ ਉਚਾਰਨ ਕਰਦੇ ਜਾਂਦੇ ਹਨ। ਜਿੱਥੇ ਕਿਤੇ ਵੀ ਪਾਖੰਡ, ਅੰਧ ਗਿਆਨ, ਹੰਕਾਰ, ਜੀਵਨ ਤੋਂ ਉੱਖੜੇ ਭੁੱਲੇ-ਭਟਕਿਆਂ ਨਾਲ ਮੇਲ ਹੋਇਆ, ਆਪਣੇ ਉੱਚ ਗਿਆਨ ਨਾਲ ਰਾਹੇ ਪਾਇਆ। ਮੈਂ ਆਪਣੇ ਜੀਵਨ ਵਿੱਚ ਜਿੰਨਾ ਕੁ ਗੁਰਬਾਣੀ ਨੂੰ ਸਮਝਣ ਦਾ ਯਤਨ ਕੀਤਾ ਹੈ, ਇਹੋ ਪਾਇਆ ਹੈ ਕਿ ਗੁਰਬਾਣੀ ਕਮਜ਼ੋਰ ਮਾਨਸਿਕਤਾ ਲਈ ਡੰਗੋਰੀ ਹੈ, ਹਨੇਰੇ ਮਨ ਲਈ ਚਾਨਣ ਦਾ ਸਰੋਤ ਹੈ, ਮਨੋਵਿਗਿਆਨਕ ਹੋੜਾ ਹੈ, ਡੋਲਦੇ ਮਨ ਲਈ ਵਿਸਾਖੀਆਂ ਹੈ ਗੁਰਬਾਣੀ।

ਪੰਦਰਵੀਂ ਸਦੀ ਦਾ ਇਤਿਹਾਸਕ ਦੌਰ ਅਜਿਹਾ ਦੌਰ ਸੀ ਜਦੋਂ ਹਿੰਦੂ ਮੱਤ ਤੇ ਮੁਸਲਿਮ ਮਜ਼੍ਹਬ ਦਾ ਬੋਲਬਾਲਾ ਸੀ, ਜਿਸ ਵਿੱਚ ਆਮ ਲੋਕਾਈ ਨੂੰ ਹਾਸ਼ੀਏ ਤੋਂ ਬਾਹਰ ਧੱਕੇ ਤਬਕਿਆਂ ਨੂੰ ਮਨੁੱਖਾ ਸ਼੍ਰੇਣੀ ਵਿੱਚ ਕੋਈ ਕੋਣਾ ਵੀ ਨਹੀਂ ਸੀ ਦਿੱਤਾ ਗਿਆ। ਬੇਦੀ ਖ਼ਾਨਦਾਨ ਵਿੱਚ ਇੱਕ ਵੇਦ ਵਿਚਾਰਿਆ ਜਾਂਦਾ ਹੈ ਤੇ ਗੁਰੂ ਨਾਨਕ ਉਸ ਫ਼ਲਸਫ਼ੇ ਨੂੰ ਵੀ ਨਾਲ ਰੱਖ ਕੇ ਖੰਡਨ-ਮੰਡਨ ਵਿਧੀ ਨਾਲ ਆਪਣਾ ਮੱਤ ਦਰਜ ਕਰਦੇ ਹਨ। ਮੈਂ ਇਹ ਕਹਿਣ ਦੀ ਜੁਰਅੱਤ ਕਰਦਾ ਹਾਂ ਕਿ ਗੁਰੂ ਸਾਹਿਬ ਨੇ ਉਸ ਵੇਲੇ ਦੇ ਧਾਰਮਕ ਮੁੱਲਾਂ ਵਿੱਚ ਦਖ਼ਲ ਦਿੰਦਿਆਂ, ਧਰਮ ਨੂੰ ਅੰਬਰ ਨਾਲ਼ ਜੋੜਨ ਦੀ ਥਾਂ ਜੀਵਨ ਨਾਲ ਜੋੜ ਕੇ ਨਵਾਂ ਕਦਰ ਵਿਧਾਨ ਸਿਰਜਿਆ। ਇਹੋ ਕਦਰ ਵਿਧਾਨ ਅਗਲੇ ਨੌਂ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਵਿੱਚ ਲਾਗੂ ਕਰਵਾ ਕੇ ਗੁਰਮੁਖ ਦੀ ਸਿਰਜਣਾ ਕੀਤੀ-ਸੁੱਚ ਅਤੇ ਸੱਚ ਦੇ ਲੜ ਲੱਗੇ ਇਨਸਾਨ ਦੀ। ਲੋਕ ਮਾਨਸਿਕਤਾ ਦੇ ਗਿਆਤਾ ਗੁਰੂ ਨਾਨਕ ਸਮਝਦੇ ਹਨ ਕਿ ਇੱਕ ਦਮ ਕਿਸੇ ਚੀਜ਼ ਨੂੰ ਰੱਦ ਕਰਨਾ ਲੋਕਾਂ ਨੂੰ ਰਾਸ ਨਹੀਂ ਆਉਂਦਾ। ਪੁਰਾਤਨ ਮਿੱਥਾਂ ਦਾ ਖੰਡਨ ਕਰਦਿਆਂ ਬਹੁਤ ਹੀ ਸਹਿਜਤਾ ਨਾਲ 'ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨਾ ਜਾਈ ਲਖਿਆ॥' ਅਤੇ 'ਸਰਮ ਖੰਡ ਕੀ ਬਾਣੀ ਰੂਪੁ॥ ਤਿੱਥੈ ਘਾੜਤਿ ਘੜੀਐ ਬਹੁਤੁ ਅਨੂਪੁ॥' ਰੱਬ ਤੇ ਕੁਦਰਤ ਦਾ ਸੁਮੇਲ ਅਤੇ ਕਿਰਤ ਦੁਆਰਾ ਇਸ ਅਨੁਪਮ ਸੰਸਾਰ ਦੇ ਸੁਹਜ ਦੀ ਸਿਰਜਣਾ ਦਾ ਨਵਾਂ ਸੰਕਲਪ ਪੇਸ਼ ਕਰ ਦਿੱਤਾ ਕਿ ਇਹ ਸੰਸਾਰ ਇਸੇ ਤਰ੍ਹਾਂ ਦਾ ਉੱਪਰੋਂ ਬਣ ਕੇ ਨਹੀਂ ਡਿੱਗਿਆ, ਜਿਵੇਂ ਕਿ ਪੁਰਾਤਨ ਮੱਤ ਕਹਿੰਦਾ ਸੀ, ਇਹ ਮਨੁੱਖੀ ਸਰਮ (ਸ੍ਰਮ ਭਾਵ ਮਿਹਨਤ) ਦਾ ਕ੍ਰਿਸ਼ਮਾ ਹੈ। ਗੁਰੂ ਜੀ ਦਾ ਦੱਬ ਵਿਰੋਧ ਵੀ ਹੋਇਆ- ਬੂਬਨਾ, ਕੁਰਾਹੀਆ, ਭੂਤਨਾ, ਬੇਤਾਲਾ ਤੱਕ ਕਿਹਾ ਗਿਆ।

ਵਿਹਲੜ ਸਾਮੰਤੀ ਤੰਤਰ ਅਤੇ ਬ੍ਰਹਿਮਣੀ ਵਿਚਾਰਧਾਰਾ ਨੇ ਕਿਰਤੀ ਵਰਗ ਨੂੰ ਦੋਮ ਦਰਜੇ 'ਤੇ ਰੱਖ ਕੇ ਸਾਹ-ਸਤ ਹੀਣੀ ਕੀਤਾ ਹੋਇਆ ਸੀ, ਪਰ ਗੁਰੂ ਨਾਨਕ ਜੀ ਨੇ ਉਸ ਲੋਕਾਈ ਨੂੰ ਪ੍ਰਥਮ ਸਥਾਨ 'ਤੇ ਸਜਾਇਆ-'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ ਜੋ ਕਿਰਤ ਕਰ ਕੇ ਖਾਂਦਾ ਹੈ ਤੇ ਦੂਜਿਆਂ ਨੂੰ ਖਵਾਉਂਦਾ ਹੈ, ਜਿਸ ਦੀ ਬਦੌਲਤ ਲੰਗਰ ਚੱਲਦੇ ਹਨ, ਥਾਂ-ਥਾਂ ਭੰਡਾਰੇ ਲੱਗਦੇ ਹਨ, ਕਿਰਤੀ ਕਿਸਾਨ ਦੀ ਬਦੌਲਤ ਹੀ ਹੈ। ਕਿਰਤ ਨੂੰ ਸਮਾਜਕ ਵਿਕਾਸ ਦਾ ਇੱਕੋ-ਇੱਕ ਕਾਰਕ ਦੱਸ ਕੇ ਗੁਰੂ ਜੀ ਰਾਜਿਆਂ-ਰਾਣਿਆਂ, ਮਲਕ ਭਾਗੋਆਂ ਨੂੰ ਦੁਰਕਾਰ ਕੇ ਲਾਲੋਆਂ ਨੂੰ ਗਲ ਲਾਉਂਦੇ ਹਨ ਤੇ ਸਭ ਤੋਂ ਨੀਚਿਆਂ ਨਾਲ ਮਿੱਤਰਤਾ ਦਾ ਹੱਥ ਵਧਾਉਂਦੇ ਹਨ। ਸਮੇਂ ਦੇ ਉਸ ਝੂਠ ਨੂੰ ਕੁਰੇਦਣ ਦਾ ਮਹਾਨ ਕਾਰਜ ਗੁਰੂ ਨਾਨਕ ਦੇ ਹਿੱਸੇ ਹੀ ਆ ਸਕਦਾ ਸੀ, ਜੋ ਉਨ੍ਹਾਂ ਨੇ ਕਰ ਦਿਖਾਇਆ। ਗੁਰੂ ਨਾਨਕ ਸਾਹਿਬ ਦੁਆਰਾ ਇਸ ਕ੍ਰਾਂਤੀਕਾਰੀ ਸਿਧਾਂਤ ਉੱਪਰ ਰੱਖੀ ਨੀਂਹ ਉੱਪਰ ਸਿੱਖੀ ਦੀ ਇਮਾਰਤ ਦੀ ਉਸਾਰੀ ਕੀਤੀ ਜਿਸ ਉੱਪਰ ਛੱਤ ਪਾਈ ਦਸਮ ਗੁਰੂ ਗੋਬਿੰਦ ਸਿੰਘ ਜੀ ਨੇ। ਭਗਤੀ ਮਾਰਗ ਦੇ- 'ਨੀਚਹੁ ਉਚ ਕਰੇ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥ ਵਿਧਾਨ ਨੂੰ ਲਾਗੂ ਕਰ ਵਿਖਾਇਆ, ਪੰਜ ਪਿਆਰਿਆਂ ਦੀ ਸਾਜਨਾ ਕਰ ਕੇ ਅਤੇ ਹੇਠਲੀ ਨੂੰ ਉੱਪਰ ਕਰਨ ਦੀ ਰਾਜਨੀਤਕ ਦਖ਼ਲ ਅੰਦਾਜ਼ੀ ਕਰਦਿਆਂ-'ਭੇਡੋਂ ਕੋ ਮੈਂ ਸ਼ੇਰ ਬਨਾਊਂ॥ ਰਾਜਨ ਕੇ ਸੰਗ ਰੰਕ ਲੜਾਊਂ॥ ਭੂਪ ਗਰੀਬਨ ਕਉ ਕਹਿਵਾਊਂ॥ ਚਿੜੀਉਂ ਸੇ ਮੈਂ ਬਾਜ਼ ਤੁੜਾਊਂ॥ ਸਵਾ ਲਾਖ ਸੇ ਏਕ ਲੜਾਊਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥' ਦਾ ਪਰਚਮ ਲਹਿਰਾਉਂਦੇ ਹਨ।

ਮੇਰੀ ਸਮਝ ਅਨੁਸਾਰ ਰਾਜ ਦਾ ਸੰਕਲਪ ਗੁਰੂ ਜੀ ਦੇ ਮਨ ਵਿੱਚ ਪਟਨੇ ਦੇ ਰਾਜਾ ਫ਼ਤਿਹ ਚੰਦ ਮੈਣੀ ਦੇ ਮਹਿਲਾਂ ਵਿੱਚ ਵਿਚਰਦਿਆਂ ਰਾਣੀ ਦੀ ਗੋਦ ਤੋਂ ਮਿਲੇ ਪਿਆਰ, ਦੁੱਧ ਅਤੇ ਛੋਲਿਆਂ ਦੀਆਂ ਬੱਕਲੀਆਂ ਦਾ ਆਨੰਦ ਮਾਣਦਿਆਂ, ਪੜਦਾਦੇ ਅਤੇ ਪਿਤਾ ਦੀ ਜ਼ਾਲਮ ਹਕੂਮਤ ਦੁਆਰਾ ਸ਼ਹਾਦਤ ਅਤੇ ਥੁੜੇ-ਟੁੱਟੇ ਲੋਕਾਂ ਦੀ ਤਰਸਯੋਗ ਹਾਲਤ ਵੇਖ ਕੇ ਉਪਜਦਾ ਪ੍ਰਤੀਤ ਹੁੰਦਾ ਹੈ। ਮੇਰਾ ਮਨ ਮੰਨਦਾ ਹੈ ਕਿ ਰਾਣੀ ਬਾਲ ਗੁਰੂ ਦੇ ਸਿਰ ਕਲਗੀ ਸਜਾ ਕੇ ਪੁੱਤਰ ਮੂਹ ਵਾਲੀ ਘਾਟ ਵੀ ਪੂਰੀ ਕਰਦੀ ਰਹੀ ਹੋਵੇਗੀ। ਜਦੋਂ ਇਤਿਹਾਸ ਵਿੱਚ ਮਿਥਿਹਾਸ ਦੀ ਭਰਤੀ ਕੁੱਝ ਜ਼ਿਆਦਾ ਹੀ ਹੋ ਜਾਵੇ ਤਾਂ ਸੱਚ ਲੱਭਣ ਵਿੱਚ ਦਿੱਕਤ ਤਾਂ ਆਏਗੀ ਹੀ ਕਿਉਂਕਿ ਬਹੁ-ਗਿਣਤੀ ਲੋਕ ਮਿੱਥਾਂ ਵਿੱਚ ਯਕੀਨ ਕਰਨ ਲੱਗੇ ਹੁੰਦੇ ਹਨ।

ਪੜਦਾਦਾ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਗੁਰੂ ਤੇਗ਼ ਬਹਾਦਰ ਸਾਹਿਬ ਤੱਕ ਸਾਕਤ ਤੇ ਨਿੰਦਕਾਂ ਦਾ ਬੋਲਬਾਲਾ, ਚਰਮ ਸੀਮਾ ਤੱਕ ਪਹੁੰਚ ਗਿਆ ਸੀ, ਜਿਸ ਕਰ ਕੇ ਗੁਰੂ ਪੰਜਾਬ ਦੇ ਇੱਕ ਕਿਨਾਰੇ 'ਤੇ ਬਿਲਾਸਪੁਰ ਦੇ ਰਾਜੇ ਤੋਂ 75000 ਵਿੱਚ ਜ਼ਮੀਨ ਖ਼ਰੀਦ ਕੇ ਕਿਲੇ ਦੀ ਉਸਾਰੀ ਕਰਵਾਉਣੀ ਪਈ। ਆਸਾਮ ਦੇ ਰਾਜੇ ਰਤਨ ਰਾਇ ਦੀ ਬੇਨਤੀ 'ਤੇ ਉਹਦੇ ਨਾਲ ਆਸਾਮ, ਬਿਹਾਰ, ਬੰਗਾਲ, ਨੈਪਾਲ ਜਾਣਾ ਤੇ ਆਪਣਾ ਰਸੂਖ਼ ਵਰਤ ਕੇ ਰਾਜਾ ਰਤਨ ਰਾਇ ਨੈਪਾਲ ਦੇ ਰਾਜੇ ਨਾਲ ਸੁਲਾਹ ਕਰਾਉਣ ਜਿਹੇ ਬਿਰਤਾਂਤ ਤੋਂ ਸੂਹ ਮਿਲਦੀ ਹੈ ਕਿ ਗੁਰੂ ਸਾਹਿਬ ਨੂੰ ਗਿਆਤ ਹੋ ਗਿਆ ਸੀ ਕਿ ਇੱਕ ਨਾ ਇੱਕ ਦਿਨ ਜਬਰ-ਜ਼ੁਲਮ ਵਾਲੀ ਸੱਤਾ ਨਾਲ ਰਾਜਨੀਤਕ ਟਕਰਾ ਹੋ ਕੇ ਰਹੇਗਾ।

ਪਿਤਾ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਨੌਂ ਸਾਲ ਦੀ ਅਵਸਥਾ ਵਿੱਚ ਗੁਰ-ਗੱਦੀ 'ਤੇ ਬਿਰਾਜਮਾਨ ਹੋਏ ਬਾਲ ਗੁਰੂ ਗੋਬਿੰਦ ਰਾਇ ਦੁਆਰਾ ਸਿੱਖ ਸੰਗਤਾਂ ਨੂੰ ਘੋੜੇ ਸ਼ਸਤਰ ਇਕੱਤਰ ਕਰਨ ਦੀ ਆਗਿਆ ਦੇਣਾ, ਭਵਿੱਖੀ ਹਾਲਾਤ ਨਾਲ ਨਜਿੱਠਣ ਦੀ ਤਿਆਰੀ ਦਾ ਸੰਕੇਤ ਦਿੰਦਾ ਹੈ। ਆਸਾਮ ਦੇ ਰਾਜੇ ਰਤਨ ਰਾਇ ਦੁਆਰਾ ਭੇਟ ਕੀਤਾ ਗਿਆ ਪ੍ਰਸ਼ਾਦੀ ਹਾਥੀ, ਨੈਪਾਲ ਦੇ ਰਾਜੇ ਵੱਲੋਂ ਭੇਜੀ ਗਈ ਚਾਨਣੀ, ਗੁਰੂ ਘਰ ਦੇ ਦੀਵਾਨ ਨੰਦ ਚੰਦ ਦੁਆਰਾ ਤਿਆਰ ਕੀਤਾ ਗਿਆ ਰਣਜੀਤ ਨਗਾਰਾ ਆਦਿ ਗੁਰ ਇਤਿਹਾਸ ਦੀ ਰਾਜਨੀਤਕ ਦਿਸ਼ਾ ਵੱਲ ਪੇਸ਼ਕਦਮੀ ਦਾ ਪ੍ਰਮਾਣ ਹੈ। ਇਕੋ ਬਾਟੇ ਅੰਮ੍ਰਿਤ ਛਕਾ ਜਾਤ-ਪਾਤ ਦਾ ਖ਼ਾਤਮਾ ਕਰ ਕੇ ਖ਼ਾਲਸਾ ਫੌਜ ਦੀ ਸਾਜਨਾ, ਘੋਲ-ਖੇਡ, ਕੁਸ਼ਤੀ, ਨਕਲੀ ਯੁੱਧ ਕਰਾਉਣ ਦੀ ਕਵਾਇਦ, ਸਿੰਘਾਂ ਨੂੰ ਤਲਵਾਰ, ਤੀਰ ਅੰਦਾਜ਼ੀ ਦੇ ਧਨੀ ਬਣਾਉਣ ਜਿਹੇ ਬਿਰਤਾਂਤ ਭਵਿੱਖੀ ਯੋਜਨਾਵਾਂ ਦੀ ਸੂਚਨਾ ਦਿੰਦੇ ਹਨ। ਇਸ ਤੋਂ ਬਾਈਧਾਰ ਦੇ ਰਾਜਿਆਂ ਨੂੰ ਫ਼ਿਕਰ ਪੈਣਾ ਅਤੇ ਸਾੜਾ ਪੈਦਾ ਹੋਣਾ ਆਰੰਭ ਹੋ ਜਾਂਦਾ ਹੈ। ਬਾਈਧਾਰ ਦੇ ਰਾਜਿਆਂ ਦੁਆਰਾ ਵਾਰ-ਵਾਰ ਦੇ ਹਮਲੇ ਤੇ ਹਰ ਵਾਰ ਮੂੰਹ ਦੀ ਖਾਣੀ ਤੇ ਅਖ਼ੀਰ ਸਰਹਿੰਦ ਦੇ ਹਾਕਮਾਂ ਨਾਲ ਕੀਤਾ ਅਹਿਦ ਅਤੇ ਦਿੱਲੀ ਹਕੂਮਤ ਦੇ ਵੱਡੇ ਦਲਾਂ ਰਾਹੀਂ ਪਾਇਆ ਘੇਰਾ ਤੇ ਅਗਲਾ ਖ਼ੂਨੀ ਪੱਤਰਿਆਂ ਦਾ ਇਤਿਹਾਸ ਏਥੇ ਦੁਹਰਾਉਣ ਦੀ ਲੋੜ ਨਹੀਂ।

# ਪੰਜਾਬੀ ਰੰਗਮੰਚ ਦੀਆਂ ਤਾਜ਼ੀਆਂ ਬਰਕਤਾਂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਅੱਜ ਦੀ ਗੱਲ ਪਟਿਆਲਾ ਸ਼ਹਿਰ ਤੋਂ ਸ਼ੁਰੂ ਕਰਦੇ ਹਾਂ। ਕੋਈ ਸਮਾਂ ਸੀ ਇਹ ਸ਼ਹਿਰ ਦੀਵਾਨ ਖਾਨਾ, ਮੋਤੀ ਬਾਗ, ਬਾਰਾਂ ਦਰੀ ਪਹਿਲ, ਰਾਜਿੰਦਰਾ ਹਸਪਤਾਲ, ਮਹਿੰਦਰਾ ਕਾਲਜ ਤੇ ਭਾਸ਼ਾ ਵਿਭਾਗ ਕਾਰਨ ਵੱਡੀ ਖਿੱਚ ਦਾ ਕੇਂਦਰ ਹੁੰਦਾ ਸੀ। 1965 ਵਿਚ ਪੰਜਾਬੀ ਯੂਨੀਵਰਸਟੀ ਦੀ ਸਥਾਪਨਾ ਨੇ ਏਥੋਂ ਦੇ ਸਭਿਆਚਾਰਕ ਗੜ੍ਹ ਨੂੰ ਕਿਸੇ ਹਦ ਤੱਕ ਸੱਟ ਜ਼ਰੂਰ ਮਾਰੀ ਪਰ ਪਿਛਲੇ ਸਾਲਾਂ ਵਿਚ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਤੇ ਕਲਾ ਕ੍ਰਿਤੀ ਪਟਿਆਲਾ ਦੀਆਂ ਗਤੀਵਿਧੀਆਂ ਨੂੰ ਮੁੜ ਜਾਗ ਲਾਈ ਹੈ ਤੇ ਏਥੋਂ ਦਾ ਮਾਹੌਲ ਇੱਕ ਵਾਰੀ ਫੇਰ ਭਖਦਾ ਜਾਪਦਾ ਹੈ।

ਨਵੰਬਰ ਮਹੀਨੇ ਦੇ ਅੰਤਲੇ ਦਿਨਾਂ ਵਿਚ ਸਰਬਤ ਦਾ ਭਲਾ ਤੇ ਕਲਾ ਕ੍ਰਿਤੀ ਦੇ ਪ੍ਰਬੰਧਕਾਂ ਨੇ ਭਾਰਤ ਸਰਕਾਰ ਵਾਲੇ ਨੌਰਥ ਜ਼ੋਨ ਕਲਚਰਲ ਸੈਂਟਰ ਦੇ ਸਹਿਯੋਗ ਨਾਲ ਜਿਹੜਾ ਸੱਤ ਰੋਜ਼ਾ ਨੈਸ਼ਨਲ ਥੀਏਟਰ ਫੈਸਟੀਵਲ ਆਯੋਜਤ ਕੀਤਾ ਉਹ ਉਪਰੋਕਤ ਧਾਰਣਾ ਉਤੇ ਮੁਹਰ ਲਾਉਂਦਾ ਹੈ। ਏਥੇ ਹੀ ਬਸ ਨਹੀਂ ਪਟਿਆਲਾ ਦੇ ਸਾਰਥਕ ਰੰਗ ਮੰਚ ਨੇ ਵੀ ਚੰਡੀਗੜ੍ਹ ਵਾਲੇ ਗੁਰਸ਼ਰਨ ਸਿੰਘ ਨਾਟ ਉਤਸਵ ਵਿਚ ਹਾਜ਼ਰੀ ਭਰ ਕੇ ਪਟਿਆਲਾ ਦੇ ਸਭਿਆਚਾਰਕ ਕੱਦ ਨੂੰ ਵਡੇਰਾ ਕੀਤਾ ਹੈ। ਇਹ ਵਾਲਾ ਨਾਟ ਉਤਸਵ ਪੰਜਾਬ ਆਰਟਸ ਕਾਊਂਸਲ ਦੇ ਰੰਧਾਵਾ ਆਡੀਟੋਰੀਅਮ ਵਿਚ ਆਯੋਜਤ ਕੀਤਾ ਗਿਆ ਸੀ ਜਿਸਨੇ ਪੰਜਾਬੀ ਕਲਚਰ ਦੇ ਸ਼ਾਹਜਹਾਨ ਵਜੋਂ ਜਾਣੇ ਜਾਂਦੇ ਐਮ ਐਸ ਰੰਧਾਵਾ ਦੀ ਯਾਦ ਵੀ ਪਹਿਲਾਂ ਵਾਂਗ ਹੀ ਮੁੜ ਤਾਜ਼ਾ ਕੀਤੀ ਹੈ।

ਜਿਥੋਂ ਤੱਕ ਨੈਸ਼ਨਲ ਥੀਏਟਰ ਫੈਸਟੀਵਲ 2025 ਦਾ ਸਬੰਧ ਹੈ ਇਸ ਸੰਸਥਾ ਨੇ ਨਵੇਂ ਕਲਾਕਾਰਾਂ ਦੀ ਮੰਚ ਸਜਾਵਟ, ਪਾਠ-ਭੂਮਿਕਾ ਅਤੇ ਬੋਲ ਭਾਸ਼ਾ ਨੂੰ ਇਕ ਕਲਾ ਵੇਦ ਹੀ ਨਹੀਂ ਦਿੱਤਾ ਸਗੋਂ ਸ਼ਖ਼ਸੀਅਤ ਵੀ ਬਖ਼ਸ਼ੀ ਹੈ। ਇਸਦੀ ਨਿਗਰਾਨੀ ਤੇ ਪ੍ਰਯੋਜਨਾ ਸਰਬਤ ਦਾ ਭਲਾ ਚੈਰੀਟੇਬਲ ਟਰਸਟ ਦੇ ਮੈਨੇਜਿੰਗ ਟਰਸਟੀ ਡਾ. ਐਸ. ਪੀ. ਸਿੰਘ ਓਬਰਾਇ ਵਲੋਂ ਕੀਤੀ ਜਾ ਰਹੀ ਹੈ, ਜਿਹੜਾ ਕਲਾ ਨੂੰ ਸਮਾਜਕ ਬਦਲਾਅ ਦਾ ਵਡਾ ਹਥਿਆਰ ਮੰਨਦਾ ਹੈ।

ਇਸ ਵਾਰ ਦੇ ਫੈਸਟੀਵਲ ਵਿਚ ਵੀ ਉਸਦੀ ਪ੍ਰਤੀਬੱਧਤਾ ਅਤੇ ਜੀ ਤੋੜ ਮਿਹਨਤ ਸਪਸ਼ਟ ਨਜ਼ਰ ਆਈ। ਇਹ ਕੋਈ ਅਤਿਕਥਨੀ ਨਹੀਂ ਕਿ ਇਹ ਵਾਲਾ ਫੈਸਟੀਵਲ ਰੰਗਮੰਚ ਦੀ ਰੂਹਾਨੀ ਯਾਤਰਾ ਵਰਗਾ ਸੀ। ਇਸ ਵਿਚ ਹਰ ਰਾਤ ਇੱਕ ਨਵੀਂ ਕਹਾਣੀ, ਨਵੀਂ ਆਵਾਜ਼ ਅਤੇ ਨਵਾਂ ਮੁੱਦਾ ਦਰਸ਼ਕਾਂ ਦੇ ਸਾਹਮਣੇ ਪਰੋਸਿਆ ਗਿਆ।

350 ਸਾਲਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਿੰਦ ਦੀ ਚਾਦਰ ਨਾਟਕ ਸਿੱਖ ਸ਼ਹੀਦੀ ਤੇ ਤਿਆਗ ਦੀ ਰੂਹ ਨੂੰ ਰੰਗਮੰਚ ਰਾਹੀਂ ਸਜੀਵ ਕਰਦਾ ਨਜ਼ਰ ਆਇਆ। ਇਤਿਹਾਸ ਦੇ ਮਾਣਮੱਤੇ ਝਰੋਖੇ ਖੋਲ੍ਹ ਕੇ ਅਗਲੇ ਦਿਨ ਖੇਡਿਆ ਗਿਆ 'ਅਜੀਬ ਦਾਸਤਾਂ' (26 ਨਵੰਬਰ, 2025) ਨਾਮੀ ਨਾਟਕ ਸਮਾਜਕ ਹਕੀਕਤਾਂ 'ਤੇ ਆਧਾਰਿਤ ਮਨੁੱਖੀ ਮਨ ਦੇ ਗੁੰਝਲੇਪਨ ਨੂੰ ਬਹੁਤ ਨਜ਼ਾਕਤ ਨਾਲ ਉਭਾਰਦਾ ਹੈ। ਇਹ ਨਾਟਕ ਦਰਸ਼ਕਾਂ ਨੂੰ ਇਹ ਸੋਚਣ 'ਤੇ ਮਜਬੂਰ ਕਰਦਾ ਹੈ ਕਿ ਠੀਕ ਰਾਹ ਅਪਨਾਉਣ ਲਈ ਕੀ ਕਰਨਾ ਚਾਹੀਦਾ ਹੈ ਤੇ ਕਿਵੇਂ ਕੀਤਾ ਜਾ ਸਕਦਾ ਹੈ।

27 ਨਵੰਬਰ ਨੂੰ ਖੇਡਿਆ ਗਿਆ 'ਛੱਲਾ' ਨਾਟਕ ਪੰਜਾਬੀ ਪਿਆਰਿਆਂ ਦੀ ਵਿਦੇਸ਼ ਜਾਣ ਵਾਲਾ ਰੁਚੀ ਦਾ ਪੋਲ ਖੋਲ੍ਹ ਕੇ ਪਿੱਛੇ ਰਹਿ ਗਏ ਪਰਿਵਾਰਾਂ ਨਾਲ ਜੋ ਕੁਝ ਵਾਪਰਦਾ ਹੈ ਉਸਨੂੰ ਅਤਿਅੰਤ ਨਾਟਕੀ ਅੰਦਾਜ਼ ਵਿਚ ਪੇਸ਼ ਕਰਦਾ ਹੈ। ਇਸ ਵਿਚ ਅਜਿਹੇ ਨੌਜਵਾਨ ਦੀ ਘਰ ਵਾਪਸੀ ਦਾ ਦ੍ਰਿਸ਼ ਵਿਦੇਸ਼ਾਂ ਦੀ ਦੌੜ ਵਿਚ ਕਮਲੇ ਹੋਏ ਮਾਨਵ ਦੀਆਂ ਅੰਤਰਲੀਆਂ ਭਾਵਨਾਵਾਂ ਨੂੰ ਸੂਖਮ ਅੰਦਾਜ਼ ਵਿਚ ਪੇਸ਼ ਕਰਦਾ ਹੈ।

ਏਸੇ ਤਰ੍ਹਾਂ 'ਤੁਮਹੇਂ ਕੌਨ ਸਾ ਰੰਗ ਪਸੰਦ ਹੈ' ਨਾਟਕ ਜ਼ਿੰਦਗੀ ਦੇ ਉਨ੍ਹਾਂ ਮੋੜਾਂ ਉੱਤੇ ਰੋਸ਼ਨੀ ਪਾਉਂਦਾ ਹੈ ਜਿਨ੍ਹਾਂ ਵਿਚ ਫਸ ਕੇ ਸੁਚੇਤ ਮਾਨਵ ਕਿਹੋ ਜਿਹੀਆਂ ਮੁਸ਼ਕਲਾਂ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਇਨ੍ਹਾਂ ਵਿਚੋਂ ਨਿਕਲਣ ਲਈ ਕਿਹੜੇ ਖੇਡ ਖੇਡਦਾ ਹੈ।

ਏਸ ਲੜੀ ਨੂੰ ਅੱਗੇ ਤੋਰਦਾ 'Relationship Rhythms' (29 ਨਵੰਬਰ 2025) ਵੀ ਆਧੁਨਿਕ ਦੁਨੀਆਂ ਦੇ ਸਬੰਧਾਂ, ਠੋਕਰਾਂ ਅਤੇ ਮਨੋਵਿਗਿਆਨਕ ਟਕਰਾਅ ਨੂੰ ਵਧੀਆ ਅੰਦਾਜ਼ ਵਿਚ ਪੇਸ਼ ਕਰਨ ਵਾਲਾ ਅਜਿਹਾ ਨਾਟਕ ਸੀ ਜਿਸ ਵਿਚ ਅਜੋਕੇ ਮਾਨਵੀ ਤਾਣੇ ਪੇਟੇ ਤੋਂ ਪਰਦਾ ਚੁੱਕਿਆ ਗਿਆ ਹੈ। ਇਸ ਨਾਟਕ ਮੇਲੇ ਦੇ ਅੰਤਲੇ ਦਿਨਾਂ ਵਿਚ ਸਆਦਤ ਹਸਨ ਮੰਟੋ ਦੇ ਅਫ਼ਸਾਨੇ 'ਬਾਦਸ਼ਾਹਤ ਕਾ ਖ਼ਾਤਮਾ' 'ਤੇ ਅਧਾਰਤ ਨਾਟਕ ਖੇਡਿਆ ਗਿਆ ਜਿਸ ਵਿਚ ਰਾਜਨੀਤਕ ਤੰਤਰ ਦੀ ਢਹਿ ਰਹੀ ਹਕੀਕਤ ਨੂੰ ਚੋਭ ਭਰੇ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ।

ਉਤਸਵ ਦਾ ਅੰਤ ਅਸ਼ੋਕ ਸਿੰਘ ਦੇ ਨਾਟਕ 'ਕੋਈ ਇੱਕ ਰਾਤ' ਨਾਲ ਹੋਇਆ। ਇਸ ਵਿਚ ਵੀ ਅਜੋਕੇ ਮਨੁਖ ਦੀ ਬਾਤ ਪਾਈ ਗਈ ਹੈ ਜਿਹੜਾ ਅਪਣੀਆਂ ਇਛਾਵਾਂ ਦੀ ਪੂਰਤੀ ਲਈ ਅਜਿਹੇ ਬੋਲਣ ਬੋਲਦਾ ਹੈ ਜਿਹੜੇ ਉਸਨੂੰ ਉੱਕਾ ਹੀ ਨਹੀਂ ਸੋਭਦੇ।

ਇਨ੍ਹਾਂ ਨਾਟਕਾਂ ਵਿਚ ਅਜੋਕੇ ਮਾਨਵ ਦੀ ਹੋਣੀ ਨੂੰ ਉਭਾਰਿਆ ਗਿਆ ਹੈ ਜਿਸਨੂੰ ਭਵਿਖੀ ਸਭਿਆਚਾਰਕ ਕੀਮਤਾਂ ਦਾ ਸ਼ੀਸ਼ਾ ਵੀ ਕਿਹਾ ਜਾ ਸਕਦਾ ਹੈ। ਇਹ ਨਾਟਕ ਇੱਕ ਤਰ੍ਹਾਂ ਨਾਲ ਅਜੋਕੇ ਮਨੁੱਖ ਦੇ ਮਾਰਗ ਦਰਸ਼ਕ ਵੀ ਹਨ ਜਿਸਦਾ ਸਿਹਰਾ ਪ੍ਰਬੰਧਕਾਂ ਦੇ ਸਿਰ ਬਣਦਾ ਹੈ।

ਉਂਝ ਇਸ ਉਤਸਵ ਦੀ ਮਹਾਨਤਾ ਉੱਤੇ ਸਹੀ ਪਾਉਣ ਵਾਲਾ ਨਾਟਕ 'ਹਿੰਦ ਦੀ ਚਾਦਰ' ਹੀ ਸੀ ਜਿਸਦੀ ਹਰਮਨ-ਪਿਆਰਤਾ ਨੂੰ ਵੇਖਦਿਆਂ ਇਹ ਨਾਟਕ 18 ਦਸੰਬਰ ਨੂੰ ਟੈਗੋਰ ਥੀਏਟਰ ਚੰਡੀਗੜ੍ਹ ਵਿਚ ਵੀ ਖੇਡਿਆ ਗਿਆ। ਇਸਨੂੰ ਆਯੋਜਤ ਕਰਨ ਦਾ ਬੀੜਾ ਵੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰਸਟੀ ਐਸ ਪੀ ਸਿੰਘ ਓਬਰਾਇ ਨੇ ਚੁਕਿਆ ਜਿਸਨੇ ਇਸਨੂੰ ਆਪਣੇ ਸਮਾਜ ਸੇਵਕ ਪਿਤਾ ਸਰਦਾਰ ਪ੍ਰੀਤਮ ਸਿੰਘ ਦੀ ਯਾਦ ਨੂੰ ਸਮਰਪਤ ਕੀਤਾ। ਇਸ ਨਾਟਕ ਦੀ ਖ਼ੂਬੀ ਇਹ ਵੀ ਹੈ ਕਿ ਇਸਦੀ ਪੇਸ਼ਕਾਰੀ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਦੀ ਸ਼ਹੀਦੀ ਉੱਤੇ ਵੀ ਸੱਜਰੀ ਮੋਹਰ ਲਗਦੀ ਹੈ।

**ਅੰਤਿਕਾ**

'ਰੇਸ਼ਮੀ ਧਾਗੇ'/ਫ਼ਤਿਹਜੀਤ॥
ਮੈਂ ਇੱਕ ਔਰਤ
ਮੈਂ ਇੱਕ ਚਰਚਾ
ਧੁੰਦ ਵਿਚ ਲਿਪਟੇ
ਸੂਰਜ ਦੀ ਨਿਆਈਂ
ਵਧਦੀ ਘਟਦੀ ਪ੍ਰਸੰਸਾ ਮੈਂ।
ਕਿਤੇ ਕਿਸੇ ਦੀ ਅੱਖ ਵਿਚ ਚਮਕਾਂ
ਕਿਤੇ ਕਿਸੇ ਦੇ ਬੁਲ੍ਹ 'ਤੇ ਥਿਰਕਾਂ
ਸੈਆਂ ਰੰਗਾਂ ਵਿਚ ਗੁਆਚੇ
ਮੇਰਾ ਆਪਾ।
ਮੈਂ ਇੱਕ ਔਰਤ ਰੰਗ ਅਨੇਕਾਂ
ਮਾਂ ਤੋਂ ਧੀ ਤੱਕ ਮੇਰਾ ਰਿਸ਼ਤਾ।
ਪਰ ਮੈਂ ਤੱਕਾਂ
ਘਰ ਤੋਂ ਬਾਹਰ ਪੈਰ ਨਾ ਪੁਟਿਆ ਜਾਏ
ਮੈਨੂੰ ਅਪਣੇ ਅੰਗਾਂ ਤੋਂ ਡਰ ਆਏ।

# ਅਦਨਾ ਇਨਸਾਨ

ਅਤਰਜੀਤ

ਜਿੱਥੋਂ ਤੱਕ ਚੌਥਾ ਦਰਜਾ ਕਰਮਚਾਰੀ ਸ਼ਾਮ ਲਾਲ ਮੇਰੀ ਹਮਦਰਦੀ ਦਾ ਸਬੰਧ ਸੀ, ਉਹ ਮਹਿਜ਼ ਇਨਸਾਨੀਅਤ ਦੇ ਨਾਤੇ ਸੀ। ਇਨਸਾਨੀਅਤ ਦੀ ਭਾਵਨਾ ਨੂੰ ਮੈਂ ਉਨ੍ਹੀਂ ਦਿਨੀਂ ਪਵਿੱਤਰਤਾ ਦੀ ਹੱਦ ਤੱਕ ਪੂਜਦਾ ਸੀ। ਬੇਸ਼ੱਕ ਸ਼ਾਮ ਲਾਲ ਸਾਡੇ ਦਫਤਰ ਵਿਚ ਝਗੜਾਲੂ ਤੇ ਰੁੱਖੀ ਤਬੀਅਤ ਦਾ ਮਾਲਕ ਗਿਣਿਆ ਜਾਂਦਾ ਸੀ, ਪਰ ਮੇਰੀਆਂ ਨਜ਼ਰਾਂ ਵਿਚ ਨਫਰਤ ਦਾ ਪਾਤਰ ਨਹੀਂ ਸੀ। ਦਸਵੀਂ ਤੋਂ ਬਾਅਦ ਨੌਕਰੀ ਲੱਗ ਜਾਣ ਕਰਕੇ ਮੈਨੂੰ ਉਨ੍ਹੀਂ ਦਿਨੀਂ ਨਾਵਲ ਪੜ੍ਹਨ ਦਾ ਬਹੁਤ ਭੁਸ ਸੀ, ਤੇ ਮੇਰੇ ਸਾਮ੍ਹਣੇ ਭਾਵੇਂ ਕਿਸੇ 'ਵਾਦ' ਦੀ ਸੀਮਾ ਤਾਂ ਉਦੋਂ ਨਹੀਂ ਸੀ ਪਰ ਫੇਰ ਵੀ ਗੈਰਤਮੰਦ ਨਾਇਕਾ-ਨਾਇਕਾਵਾਂ ਤੇ ਕਿਰਦਾਰ ਅਤੇ ਚਰਿੱਤਰ ਮੈਨੂੰ ਬੜੇ ਪਿਆਰੇ ਲਗਦੇ ਸਨ। ਅਜਿਹੇ ਪਾਤਰ ਆਮ ਤੌਰ 'ਤੇ ਨਾਵਲਾਂ ਨਾਟਕਾਂ ਵਿਚ ਹੀ ਤੁਹਾਨੂੰ ਮਿਲ ਸਕਣਗੇ - ਪਰ ਜਿਸ ਜਿਉਂਦੇ ਜਾਗਦੇ ਕਿਰਦਾਰ ਨਾਲ ਮੇਰਾ ਵਾਹ ਪਿਆ ਸੀ, ਉਸ ਦੇ ਲਹੂ ਦਾ ਕਤਰਾ-ਕਤਰਾ, ਹੱਡੀ ਦਾ ਕਿਣਕਾ-ਕਿਣਕਾ, ਮਾਸ ਦੀ ਬੋਟੀ-ਬੋਟੀ ਅਣਖ ਦੀ ਬਣੀ ਹੋਈ ਸੀ, ਜੋ ਮੇਰੇ ਖਿਆਲ ਵਿਚ ਇੱਕ ਜਿਉਂਦਾ ਜਾਗਦਾ ਨਾਵਲ ਨਹੀਂ ਬਲਕਿ ਮਨੁੱਖੀ ਇਤਿਹਾਸ ਸੀ, ਜੋ ਗੱਲ-ਬਾਤ ਵੇਲੇ ਆਪਣੇ ਆਪ ਨੂੰ 'ਅਦਨਾ ਇਨਸਾਨ' ਜਾਂ 'ਮਾਮੂਲੀ ਆਦਮੀ' ਕਿਹਾ ਕਰਦਾ ਸੀ।

ਉਦੋਂ ਮੈਂ ਬਿਜਲੀ ਬੋਰਡ ਦੇ ਦਫਤਰ ਮਲੇਰਕੋਟਲੇ ਇੱਕ ਕਲਰਕ ਸਾਂ ਤੇ ਹੁਣ ਉਪ-ਮੰਡਲ ਰਾਮਪੁਰਾ ਵਿਖੇ, ਸਹਾਇਕ ਸੁਪਰਿਨਟੈਂਡੈਂਟ ਦੇ ਅਹੁਦੇ 'ਤੇ ਪ੍ਰੋਮੋਟ ਹੋ ਕੇ ਆਇਆ ਸਾਂ- ਜਿਥੇ ਸ਼ਾਮ ਲਾਲ ਨਾਂ ਦੇ ਇੱਕ ਚੌਥਾ ਦਰਜਾ ਕਰਮਚਾਰੀ ਦੀ ਲੀਅਨ ਤਬਦੀਲ ਹੋ ਕੇ ਆਇਆ ਸੀ। ਡੀਲਿੰਗ ਕਲਰਕ ਨੇ ਨੋਟਿੰਗ ਲਾ ਕੇ ਕਾਗਜ਼ ਮੇਰੀ ਮੇਜ਼ 'ਤੇ ਲਿਆਂਦਾ ਸੀ। ਪਹਿਲਾਂ ਤਾਂ ਸਰਸਰੀ ਸਮਝ ਕੇ ਦਸਤਖਤ ਕਰਨ ਲੱਗਾ ਹੀ ਸਾਂ ਪਰ 'ਸਵੀਪਰ ਕਮ ਚੌਂਕੀਦਾਰ' ਪੜ੍ਹ ਕੇ ਮੇਰੇ ਮਨ ਵਿਚ ਜਗਿਆਸਾ ਪੈਦਾ ਹੋਈ ਤੇ ਦਿਮਾਗ 'ਤੇ ਬੋਝ ਪਾ ਕੇ ਸੋਚਿਆ ਕਿ ਉਹ ਸ਼ਾਮ ਲਾਲ ਤਾਂ 'ਮਾਲੀ ਕਮ ਵਾਟਰ-ਕੈਰੀਅਰ' ਸੀ। 'ਮੁਅੱਤਲ ਕੀਤਾ ਜਾਂਦਾ ਹੈ' ਸ਼ਬਦਾਂ ਤੋਂ ਅੱਗੇ ਮੈਨੂੰ ਕੋਈ ਅੱਖਰ ਨਾ ਦਿਸਿਆ। ਮੈਂ ਐਨਕਾਂ ਕੱਢੀਆਂ, ਸਾਫ ਕਰ ਕੇ ਨੱਕ 'ਤੇ ਜਮਾਈਆਂ, ਪੜ੍ਹਿਆ ਤਾਂ ਸਾਫ ਲਿਖਿਆ ਹੋਇਆ ਸੀ: 'ਮੁਅੱਤਲ ਕੀਤਾ ਜਾਂਦਾ ਹੈ ਤੇ ਪ੍ਰਬੰਧਕੀ ਆਧਾਰ 'ਤੇ ਉਸ ਦਾ ਲੀਅਨ ਪੰ.ਸ.ਇ.ਬੋ. ਦਫਤਰ ਰਾਮਪੁਰਾ ਫੂਲ ਵਿਖੇ ਤਬਦੀਲ ਕੀਤਾ ਜਾਂਦਾ ਹੈ।' ਮੈਂ ਪੁੜਪੁੜੀ ਠਕੋਰਦਿਆਂ ਉਸ ਦਾ ਪੁਰਾਣਾ ਸਟੇਸ਼ਨ ਸੁਨਾਮ ਪੜ੍ਹਿਆ, ਤੇ ਯਾਦ ਕਰਨ ਦਾ ਜਤਨ ਕੀਤਾ ਕਿ ਇਹ ਕਿਹੜਾ ਸ਼ਾਮ ਲਾਲ ਹੋਇਆ। ਦਫਤਰ ਵਿਚ ਫਿਕਰ ਅਤੇ ਡਰ ਦਾ ਮਾਹੌਲ ਸੀ ਕਿ ਉਹ ਕਰਮਚਾਰੀ ਤਾਂ ਬਹੁਤ ਹੀ ਖਤਰਨਾਕ, ਝਗੜਾਲੂ ਤੇ ਬਲਾ ਹੈ। ਪਤਾ ਨਹੀਂ ਕਿਹੜੇ ਵੇਲੇ ਉਧਮੂਲ ਖੜਾ ਕਰ ਦੇਵੇ; ਜਿਹੜਾ ਕਿਸੇ ਦੇ ਗਲ ਪੈਣ ਲੱਗਿਆਂ ਅੱਗਾ-ਪਿੱਛਾ ਨਹੀਂ ਵਿਚਾਰਦਾ।

ਸ਼ਾਮ ਲਾਲ ਉਰਫ਼ ਸ਼ਾਮੂ ਸਾਡੇ ਦਫਤਰ ਵਿਚ 15-16 ਸਾਲ ਪਹਿਲਾਂ ਹੁੰਦਾ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਮੇਰੇ ਵਿਚ ਢੇਰ ਸਾਰੀਆਂ ਤਬਦੀਲੀਆਂ ਆ ਚੁੱਕੀਆਂ ਸਨ; ਜੋ ਮਹਿਜ਼ ਸਮੇਂ ਸਮੇਂ ਵਗੀਆਂ 'ਵਾਵਾਂ ਦੇ ਅਸਰ ਸਦਕਾ ਹੀ ਸਨ। ਹੁਣ ਤਾਂ ਮੈਂ ਅਮਨ-ਪਸੰਦ ਸ਼ਹਿਰੀ ਬਣ ਵੱਡਿਆਂ ਦੀ ਨਸੀਹਤ ਦਾ ਦੇਰ ਨਾਲ ਹੀ ਮੁੱਲ ਪਾ ਸਕਿਆ ਸੀ। 'ਨੌਕਰੀ ਕੀ ਤੇ ਨਖਰਾ ਕੀ' ਚੰਗੀ ਭਲੀ ਨੌਕਰੀ ਨੂੰ ਖਾਹ-ਮਖਾਹ ਫੋਕੀ ਅਣਖ ਦੇ ਪਿਛੇ ਲੱਗ ਕੇ ਦਾਗ ਕਿਉਂ ਲਵਾਈਏ। ਉਦੋਂ ਤਾਂ ਐਨਾ ਜੋਸ਼ ਹੀ ਪਤਾ ਨਹੀਂ ਕਿਥੋਂ ਆਇਆ ਸੀ, ਅਣਖ ਬਦਲੇ ਨੌਕਰੀ ਨੂੰ ਲੱਤ ਮਾਰਨ ਨੂੰ ਤਿਆਰ ਹੋ ਜਾਈਦਾ ਸੀ। ਹੁਣ ਤਾਂ ਤਨਖਾਹ ਤੋਂ ਵਧ ਉਪਰੋਂ ਵੀ ਕਾਫੀ ਆਮਦਨ ਹੋ ਜਾਂਦੀ ਸੀ ਜਿਸ ਕਰਕੇ ਘਰ ਤੇ ਆਸ-ਪਾਸ ਚੰਗੀ ਸ਼ੁਹਰਤ ਹਾਸਲ ਸੀ। ਉਪਰਲੀ ਆਮਦਨ ਦੇ ਸਿਰੋਂ ਹੁਣ ਤਾਂ ਮੈਂ ਵਧੀਆ ਕੋਠੀ ਦਾ ਮਾਲਕ ਸਾਂ ਤੇ ਪੰਜ ਪੰਜ ਸੌ ਗਜ਼ ਦੇ ਦੋ ਪਲਾਟਾਂ ਦੇ ਸੌਦੇ ਮਾਰ ਲਏ ਸਨ ਜੋ। ਦੋਸਤ ਕਹਿੰਦੇ ਕਿ ਮੈਂ ਅੱਗੇ ਨਾਲੋਂ ਮੋਟਾ ਹੋ ਗਿਆ ਹਾਂ- ਪਰ ਮਨੁੱਖ ਦੀ ਸ਼ਖਸ਼ੀਅਤ ਵੀ ਤਾਂ ਚਾਹੀਦੀ ਹੈ ਕੁਝ। ਅੰਦਰਲੇ ਨੂੰ ਕੌਣ ਜਾਣਦਾ ਹੈ, ਦੁਨੀਆਂ ਹੀ ਵਿਖਾਵੇ ਤੇ ਤੜਕ-ਭੜਕ ਦੀ ਹੈ। ਤੇ ਆਪਾਂ ਵੀ ਨਵੇਂ ਢੰਗ ਦੀ ਸ਼ੇਵ ਬਣਾ ਕੇ ਦਫਤਰ ਜਾਂਦੇ ਸਾਂ।

ਮੇਰੇ ਸਹਿ-ਕਰਮਚਾਰੀ ਨੇ ਦੱਸਿਆ ਸੀ ਕਿ ਨਵਾਂ ਚੌਥਾ ਦਰਜਾ ਕਰਮਚਾਰੀ ਜੋ ਮੁਅੱਤਲ ਹੋ ਕੇ ਆਇਆ ਹੈ, ਚੁੱਪ-ਚਾਪ ਸਾਹਿਬ ਦੇ ਕਮਰੇ ਵਿਚ ਜਾ ਕੇ ਬੋਲਿਆ, 'ਜਨਾਬ ਮੈਂ ਸ਼ਾਮ ਲਾਲ ਮਾਲੀ ਕਮ ਵਾਟਰ-ਕੈਰੀਅਰ ਹਾਂ' ਅਤੇ ਤਣ ਕੇ ਸਾਹਿਬ ਦੇ ਸਾਹਮਣੇ ਕੁਰਸੀ 'ਤੇ ਬੈਠ ਗਿਆ। ਸਾਹਿਬ ਨੇ ਨਰਮੀ ਤੋਂ ਕੰਮ ਲੈਂਦਿਆ ਕਿਹਾ: 'ਆਰਡਰ 'ਤੇ ਤਾਂ ਸਵੀਪਰ ਕਮ-ਚੌਂਕੀਦਾਰ ਲਿਖਿਆ ਹੈ।' ਕਹਿਣ ਲੱਗਾ: 'ਸਾਹਿਬ, ਮੇਰੇ ਨਾਲ ਬੇ-ਇਨਸਾਫੀ ਕੀਤੀ ਐ, ਪਹਿਲੇ ਸਾਹਿਬ ਨੇ' ਸਾਹਿਬ ਨੇ ਉਸ ਨੂੰ ਡਿਊਟੀ 'ਤੇ ਹਾਜ਼ਰ ਨਹੀਂ ਕਰਵਾਇਆ। ਇਸ ਘਟਨਾ ਨੂੰ ਮੈਂ ਬਹੁਤਾ ਨਹੀਂ ਸੀ ਗੌਲਿਆ। ਅਸਲ ਵਿਚ ਮੈਂ ਆਪਣੇ ਆਪ ਨੂੰ ਕਿਸੇ ਇਹੋ ਜੇਹੀ ਗੱਲ ਨਾਲ ਮਾਨਸਿਕ ਤੌਰ 'ਤੇ ਜੋੜਨ ਲਈ ਤਿਆਰ ਨਹੀਂ ਸਾਂ। ਅੱਜ ਉਸ ਵਿਅਕਤੀ ਨੇ ਕਿਸੇ ਕਰਮਚਾਰੀ ਪਾਸੋਂ ਮੇਰਾ ਨਾਂ ਪੁਛਿਆ ਸੀ ਤੇ ਪਤਾ ਲੱਗਣ 'ਤੇ ਮੈਂ ਅਸਲੋਂ ਹੀ ਬੇਲਾਗ ਹੋਣ ਦਾ ਜਤਨ ਕਰ ਰਿਹਾ ਸਾਂ। ਹੁਣ ਮੇਰੇ ਵਿਚ ਪਹਿਲਾਂ ਵਾਲੀ ਭਾਵੁਕਤਾ ਵੀ ਨਹੀਂ ਕਿ ਐਵੇਂ ਨਿੱਕੀਆਂ-ਨਿੱਕੀਆਂ ਗੱਲਾਂ ਬਾਰੇ ਸੋਚੀ ਜਾਵਾਂ। ਭਾਵੁਕਤਾ ਜਿਸ ਨੂੰ ਕਈ ਲੋਕ ਅਣਖ ਦਾ ਖਾਹ-ਮਖਾਹ ਹੀ ਨਾਂ ਦਿੰਦੇ ਹਨ, ਮੇਰੇ ਲਈ ਅਰਥ ਗੁਆ ਚੁੱਕੀ ਸੀ। ਹੁਣ ਦੂਜਿਆਂ ਦੀ ਜ਼ਿੰਦਗੀ ਬਾਰੇ ਸੋਚਣ ਵਾਲਾ, ਕਿਸੇ ਕੋਲ ਜ਼ਿੰਦਗੀ ਵਿਚ ਕੀ ਰਹਿ ਗਿਆ ਸੀ? ਇਹ ਵੀ ਮੈਨੂੰ ਚਪੜਾਸੀ ਨੇ ਆ ਕੇ ਸੁਨੇਹਾ ਦਿੱਤਾ ਕਿ ਬਾਹਰ ਕੋਈ ਮਿਲਣਾ ਚਾਹੁੰਦਾ ਹੈ। ਮੈਂ ਡਿਊਟੀ ਦੀ ਪਰਵਾਹ ਕੀਤੇ ਬਿਨਾਂ, ਕਿਉਂਕਿ ਐਸ.ਡੀ.ਓ. ਸਾਹਿਬ ਦੀ ਤੇ ਮੇਰੀ ਚੰਗੀ ਬਣਦੀ ਸੀ; ਬਾਹਰ ਲਾਅਨ ਵਲ ਤੁਰ ਪਿਆ। ਸਾਹਿਬ ਦੇ ਦਫਤਰ ਵਿਚ ਫਾਈਲਾਂ ਦਾ ਥੱਬਾ ਲਈ ਵੜਦੇ, ਲਾਇਨ ਸੁਪਰਿਨਟੈਂਡੈਂਟ ਨੂੰ ਅਤੇ ਨਾਂ ਹੀ ਉਸ ਦੇ ਮਗਰ ਜਾਂਦੇ ਸੁਪਿਰਨਟੈਂਡੈਂਟ ਨੂੰ ਮੈਂ ਗੌਲਿਆ। ਮੇਰੇ ਬੂਟਾਂ ਦੀ ਟੱਕ-ਟੱਕ ਵਰਾਂਡੇ ਵਿਚ ਗੂੰਜ ਰਹੀ ਸੀ। ਵਰਾਂਡੇ ਦੇ ਸਿਰੇ 'ਤੇ ਹੀ ਲਾਅਨ ਤੇ ਪਾਰਕ ਆਉਂਦੇ ਸਨ।

ਮੇਰੇ ਸਾਮ੍ਹਣੇ, ਪੰਜਾਹ ਕੁ ਸਾਲ ਦਾ ਵਿਅਕਤੀ ਖੜ੍ਹਾ ਸੀ। ਮੈਂ ਸਮਝਿਆ ਕਿ ਸੂਟ-ਬੂਟ ਵਾਲਾ ਬਾਬੂ ਜਾਂ ਸਰਦਾਰ (ਕੋਈ ਤਕੜੀ ਆਸਾਮੀ) ਹੋਵੇਗਾ, ਪਰ ਇਸ ਅਜੀਬ ਅਤੇ ਭੈੜੀ ਸ਼ਕਲ, ਮੈਲੇ-ਕੁਚੈਲੈ ਕੁੜੱਤੇ-ਪਜਾਮੇ ਵਾਲੇ ਵਿਅਕਤੀ ਨੂੰ ਸਾਮ੍ਹਣੇ ਵੇਖ ਕੇ ਮੈਨੂੰ ਹੱਤਕ ਅਨੁਭਵ ਹੋਈ। ਮੈਂ ਆਪਣੇ ਰੋਅਬ ਨੂੰ ਕਾਇਮ ਰੱਖਦਿਆਂ, ਐਨਕਾਂ ਹੱਥ ਵਿਚ ਫੜਦੇ- 'ਕਿਆ ਬਾਤ ਹੈ' ਕਹਿਣ ਹੀ ਲੱਗਾ ਕਿ ਉਸ ਨੇ ਹੱਥ ਜੋੜ ਕੇ ਨਮਸਤੇ ਕਹੀ। ਜਿਵੇਂ ਹੀ ਉਸ ਦੇ ਬੁੱਲ ਹਰਕਤ ਵਿਚ ਆਏ, ਨੱਕ ਦੀ ਕਰੂੰਬਲ ਵਿਚ ਤਣਾਅ ਆਇਆ, ਮੈਂ ਪਹਿਚਾਣ ਗਿਆ ਕਿ ਇਹ ਤਾਂ ਉਹੀ ਸ਼ਾਮ ਲਾਲ ਸੀ- 'ਅਦਨੇ ਇਨਸਾਨ' ਜਾਂ 'ਮਾਮੂਲੀ ਆਦਮੀ' ਵਾਲਾ। ਉਸ 'ਤੇ ਆਇਆ ਬੁਢਾਪਾ ਵੇਖ ਕੇ ਮੈਂ ਹੱਕਾ-ਬੱਕਾ ਰਹਿ ਗਿਆ। ਮੈਂ ਉਸ ਤੋਂ ਕਈ ਸਾਲ ਵੱਡਾ ਸਾਂ ਪਰ ਬਾਬੂ ਲੋਕ (ਪਤਾ ਨਹੀਂ ਫੂਕ ਦੇਣ ਲਈ) ਕਹਿੰਦੇ ਸਨ ਕਿ ਮੇਰੀ ਸਰਵਿਸ ਵੀਹ ਸਾਲ ਦੀ ਤਾਂ ਲੱਗਦੀ ਹੀ ਨਹੀਂ।

'ਸ਼ਾਮ ਲਾਲ!' ਮੂੰਹ ਵਿਚ ਜਿਵੇਂ ਸ਼ਬਦ ਫੁੱਲ ਗਏ- 'ਇਹ ਕੀ ਹਾਲ ਹੋਇਐ ਤੇਰਾ' ਹਮੇਸ਼ਾ ਫੁੱਲ ਵਾਂਗ ਖਿੜੇ ਰਹਿਣ ਵਾਲਾ ਤੇ ਕਿਸੇ ਅੱਗੇ ਕਦੀ ਸਿਰ ਨਾ ਝਕਾਉਣ ਵਾਲਾ ਸ਼ਾਮ ਲਾਲ ਕਿੰਨੀਂ ਜਲਦੀ ਝੌਂਅ ਗਿਆ ਸੀ - 'ਅਦਨਾ ਇਨਸਾਨ' ਵਾਲਾ ਸ਼ਾਮ ਲਾਲ। ਉਸ ਦੇ ਹੇਠਲੇ ਦੋ-ਤਿੰਨ ਦੰਦ ਵੀ ਨਹੀਂ ਸਨ ਰਹੇ। ਗੱਲ੍ਹਾਂ ਅੰਦਰ ਨੂੰ ਪਿਚਕੀਆਂ ਅਤੇ ਰੰਗ ਕਾਲਾ ਹੋ ਗਿਆ ਸੀ।

'ਬਾਬੂ ਜੀ' ਆਵਾਜ਼ ਵਿਚ ਉਹੀ ਪਹਿਲਾਂ ਵਾਲਾ ਠਰ੍ਹੰਮਾ ਤੇ ਸਵੈ-ਵਿਸ਼ਵਾਸ ਸੀ। 'ਇਨਸਾਨ ਉਪਰ ਸੌ-ਸੌ 'ਵਾਵਾਂ ਚਲਦੀਆਂ ਨੇ' ਪੰਜਾਬ ਦਾ ਜੰਮ-ਪਲ ਹੋਣ ਕਰਕੇ ਉਹ ਪੰਜਾਬੀ ਵਧੀਆ ਬੋਲਦਾ ਸੀ, ਉਂਝ ਉਸ ਦੇ ਵੱਡੇ ਭਾਵੇਂ ਬਿਹਾਰ ਦੇ ਸਨ।

'ਐਸੀ ਕੀ ਬਿਪਤਾ ਆ ਗਈ' ਮੈਂ ਆਪਣੀ ਬਾਂਹ ਉਸ ਦੇ ਮੋਢੇ ਦੁਆਲੇ ਵਲ ਕੇ ਉਹਨੂੰ ਨੇੜੇ ਕਰ ਲਿਆ। ਉਸ ਦੇ ਸਾਹ ਵਿਚੋਂ ਤੰਬਾਕੂ ਦੀ ਤਿੱਖੀ ਅਤੇ ਕੌੜੀ ਬੋ ਆਈ। ਉਦੋਂ ਤੰਬਾਕੂ ਨੂੰ ਨਫਰਤ ਕਰਿਆ ਰਕਦਾ ਸੀ। ਉਸ ਦੇ ਚਿਹਰੇ 'ਤੇ ਦ੍ਰਿੜਤਾ ਅਤੇ ਤਸੱਲੀ ਭਰੀ ਮੁਸਕ੍ਰਾਹਟ ਫੈਲ ਗਈ- 'ਬੱਸ ਜੀ, ਦੁੱਖ-ਸੁੱਖ ਤਾਂ ਇਨਸਾਨ ਦੇ ਨਾਲ ਈ ਨੇ'- ਉਸ ਨੇ ਬੀੜੀਆਂ ਦਾ ਬੰਡਲ ਅਤੇ ਮਾਚਸ ਕੱਢੀ- 'ਕਿਹੜਾ ਹਮੇਸ਼ਾ ਇਕੋ ਕਿਸਮ ਦੇ ਹਾਲਾਤ ਰਹਿੰਦੇ ਐ' ਬੀੜੀ ਨੂੰ ਪਤਲੇ ਪਾਸਿਓਂ ਦੰਦਾਂ 'ਚ ਲੈ ਕੇ ਥੁੱਕਦਿਆਂ ਵਾਂਗ, ਮੂੰਹ ਵਿਚਲਾ ਟੁਕੜਾ ਪਰ੍ਹਾਂ ਸੁੱਟਿਆ ਤੇ ਕਾਲੇ ਹੋ ਗਏ ਬੁਲਾਂ ਵਿਚ ਫੜ ਕੇ ਬੀੜੀ ਸੁਲਘਾਈ। ਬਲਦੀ ਤੀਲੀ ਦੀ ਲਾਟ ਨੂੰ ਮੈਂ ਵੇਖਦਾ ਰਿਹਾ। ਕਸ਼ ਖਿੱਚਣ ਸਮੇਂ ਉਸ ਦੀ ਪਤਲੀ ਗਰਦਨ 'ਚੋਂ ਉਸ ਦਾ ਘੰਡ ਅਤੇ ਰਗਾਂ ਉਭਰ ਆਉਂਦੇ ਸਨ। ਕੁਝ ਜ਼ਿਆਦਾ ਹੀ ਕਮਜ਼ੋਰ ਹੋ ਜਾਣ ਕਰਕੇ ਉਸ ਦੇ ਮੋਢੇ ਵਧੇਰੇ ਹੀ ਉਭਰੇ ਹੋਏ ਤੇ ਹੱਡਲ ਲੱਗਦੇ ਸਨ।

'ਤੂੰ ਤਾਂ ਤੰਬਾਕੂ ਪੀਂਦਾਂ ਨਹੀਂ ਸੀ- ਇਹ ਕਦੋਂ ਤੋਂ ਪੀਣਾ ਸ਼ੁਰੂ ਕਰ ਦਿਤਾ' ਮੈਂ ਨਫਰਤ ਨਾਲ ਨਹੀਂ ਸਗੋਂ ਦਿਲੀ ਹਮਦਰਦੀ ਨਾਲ ਪੁੱਛਿਆ।

'ਇਨਸਾਨ ਦਾ ਜੀਵਨ ਹੀ ਬੀੜੀ ਦੀ ਤਰ੍ਹਾਂ ਹੈ ਸਾਹਿਬ' ਸ਼ਾਇਦ ਉਹ ਆਪਣੇ ਚਿਹਰੇ 'ਤੇ ਖੁਸ਼ੀ ਲਿਆਉਣ ਦਾ ਜਤਨ ਕਰ ਰਿਹਾ ਸੀ- 'ਨਹੀਂ' ਮੈਥੋਂ ਪ੍ਰੋੜਤਾ ਕਰਾਉਣੀ ਚਾਹੀ- 'ਤੀਲੀ ਪਹਿਲਾਂ ਮੇਰੀ ਜੇਬ ਵਿਚ ਸ਼ਾਂਤ ਪਈ ਸੀ- ਏਵੇਂ ਹੀ ਬੀੜੀਆਂ ਦਾ ਬੰਡਲ। ਤੀਲੀ ਬਲੀ ਤੇ ਬੁੱਝ ਗਈ- ਬੀੜੀ ਨੂੰ ਬਾਲ ਗਈ।' ਮੈਨੂੰ ਯਾਦ ਆਇਆ ਕਿ ਉਹ ਸਾਹਿਤਕ ਪੁਸਤਕਾਂ ਪੜ੍ਹਨ ਦਾ ਸ਼ੁਕੀਨ ਸੀ ਅਤੇ ਸਾਹਿਤ 'ਚੋਂ ਪੜ੍ਹੇ ਵਿਖਿਆਨਾਂ ਦੀਆਂ ਉਦਾਹਰਣਾਂ ਦੇਣ ਲੱਗ ਪੈਂਦਾ ਹੁੰਦਾ ਸੀ- 'ਜੀਵਨ ਵੀ ਕਦੇ ਅੱਗ ਦੀ ਤਰ੍ਹਾਂ ਲਪਟਾਂ ਛੱਡਦਾ, ਲੱਟ-ਲੱਟ ਕਰਦਾ ਬਲਦਾ ਹੈ ਤੇ ਕਦੀ ਸਿਗਰਟ ਦੀ ਤਰ੍ਹਾਂ ਸੁਲਘਦਾ, ਸਿਰਫ ਧੂੰਆ ਹੀ ਛੱਡਦਾ ਹੈ।'

'ਪਰ ਤੀਲੀ ਦੀ ਤਰ੍ਹਾਂ ਜੀਵਨ ਨੂੰ ਤਾਂ ਜੀਵਨ ਵਿਚ ਹੋਰ ਜਵਾਲਾ ਫੂਕਣੀ ਚਾਹੀਦੀ ਹੈ।' ਮੈਂ ਵੀ ਕਾਵਿਕ ਹੋ ਗਿਆ। ਉਸ ਨੇ ਮੇਰੇ ਚਿਹਰੇ ਵੱਲ ਵੇਖਿਆ। ਸ਼ਾਇਦ ਉਹ ਮੇਰੇ ਮੂੰਹੋਂ ਨਿਕਲੇ ਸ਼ਬਦਾਂ ਦੀ ਮੇਰੇ ਚਿਹਰੇ 'ਤੇ ਚੜ੍ਹੀ ਪਾਹ ਵੇਖਣੀ ਚਾਹੁੰਦਾ ਸੀ। ਮੈਨੂੰ ਜਾਪਿਆ ਜਿਵੇਂ ਸ਼ਾਮ ਲਾਲ ਇਸ ਦੀ ਅਣਹੋਂਦ ਤੋਂ ਉਦਾਸ ਹੋ ਗਿਆ ਸੀ- ਜਾਂ ਸ਼ਾਇਦ ਇਹ ਮੇਰੇ ਮਨ ਦਾ ਹੀ ਪਾਲਾ ਸੀ।

'ਚੱਲ ਪਹਿਲਾਂ ਚਾਹ ਪੀਈਏ।' ਮੈਂ ਉਸ ਨੂੰ ਕੰਨਟੀਨ ਵੱਲ ਲੈ ਤੁਰਿਆ। ਕੰਨਟੀਨ ਵਿਚ ਜਾ ਕੇ ਅਸੀਂ ਆਹਮੋ-ਸਾਮ੍ਹਣੇ ਕੁਰਸੀਆਂ 'ਤੇ ਬੈਠ ਗਏ। ਉਸ ਦੇ ਸਾਂਵਲੇ ਚਿਹਰੇ ਉਪਰ ਇਕਦਮ ਜ਼ਰਦੀ ਦਾ ਪੋਚਾ ਜਿਹਾ ਫਿਰਿਆ ਹੋਇਆ ਲੱਗਦਾ ਸੀ। ਯਰਕਾਣ ਦੇ ਰੋਗੀ ਵਾਂਗ ਅੱਖਾਂ ਵੀ ਹਲਦੀ ਰੰਗੀਆਂ ਜਿਹੀਆਂ ਦਿੱਸਦੀਆਂ ਸਨ, ਸਿਰਫ ਬੁਲ ਹੀ ਸਨ ਜੋ ਤੰਬਾਕੂ ਦੇ ਧੂੰਏਂ ਨਾਲ ਕਾਲੇਡੰਝ ਹੋਏ ਸਨ- 'ਦੋ ਕੱਪ ਚਾਹ।' ਮੈਂ ਦੋ ਉਂਗਲਾਂ ਬਾਕੀ ਉਂਗਲਾਂ ਨਾਲੋਂ ਨਿਖੇੜ ਕੇ ਉਪਰ ਉਠਾਉਂਦਿਆਂ ਕਿਹਾ।


'ਹੋਰ ਫੇਰ ਕਿਹੜੇ ਰੰਗਾਂ ਵਿਚ ਰਹੀਦੈ, ਸਾਹਿਬ?' ਪਾਣੀ ਪੀਣ ਪਿੱਛੋਂ ਗਿਲਾਸ ਮੇਜ਼ 'ਤੇ ਟਿਕਾਉਂਦਿਆਂ, ਮੇਰੀਆਂ ਅੱਖਾਂ ਵਿਚ ਵੇਖ ਕੇ ਬੋਲਿਆ।

'ਬੱਸ ਦਿਨ ਗੁਜ਼ਰ ਰਹੇ ਐ ਸ਼ਾਮ ਲਾਲ!' ਮੈਂ ਆਦਤ ਤੋਂ ਉਲਟ ਅੱਖਾਂ ਨਿੱਕੀਆਂ ਕਰ ਕੇ ਕਿਹਾ, ਕਿਉਂਕਿ ਮੈਂ ਅੱਜਕੱਲ੍ਹ ਅੱਖਾਂ ਛੋਟੀਆਂ ਕਰਨ ਵਾਲੀ ਕੁਰਸੀ 'ਤੇ ਨਹੀਂ ਸੀ ਬੈਠਾ ਹੋਇਆ ਦਿਨ-ਬ-ਦਿਨ ਉਪਰ ਨੂੰ ਜਾ ਰਿਹਾ ਸੀ ਤੇ ਨਿਗਾਹਾਂ ਨੀਵੀਆਂ ਹੋਣ ਦਾ ਪ੍ਰਸ਼ਨ ਨਹੀਂ ਸੀ ਉਠੱਦਾ।

'ਕੀ ਗੱਲ ਸਾਹਿਬ?' ਸ਼ਾਮ ਲਾਲ ਨੇ ਚੌਂਕ ਕੇ ਕਿਹਾ- 'ਤੁਹਾਡੀ ਸੁਰ ਵਿਚ ਉਦਾਸੀ!' ਦੋਵੇਂ ਬਾਹਾਂ ਦੀ ਬੁੱਕਲ ਜੇਹੀ ਮਾਰ ਕੇ ਮੇਜ਼ 'ਤੇ ਰੱਖ ਲੱਤਾਂ ਹੋਰ ਚੋੜੀਆਂ ਕਰਕੇ ਮੇਜ਼ 'ਤੇ ਝੁਕ ਗਿਆ- 'ਘੱਟੋ-ਘੱਟ ਮੈਂ ਤੁਹਾਡੇ ਕੋਲੋਂ ਇਹ ਆਸ ਨਹੀਂ ਰਖਦਾ ਸਾਹਿਬ।'

'ਅਸਲ ਵਿਚ ਗੱਲ ਇਹ ਹੈ, ਸ਼ਾਮ ਲਾਲ!' ਮੈਂ ਸੰਭਲ ਕੇ ਕਿਹਾ- 'ਇਨਸਾਨ ਨੂੰ ਨਿਮਰ ਹੋਣਾ ਚਾਹੀਦਾ ਹੈ- ਘਮੰਡੀ ਨਹੀਂ।'

'ਇਹ ਤਾਂ ਸਾਹਿਬ, ਬੜੇ ਲੋਕਾਂ ਦੀਆਂ ਗੱਲਾਂ ਨੇ-ਸਿਰਫ ਗੱਲਾਂ।' ਉਹ ਸਿੱਧਾ ਹੋ ਕੇ ਬੈਠ ਗਿਆ- 'ਗਰੀਬ ਆਦਮੀ ਹਮੇਸ਼ਾ ਹੀ ਨਿਮਰ ਤੇ ਹੰਕਾਰ ਰਹਿਤ ਹੁੰਦੈ, ਪਰ ਮੈਂ ਸਮਝਦਾ ਹਾਂ ਕਿ ਅਣਖ ਜ਼ਰੂਰ ਹੋਣੀ ਚਾਹੀਦੀ ਹੈ।' ਉਹ ਮੁਸਕਰਾ ਪਿਆ- 'ਪਰ ਪੈਸੇ ਦੀ ਦੌੜ ਨੇ ਅਣਖ ਦੇ ਅਰਥ ਬਦਲ ਦਿੱਤੇ ਨੇ ਇਹ ਤਾਂ ਜਗੀਰਦਾਰੀ ਦੌਰ ਦੀਆਂ ਗੱਲਾਂ ਰਹਿ ਗਈਆਂ।'



ਮੈਂ ਬੌਂਦਲ ਜਿਹਾ ਗਿਆ ਅਤੇ ਇਸ ਸਥਿਤੀ ਵਿਚ ਮੈਨੂੰ ਸ਼ਾਮ ਲਾਲ ਦਾ ਸਾਮ੍ਹਣਾ ਕਰਨਾ ਔਖਾ ਹੋ ਗਿਆ। ਸ਼ਾਮ ਲਾਲ ਮੇਰੀ ਕਦਰ ਹੀ ਅਣਖ, ਸਫਾਈ ਤੇ ਇਮਾਨਦਾਰੀ ਦੀਆਂ ਕਦਰਾਂ ਕਰਕੇ ਕਰਦਾ ਸੀ।

'ਅੱਜਕੱਲ?' ਮੈਂ ਗੱਲਾਂ ਦਾ ਰੁੱਖ ਬਦਲਣਾ ਚਾਹਿਆ।

'ਮੁਅੱਤਲ ਅਤੇ ਤੁਹਾਡੇ ਦਫਤਰ ਵਿਚ। ਕਲ੍ਹ ਨੂੰ ਪਤਾ ਨਹੀਂ।' ਉਹ ਗੱਲਾਂ ਵਿਚ ਪਹਿਲਾਂ ਵਰਗਾ ਹੀ ਚੁਸਤ ਸੀ।

ਪੁੱਛਣ 'ਤੇ ਉਸ ਨੇ ਬਹੁਤ ਭਾਵੁਕ ਹੋ ਕੇ ਦੱਸਿਆ ਕਿ ਐਸ.ਡੀ.ਓ. ਸਾਹਿਬ ਨਾਲ ਉਸ ਦੀ ਵਿਗੜ ਗਈ ਸੀ: 'ਬਸ ਆਪਾਂ ਖੁੰਬ ਠੱਪ ਦਿਤੀ ਤੇ ਸਸਪੈਂਡ ਹੋ ਗਏ, ਸਾਹਿਬ।' ਮੈਂ ਡਰ ਗਿਆ, ਜਿਵੇਂ ਕਿਤੇ ਮੇਰੇ ਸਾਮ੍ਹਣੇ ਬੈਠਾ ਖਤਰਨਾਕ ਵਿਅਕਤੀ ਮੇਰੀ ਵੀ ਖੁੰਬ ਠੱਪ ਦੇਵੇਗਾ।

'ਰੋਅਬ ਨਾਲ ਤਾਂ- ਤੁਸੀਂ ਜਾਣਦੇ ਓ - ਆਪਾਂ ਤੋਂ ਕੋਈ ਕੰਮ ਲੈ ਨਹੀਂ ਸਕਿਆ ਤੇ ਨਾ ਹੀ ਕੋਈ ਜੰਮਿਆ ਹੈ'- ਕਿਸੇ ਮਾਮਲੇ ਵਿਚ 'ਤੂੰ-ਤੂੰ, ਮੈਂ-ਮੈਂ' ਹੋ ਗਈ ਸੀ ਅਤੇ ਮਾਰ-ਕੁਟਾਈ ਦੀ ਨੌਬਤ ਆ ਗਈ ਸੀ।

'ਕਿਸੇ ਤੋਂ 'ਸਾਲਾ' ਕਿਵੇਂ ਅਖਵਾ ਲਉਗੇ? ਇਹ ਤਾਂ ਊਈ ਮਰਨ ਐ ਬੰਦੇ ਦਾ।' 'ਸਾਲਾ' ਸ਼ਬਦ ਦੀ ਉਸ ਨੇ ਆਪਣੀ ਹੀ ਧਾਰਨਾ ਬਣਾਈ ਹੋਈ ਸੀ। ਉਹ ਸਮਝਦਾ ਸੀ ਕਿ ਇਹ ਸ਼ਬਦ ਗਿਰਾਵਟ ਅਤੇ ਨੀਚਤਾ ਦਾ ਚਿੰਨ੍ਹ ਹੈ। ਗੁਲਾਮੀ ਦਾ ਬਿੰਬ।

ਉਸ ਵਿਚ ਸਭ ਕੁਝ ਸੀ ਪਰ ਮੇਰੇ ਸਾਮ੍ਹਣੇ ਤਾਂ ਉਹ ਕਾਲੀ ਗਊ ਬਣ ਕੇ ਰਿਹਾ ਸੀ, ਜਿਸ ਦਾ ਇੱਕ ਕਾਰਨ ਇਹ ਸੀ ਕਿ ਮੈਂ ਉਸ ਨੂੰ ਕਦੇ ਰੁੱਖਾ ਨਹੀਂ ਸੀ ਬੋਲਿਆ ਤੇ ਉਸ ਅੰਦਰਲੇ ਇਨਸਾਨ ਦੀ ਕਦਰ ਕਰਦਾ ਸਾਂ। ਇਸ ਦੇ ਬਦਲੇ ਉਹ ਮੇਰਾ ਘਰ ਦਾ ਕੰਮ ਵੀ ਕਰ ਜਾਇਆ ਕਰਦਾ। ਮੈਨੂੰ ਯਾਦ ਨਹੀਂ ਕਿ ਉਸ ਦੀ ਨਬਜ਼ ਮੇਰੇ ਹੱਥ ਕਿਵੇਂ ਆ ਗਈ ਸੀ- ਨਹੀਂ ਤਾਂ ਉਹ ਕਿਸੇ ਨੂੰ ਹੈ ਗਾ ਕੁੱਤੀਏ ਨਹੀਂ ਸੀ ਆਖਣ ਦਿੰਦਾ।

'ਸ਼ਾਮ ਲਾਲ ਛੋਟੇ ਭਾਈ!' ਮੈਂ ਜਿੰਨੀ ਵਾਰ ਵੀ ਉਸ ਨੂੰ ਕਿਸੇ ਕੰਮ ਲਈ ਆਖਿਆ, ਅੱਜ ਲੱਕੜੀਆਂ ਬਿਲਕੁਲ ਖਤਮ ਹੋ ਗਈਆਂ ਨੇ...ਤੇਰੀ ਭਰਜਾਈ ਤਾਂ ਕਹਿੰਦੀ ਸੀ ਕਿ ਆਥਣ ਨੂੰ ਰੋਟੀ ਨਹੀਂ ਮਿਲਣੀ- ਉਹ ਅੱਧ ਕੁ ਦਾ ਹੋ ਕੇ ਕਹਿੰਦਾ, 'ਬਾਊ ਜੀ ਇਹ ਕਿਵੇਂ ਹੋ ਸਕਦਾ ਹੈ ਕਿ ਸਾਡਾ ਵੱਡਾ ਭਰਾ ਭੁੱਖਾ ਸੌਵੇ! ਸਭ ਕੁਝ ਹੋ ਜੂਗਾ।'

ਤੇ ਰੋਅਬ ਨਾਲ ਉਹ ਕਿਸੇ ਨੂੰ ਪਾਣੀ ਵੀ ਨਹੀਂ ਸੀ ਪਿਆਉਂਦਾ। ਕਈ ਵਾਰ ਜਾਣ-ਬੁੱਝ ਕੇ ਪੰਜਾਬੀ ਨੂੰ ਹਿੰਦੀ-ਨੁਮਾ ਬਣਾ ਦਿੰਦਾ: 'ਅਸੀਂ ਐਸੇ ਇਨਸਾਨ ਨਹੀਂ ਹੈ, ਸਾਹਿਬ। ਚਾਰ ਉਂਗਲੀ ਜੁਕਨੇ ਵਾਲੇ ਕੇ ਸਾਮ੍ਹਣੇ ਹਾਥ ਭਰ ਜੁਕਦੇ ਹੈਂ। ਇੱਕ ਇੰਚ ਸਿਰ ਉਪਰ ਉਠਾਣ ਵਾਲੇ ਦੇ ਸਾਮ੍ਹਣੇ ਤੀਨ ਫੁੱਟ ਸਿਰ ਉਪਰ ਉਠਾਦੇਂ ਹੈਂ। ਐਸੇ ਤਾਂ ਹਮ ਏਕ ਦਮ ਅਦਨਾ ਇਨਸਾਨ ਹੈਂ...ਏਕ ਦਮ ਮਾਮੂਲੀ ਆਦਮੀ।'

ਮੈਂ ਉਸ ਨੂੰ ਕਹਿੰਦਾ, 'ਬਈ ਸ਼ਾਮ ਲਾਲ, ਜਦੋਂ ਤੂੰ ਪੰਜਾਬੀ ਵਿਚ ਚੰਗੀ-ਭਲੀ ਗੱਲ ਕਰ ਸਕਦੈਂ ਤਾਂ ਫਿਰ ਖਾਹ-ਮਖਾਹ ਬੇਰੜੀ ਜ਼ੁਬਾਨ ਕਿਉਂ ਬੋਲਣ ਲੱਗ ਪੈਂਦਾ ਹੈਂ।'' ਮੈਨੂੰ ਲੱਗਦਾ ਉਹ ਆਖੇਗਾ...ਇੱਥੇ ਬਹੁਤ ਬੇਰੜੀ ਨਸਲ ਰਹਿੰਦੀ ਹੈ।

ਉਸ ਦਾ ਵਿਆਹ ਅਜੇ ਨਹੀਂ ਸੀ ਹੋਇਆ। ਇਸ ਬਾਰੇ ਮੈਂ ਕਦੇ ਜਾਣਕਾਰੀ ਲਈ ਵੀ ਨਹੀਂ ਸੀ। ਮੈਂ ਬਰਾਬਰ ਪਲੰਘ ਜਾਂ ਸੋਫੇ 'ਤੇ ਬੈਠਣ ਲਈ ਆਖਦਾ ਪਰ ਉਹ ਹੀਣਤਾ ਵੱਸ ਜਾਂ ਮੇਰੇ ਸਤਿਕਾਰ ਵਜੋਂ ਪਰ੍ਹੇ ਕੁਰਸੀ 'ਤੇ ਬੈਠਦਾ। ਮੈਂ ਉਸ ਨੂੰ ਚਾਹ ਫੜਾਉਂਦਾ। ਕਈ ਵਾਰ ਆਪ ਉਠ ਕੇ ਪਲੇਟ ਉਸ ਦੇ ਮੂਹਰੇ ਵੀ ਕਰ ਦਿੰਦਾ, ਪਰ ਉਸ ਨੇ ਕਦੇ ਵੀ, ਬਿਸਕੁਟ, ਖੋਏ ਦੀ ਪਿੰਨੀ, ਬਰਫੀ ਦਾ ਟੁਕੜਾ ਜਾਂ ਸਮੋਸਾ, ਆਪ ਨਾ ਚੁੱਕਿਆ। ਅੰਦਰੋਂ ਮੈਂ ਵੀ ਇਹੋ ਚਾਹੁੰਦਾ ਸਾਂ ਕਿ ਇਹ ਵਖਰੇਵਾਂ ਅਤੇ ਵਿੱਥ ਬਣੇ ਰਹਿਣ। ਉਹ ਸਾਡੇ ਦਫਤਰ ਦਾ ਚੌਥਾ ਦਰਜਾ ਕਰਮਚਾਰੀ ਹੀ ਤਾਂ ਸੀ ਤਾਂ ਵੀ ਉਸ ਤੋਂ ਕੰਮ ਲੈਣ ਲਈ, ਕਈ ਕਿਸਮ ਦੇ ਦਾਅ-ਪੇਚ ਅਤੇ ਚੁਸਤੀਆਂ ਵਰਤਣੀਆਂ ਪੈਂਦੀਆਂ ਸਨ।

'ਦੇਖ ਬਈ, ਸ਼ਾਮ ਲਾਲ' - ਮੈਂ ਪਲੇਟ ਵਿਚੋਂ ਇੱਕ ਪੀਸ ਚੁੱਕ ਕੇ ਉਸ ਦੇ ਹੱਥ ਫੜਾਉਂਦਾ ਆਖਦਾ- 'ਦਫਤਰ 'ਚ ਤੂੰ ਮੇਰਾ ਮਾਤਹਿਤ ਹੈ, ਪਰ ਘਰ ਵਿਚ ਨਹੀਂ...ਘਰ ਵਿਚ ਸਭ ਬਰਾਬਰ ਹੁੰਦੇ ਹਨ...ਆਪਾਂ ਦੋਸਤ ਹਾਂ, ਭਾਈ-ਭਾਈ।' ਫੇਰ ਵੀ ਮੇਰੇ ਹੱਥੋਂ ਚੀਜ਼ ਫੜਦਾ ਨਾ, ਸਗੋਂ ਦੇਵੀ ਮਾਤਾ ਦਾ ਪ੍ਰਸ਼ਾਦ ਲੈਣ ਵਾਲਿਆਂ ਵਾਂਗ ਦੋਵੇਂ ਹੱਥ ਪਸਾਰ ਲੈਂਦਾ: 'ਨਹੀਂ ਸਾਹਿਬ ਫੇਰ ਵੀ ਆਪ ਬੜੇ ਆਦਮੀ ਹੋ- ਮੈਂ ਤਾਂ ਇੱਕ ਅਦਨਾ ਇਨਸਾਨ ਹਾਂ।' ਉਹ ਆਖਦਾ।

ਬਹੁਤ ਦੇਰ ਤੱਕ ਬੱਚੇ ਨੂੰ ਖਿਡਾਉਂਦਾ ਰਹਿੰਦਾ। ਮੇਰੀ ਪਤਨੀ ਕੁਸ਼ੱਲਿਆ ਨੂੰ ਪਾਣੀ ਦੀਆਂ ਬਾਲਟੀਆਂ ਭਰ ਭਰ ਦਿੰਦਾ...ਕੱਪੜੇ ਧੁਆਉਂਦਾਂ...ਬਾਜ਼ਰੋਂ ਲੱਕੜਾਂ...ਸਬਜ਼ੀ ਲੈ ਆਉਂਦਾ...ਮੋਟੀਆਂ ਲੱਕੜਾਂ ਪਾੜ ਦਿੰਦਾ। ਕਈ ਵਾਰ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਕਿ ਉਹ ਮੇਰੀ ਪਤਨੀ ਵੱਲ, ਜਦੋਂ ਉਹ ਝੁਕ ਕੇ ਕੋਈ ਕੰਮ ਕਰ ਰਹੀ ਹੁੰਦੀ, ਉਸ ਦੀ ਕਮੀਜ਼ ਜਾਂ ਬਲਾਊਜ਼ ਹੇਠਾਂ ਨੂੰ ਹੋਇਆ ਹੁੰਦਾ, ਉਸ ਦੇ ਅੰਦਰ ਜਾਂ ਬਰਾ ਦੀਆਂ ਤਣੀਆਂ ਵੱਲ ਭੁੱਖੀਆਂ ਨਜ਼ਰਾਂ ਨਾਲ ਵੇਖੀ ਜਾਂਦਾ। ਮੈਨੂੰ ਖਿੱਝ ਤਾਂ ਆਉਂਦੀ ਪਰ ਟੋਕਿਆ ਕਦੇ ਵੀ ਨਾ। ਟੋਕਣ ਦੇ ਪ੍ਰਤਿਕਰਮ ਵਜੋਂ ਮੁਫਤ ਦਾ ਨੌਕਰ ਖੁੱਸ ਸਕਦਾ ਸੀ।

ਆਪਣੀ ਔਖ ਨੂੰ ਕਦੇ ਵਧਾ-ਚੜ੍ਹਾ ਕੇ ਨਹੀਂ ਸੀ ਦੱਸਦਾ, ਤਾਂ ਵੀ ਔਖ-ਸੌਖ ਦੱਸਣ ਸਮੇਂ ਕੁਝ ਅਜੇਹੇ ਸ਼ਬਦ ਵਰਤਦਾ ਕਿ ਸੁਣਨ ਵਾਲਾ ਪਸੀਜ ਜਾਂਦਾ।

'ਮੈਨੂੰ ਤਾਂ ਖੈਰ ਮੁਅੱਤਲ ਕਰ ਦਿੱਤਾ ਪਰ ਉਮਰ ਭਰ ਆਦਮੀ ਦਾ ਬੱਚਾ ਯਾਦ ਤਾਂ ਕਰੂ ਬਈ ਸ਼ਾਮ ਲਾਲ ਨਾਲ ਪੰਜਾ ਪਿਆ ਸੀ।' ਸ਼ਾਮ ਲਾਲ ਦੀ ਮੁਰਾਦ ਐਸ.ਡੀ.ਓ. ਤੋਂ ਸੀ ਜਿਸ ਦਾ 'ਕੁੱਟ-ਕੁੱਟ ਕੇ'...ਉਸ ਦੇ ਆਪਣੇ ਸ਼ਬਦਾਂ ਵਿਚ 'ਘੂਰ' ਕੱਢ ਦਿੱਤਾ ਸੀ।

'ਫੇਰ ਤਾਂ ਤੈਨੂੰ ਬੜੀਆਂ ਮੁਸ਼ਕਲਾਂ ਪੇਸ਼ ਆ ਰਹੀਆਂ ਹੋਣਗੀਆਂ?' ਕੂਹਣੀਆਂ ਮੇਜ਼ ਉਪਰ ਟਿਕਾ, ਹੱਥਾਂ ਦੀਆਂ ਹਥੇਲੀਆਂ ਉਤੇ ਠੋਡੀ ਰੱਖੀ, ਮੈਂ ਉਸ ਦੇ ਧੁਆਂਖੇ ਪੀਲੇ ਚਿਹਰੇ ਨੂੰ ਇੱਕ ਟੱਕ ਤਰਸ ਨਾਲ ਵੇਖਦਾ ਰਿਹਾ।

'ਇਹ ਕੀ ਪਹਿਲੀ ਵਾਰ ਹੋਇਐ, ਸਾਹਿਬ!' ਤੀਜੀ ਵਾਰ ਸਸਪੈਂਡ ਹੋਇਆ ਹੈ। ਇਸੇ ਕਰਕੇ ਤਾਂ ਉਹ ਸਾਡੇ ਮਹਿਕਮੇ ਵਿਚ ਬੁਰੀ ਤਰ੍ਹਾਂ ਬਦਨਾਮ ਹੋ ਚੁੱਕਾ ਸੀ। ਉਸ ਦੇ ਇਸ ਕਿਸਮ ਦੇ ਸੁਭਾਅ ਦਾ ਵਿਸ਼ਲੇਸ਼ਣ ਕਰਨ ਲਈ ਮੈਂ ਉਸ ਦੇ ਜੀਵਨ ਦੀਆਂ ਉਹ ਘਟਨਾਵਾਂ ਯਾਦ ਕਰਨ ਲੱਗਾ ਜੋ ਉਹ ਕਈ ਵਾਰ ਭਾਵੁਕ ਹੋ ਕੇ ਸੁਣਾਇਆ ਕਰਦਾ ਸੀ-'ਮੈਂ ਤਾਂ ਅਦਨਾ ਇਨਸਾਨ ਆਂ ਜੀ...ਪਰ ਉਇ ਨਹੀਂ ਅਖਵਾ ਸਕਦਾ। ਮੈਥੋਂ ਕੋਈ ਜੁੱਤੀ ਜਾਂ ਰੋਅਬ ਨਾਲ ਕੰਮ ਨਹੀਂ ਲੈ ਸਕਦਾ।'

ਜੀਵਨ ਦੀ ਸਭ ਤੋਂ ਪਹਿਲੀ, ਦਿਲਚਸਪ ਤੇ ਦਲੇਰ ਘਟਨਾ ਉਦੋਂ ਦੀ ਸੀ, ਜਦੋਂ ਉਹ ਹਾਲੇ ਦੂਜੀ ਵਿਚ ਹੀ ਪੜਦਾ ਸੀ। ਉਸ ਦਾ ਬਾਪ ਢਲਾਈ ਦੇ ਕਾਰਖਾਨੇ ਵਿਚ ਮਜ਼ਦੂਰੀ ਕਰਦਾ ਸੀ ਤੇ ਉਸ ਦੀ ਮਾਂ ਮੰਡੀ ਗੋਬਿੰਦਗੜ੍ਹ ਮਿਊਂਸਪਲ ਕਮੇਟੀ ਦੀ ਸਫਾਈ-ਸੇਵਿਕਾ ਸੀ। ਸ਼ਾਮੂ ਦਾ ਇੱਕ ਹਮ-ਜਮਾਤੀ ਮੁੰਡਾ ਰਾਮੇਸ਼ਵਰ ਸੀ ਜੋ ਉਸੇ ਸ਼ਹਿਰ ਵਿਚ ਲੱਗੇ ਥਾਣੇਦਾਰ ਦਾ ਪੁੱਤਰ ਸੀ, ਜੋ ਸਕੂਲ ਵਿਚ ਆਪਣੇ ਬਾਪ ਦੀ ਤਰ੍ਹਾਂ ਪੁਲਿਸ-ਅਫਸਰ ਦੀ ਭੂਮਿਕਾ ਅਦਾਅ ਕਰਦਾ ਸੀ। ਜਮਾਤ ਦਾ ਮਨੀਟਰ ਹੋਣ ਕਰਕੇ, ਅਧਿਆਪਕ ਦੀ ਗੈਰ-ਹਾਜ਼ਰੀ ਵਿਚ ਕੁਰਸੀ 'ਤੇ ਚੜ੍ਹ ਬੈਠਦਾ। ਸੁਆਲ ਬੋਲਦਾ, ਗਲਤੀ ਕਰਨ ਵਾਲੇ ਬੱਚੇ ਦੇ ਅਧਿਆਪਕ ਵਾਲਾ ਹੀ ਰੂਲ ਮਾਰਦਾ। ਬੱਚੇ ਉਸ ਕੋਲੋਂ ਅਧਿਆਪਕ ਤੋਂ ਵੀ ਜਿਆਦਾ ਤ੍ਰਹਿੰਦੇ। ਅੱਧੀ ਛੁੱਟੀ ਵੇਲੇ ਲਾਲਿਆਂ ਦੇ ਬੱਚਿਆਂ ਦੇ ਪਰਾਉਂਠੇ ਖੋਹ ਕੇ ਖਾ ਜਾਂਦਾ। ਇੱਕ ਦਿਨ ਉਸ ਨੇ ਸ਼ਾਮ ਲਾਲ ਦੇ ਵੀ ਥੱਪੜ ਮਾਰਿਆ। ਜਾਨ ਵਿਚ ਭਾਵੇਂ ਸ਼ਾਮੂ ਤਕੜਾ ਹੀ ਸੀ ਪਰ ਖਰੇ ਥਾਣੇਦਾਰੀ ਦੀ ਧੌਂਸ ਤੋਂ ਝਿਪ ਜਾਣ ਦੇ ਅਹਿਸਾਸ ਨੇ ਜਾਂ ਅਧਿਆਪਕ ਦੇ ਡਰ ਕਰਕੇ, ਵਿਰੋਧੀ ਉਤੇ ਝਪਟਣ ਦੀ ਇੱਛਾ ਦੇ ਬਾਵਜੂਦ ਅੰਗਾਂ ਨੇ ਉਸ ਦਾ ਸਾਥ ਨਾ ਦਿੱਤਾ। ਇੱਕ ਹੋਰ ਦਿਨ ਬੜਾ ਹੀ ਸੁਨਹਿਰੀ ਮੌਕਾ ਹੱਥ ਲੱਗਿਆ। ਆਪਣੀ ਗਲੀ ਦੇ ਮੋੜ 'ਤੇ ਜਾ ਰਹੇ ਰਾਮੇਸ਼ਵਰ ਦੇ ਸਿਰ ਵਿਚ ਰੋੜਾ ਮਾਰਨ ਦੀ ਦਲੇਰੀ ਕਰ ਲਈ ਪਰ ਐਨ ਮੌਕੇ 'ਤੇ ਉਸ ਦਾ ਦਿਲ ਫੜੱਕ-ਫੜੱਕ ਵੱਜਣ ਲੱਗ ਪਿਆ ਤੇ ਉਹ ਜ਼ੋਰ ਲਾ ਕੇ ਵੀ ਕੰਬਣੀ 'ਤੇ ਕਾਬੂ ਨਾ ਪਾ ਸਕਿਆ। ਘਰ ਆ ਕੇ ਉਹ ਬਦਲੇ ਦੀ ਅੱਗ ਵਿਚ ਸੜਦਾ ਇਹੋ ਸੋਚਦਾ ਰਿਹਾ ਕਿ ਉਸ ਨੂੰ ਘਬਰਾਉਣਾ ਨਹੀਂ ਸੀ ਚਾਹੀਦਾ।

ਅਗਲੇ ਦਿਨ ਹੀ ਰਾਮੇਸ਼ਵਰ ਨੇ ਉਸ ਨਾਲ ਸੁਲਾਹ ਕਰ ਲਈ ਸੀ। ਉਸੇ ਦਿਨ ਕਿਸੇ ਖਬਤੀ ਮੁੰਡੇ ਨੇ ਸਲੇਟਾਂ-ਫੱਟੀਆਂ ਭਿੜਾਉਣ ਦੀ ਖੇਡ ਦਾ ਮੁੱਢ ਬੰਨ੍ਹ ਦਿੱਤਾ। ਬਚਪਨ ਦੀਆਂ ਇਹ ਸੁਆਦਲੀਆਂ ਅਤੇ ਹਾਰ-ਜਿੱਤ ਦੇ ਅਹਿਸਾਸਾਂ ਨਾਲ ਭਰਪੂਰ ਘਟਨਾਵਾਂ ਨੇ ਸ਼ਾਮੂ ਦੀ ਸ਼ਖਸੀਅਤ ਦੀ ਨੀਂਹ ਵਿਚ ਪਹਿਲੀ ਇੱਟ ਰੱਖੀ ਸੀ। ਸ਼ਾਮੂ ਨੇ ਕਾਮੇ ਪਿਉ ਦੇ ਪੁੱਤ ਵਾਲੇ ਹੱਥਾਂ ਨਾਲ ਰਾਮੇਸ਼ਵਰ ਦੀ ਸਲੇਟ ਉਪਰ ਭਰਵਾਂ ਵਾਰ ਕੀਤਾ, ਤਾਂ ਪੁਲਿਸ ਅਫਸਰ ਦੀ ਖਰੀਦੀ ਸਲੇਟ ਅੱਧ ਤੱਕ ਵੱਢੀ ਗਈ, ਭਾਵੇਂ ਕਿ ਇੱਕ ਤਕੜਾ ਟੱਕ ਸ਼ਾਮੂ ਦੀ ਆਪਣੀ ਸਲੇਟ ਵਿਚ ਵੀ ਪੈ ਗਿਆ ਸੀ।

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦਾ ਬਾਕੀ)*

ਰਾਮੇਸ਼ਵਰ ਜੋ ਪਿਓ ਦੀ ਥਾਣੇਦਾਰੀ ਦੇ ਬਲ ਬੂਤੇ ਹਮੇਸ਼ਾ ਜਿੱਤਦਾ ਹੀ ਆਇਆ ਸੀ...ਕੰਮੀ ਹੱਥੋਂ ਹਾਰ ਨੂੰ ਸਹਿ ਨਾ ਸਕਿਆ। ਉਸ ਨੇ ਅੱਖੜ ਤੇ ਅਨਾੜੀ ਢੰਗ ਵਰਤਦਿਆਂ ਸ਼ਾਮੂ ਦਾ ਗਲ ਫੜ ਲਿਆ...'ਸਾਲਿਆ ਚੂੜ੍ਹਿਆ!' ਪੁਲਿਸ ਅਫਸਰ ਦੇ ਸਹਿਬਜ਼ਾਦੇ ਨੇ ਦੰਦ ਕਰੀਚੇ- 'ਭੈਣ ਕੇ ਲਕੜੇ, ਤੈਨੂੰ ਚਖਾਉਨਾ ਮਜ਼ਾ...।' ਬਾਪ ਵਾਲੇ ਵਚਨ-ਵਿਲਾਸ ਹੀ ਉਹ ਦੁਹਰਾਈ ਗਿਆ। ਸ਼ਾਮੂ ਬਚਾਅ ਵਿਚ ਪਿੱਛੇ-ਪਿੱਛੇ ਹਟਦਾ ਗਿਆ ਤੇ ਉਹ ਫੱਟੀਆਂ ਪੋਚਣ ਵਾਲੀ ਡਿੱਗੀ ਕੋਲ ਅੱਪੜ ਗਏ। ਰਾਮੇਸ਼ਵਰ ਹੁਣ ਤੱਕ ਉਸ ਦੇ ਦੋ ਤਿੰਨ ਥੱਪੜ ਜੜ ਚੁੱਕਾ ਸੀ ਤੇ ਹਰ ਵਾਰ 'ਸਾਲਾ ਬਹਿਨ ਕਾ ਲਕੜਾ' ਬੋਲ ਰਿਹਾ ਸੀ।

'ਸਾਲਾ ਮੱਤ ਕਹੋ।' 'ਕਹੂੰਗਾ ਸਾਲੇ ਚੂੜ੍ਹੇ! ਤੇਰੀ ਬਹਿਨ ਕੀ...।'

'ਮੈਂ ਤੇਰੀ ਭੈਣ ਦਾ ਖਸਮ ਆਂ...।' ਸ਼ਾਮੂ ਨੇ ਉਸ ਨੂੰ ਡਿੱਗੀ ਵਿਚ ਚਲਾ ਮਾਰਿਆ- 'ਬੋਲ! ਹੈ ਨਾਂ ਮੈਂ ਤੇਰੀ ਭੈਣ ਦਾ ਖਸਮ?' ਉਹ ਚਿੰਘਾੜਿਆ ਸੀ ਅਤੇ ਕੁਝ ਹੀ ਸਕਿੰਟਾਂ ਵਿਚ ਬਸਤਾ ਚੁੱਕ ਕੇ ਘਰ ਨੂੰ ਦੌੜ ਗਿਆ ਸੀ। ਉਹ ਇੰਨਾ ਤੇਜ਼ ਦੌੜਿਆ ਸੀ ਕਿ ਮੁੜਕੇ ਨਾਲ ਉਸ ਦਾ ਕਮੀਜ਼ ਭਿੱਜ ਗਿਆ ਸੀ। ਜਦੋਂ ਕਦੇ ਇਸ ਘਟਨਾ ਦਾ ਚੇਤਾ ਆਉਂਦਾ ਤਾਂ ਰਾਮੇਸ਼ਵਰ ਨੂੰ ਚਿੱਕੜ ਵਿਚ ਲੱਥ-ਪੱਥ ਹੋਇਆ ਯਾਦ ਕਰਕੇ ਹੁਣ ਵੀ ਉਸ ਦੀ ਹਾਸੀ ਨਿਕਲ ਜਾਂਦੀ। ਉਸ ਦਿਨ ਤੋਂ ਉਸ ਦਾ ਡਰ ਤੇ ਸਹਿਮ ਚੁੱਕਿਆ ਗਿਆ ਸੀ, ਤੇ ਉਸ ਦੇ ਅੰਦਰ ਦਲੇਰ ਸ਼ਾਮੂ ਨੇ ਜਨਮ ਲੈ ਲਿਆ ਸੀ ਜਾਂ ਉਸ ਦਾ ਸੁੱਤਾ ਸ਼ਾਮੂ ਜਾਗ ਪਿਆ ਸੀ।

ਉਸ ਦੀਆਂ ਗੱਲਾਂ ਵਿਚ ਕਿੰਨਾ ਸੱਚ ਅਤੇ ਕਿੰਨਾ ਰਲਾ ਸੀ? - ਮੈਂ ਕਦੀ ਜਾਣਨ ਦਾ ਜਤਨ ਹੀ ਨਹੀਂ ਸੀ ਕੀਤਾ। ਮੈਂ ਉਸ ਦੀ ਹਰੇਕ ਗੱਲ 'ਤੇ ਇਤਬਾਰ ਕਰਦਾ ਆਇਆ ਸਾਂ।

ਉਸ ਦੱਸਿਆ ਕਿ ਬਾਪੂ ਉਸ ਨੂੰ ਸਕੂਲ ਛੱਡਣ ਗਿਆ ਤਾਂ ਛੇ ਦਿਨ ਲਗਾਤਾਰ ਗੈਰ-ਹਾਜ਼ਰ ਰਹਿਣ ਕਰਕੇ ਉਸ ਦਾ ਨਾਂ ਕੱਟਿਆ ਜਾ ਚੁੱਕਾ ਸੀ। ਅਧਿਆਪਕ ਨੇ ਉਸ ਨੂੰ ਦਾਖਲ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਸੀ- 'ਇਹ ਪੜ੍ਹ ਨਹੀਂ ਸਕਦਾ...ਇਹ ਸ਼ਰਾਰਤੀ ਬੱਚਾ ਹੈ...ਇਕਦਮ ਖਬਤੀ। ਹਮੇਸ਼ਾ ਧਿਆਨ ਤਾਂ ਇਹਦਾ ਇਲੱਤਾਂ ਵਿਚ ਰਹਿੰਦੈ।' ਹੰਝੂ ਜਿਵੇਂ ਉਸ ਦੀਆਂ ਅੱਖਾਂ ਵਿਚ ਸੁੱਕ ਗਏ ਸਨ। ਉਸ ਦਾ ਬਾਪ ਅਧਿਆਪਕ ਅਤੇ ਮੁੱਖ-ਅਧਿਆਪਕ ਦੇ ਤਰਲੇ-ਮਿੰਨਤਾਂ ਕਰ ਸ਼ਾਮੂ ਨੂੰ ਜਮਾਤ ਵਿਚ ਬਿਠਾ ਕੇ ਚਲਾ ਗਿਆ ਸੀ। ਰਾਮੇਸ਼ਵਰ ਉਸ ਦੇ ਸਾਮ੍ਹਣੇ ਅੱਖ ਨਹੀਂ ਸੀ ਚੁੱਕ ਰਿਹਾ। ਇਸੇ ਦੀ ਉਸ ਨੂੰ ਤਸੱਲੀ ਸੀ।

ਘਰ ਗਏ ਨੂੰ ਬਾਪ ਨੇ ਬੁੱਕਲ ਵਿਚ ਲੈ ਕੇ ਪਿਆਰ ਕੀਤਾ ਤਾਂ ਉਸ ਦੀਆਂ ਅੱਖਾਂ 'ਚੋਂ ਜਿਵੇਂ ਹੰਝੂਆਂ ਦੇ ਬੰਨ੍ਹ ਟੁੱਟ ਗਏ। ਬਾਪ ਨੇ ਸਮਝਾਇਆ...ਉਹ ਸਮਝ ਗਿਆ। ਸਰਸਵਤੀ ਦੇਵੀ ਦੀ ਸਹੁੰ ਖਵਾਈ...ਉਸ ਨੇ ਖਾ ਲਈ ਤੇ ਮੱਥਾ ਟੇਕ ਦਿੱਤਾ। ਤੇਜ਼ ਧੁਪ ਨੇ ਉਸ ਦੀਆਂ ਨਸਾਂ ਨੂੰ ਛੇੜਿਆ। ਉਸ ਨੂੰ ਪੜ੍ਹਨ ਦਾ ਭੁੱਸ ਪੈ ਗਿਆ। ਉਸ ਦਾ ਪਿਤਾ ਅੱਠਵੀਂ ਪੜ੍ਹਿਆ ਸੀ...ਉਸ ਨੂੰ ਘਰ ਪੜ੍ਹਾਉਣ ਲੱਗ ਪਿਆ। ਉਹ ਦਿਨਾਂ 'ਚ ਹੀ ਹੁਸ਼ਿਆਰ ਵਿਦਿਆਰਥੀ ਬਣ ਗਿਆ। ਰਾਮੇਸ਼ਵਰ ਦਾ ਹੋਰ ਵਿਦਿਆਰਥੀਆਂ 'ਤੋਂ ਵੀ ਰੋਅਬ ਚੁੱਕਿਆ ਗਿਆ। ਉਸ ਦੀ ਹਸਤੀ ਖਤਮ ਹੋ ਗਈ। ਸ਼ਾਮੂ ਇਹ ਦਸਦਾ ਹੋਇਆ ਗਰਦਨ ਅਕੜਾ ਲੈਂਦਾ ਕਿ ਥਾਣੇਦਾਰ ਦੀ ਵਰਦੀ ਤੋਂ ਡਰਨ ਵਾਲਾ ਉਹ ਇੰਨਾ ਦਲੇਰ ਹੋ ਗਿਆ, ਉਸ ਨੂੰ ਜਿੱਤ ਦੇ ਅਹਿਸਾਸ ਨਾਲ ਹਿੰਮਤ ਤੇ ਬਲ ਮਿਲਿਆ ਕਿ ਉਹ ਥਾਣੇਦਾਰ ਦੇ ਸਟਾਰਾਂ ਨੂੰ ਨਿਧੱੜ ਹੋ ਕੇ ਵੇਖਦਾ ਰਹਿੰਦਾ। 'ਜੀਂਦੇ ਰਹਿਣ ਲਈ ਕਿਸੇ ਹੋਰ ਦੀ ਧਿਰ ਤੱਕਣ ਦੀ ਲੋੜ ਨਹੀਂ...ਜਨਾਬ, ਆਪਣੀ ਧਿਰ ਆਪ ਬਣਨਾ ਪੈਂਦਾ ਹੈ' ਉਹ ਆਖਿਆ ਕਰਦਾ ਸੀ।

ਪੰਜਵੀਂ ਦਾ ਉਸ ਨੇ ਹਾਲੇ ਇਮਤਿਹਾਨ ਵੀ ਨਹੀਂ ਸੀ ਦਿੱਤਾ ਕਿ ਉਸ ਦੇ ਬਾਪ ਦੀਆਂ ਦੋਵੇਂ ਬਾਂਹਾਂ ਪ੍ਰੈਸ ਵਿਚ ਆ ਗਈਆਂ। ਖੂਨ ਬਹੁਤ ਵਗ ਗਿਆ। ਉਸ ਨੂੰ ਸੁਣਿਆ-ਸੁਣਾਇਆ ਹੀ ਪਤਾ ਸੀ ਕਿ ਹਸਪਤਾਲ 'ਚੋਂ ਪੂਰਾ ਇਲਾਜ ਨਹੀਂ ਸੀ ਮਿਲਿਆ। ਡਾਕਟਰ ਪੰਜ ਸੌ ਰੁਪਿਆ ਮੰਗਦਾ ਸੀ। ਕਾਰਖਾਨੇ ਦੇ ਮਾਲਕਾਂ ਨੇ ਅੰਦਰੋਂ-ਅੰਦਰ ਮਿਲ ਕੇ ਉਸ ਨੂੰ ਖਤਮ ਹੋ ਜਾਣ ਦਿੱਤਾ। ਹੋਰ ਵੀ ਸ਼ੈਤਾਨੀ ਕੀਤੀ, ਕਿ ਉਸ ਨੇ ਇਸ ਨਾਂ ਦੇ ਬੰਦੇ ਨੂੰ ਆਪਣੇ ਕਾਰਖਾਨੇ ਵਿਚ ਕਦੀ ਰੱਖਿਆ ਹੀ ਨਹੀਂ...ਮੁਆਵਜ਼ਾ ਫੇਰ ਦੇਣਾ ਕਾਹਦਾ ਸੀ? ਅਸਲ ਵਿਚ ਘਣੀਏ ਦਾ ਨਾਂ ਕਿਸੇ ਜਾਅਲੀ ਰਜਿਸਟਰ ਵਿਚ ਦਰਜ ਸੀ, ਜੋ ਇੱਧਰ-ਉੱਧਰ ਕਰ ਦਿੱਤਾ ਗਿਆ ਸੀ ਜਾਂ ਸਾੜ ਦਿੱਤਾ ਗਿਆ ਸੀ। ਕਈ ਦਿਨ ਹਸਪਤਾਲ ਵਿਚ ਪਏ ਰਹਿਣ ਮਗਰੋਂ ਘਣੀਏ ਨੂੰ ਧੁਣਕ ਗਈ ਤੇ... ਯਾਦ ਕਰ ਕੇ ਸ਼ਾਮੂ ਕੰਬ ਜਾਂਦਾ। ਹੁਣ ਵੀ ਜੇਕਰ ਯਾਦ ਆ ਜਾਵੇ ਤਾਂ ਉਹ ਅੱਖਾਂ ਮੀਟ ਕੇ ਗੁੰਮ ਹੋ ਜਾਇਆ ਕਰਦਾ ਸੀ ਤੇ ਉਸ ਦੀ ਜੀਅ ਕਰਦਾ ਕਾਰਖਾਨੇ ਦੇ ਮਾਲਕ ਰਾਮੇਸ਼ਵਰ ਵਾਂਗ ਡਿੱਗੀ ਵਿਚ ਡੁਬੋ ਡੁਬੋ ਕੇ ਮਾਰੇ।

...ਤੇ ਫੇਰ ਭਾਗਵੰਤੀ, ਉਸ ਦੀ ਮਾਂ, ਆਪਣੇ ਭਾਗ ਲੁਟਾ ਕੇ ਗਰੀਬੀ ਦਾ ਸ਼ਾਖਸ਼ਾਤ ਚਿੰਨ੍ਹ ਬਣ ਗਈ।

'ਬਾਬੂ ਜੀ!' ਸ਼ਾਮੂ ਨੇ ਆਪਣੀ ਦਰਦ-ਕਹਾਣੀ ਦਸਦਿਆਂ ਕਿਵੇਂ ਕਰੁਣਾ ਉਪਜਾ ਦਿੱਤੀ ਸੀ - 'ਜੇਕਰ ਤਸਵੀਰ ਦੇਖਣੀ ਹੁੰਦੀ ਤਾਂ ਉਸ ਟੈਮ ਭਾਗਵੰਤੀ ਦਾ ਚਿਹਰਾ ਵੇਖ ਲੈਂਦੇ।' ਇਹ ਕਾਵਿਕ ਖਿਆਲ ਵੀ ਸ਼ਾਇਦ ਉਸ ਨੇ ਕਿਸੇ ਪੁਸਤਕ 'ਚੋਂ ਹੀ ਯਾਦ ਕਰ ਲਿਆ ਹੋਵੇ। ਉਸ ਦੱਸਿਆ ਕਿ ਜਦੋਂ ਉਸ ਦੀ ਮਾਂ ਦੇ ਸਿਰ 'ਤੋਂ ਚੁੰਨੀ ਲਹਿ ਗਈ ਤਾਂ ਉਹ ਅਸਲੋਂ ਹੀ ਡਾਵਾਂਡੋਲ ਹੋ ਗਈ। ਸ਼ਾਮੂ ਤੋਂ ਛੋਟੀਆਂ ਦੋ ਕੁੜੀਆਂ ਨੂੰ ਵੀ ਪੜ੍ਹਨੋਂ ਹਟਾ ਕੇ 'ਸਰਦਾਰ' ਹੋਟਲ ਦੇ ਮਾਲਿਕ ਪਿਆਰਾ ਸਿੰਘ ਕੋਲ ਨੌਕਰ ਰਖਾ ਦਿੱਤਾ। ਫੁੱਲੇ ਸਰੀਰ ਤੇ ਢਿੱਲਕੀ ਗੋਗੜ ਵਾਲਾ ਪਿਆਰਾ ਸਿੰਘ, ਬੜਾ ਜ਼ਾਲਮ ਸੀ।

ਸ਼ਾਮੂ ਕੋਇਲਿਆਂ ਦੀ ਕਾਲਖ ਨਾਲ ਕਾਲਾ ਹੋਇਆ, ਲਪਕ ਲਪਕ ਕੇ, ਕਦੀ ਕੋਡਾ ਕਦੀ ਬੈਠ ਕੇ ਭਾਂਡੇ ਮਾਂਜਦਾ ਰਹਿੰਦਾ। ਅੰਗੀਠੀ ਤਿਆਰ ਕਰਦਾ। ਮੱਧਮ ਹੋਣ 'ਤੇ ਹੋਰ ਕੋਇਲੇ ਪਾਉਂਦਾ ਅਤੇ ਹੇਠਾਂ ਮੋਘੇ ਵਿਚ ਪੁਰਾਣਾ ਜੇਹਾ ਖੜ-ਖੜ ਕਰਦਾ ਪੱਖਾ ਰਖਦਾ। ਭਾਂਡੇ ਧੋਂਦਾ ਕਈ ਵਾਰ ਬਾਪ ਨੂੰ ਯਾਦ ਕਰਕੇ ਉਹ ਰੋ ਪੈਂਦਾ। ਕੂਹਣੀਆਂ ਅੱਖਾਂ 'ਤੇ ਰਗੜ ਕੇ, ਉਹ ਅੱਖਾਂ ਮੂਹਰੇ ਛਾ ਗਏ ਹੰਝੂਆਂ ਦੇ ਪਰਦੇ 'ਚੋਂ ਵੇਖਣ ਦਾ ਜਤਨ ਕਰਦਾ, ਜਿਵੇਂ ਕਿਤੇ ਭਾਂਡਿਆਂ ਉਪਰਲੇ ਧੱਬਿਆਂ ਵਿਚ ਹੀ ਉਸ ਦੇ ਮਰ ਗਏ ਬਾਪ ਘਣੀਏ ਦੀ ਮੂਰਤ ਹੋਵੇ।

ਮਾਲਕ ਕਿਤੇ ਉਰ੍ਹਾਂ-ਪਰ੍ਹਾਂ ਗਿਆ ਸੀ। ਸ਼ਾਮੂ ਨੇ ਦੂਜੇ ਨੌਕਰਾਂ ਤੋਂ ਅੱਖ ਬਚਾ ਕੇ ਗੁਲਾਬ-ਜਾਮਣ ਖਾਣ ਦਾ ਮਨ ਬਣਾਇਆ ਤਾਂ ਗੱਲੇ ਉਪਰ ਪਈ ਅਠਿਆਨੀ 'ਤੇ ਉਸ ਦੀ ਨਜ਼ਰ ਪੈ ਗਈ। ਉਸ ਨੂੰ ਗੁਲਾਬ-ਜਾਮਣ ਨਾਲੋਂ ਅਠਿਆਨੀ ਦੀ ਕੀਮਤ ਵਧੇਰੇ ਜਾਪੀ। ਅਠਿਆਨੀ ਚੁੱਕ ਕੇ ਖੀਸੇ ਵਿਚ ਪਾ ਲਈ ਤੇ ਉਹ ਆਪਣੇ ਆਪ ਨੂੰ ਤਕੜਾ ਧਨਵਾਨ ਸਮਝਣ ਲੱਗ ਪਿਆ। ਉਸ ਨੇ ਕਈ ਵਾਰ ਖੀਸੇ ਵਿਚਲੇ ਸਿੱਕੇ ਨੂੰ ਟੋਹਿਆ ਅਤੇ ਲੁਕ-ਲੁਕ ਕੇ ਕਈ ਵਾਰ ਵੇਖਿਆ। ਉਸ ਨੇ ਇਹ ਸਿੱਕਾ ਫਰਸ਼ 'ਤੇ ਵਿਛੀ ਆਪਣੀ ਵਿਛਾਉਣੀ ਦੇ ਪਾਟੇ ਸੰਨ੍ਹ ਵਿਚ ਛੁਪਾ ਦਿੱਤਾ। ਰਾਤ ਨੂੰ ਸੌਣ ਲੱਗਿਆ ਜਾਂ ਸੁੱਤਿਆਂ ਉਠ ਕੇ ਵੀ ਉਸ ਨੇ ਕਈ ਵਾਰ ਮਾਣ-ਮੱਤੇ ਚਾਅ ਨਾਲ ਉਸ ਨੂੰ ਛੋਹਿਆ ਤੇ ਉਹ ਕਿਸੇ ਅਜੇਹੀ ਉਡੀਕ ਵਿਚ ਰਹਿੰਦਾ ਕਿ ਉਸ ਦਾ ਹੋਰ ਦਾਅ ਲੱਗ ਜਾਵੇ।

ਇੱਕ ਦਿਨ ਮਾਲਕ ਨੇ ਉਸ ਨੂੰ ਦੁਕਾਨ ਤੋਂ ਆਪਣੇ ਪੋਤਰੇ ਲਈ ਖਿਡੌਣਾ ਲੈਣ ਭੇਜਿਆ। ਜਦੋਂ ਦੁਕਾਨਦਾਰ ਅੰਦਰੋਂ ਖਿਡੌਣਾ ਲੈਣ ਗਿਆ ਤਾਂ ਸ਼ਾਮੂ ਨੇ ਅੱਖ ਬਚਾ ਕੇ ਕੁਝ ਭੁਕਾਨੇ ਚੁਰਾ ਲਏ। ਹੁਣ ਉਸ ਨੂੰ ਬਹੁਤ ਵਧੀਆ ਖੇਡ ਮਿਲ ਗਈ ਸੀ। ਉਹ ਰਾਤ ਨੂੰ ਜਾਂ ਕਈ ਵਾਰ ਅੰਦਰ ਲੁਕ ਕੇ ਖੀਸੇ 'ਚੋਂ ਭੁਕਾਨਾ ਕੱਢਦਾ। ਉਸ ਵਿਚ ਉਦੋਂ ਤੱਕ ਹਵਾ ਭਰੀ ਜਾਂਦਾ ਤੇ ਬਾਹਰ ਬੈਠੇ ਪਿਆਰਾ ਸਿੰਘ ਦੀ ਗੋਗੜ ਵੱਲ ਵੇਖਦਾ ਰਹਿੰਦਾ, ਜਦੋਂ ਤੱਕ ਉਸ ਦੀ ਠਾਹ ਨਾ ਬੋਲ ਜਾਂਦੀ। ਇਸ ਤਰ੍ਹਾਂ ਉਸ ਨੇ ਸਾਰੇ ਭੁਕਾਨੇ ਭੰਨ ਭੰਨ ਕੇ ਰਬੜਾਂ ਵਿਛਾਉਣੀਆਂ ਹੇਠ ਛੁਪਾ ਦਿੱਤੀਆਂ। ਹੁਣ ਜਦੋਂ ਉਸ ਦਾ ਜੀਅ ਕਰਦਾ ਰਬੜ ਦੀਆਂ ਮਟਾਂਡੀਆਂ ਬਣਾ ਬਣਾ ਭੰਨਦਾ ਰਹਿੰਦਾ ਤੇ 'ਸਰਦਾਰ ਹੋਟਲ' ਦੇ ਮਾਲਕ ਪਿਆਰਾ ਸਿੰਘ ਦੇ ਵੱਡੇ ਵੱਡੇ ਆਨਿਆਂ ਵੱਲ ਵੇਖਦਾ ਰਹਿੰਦਾ।

ਉਸ ਨੂੰ ਅਜੇ ਇਹ ਗੱਲ ਤਾਂ ਭੁੱਲੀ ਨਹੀਂ ਸੀ ਕਿ ਪਿਆਰਾ ਸਿੰਘ ਨੇ ਉਸ ਨੂੰ ਭਾਂਡੇ ਮਾਂਜਣੋਂ ਹਟਾ ਕੇ ਕੋਇਲੇ ਭੰਨਣ ਦਾ ਹੁਕਮ ਚਾੜ੍ਹ ਦਿੱਤਾ ਸੀ। ਕੋਇਲਿਆਂ ਦੀ ਢੇਰੀ ਉਤੇ ਉਹ ਕਿਸੇ ਮੌਜ ਜੇਹੀ ਵਿਚ ਲੱਤਾਂ ਨਿਸਾਲ ਕੇ ਬੈਠਾ, ਹਥੌੜੀ ਨਾਲ ਕੋਇਲੇ ਭੰਨ ਰਿਹਾ ਸੀ। ਉਸ ਦਾ ਹੱਥ ਖੀਸੇ ਵਿਚ ਪਿਆ। ਇੱਕ ਭੁਕਾਨੇ ਦੀ ਪਾਟੀ ਹੋਈ ਰਬੜ ਉਸ ਦੇ ਹੱਥ ਲੱਗੀ। ਉਸ ਨੇ ਮਟਾਂਡੀ ਬਣਾਈ ਤੇ ਮੱਥੇ 'ਤੇ ਰੱਖ ਕੇ ਭੰਨ ਦਿੱਤੀ।

'ਉਇ ਸ਼ਾਮੂ ਕੇ ਬੱਚੇ!' ਪਿਆਰਾ ਸਿੰਘ ਗਰਜਿਆ...ਜਲਦੀ ਕਰ ਜਲਦੀ, ਬਰਤਨ ਤੇਰਾ ਬਾਪ ਤਾਂ ਨਹੀਂ ਮਾਂਜੇਗਾ।'

'ਮੇਰਾ ਬਾਪ ਤਾਂ ਨਹੀਂ ਮਾਂਜੇਗਾ, ਤੇਰਾ ਬਾਪ ਮੈਂ ਜ਼ਰੂਰ ਮਾਂਜਾਂਗਾ' - ਸ਼ਾਮੂ ਨੇ ਚਿੱਤ ਵਿਚ ਕਿਹਾ ਤੇ ਬੇ-ਪਰਵਾਹ ਮਟਾਂਡੀਆਂ ਬਣਾ ਬਣਾ ਭੰਨਦਾ ਰਿਹਾ। 'ਉਇ ਸ਼ਾਮੂ ਕੇ ਬੱਚੇ! ਸੁਨਾ ਨਹੀਂ ਸਾਲੇ।' ਪਿਆਰਾ ਸਿੰਘ ਉਸ ਵੱਲ ਉਲਰਿਆ...'ਚਾਲੀ ਰੁਪਏ ਤਾਂ ਮਾਂ ਦੀ...।'

ਗੰਦੀ ਗਾਲ ਸੁਣ ਕੇ ਸ਼ਾਮੂ ਸਾਰੇ ਦਾ ਸਾਰਾ ਝੰਜੋੜਿਆ ਗਿਆ...'ਗਾਲੀ ਨਾ ਦਿਉ, ਸਰਦਾਰ ਜੀ।'

'ਚੱਲ ਉਇ! ਸਾਲੇ ਚੂੜ੍ਹੇ ਦਾ ਤੁਖਮ ਕਿਵੇਂ ਭੂਤਰਦਾ ਜਾਂਦੈ!' ਪਿਆਰਾ ਸਿੰਘ ਥਾਂਏਂ ਬੈਠਾ ਭੁੜਕਿਆ।

ਸ਼ਾਮੂ ਨੇ ਥਾਂਏ ਕੁੜਤੇ ਦਾ ਪੱਲਾ ਚੁੱਕ ਦਿੱਤਾ...'ਸਾਲਾ ਤੂੰ, ਸਰਦਾਰ ਜੀ'...'ਤੁੰਖਮ' ਸ਼ਬਦ ਦੀ ਉਸਨੂੰ ਸਮਝ ਤਾਂ ਨਾ ਪਈ ਪਰ ਬਦਲੇ ਦੀ ਭਾਵਨਾ ਇੰਨੀ ਪਰਬਲ ਹੋ ਚੁੱਕੀ ਸੀ ਕਿ ਉਹ ਕਹਿ ਗਿਆ...'ਤੂੰ ਮੇਰਾ ਤੁੰਖਮ।' ਸ਼ਾਮੂ ਦੇ ਉਚੇ-ਨੀਵੇਂ ਵਿਰਲੇ ਦੰਦ ਕੁਢੱਬੀ ਤਰ੍ਹਾਂ ਬਾਹਰ ਨਿਕਲ ਆਏ...ਉਸ ਦਾ ਸਾਵਲਾ ਅਤੇ ਬਦਰੂਪ ਚਿਹਰਾ ਅਣਖ ਅਤੇ ਗੈਰਤ ਦਾ ਚਿੰਨ੍ਹ ਬਣ ਗਿਆ ਦਿੱਸਦਾ ਸੀ।

ਮਾਲਕ ਨੇ ਚਿਮਟਾ ਵਗਾਹ ਕੇ ਮਾਰਿਆ ਜੋ ਸ਼ਾਮੂ ਦੀ ਪੁੜਪੁੜੀ 'ਤੇ ਵੱਜਾ...'ਸਾਲਾ ਮਾਂ ਦਾ ਖੰਸਮ' - ਸ਼ਾਮੂ ਨੂੰ ਅੱਧ-ਪਚੱਧ ਹੀ ਸੁਣਿਆ ਕਿ ਉਹ ਗੇੜਾ ਖਾ ਕੇ ਜ਼ਮੀਨ 'ਤੇ ਡਿੱਗ ਪਿਆ। ਉਸ ਤੋਂ ਬਾਅਦ ਤਾਂ ਜੇ ਕੁਝ ਯਾਦ ਸੀ ਤਾਂ ਸਿਰਫ ਇੰਨਾ ਕਿ ਉਸ ਦੀ ਮਾਂ ਸੱਟ ਵਾਲੀ ਥਾਂ 'ਤੇ ਟਕੋਰ ਕਰ ਰਹੀ ਸੀ।

ਸਰਦਾਰ ਨੇ ਭਾਗਵੰਤੀ 'ਤੇ ਤਿੰਨ ਸੌ ਰੁਪਏ ਦਾ ਕੇਸ ਕਰ ਦਿੱਤਾ। ਜਿਵੇਂ ਉਸ ਨੂੰ ਕਮੇਟੀ ਦੇ ਪ੍ਰਧਾਨ ਅੱਗੇ ਗਿੜ-ਗਿੜਾਉਣਾ ਪਿਆ ਅਤੇ ਜਿਵੇਂ ਉਹਦੀ ਵਿਚੋਲਗੀ ਵਿਚ ਪਿਆਰਾ ਸਿੰਘ ਦੀਆਂ ਮਿੰਨਤਾਂ ਤਰਲੇ ਕਰਦਿਆਂ ਵਾਰ ਵਾਰ ਚੁੰਨੀ ਉਸ ਦੇ ਪੈਰਾਂ ਵਿਚ ਰੱਖਣੀ ਪਈ...ਅੱਖੀ ਵੇਖ ਕੇ ਬਾਲ-ਮਨ 'ਤੇ ਛੁਰੀਆਂ ਫਿਰ ਫਿਰ ਜਾਣ।

ਇੱਥੋਂ ਨੌਕਰੀ ਖੁੱਸ ਜਾਣ ਮਗਰੋਂ ਸ਼ਾਮੂ ਨੇ ਕਈ ਕੁਝ ਬਣਨਾ ਚਾਹਿਆ। ਸਭ ਤੋਂ ਪਹਿਲਾਂ ਤਾਂ ਉਸ ਨੇ ਪਿਆਰਾ ਸਿੰਘ ਤੋਂ ਬਦਲਾ ਲੈਣਾ ਚਾਹਿਆ ਪਰ ਇਸ ਦਾ ਕੋਈ ਢੰਗ-ਤਰੀਕਾ ਨਾ ਅਹੁੜਿਆ। ਚੋਰ ਬਣ ਕੇ ਪਿਆਰਾ ਸਿੰਘ ਦੇ ਘਰ ਨੂੰ ਸੰਨ੍ਹ ਲਾਉਣ ਦਾ ਵਿਚਾਰ ਉਸ ਦੇ ਦਿਮਾਗ ਵਿਚ ਆਇਆ...ਗੰਢ-ਕਤਰਾ ਬਣ ਕੇ 'ਸਰਦਾਰ ਹੋਟਲ' ਦੇ ਮਾਲਿਕ ਦੀ ਜੇਬ ਕੱਟਣੀ ਚਾਹੀ...ਨਿੱਕੇ ਮੋਟੇ ਮਾਅਰਕੇ ਮਾਰੇ ਵੀ ਪਰ ਉਹ ਪਿਆਰਾ ਸਿੰਘ ਨੂੰ ਕੋਈ ਨੁਕਸਾਨ ਨਾ ਪਹੁੰਚਾ ਸਕਿਆ...ਫਿਰ ਵੀ ਉਹ ਸ਼ਹਿਰ ਵਿਚ ਮਸ਼ਹੂਰ ਹੋ ਗਿਆ। ਇੱਕ ਵਾਰ ਫੜਿਆ ਗਿਆ। ਤਜਰਬਾ ਘੱਟ ਸੀ। ਪਹਿਲੀਆਂ 'ਚ ਹੀ ਇਕਬਾਲ ਕਰ ਲਿਆ। ਚੜ੍ਹਾਵਾ ਚੜ੍ਹਾਉਣ ਦੀ ਜਾਚ ਨਹੀਂ ਸੀ।

ਇੱਕ ਸਿਪਾਹੀ ਦੀ ਪੂਰੀ ਗੱਲ ਬੇਸ਼ੱਕ ਨਹੀਂ ਸੀ ਦੱਸੀ ਪਰ ਉਸ ਦੇ ਬੋਲਾਂ ਤੋਂ ਪੁਲਸ ਦੇ ਅਖੌਤੀ ਸਮਾਜ-ਸੁਧਾਰ ਰਵਈਏ ਪ੍ਰਤੀ ਨਫਰਤ ਦਾ ਪ੍ਰਗਟਾਵਾ ਜ਼ਰੂਰ ਹੁੰਦਾ ਸੀ। ਸਿਪਾਹੀ ਨੇ ਉਸ ਨਾਲ ਬਹੁਤ ਬਦਸਲੂਕੀ ਅਤੇ ਅਣਮਨੁੱਖੀ ਵਰਤਾਉ ਕੀਤਾ ਸੀ। ਮੈਂ ਹੈਰਾਨ ਸਾਂ ਪੁਲਸੀਏ ਇੰਨੀਆਂ ਗੰਦੀਆਂ ਕਰਤੂਤਾਂ ਵੀ ਕਰ ਸਕਦੇ ਨੇ।

ਉਸ ਨੇ ਪੁਲਿਸ ਵਾਲਿਆਂ ਤੋਂ ਬਦਲਾ ਲੈਣ ਲਈ ਹੋਰ ਵੱਡੀਆਂ ਮੱਲਾਂ ਮਾਰਨੀਆਂ ਚਾਹੀਆਂ ਪਰ ਉਸ ਅੰਦਰਲੇ ਸ਼ਾਮੂ ਨੇ ਉਸ ਦਾ ਸਾਥ ਨਾ ਦਿੱਤਾ ਅਤੇ ਦੂਜੇ ਮਾਂ ਨੇ ਉਸ ਦੀ ਵੇਲੇ ਸਿਰ ਰਹਿਨੁਮਾਈ ਕੀਤੀ। ਕਮੇਟੀ ਦੇ ਪ੍ਰਧਾਨ ਦੇ ਪੈਰੀਂ ਡਿੱਗਦੀ ਚੁੰਨੀ ਵੇਖ ਕੇ ਸ਼ਾਮੂ ਨੂੰ ਇੱਕ ਵਾਰ ਮਾਂ 'ਤੇ ਤਰਸ ਆ ਗਿਆ ਅਤੇ ਉਸ ਦੀਆਂ ਅੱਖਾਂ 'ਚੋਂ ਹੰਝੂ ਵਹਿ ਤੁਰੇ। ਉਹ ਉਸ ਦੇ ਆਖੇ ਲੱਗ ਕੇ ਸੌ ਰੁਪਿਆ ਮਹੀਨੇ 'ਤੇ ਪ੍ਰਧਾਨ ਦੀ ਮੱਝ ਅਤੇ ਮੁਰਗੀਖਾਨੇ ਦੀ ਸੰਭਾਲ ਲਈ ਰਜ਼ਾਮੰਦ ਹੋ ਗਿਆ, ਪਰ ਮੌਕਾ ਮਿਲਦੇ ਹੀ ਉਹ ਆਪਣੇ ਪੁਰਾਣੇ ਸਾਥੀਆਂ ਨਾਲ ਜਾ ਰਲਦਾ। ਜੇ ਕਰ ਜੇਬ ਵਿਚ ਪੈਸੇ ਹੁੰਦੇ ਤਾਂ ਜੂਏ ਵਿਚ ਹਾਰ ਜਾਂਦਾ। ਕਈ ਵਾਰ ਸ਼ਰਾਬ ਪੀ ਕੇ ਘਰ ਆਇਆ। ਮਾਂ ਲੜਦੀ। ਇੱਕ ਦਿਨ ਮਾਂ ਨੇ ਸੰਦੂਕ ਵਿਚ ਟੱਕਰ ਮਾਰੀ ਤੇ ਉਸ ਦੇ ਬਾਪ ਦਾ ਨਾਂ ਲੈ ਲੈ ਕੇ ਕੀਰਨੇ ਪਾਉਣ ਲੱਗੀ। ਕੁੜੀਆਂ ਵਿਚ ਚੀਕ-ਚਿਹਾੜਾ ਮੱਚ ਗਿਆ ਤੇ ਘਰ ਦੀ ਸੋਗਮਈ ਹਾਲਤ ਉਤੇ ਸ਼ਾਮੂ ਪਸੀਜ ਗਿਆ, 'ਅੱਛਾ ਮਾਂ, ਇਉ ਨਾ ਰੋ ਮੇਰਾ ਚਿੱਤ ਘਟਦੈ। ਅੱਜ ਤੋਂ ਬਾਅਦ ਮੈਂ ਕੋਈ ਗਲਤੀ ਕਰਕੇ ਘਰ ਨਹੀਂ ਆਵਾਂਗਾ।' ਉਸ ਨੇ ਰੋਂਦੀ ਮਾਂ ਨੂੰ ਚੁੱਪ ਕਰਾ ਕੇ ਵਾਅਦਾ ਕੀਤਾ ਜੋ ਮਹੀਨੇ ਕੁ ਮਗਰੋਂ ਅਜੇਹਾ ਟੁੱਟਿਆ ਕਿ ਮੁੜ ਕੇ ਨਾ ਗੰਢਿਆ ਗਿਆ।

ਉਨ੍ਹਾਂ ਦਿਨਾਂ ਵਿਚ ਹੀ ਛੋਟੀ ਭੈਣ ਬਿਮਾਰ ਹੋ ਗਈ। ਸਿਰ ਕੀ ਦੁਖਿਆ ਕਿਸੇ ਡਾਕਟਰ ਤੋਂ ਵੀ ਇਲਾਜ ਨਾ ਹੋ ਸਕਿਆ, ਤੇ ਅਖੀਰ ਦੂਜੇ ਦਿਨ ਉਹ ਮਰ ਗਈ। ਸ਼ਾਮੂ ਚਿਲਾਇਆ। ਅੱਖਾਂ ਵਿਚ ਘਸੁੰਨ ਦੇ ਕੇ ਉਚੀ ਉਚੀ ਚੀਕਾਂ ਛੱਡੀਆਂ।

ਛੇ ਮਹੀਨੇ ਵੀ ਨਾ ਬੀਤੇ, ਦੂਜੀ ਭੈਣ ਦੀ ਅਣਆਈ ਮੌਤ ਨੇ ਉਸ ਨੂੰ ਸਮਾਜਕ ਅਨਿਆਂ ਵਿਰੁੱਧ ਚੇਤੰਨ ਕੀਤਾ, ਜਿਸ ਦੀ ਮੌਤ ਹੁਣ ਵੀ ਇੱਕ ਤਰ੍ਹਾਂ ਨਾਲ ਰਹੱਸ ਬਣੀ ਹੋਈ ਸੀ। ਉਸ ਦੀ ਲਾਸ਼ ਨੂੰ ਲਾਵਾਰਸ ਕਹਿ ਕੇ ਕਿਸੇ ਦੂਰ ਦੇ, ਸ਼ਾਇਦ ਫਿਰੋਜ਼ਪੁਰ ਦੇ ਹਸਪਤਾਲ ਵਿਚ, ਫੂਕ ਦਿੱਤਾ ਗਿਆ ਸੀ। ਕਈ ਕਿਸਮ ਦੀਆਂ ਕਹਾਣੀਆਂ ਤੁਰੀਆਂ ਸਨ। ਚੌਥਾ ਦਰਜਾ ਕਰਮਚਾਰੀ ਯੂਨੀਅਨ ਨੇ ਰੈਲੀਆਂ ਕੀਤੀਆਂ, ਜਲੂਸ ਕੱਢੇ, ਧਰਨੇ ਦਿੱਤੇ, ਪਰ ਇਸ ਗੱਲ ਦਾ ਪਤਾ ਲੱਗ ਜਾਣ 'ਤੇ ਵੀ- ਕਿ ਕਿਵੇਂ ਅਤੇ ਕਿਹੜੇ ਕਿਹੜੇ ਪਤਵੰਤੇ ਤੇ ਮੁਹਤਬਰ ਵਿਅਕਤੀ ਉਸ ਦੀ ਮੌਤ ਦਾ ਕਾਰਨ ਬਣੇ ਸਨ, ਕੋਈ ਕਾਰਵਾਈ ਨਾ ਹੋਈ। ਪਹਿਲਾਂ ਕਿਸੇ ਦਾਈ ਕੋਲ, ਫੇਰ ਖੰਨੇ ਦੇ ਕਿਸੇ ਪ੍ਰਾਈਵੇਟ ਡਾਕਟਰ ਅਤੇ ਅਖੀਰ ਫਿਰੋਜ਼ਪੁਰ ਦੇ ਈਸਾਈ ਹਸਪਤਾਲ ਵਿਚ ਉਸ ਨੂੰ ਦਾਖਲ ਕਰਾਇਆ। ਪਤਵੰਤਿਆਂ ਨੇ ਵੱਡੇ ਤੋਂ ਵੱਡੇ ਅਫਸਰ ਦੇ ਮੂੰਹ ਵਿਚ ਹੱਡ ਦੇ ਦਿੱਤਾ ਤਾਂ ਕੇਸ ਖੁਰਦ-ਬੁਰਦ ਕਰਕੇ ਗੱਲ ਠੱਪ ਦਿੱਤੀ।

ਬੇਸਹਾਰਾ ਮਾਂ ਦੀਆਂ ਨਸੀਹਤਾਂ ਮੂਹਰੇ ਸ਼ਾਮੂ ਦੇ ਅੰਦਰਲੇ ਮਨੁੱਖ ਨੇ ਇੱਕ ਵਾਰ ਫੇਰ ਆਪਣੇ ਵਿਰੋਧੀ ਤੋਂ ਹਥਿਆਰ ਸੁਟਾ ਲਏ। ਚੌਥਾ ਦਰਜਾ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਅਤੇ ਕਮੇਟੀ ਦੇ ਪ੍ਰਧਾਨ ਦੇ ਆਖੇ-ਵੇਖੇ ਹੀ ਉਸ ਨੇ ਰੁਜ਼ਗਾਰ ਦਫਤਰ ਵਿਚ ਨਾਂ ਦਰਜ ਕਰਵਾ ਦਿੱਤਾ। ਨਾਂ ਨਿਕਲ ਆਇਆ। ਬਿਜਲੀ ਬੋਰਡ ਦੇ ਮਲੇਰਕੋਟਲੇ ਦੇ ਉਪ-ਮੰਡਲ ਦਫਤਰ ਵਿਚ ਕਮੇਟੀ ਦੇ ਪ੍ਰਧਾਨ ਦਾ ਭਣੌਈਆ, ਮਿੱਤਲ ਸਾਹਿਬ, ਐਸ.ਡੀ.ਓ. ਤਬਦੀਲ ਹੋ ਕੇ ਆਇਆ ਸੀ। ਉਸ ਨੇ ਮਾਲੀ ਕਮ ਵਾਟਰਮੈਨ ਦੀ ਖਾਲੀ ਅਸਾਮੀ 'ਤੇ ਸ਼ਾਮ ਲਾਲ ਨੂੰ ਰਖ ਲਿਆ। ਭਲਾ ਹੋਵੇ ਕਮੇਟੀ ਪ੍ਰਧਾਨ ਤੇ ਉਸ ਦੇ ਭਣੌਈਏ ਦਾ ਜਿਨ੍ਹਾਂ ਇੱਕ ਮਾਂ ਦੀਆਂ ਆਂਦਰਾਂ ਠਾਰ ਦਿੱਤੀਆਂ ਤੇ ਉਸ ਦੀਆਂ ਉਮੀਦਾਂ ਨੂੰ ਫਲ ਲਾਇਆ।

ਸ਼ਾਮੂ ਦੀ ਦਾਸਤਾਨ ਮੇਰੇ ਲਈ ਤਾਂ ਜ਼ਿੰਦਗੀ ਦਾ ਇੱਕ ਅਹਿਮ ਕਾਂਡ ਸੀ, ਇੱਕ ਅਧਿਆਇ। ਬੇਸ਼ੱਕ ਮੈਂ ਵੀ ਉਨ੍ਹਾਂ ਵਿਚੋਂ 'ਚੋਂ ਹੀ ਸਾਂ ਜੋ ਦੂਜਿਆਂ ਦੀ ਬਹਾਦਰੀ ਦੇ ਕਾਰਨਾਮੇ ਜਾਂ ਇਮਾਨਦਾਰੀ ਦੇ ਸੋਹਿਲੇ ਤਾਂ ਗਾ ਸਕਦੇ ਹਨ ਪਰ ਉਵੇਂ ਅਮਲ ਨਹੀਂ ਕਰ ਸਕਦੇ, 'ਫਲਾਣਾ ਬੜਾ ਦਲੇਰ ਹੈ, ਫਲਾਂ ਆਦਮੀ ਬੜਾ ਲੱਠਾ ਹੈ, ਫਲਾਂ ਆਦਮੀ ਬੜਾ ਹੀ ਸੱਚਾ-ਸੁੱਚਾ ਅਤੇ ਨੇਕੀ ਦਾ ਪੁਤਲਾ ਹੈ।'- ਆਦਿ ਸ਼ਬਦਾਂ ਦੀ ਕਮਜ਼ੋਰ ਸ਼ਖਸੀਅਤਾਂ ਨੂੰ ਹੀ ਲੋੜ ਪੈਂਦੀ ਹੈ ਜੋ ਦੂਜਿਆਂ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਕੇ ਝੂਠੀ ਤਸੱਲੀ ਪ੍ਰਾਪਤ ਕਰਦੇ ਹਨ ਪਰ ਮੈਨੂੰ ਤਾਂ ਸ਼ਾਮੂ ਨਾਲ ਸੱਚੀ ਹਮਦਰਦੀ ਸੀ।

ਸ਼ਾਮੂ ਕੰਮ ਦਾ ਸਚਿਆਰਾ ਸੀ, ਉਹ ਬੂਟੇ ਦੀ ਨਿੱਕੇ ਬੱਚਿਆਂ ਵਾਂਗ ਪਾਲਣਾ ਕਰਦਾ। ਇਹ ਖਿਆਲ ਰਖਦਾ ਕਿ ਕਿਹੜੇ ਬੂਟੇ ਨੂੰ ਅੱਜ ਭਲਕ ਫੁੱਲ ਨਿਕਲਣ ਵਾਲਾ ਹੈ ਤੇ ਕਿਹੜੇ ਨੂੰ ਨਿਕਲ ਆਇਆ ਹੈ। ਉਸ ਨੂੰ ਫੁੱਲਾਂ ਬਾਰੇ ਕਈ ਕਵਿਤਾਵਾਂ ਤੇ ਲੋਕ-ਗੀਤ ਯਾਦ ਸਨ, ਵਿਸ਼ਾ ਭਾਵੇਂ ਵਾਸ਼ਨਾਂ ਹੀ ਸੀ- ਜੋ ਹਾਣੀਆਂ ਦੀ ਢਾਣੀ ਵਿਚ ਮੌਜ ਵਿਚ ਤੇ ਚੋਰੀ ਚੋਰੀ ਗਾਏ ਜਾ ਸਕਦੇ ਸਨ। ਕਈ ਕਰਮਚਾਰੀ ਮੱਛਰ ਜਾਂਦੇ ਤੇ ਬੂਟਿਆਂ ਦੇ ਉਹਲੇ ਬੈਠ ਕੇ ਉਸ ਤੋਂ ਕਵਿਤਾਵਾਂ ਤੇ ਗੀਤ ਸੁਣਦੇ। ਜਿੰਨਾ ਚਿਰ ਮਿੱਤਲ ਸਾਹਿਬ ਉਸ ਦਫਤਰ ਵਿਚ ਰਹੇ- ਸ਼ਾਮੂ ਨੇ ਚਿੱਤ ਲਾ ਕੇ ਨੌਕਰੀ ਕੀਤੀ ਤੇ ਦੋ ਤਿੰਨ ਸਾਲਾਂ ਵਿਚ ਹੀ ਉਹ ਪੱਕਾ ਹੋ ਗਿਆ।

ਇੱਕ ਕੁਰਖਤ ਆਦਮੀ ਦੇ ਨਿਰਮਤਾ ਵਾਲੇ ਪੱਖ ਨੂੰ ਸਮਝਣ ਵਿਚ ਕੀ ਮੈਂ ਇਸੇ ਕਰਕੇ ਕਾਮਯਾਬ ਰਿਹਾ ਕਿ ਨਾਵਲਾਂ ਵਿਚ ਇਹੋ ਜੇਹੇ ਪਾਤਰਾਂ ਨਾਲ ਵਾਪਰਦੇ ਦੁਖਾਂਤ ਪੜ੍ਹ ਕੇ ਮਨ ਝੰਜੋੜਿਆ ਜਾਂਦਾ ਸੀ। ਜਦੋਂ ਮੈਂ ਦਸਵੀਂ ਕੀਤੀ ਹੀ ਸੀ ਤਾਂ ਅੱਧੀ ਅੱਧੀ ਰਾਤ ਤੱਕ ਰੁਮਾਂਟਿਕ ਨਾਵਲਾਂ ਵਿਚਲੇ ਨਾਇਕ-ਨਾਇਕਾਵਾਂ ਦੇ ਦੁਖਾਂਤ ਅਤੇ ਗੁਣਾਂ-ਔਗੁਣਾਂ ਵਾਲੇ ਚਰਿੱਤਰ ਪੜ੍ਹ ਕੇ ਰੋਂਦਾ ਰਹਿੰਦਾ ਸਾਂ। ਉਦੋਂ ਮੈਨੂੰ ਦੁਖਾਂਤ ਨਾਵਲ ਹੀ ਚੰਗੇ ਲੱਗਦੇ ਸਨ ਜੋ ਪਾਠਕ ਨੂੰ ਰੁਆ ਦੇਣ। ਰੋਣ ਵਿਚ ਵੀ ਬੜਾ ਅਨੰਦ ਹੁੰਦਾ ਸੀ, ਕਿਉਂਕਿ ਨਾਇਕ ਦੇ ਪਾਤਰ ਯਥਾਰਥ ਨਾਲ ਇੱਕ-ਮਿੱਕ ਹੋ ਕੇ ਉਸ ਦਾ ਦੁਖ ਆਪਣਾ ਲੱਗਦਾ ਸੀ। ਸ਼ਾਮ ਲਾਲ ਵੀ ਮੈਨੂੰ ਉਨ੍ਹਾਂ ਰਚਨਾਵਾਂ ਦਾ ਜਿਉਂਦਾ ਜਾਗਦਾ ਪਾਤਰ ਲੱਗਦਾ ਸੀ।

ਐਸ.ਡੀ.ਓ. ਮਿੱਤਲ ਸਾਹਿਬ ਦੇ ਤਬਦੀਲ ਹੋ ਜਾਣ ਬਾਅਦ ਕਈ ਬਾਬੂ ਜਾਂ ਤਾਂ ਮੇਰੇ ਨਾਲ ਸਾੜਾ ਕਰਨ ਲੱਗ ਪਏ ਜਾਂ ਸ਼ਾਮੂ ਦੀ ਨੋਕਾ-ਟੋਕੀ ਕਰੀ ਜਾਇਆ ਕਰਨ। ਸਭ ਤੋਂ ਘਿਣਾਉਣੀ ਗੱਲ ਇਹ ਸੀ ਕਿ ਉਹ ਸ਼ਾਮੂ ਦੀਆਂ ਮੇਰੀ ਪਤਨੀ ਕੁਸ਼ੱਲਿਆ ਨਾਲ ਗੱਲਾਂ ਬਣਾਉਣ ਲੱਗ ਪਏ ਸਨ। ਇਹ ਗੱਲਾਂ ਹੁੰਦੀਆਂ ਸਾਡੀ ਪਿੱਠ ਪਿੱਛੇ ਸਨ, ਨਹੀਂ ਤਾਂ ਮੇਰੇ ਹੁੰਦਿਆਂ ਹੀ ਪਤਾ ਨਹੀਂ ਕੀ ਨਤੀਜਾ ਨਿਕਲਦਾ। ਇੱਕ ਬਾਬੂ ਨੇ ਜਾਣ-ਬੁੱਝ ਕੇ ਉਸ ਨੂੰ ਬਾਜ਼ਾਰੋਂ ਆਟਾ ਅਤੇ ਸਬਜ਼ੀ ਲਿਆਉਣ ਲਈ ਕਿਹਾ। ਸ਼ਾਮੂ ਨੇ ਜਵਾਬ ਦੇ ਦਿੱਤਾ। ਬਾਬੂ ਨੇ ਰੋਅਬ ਪਾਇਆ ਤਾਂ ਸ਼ਾਮ ਲਾਲ ਆਕੜ ਗਿਆ, 'ਬਾਬੂ ਜੀ!' ਉਸ ਨੇ ਵਿਰਲੇ, ਉਚੇ-ਨੀਵੇਂ, ਕਰੇੜੇ ਵਾਲੇ ਦੰਦ ਵਿਖਾਏ- 'ਦਫਤਰ ਦਾ ਕੰਮ ਹੋਵੇ ਤਾਂ ਸਿਰ ਮੱਥੇ ਕਰਨ ਨੂੰ ਤਿਆਰ ਹਾਂ ਪਰ ਇਹ ਕੰਮ ਮੇਰੀ ਸਰਵਿਸ ਬੁੱਕ ਵਿਚ ਨਹੀਂ ਲਿਖਿਆ, ਅਤੇ ਨਾ ਹੀ ਅਪਾਇੰਟਮੈਂਟ ਆਰਡਰ ਵਿਚ ਹੀ ਲਿਖਿਆ ਹੋਇਆ ਹੈ।'

'ਕੁਸ਼ੱਲਿਆ ਦੇ ਪੇਟੀਕੋਟ ਨਾਲ ਬੱਝਣਾ ਬੰਚੂ, ਆਰਡਰ ਜਾਂ ਸਰਵਿਸ ਵਿਚ ਲਿਖਿਆ ਹੈ।' ਇਹ ਗੱਲ ਉਸ ਨੇ ਮੇਰੇ ਕੋਲ ਪਹਿਲਾਂ ਕਿਉਂ ਨਾ ਦੱਸੀ?- ਮੈਂ ਸੋਚਿਆ।

'ਬਕਵਾਸ ਕਰ ਬੰਦ ਕਰੋ ਬਾਬੂ ਜੀ! ਉਹ ਮੇਰੀ ਮਾਵਾਂ ਜੈਸੀ ਹੈ' ਉਸ ਨੇ ਆਪ ਹੀ ਖੁੰਬ ਠੱਪ ਦਿੱਤੀ ਸੀ। 'ਫੇਰ ਤਾਂ ਦੁੱਧ ਵੀ ਚੁੰਘਾਉਂਦੀ ਹੋਵੇਗੀ।' ਤੇ ਸ਼ਾਮ ਲਾਲ ਹੋਰ ਸਹਿ ਨਾ ਸਕਿਆ। ਉਹ ਬਾਬੂ ਨੂੰ ਮਾਰਨ ਪੈ ਗਿਆ ਪਰ ਵਿਚ-ਵਿਚਾਲਾ ਹੋ ਗਿਆ।

ਉਸ ਤੋਂ ਬਾਅਦ ਹੋਰ ਕਲਰਕ ਵੀ ਉਸ ਦੇ ਖੱਤੇ ਪੈ ਗਏ ਅਤੇ ਤੰਗ ਕਰਨ ਵਾਲੀ ਕੋਈ ਕਸਰ ਨਾ ਛੱਡੀ। ਉਸ ਦੇ ਹਰੇਕ ਕੰਮ ਵਿਚ ਨੁਕਸ ਕੱਢ ਦਿੰਦੇ। ਵਾਹ ਲੱਗਦੀ ਨਵੇਂ ਸਾਹਿਬ- 'ਬਰਾੜ ਸਾਹਿਬ' 'ਤੋਂ ਝਾੜਾਂ ਪੁਆ ਦਿੰਦੇ। ਦਫਤਰ ਨਾਲ ਸਬੰਧਤ ਕੰਮਾਂ ਵਿਚ ਅੜਿੱਕੇ ਡਾਹੇ ਜਾਣ ਲੱਗ ਪਏ। ਉਹ ਹਰ ਰੋਜ਼ ਸ਼ਿਕਾਇਤਾਂ ਲੈ ਕੇ ਬਹਿ ਜਾਇਆ ਕਰੇ। ਉਸ ਦਾ ਇੰਕਰੀਮੈਂਟ ਲਾਉਣ ਬਾਰੇ ਸਬੰਧਤ ਕਲਰਕ ਨੂੰ ਕਹਿਣ ਵਿਚ ਮੈਨੂੰ ਆਪਣੀ ਹੱਤਕ ਲੱਗਦੀ। ਵਾਹ ਲੱਗਦੀ ਮੈਂ ਉਨ੍ਹਾਂ ਦਾ ਕੰਮ ਲਮਕਾ ਦਿੰਦਾ। ਸਬੰਧਤ ਕਲਰਕ ਨੇ ਉਸ ਦੇ ਜੀ.ਪੀ.ਐਫ. ਦੇ ਹਿਸਾਬ-ਕਿਤਾਬ ਵਿਚ ਗੜਬੜ ਕਰ ਦਿੱਤੀ ਤੇ ਉਸ ਨੂੰ ਨੰਬਰ ਵੀ ਗਲਤ ਦੇ ਦਿੱਤਾ। ਇੰਕਰੀਮੈਂਟ ਲੱਗ ਚੁੱਕਣ ਬਾਅਦ ਉਸ ਦਾ ਬਣਦਾ ਬਕਾਇਆ ਨਾ ਕਢਾਇਆ ਅਤੇ ਇੱਕ ਮਹੀਨੇ ਦੀ ਉਸ ਦੀ ਪੂਰੀ ਤਨਖਾਹ ਟਾਇਮ-ਬਾਰ ਹੋ ਗਈ। ਇਹੋ ਜੇਹੀਆਂ ਅਨੇਕਾਂ ਗੱਲਾਂ ਸਨ ਜੋ ਕੰਡੇ ਵਾਂਗ ਉਸ ਦੇ ਸੀਨੇ ਵਿਚ ਰੜਕ ਪੈਦਾ ਕਰਦੀਆਂ ਸਨ।

ਮੈਂ ਚਿਰਾਕਾ ਘਰ ਮੁੜਿਆ ਸਾਂ। ਸ਼ਾਮ ਲਾਲ ਮੇਰੇ ਜਾਣ ਤੋਂ ਪਹਿਲਾਂ ਹੀ ਘਰ ਅਪੱੜਿਆ ਹੋਇਆ ਸੀ। ਉਸ ਨੂੰ ਅਜੇਹੀ ਮੁਦਰਾ ਵਿਚ ਖੜ੍ਹਾ ਵੇਖ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਖਾਸ ਕਰਕੇ ਜਿਵੇਂ ਕੁਸ਼ੱਲਿਆ ਉਸ ਦੇ ਨੇੜੇ ਖੜੀ ਸੀ ਤੇ ਸ਼ਾਮ ਲਾਲ ਦਾ ਸਿਰ ਉਸ ਦੇ ਮੋਢੇ 'ਤੇ ਝੁਕਿਆ ਲੱਗਦਾ ਸੀ। ਉਨ੍ਹਾਂ ਦਾ ਇੱਕ ਦੂਜੇ ਦੇ ਐਨਾ ਨੇੜੇ ਹੋਣਾ ਮੈਨੂੰ ਬਰਦਾਸ਼ਤ ਕਰਨਾ ਔਖਾ ਹੋ ਗਿਆ ਸੀ। ਮੇਰੇ ਕੋਲ ਅਜੇਹੀ ਸਥਿਤੀ 'ਚੋਂ ਨਿਕਲਣ ਦਾ ਕੋਈ ਰਾਹ ਵੀ ਨਹੀਂ ਸੀ। ਜਦ ਮੈਂ ਕੁਝ ਦੂਜੇ ਪਾਸਿਉਂ ਨਿਗਾਹ ਮਾਰੀ ਤਾਂ ਵੇਖਿਆ ਕਿ ਕੁਸ਼ੱਲਿਆ ਨੇ ਉਸ ਦੇ ਮੋਢੇ 'ਤੇ ਹੱਥ ਰੱਖਿਆ ਹੋਇਆ ਸੀ ਤੇ ਸ਼ਾਮ ਲਾਲ ਨੇ ਐਨ ਉਸ ਦੀ ਛਾਤੀ ਦੇ ਨੇੜੇ ਜਾਂ ਸ਼ਾਇਦ ਉਪਰ ਹੀ ਗਰਦਨ ਝੁਕਾਈ ਹੋਈ ਸੀ। ਇਹ ਮੈਂ ਚੰਗੀ ਤਰ੍ਹਾਂ ਅੰਦਾਜ਼ਾ ਨਹੀਂ ਸਾਂ ਲਗਾ ਸਕਿਆ। ਹਾਂ ਇਸ ਨਾਲ ਮੇਰਾ ਗੁੱਸਾ ਹੋਰ ਵੀ ਭੜਕ ਪਿਆ ਸੀ। ਮੇਰੇ ਦਿਮਾਗ ਨੂੰ ਇਕਦਮ ਹੀ ਕੁਝ ਪੁੱਠੀਆਂ-ਸਿੱਧੀਆਂ ਸੋਚਾਂ ਨੇ ਝਟਕਾ ਦਿੱਤਾ। ਸਾਈਕਲ ਕੰਧ ਨਾਲ ਹੀ ਖੜ੍ਹਾ ਕੇ ਮੈਂ ਦੁਚਿੱਤੀ ਅਤੇ ਕਾਹਲ ਵਿਚ ਉਨ੍ਹਾਂ ਦੇ ਕੋਲ ਗਿਆ ਤਾਂ ਮੇਰੀ ਪਤਨੀ ਸ਼ਾਮੂ ਨੂੰ ਦਿਲਬਰੀਆਂ ਦੇ ਰਹੀ ਸੀ। ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ-ਦੋ ਧਾਰਾਂ ਬਰਾਬਰ ਉਸ ਦੀਆਂ ਗੋਲ ਅਤੇ ਗੋਰੀਆਂ ਗੱਲ੍ਹਾਂ ਤੋਂ ਹੁੰਦੀਆਂ ਠੋਡੀ 'ਤੋਂ ਹੇਠਾਂ ਡਿੱਗ ਰਹੀਆਂ ਸਨ। ਉਸ ਦੇ ਸੁਰਖੀ ਲੱਗੇ ਬੁਲ੍ਹ ਕੰਬ ਰਹੇ ਸਨ। ਜਦ ਮੈਂ ਸ਼ਾਮ ਲਾਲ ਵੱਲ ਵੇਖਿਆ ਤਾਂ ਉਹ ਕੁਸ਼ੱਲਿਆ ਤੋਂ ਬਹੁਤਾ, ਪਾਗਲਾਂ ਵਾਂਗ ਰੋ ਰਿਹਾ ਸੀ। ਉਸ ਦੇ ਮੋਢੇ ਉਸ ਦੇ ਹਉਂਕਿਆਂ ਨਾਲ ਹਿੱਲਣ ਲੱਗ ਪਏ ਸਨ ਤੇ ਛਾਤੀ ਝਟਕੇ ਨਾਲ ਕਦੇ ਬਾਹਰ ਉਭਰਦੀ ਕਦੇ ਵਿਚ ਨੂੰ ਵੜਦੀ। ਸ਼ਾਇਦ ਉਹ ਮੇਰੀ ਹੋਂਦ ਮਹਿਸੂਸ ਕਰ ਕੇ ਹੀ ਹੋਰ ਉਚੀ ਉਚ ਰੋਣ ਲੱਗ ਪਿਆ ਸੀ, ਜਿਵੇਂ ਖਿਝਿਆ ਜਾਂ ਘੂਰ ਤੋਂ ਗੁੱਸੇ ਹੋਇਆ ਉਹ ਦੋ ਕੁ ਸਾਲ ਦਾ ਬੱਚਾ ਹੋਵੇ। ਉਸ ਦੀਆਂ ਉਚੀਆਂ-ਉਚੀਆਂ ਭੁੱਬਾਂ ਕਰਕੇ ਉਸ ਦਾ ਮੂੰਹ ਖੁੱਲ੍ਹਾ ਤੇ ਕਰੇੜੇ ਵਾਲੇ ਦੰਦਾਂ ਵਿਚਕਾਰ ਰਾਲ ਅਟਕੀ ਹੋਈ ਸੀ।

'ਵਿਚਾਰੇ ਦੀ ਮਾਂ ਮਰ ਗਈ!' ਕੁਸ਼ੱਲਿਆ ਨੇ ਚਿਹਰਾ ਚੁੰਨੀ ਨਾਲ ਸਾਫ ਕੀਤਾ ਤਾਂ ਬੁੱਲ੍ਹ ਵੀ ਪੂੰਝੇ ਜਾਣ ਕਰਕੇ ਕੁਝ ਥਾਵਾਂ 'ਤੋਂ ਸੁਰਖੀ ਮੱਧਮ ਪੈ ਗਈ, 'ਕੁਝ ਵੀ ਨਹੀਂ ਰਿਹਾ ਵਿਚਾਰੇ ਗਰੀਬ ਦਾ'...ਮੇਰੀ ਪਤਨੀ ਦਾ ਗਲਾ ਭਰ ਗਿਆ...'ਜਦੋਂ ਆਉਣਾ, ਕਿਸੇ ਕੰਮ ਨੂੰ ਹੱਥ ਨਾ ਲਾਉਣ ਦੇਣਾ...'ਨਹੀਂ ਬੀਬੀ ਜੀ! ਤੁਸੀਂ ਕੁੱਕੀ ਕੋਲ ਬੈਠ...ਮੈਂ ਕਰਦੀ ਆਂ ਸਾਰਾ ਕੰਮ'... ਕਿੱਧਰ ਕੱਪੜੇ ਧੋ ਜਾਣੇ...ਕਿੱਧਰ ਭਾਂਡੇ ਮਾਂਜ ਜਾਣੇ...ਪਲਾਂ ਵਿਚ ਹੀ ਅੰਗੀਠੀ ਤੇ ਚੁੱਲ੍ਹੇ ਨੂੰ ਪੋਚਾ ਫੇਰ ਜਾਣਾ...ਕਿੰਨੀ ਚੰਗੀ ਸੀ...ਬਣ ਜਾਣੈ ਐਨੀ ਸਚਿਆਰੀ ਕਿਸੇ ਨੇ...ਵਿਚਾਰੀ ਦੁਖਾਂ 'ਚ ਦਿਨ ਪੂਰੇ ਕਰ ਗਈ।' ਕੁਸ਼ੱਲਿਆ ਨੇ ਹਉਕਿਆਂ ਵਿਚ ਗੱਲ ਮੁਕਾਈ।

ਮੈਂ ਪੱਥਰ ਦਾ ਬੁੱਤ ਬਣਿਆ ਸੁਣਦਾ ਰਿਹਾ, 'ਅੱਛਾ!' ਮੇਰੇ ਅੰਦਰੋਂ ਹਉਕਾ ਨਿਕਲਿਆ, 'ਜੋ ਭਗਵਾਨ ਨੂੰ ਮਨਜ਼ੂਰ ਭਾਈ...ਜੋ ਹੋ ਗਿਆ, ਖਿੜੇ ਮੱਥੇ ਸਹਿਣਾ ਪਊ ਸੱਤ ਕਰ ਕੇ' ਮੈਂ ਉਸ ਨੂੰ ਫੜ ਕੇ ਕਮਰੇ ਵਿਚ ਲੈ ਆਇਆ...'ਕੁਦਰਤ ਮੂਹਰੇ, ਭਾਈ ਕੀਹਦਾ ਜ਼ੋਰ ਐ?' ਮੈਨੂੰ ਇਹ ਸ਼ਬਦ ਯਾਦ ਨਹੀਂ ਕਰਨੇ ਪਏ-'ਹੁਣ ਤਾਂ ਸਬਰ ਦਾ ਘੁੱਟ ਭਰੇ ਹੀ ਸਰੂ, ਭਾਈ ਸੱਜਣਾ।'

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦਾ ਬਾਕੀ)*

ਕੁਸ਼ੱਲਿਆ ਚਾਹ ਦੇ ਗਈ। ਸ਼ਾਮ ਲਾਲ ਰੋਣੋਂ ਹੱਟ ਗਿਆ ਸੀ। ਉਹ ਪੱਥਰਾਈਆਂ ਅੱਖਾਂ ਨਾਲ ਚਾਹ ਵੱਲ ਵੇਖਦਾ ਰਿਹਾ, ਫੂਕਾਂ ਮਾਰਦਾ, ਸੁੜ੍ਹਾਕਦਾ ਰਿਹਾ ਤੇ ਮੈਂ ਬਰਾਬਰ ਉਸ ਦੇ ਕਾਲੇ ਤੇ ਬਦਰੂਪ ਹੋ ਗਏ ਚਿਹਰੇ ਵੱਲ ਵੇਖਦਾ ਰਿਹਾ। ਪੁੱਛਣ 'ਤੇ ਉਸ ਦੱਸਿਆ ਕਿ ਮਾਂ ਬਿਮਾਰ ਤਾਂ ਹੋਈ ਹੀ ਨਹੀਂ ਸੀ। ਬੱਸ ਰਾਤੀਂ ਪਹਿਲਾਂ ਪੇਟ ਵਿਚ ਦਰਦ ਹੋਇਆ ਤੇ ਪਲਾਂ ਵਿਚ ਹੀ ਠੰਢੀ ਹੋ ਗਈ। ਡਾਕਟਰ ਵੀ ਆ ਗਿਆ ਸੀ ਪਰ ਉਹ ਕਹਿ ਗਿਆ ਕਿ ਇਸ ਵਿਚ ਤਾਂ ਕੁਝ ਨਹੀਂ। ਇਹ ਦੱਸਦਾ ਉਹ ਫੇਰ ਫਿੱਸ ਪਿਆ।

ਉਸ ਤੋਂ ਬਾਅਦ ਉਹ ਬਾਰਾਂ ਦਿਨਾਂ ਦੀ ਛੁੱਟੀ ਚਲਾ ਗਿਆ। ਉਸ ਨੇ ਕਿਸੇ ਹੋਰ ਨਾਲ ਗੱਲ ਵੀ ਨਾ ਕੀਤੀ, ਸਿਰਫ ਸਾਹਿਬ ਨੂੰ ਹੀ ਛੁੱਟੀ ਦਾ ਕਾਰਨ ਦੱਸਿਆ। ਹੋਰ ਕਿਸੇ ਨੂੰ ਦੱਸਣ ਦਾ ਮਤਲਬ ਤਾਂ ਫੋਕੀ ਹਮਦਰਦੀ ਦੀ ਝਾਕ ਕਰਨਾ ਸੀ। ਉਸ ਦੀ ਮਾਂ ਦੇ ਬਾਰੇ 'ਤੇ ਮੈਂ ਤੇ ਕੁਸ਼ੱਲਿਆ ਗਏ ਤੇ ਸੌ ਰੁਪਿਆ ਉਸ ਦੀ ਮੱਦਦ ਲਈ ਵੀ ਦਿੱਤਾ ਸੀ।

'ਸ਼ਾਮ ਲਾਲ, ਸੁਣੋ ਬਈ! ਹੁਣ ਆਪਣੇ ਮਨ 'ਤੇ ਬਹੁਤਾ ਭਾਰ ਨਾ ਪਾਵੀਂ। ਜੋ ਹੋਣਾ ਸੀ, ਹੋ ਗਿਆ, ਉਸ ਨੂੰ ਮੇਟਿਆ ਤਾਂ ਨਹੀਂ ਜਾ ਸਕਦਾ।' ਉਹ ਬੁੱਤ ਬਣਿਆ ਖੜ੍ਹਾ ਰਿਹਾ ਸੀ। 'ਸੱਤ ਐ ਜੀ!' ਉਸ ਨੇ ਪੂਰਾ ਜ਼ੋਰ ਦੇ ਕੇ ਸਿਰਫ ਇੱਕ ਵਾਰ ਹੀ ਮੂੰਹ ਖੋਲ੍ਹਿਆ ਸੀ।

'ਅੱਛਾ...!' ਮੈਂ ਕਿਹਾ ਤਾਂ ਉਸ ਨੇ ਸਿਰ ਨੀਵਾਂ ਸਿੱਟੇ ਹੋਏ ਹੀ ਦੋਵੇਂ ਹੱਥ ਜੋੜ ਲਏ ਸਨ। ਉਹ ਸ਼ਾਇਦ ਇਸ ਦੀ ਉਮੀਦ ਹੀ ਲਾਈ ਖੜ੍ਹਾ ਸੀ ਕਿ ਕੁਸ਼ੱਲਿਆ ਉਸ ਦੀ ਪਿੱਠ 'ਤੇ ਹੱਥ ਰੱਖੇਗੀ। ਜਦੋਂ ਕੁਸ਼ੱਲਿਆ ਨੇ ਇਉਂ ਕੀਤਾ ਤਾਂ ਉਹ ਉਸ ਦੇ ਮੋਢੇ ਵੱਲ ਸਿਰ ਝੁਕਾ ਕੇ ਉਚੀ-ਉਚੀ ਰੋ ਪਿਆ।

'ਦਿਲ ਰਖੋ ਬਈ, ਰੋਣ ਨਾਲ ਤਾਂ ਕੁਝ ਨਹੀਂ ਬਣਦਾ। ਦੱਸ, ਆਉਂਦੈ ਹੱਥ ਪੱਲੇ? ਜੇ ਆਉਣਾ ਹੁੰਦਾ ਤਾਂ ਬਾਰਾਂ ਦਿਨ ਰੋ ਕੇ ਵੇਖ ਲਿਆ ਦੱਸ ਫੇਰ ਕਿਹੜਾ ਮੁੜ ਆਈ ਮਾਂ?' ਕੁਸ਼ੱਲਿਆ ਨੇ ਸਾੜੀ ਦੇ ਪੱਲੇ ਨਾਲ ਅੱਖਾਂ ਪੂੰਝੀਆਂ...'ਦੱਸ ਕਿਹੜਾ ਹਾਕ ਮਾਰ ਲੈਣੀ ਐ?' ਕੁਸ਼ੱਲਿਆ ਉਸ ਦੀ ਪਿੱਠ ਪਲੋਸਦੀ ਰਹੀ।

ਮੈਂ ਕਈ ਵਾਰ ਸੋਚਿਆ ਕਰਦਾ ਸਾਂ ਕਿ ਅੱਖੜ, ਅਨਾੜੀ, ਝਗੜਾਲੂ ਅਤੇ ਹਰੇਕ ਦੇ ਮੂਹਰੇ ਕੰਧ ਵਾਂਗ ਖੜ੍ਹ ਜਾਣ ਵਾਲਾ ਸ਼ਾਮੂ ਕਿੰਨਾ ਨਰਮ ਚਿੱਤ ਸੀ। ਅਸਲ ਵਿਚ ਉਹ ਸੱਚੀ ਹਮਦਰਦੀ ਦਾ ਭੁੱਖਾ ਸੀ, ਜੋ ਮੂਲ ਨੂੰ ਵੀ ਨਹੀਂ ਸੀ ਮਿਲਦੀ।

ਮੇਰੀ ਉਥੋਂ ਬਦਲੀ ਹੋ ਗਈ। ਉਸ ਤੋਂ ਮਗਰੋਂ ਮੇਰੀ ਤਰੱਕੀ ਹੋ ਗਈ ਅਤੇ ਮੈਨੂੰ ਸਹਾਇਕ ਸੁਪਰਿਨਟੈਂਡੈਂਟ ਦੀ ਕੁਰਸੀ ਮਿਲ ਗਈ। ਕੁਝ ਚਿਰ ਬਾਅਦ ਮੈਨੂੰ ਬੱਸ ਇੰਨਾ ਹੀ ਪਤਾ ਲੱਗ ਸਕਿਆ ਕਿ ਉਸ ਦੀ ਬਦਲੀ ਪ੍ਰਬੰਧਕੀ ਆਧਾਰ 'ਤੇ ਕਿਤੋਂ ਦੂਰ ਦੀ ਹੋ ਗਈ ਹੈ।

ਅੱਜ ਅਚਾਨਕ ਉਸ ਨੂੰ ਮਿਲ ਕੇ ਉਸ ਦਾ ਜੀਵਨ ਮੇਰੀਆਂ ਯਾਦਾਂ 'ਚੋਂ ਬਹੁਤ ਤੇਜ਼ੀ ਨਾਲ ਵਿਚਰ ਗਿਆ। ਚਾਹ ਵਾਲੇ ਨੇ ਕਾਫੀ ਦੇਰ ਲਗਾ ਦਿੱਤੀ ਭੱਠੀ ਬਹਿ ਗਈ ਸੀ ਤੇ ਉਹ ਕੋਇਲੇ ਪਾ ਕੇ ਗੱਤੇ ਦੀ ਝੱਲ ਨਾਲ ਮਘਾਈ ਜਾਂਦਾ ਸੀ, ਮੈਂ ਸੋਚੀਂ ਪਿਆ ਹੋਇਆ ਸਾਂ ਕਿ ਸ਼ਾਮੂ ਦਾ ਜੀਵਨ ਸੱਚੀਂ-ਮੁੱਚੀਂ ਦੀ ਵਿਥਿਆ ਨਾ ਹੋ ਕੇ ਕਿਸੇ ਨਾਵਲ ਜਾਂ ਫਿਲਮ ਦੀ ਕਹਾਣੀ ਹੋਵੇਗੀ। 'ਅਛੂਤ ਸਮਝੇ ਜਾਂਦੇ ਲੋਕਾਂ 'ਚ ਇੰਨੀ ਗੈਰਤਮੰਦ ਸ਼ਖਸੀਅਤ ਕਿਵੇਂ ਪੈਦਾ ਹੋ ਗਈ?' ਮੇਰੇ ਕੋਲ ਇਸ ਪ੍ਰਸ਼ਨ ਦਾ ਕੋਈ ਉਤਰ ਨਹੀਂ ਸੀ।

ਕੰਟੀਨ ਦਾ ਨੌਕਰ ਹੋਰ ਗਾਹਕਾਂ ਨੂੰ ਚਾਹ ਦੇ ਗਿਆ ਅਤੇ ਜੂਠੇ ਭਾਂਡੇ ਚੁੱਕ ਕੇ ਲੈ ਗਿਆ। ਸਾਡੇ ਵੱਲ ਜਿਵੇਂ ਉਸ ਦਾ ਧਿਆਨ ਹੀ ਨਹੀਂ ਸੀ। ਮੈਨੂੰ ਉਸ ਉਤੇ ਗੁੱਸਾ ਆਈ ਜਾਏ। ਮੈਂ ਉਚੀ ਆਵਾਜ਼ ਵਿਚ ਕਿਹਾ, 'ਓ ਬਈ! ਅਸੀਂ ਦੋ ਕੱਪ ਚਾਹ ਕਹੀ ਸੀ।' ਮੇਰੀ ਆਵਾਜ਼ ਸੁਣ ਕੇ ਭੱਠੀ ਦੇ ਮਾਲਕ ਨੇ ਇਕਦਮ ਪਿਛਾਂਹ ਨਿਗਾਹ ਭੰਵਾਈ, 'ਕਿੰਨੇ ਦੋ ਕੱਪ?' ਉਸ ਨੇ ਉਲਟਾ ਪੁੱਛਿਆ- 'ਹੁਣੇ ਆਉਂਦੀ ਹੈ ਸਾਹਿਬ।'

'ਚਾਰ ਸਮੋਸੇ ਵੀ ਭੇਜ ਦਈਂ ਗਰਮ ਗਰਮ- ਕਿੰਨਾ ਚਿਰ ਹੋ ਗਿਆ ਹੈ ਬੈਠਿਆਂ ਨੂੰ।' ਬਗੈਰ ਪਿੱਛੇ ਵੇਖਿਆ ਹੀ 'ਅੱਛਾ ਸਾਹਿਬ' ਕਿਹਾ।

'ਕਿਆ ਸ਼ਾਦੀ-ਵਾਦੀ ਹੋ ਗਈ ਥੀ?' ਮੈਂ ਪਤਾ ਨਹੀਂ ਕਿਵੇਂ ਇਹ ਪ੍ਰਸ਼ਨ ਪੁੱਛ ਗਿਆ...ਉਹ ਵੀ ਆਪਣੀ ਮਾਂ-ਬੋਲੀ ਛੱਡ ਕੇ। ਇਸ ਪ੍ਰਸ਼ਨ ਦੇ ਫੌਰਨ ਬਾਅਦ ਹੀ ਤੇਜ਼ੀ ਨਾਲ ਮੇਰੇ ਦਿਮਾਗ ਵਿਚ ਇਸ ਦਾ ਉਤਰ ਵੀ ਆਪੇ ਹੀ ਘੁੰਮ ਗਿਆ...'ਹੋਰ ਹੁਣ ਤੱਕ ਕੁਆਰਾ ਹੋਵੇਗਾ'

'ਹਾਂ ਸਾਹਬ ਤਿੰਨ ਬੱਚੇ ਵੀ ਨੇ...ਆਪ ਕੀ ਕਿਰਪਾ ਸੇਂ।'

ਉਸ ਦੇ ਉਤਰ ਨਾਲ ਮੈਨੂੰ ਇੱਕ ਸ਼ਰਾਰਤ ਸੁੱਝੀ ਕਿ ਆਖ ਦਿਆਂ ਕਿ ਮੈਂ ਤਾਂ ਉਸ ਦੇ ਘਰ ਕਦੇ ਗਿਆ ਵੀ ਨਹੀਂ, ਕਿਰਪਾ ਕਿਵੇਂ ਹੋਈ?...ਪਰ ਮੈਂ ਸੰਕੋਚ ਤੋਂ ਕੰਮ ਲੈ ਕਿਹਾ- 'ਕਿਰਪਾ ਤਾਂ ਈਸ਼ਵਰ ਦੀ ਐ ਭਾਈ ਇਨਸਾਨ ਕੌਣ ਐ?'

'ਭਗਵਾਨ!' ਭਾਵੁਕਤਾ ਵੱਸ ਸ਼ਾਮੂ ਦਾ ਚਿਹਰਾ ਹੋਰ ਕੱਸਿਆ ਗਿਆ। ਉਹ ਇਉਂ ਬੁੜ੍ਹਕਿਆ ਕਿ ਮੈਨੂੰ ਲੱਗਿਆ ਕਿ ਉਹ ਮੇਰੇ ਹੀ ਘਸੁੰਨ ਮਾਰੇਗਾ। ਉਹ ਸਿੱਧਾ ਤਣ ਕੇ ਬੈਠ ਗਿਆ- 'ਕਿਥੇ ਐ ਉਹ?' ਉਹ ਬੋਲੀ ਗਿਆ। 'ਖਬਰੈ ਉਹ ਕਿਹੜੀ ਗੁਫਾ ਵਿਚ ਮੂੰਹ ਛੁਪਾਈ ਬੈਠਾ ਹੈ? ਇਹ ਤਾਂ ਐਵੇਂ ਲੋਕਾਂ ਨੇ ਕਲਪਨਾ ਬਣਾ ਰੱਖੀ ਐ। ਰੱਬ ਤਾਂ ਆਪ ਹੋ, ਮੈਂ ਹਾਂ, ਇਹ ਤਮਾਮ ਲੋਕ ਹਨ...ਅਗਰ ਇਹ ਮਨੁਸ਼ ਨੂੰ ਸਮਝਣ ਤਾਂ।' ਮੈਂ ਹੋਰ ਵੀ ਹੈਰਾਨ ਹੋ ਗਿਆ ਕਿ ਸੁਬਾਹ ਸ਼ਾਮ ਭਗਵਾਨ ਦੀ ਪੂਜਾ ਕਰਨ ਵਾਲਾ ਸ਼ਾਮੂ ਕਿਵੇਂ ਨਾਸਤਕ ਲੋਕਾਂ ਦੇ ਹੱਥ ਚੜ੍ਹ ਗਿਆ? ਉਹ ਰੱਬ ਤੋਂ ਕਿਉਂ ਮੁਨਕਰ ਹੋ ਗਿਆ। 'ਮਨੁੱਖ' ਦੀ ਥਾਂ ਤੇ 'ਮਨੁੱਸ਼' ਸ਼ਬਦ ਦਾ ਉਚਾਰਣ ਵੀ ਇਹ ਭੁਲੇਖਾ ਪਾਉਂਦਾ ਸੀ ਕਿ ਉਸ ਨੂੰ ਕੋਈ ਰਿਸ਼ੀ-ਮੁਨੀ ਮਿਲ ਪਿਆ ਹੋਵੇਗਾ।

'ਦੇਖਿਆ ਕਿਸੇ ਨੇ ਰੱਬ?' ਉਹ ਹੋਰ ਜ਼ਜਬਾਤੀ ਹੋ ਗਿਆ...'ਇਹ ਤਾਂ ਪਿਆਰ ਦਾ ਨਾਂ ਹੈ, ਸਾਹਿਬ, ਜਿਸ ਦਾ ਇੱਕ ਹੀ ਆਕਾਰ ਹੈ...ਅਸਲ ਵਿਚ ਜਿਸ ਦਾ ਕੋਈ ਰੰਗ ਰੂਪ, ਆਕਾਰ ਨਹੀਂ, ਜਿਸ ਨੂੰ ਕਿਸੇ ਘੇਰੇ ਵਿਚ ਨਹੀਂ ਬੰਨ੍ਹਿਆ ਜਾ ਸਕਦਾ...ਜੋ ਸਰਬ ਵਿਆਪੀ ਹੈ। ਪਰ ਇੱਥੇ ਰੱਬ ਦਾ ਨਾਂ ਤਾਂ ਹੈ...ਪਿਆਰ ਦਾ ਨਹੀਂ।' ਮੈਂ ਹੈਰਾਨ ਹੋ ਕੇ ਸ਼ਾਮ ਲਾਲ ਦੀਆਂ ਅਜੇਹੀਆਂ ਗੱਲਾਂ ਤੋਂ ਡਰ ਗਿਆ ਤੇ ਮੇਰੀ ਦਿਲੀ ਇੱਛਾ ਹੋਈ ਕਿ ਉਹ ਅਜੇਹੀਆਂ ਗੱਲਾਂ ਬੰਦ ਕਰ ਦੇਵੇ ਜੋ ਜੀਵਨ ਵਿਚ ਕਿਤੇ ਕੰਮ ਨਹੀਂ ਆਉਂਦੀਆਂ।

'ਠੱਗਾਂ, ਬਦਮਾਸ਼ਾਂ, ਚੋਰਾਂ ਤੇ ਰਿਸ਼ਵਤਖੋਰਾਂ ਨੂੰ ਰੱਬ ਦੀ ਲੋੜ ਹੈ ਪਰ ਮਨੁੱਖਤਾ ਦੇ ਹਿਤੈਸ਼ੀਆਂ ਨੂੰ ਪਿਆਰ ਦੀ ਲੋੜ ਹੈ।' ਉਸ ਦੇ ਇਨ੍ਹਾਂ ਸ਼ਬਦਾਂ ਨਾਲ ਮੈਨੂੰ ਆਪਣੇ ਹੇਠਲੀ ਕੁਰਸੀ ਉਲਟਦੀ ਜਾਪੀ। ਮੈਂ ਜਾਣ ਬੁੱਝ ਕੇ ਹੀ ਉਸ ਦੀਆਂ ਗੱਲਾਂ ਵਿਚ ਦਿਲਚਸਪੀ ਲੈਣੋਂ ਹਟ ਗਿਆ।

'ਮਾਂ ਜੀ ਦਾ ਕੀ ਹਾਲ ਹੈ?' ਉਸ ਨੇ ਆਪ ਹੀ ਗੱਲਾਂ ਦਾ ਰੁੱਖ ਬਦਲ ਦਿੱਤਾ।

'ਕੌਣ ਮਾਂ ਜੀ? ਮੇਰੇ ਮਾਂ ਜੀ ਕੀ?'

'ਨਹੀਂ! ਨਹੀਂ!!' ਉਸ ਨੇ ਅੰਗੂਠੇ ਨਾਲ ਦੀ ਉਂਗਲ ਉਪਰ ਉਲਾਰੀ – 'ਮੈਂ ਕੁਸ਼ੱਲਿਆ ਦੇਵੀ ਨੂੰ ਕਹਿੰਦਾ ਹਾਂ।' ਉਸ ਨੂੰ ਮਾਂ ਕਦੋਂ ਕਹਿਣ ਲੱਗ ਪਿਆ ਸੀ?' 'ਜਿਸ ਦਿਨ ਮੇਰੀ ਮਾਂ ਮਰ ਗਈ ਸੀ।'

'ਅੱਛਾ! ਅੱਛਾ!! – ਬਹੁਤ ਅੱਛਾ ਹੈ।' ਮੈਨੂੰ ਖਾਸ ਕਿਸਮ ਦੀ ਤਸੱਲੀ ਅਤੇ ਕੁਸ਼ੱਲਿਆ ਦੀ ਇਸਤਰੀਅਤ ਉਤੇ ਫਖਰ ਹੋਇਆ ਕਿ ਉਹ ਸੱਚ-ਮੁੱਚ ਹੀ ਪਵਿੱਤਰਤਾ ਦੀ ਦੇਵੀ ਹੈ। ਤੂੰ ਮੈਨੂੰ ਇੱਕ ਵਾਰ ਵੀ ਯਾਦ ਕਿਉਂ ਨਾ ਕੀਤਾ, ਸ਼ਾਮ ਲਾਲ?' ਮੇਰਾ ਹੌਸਲਾ ਬੁਲੰਦ ਰਿਹੈ, ਸਾਹਿਬ। ਜੇ ਆਦਮੀ ਐਵੇਂ ਹੀ ਦੂਜੇ ਦੀ ਮੱਦਦ ਲੈਣ ਦੀ ਸੋਚ ਲਏ ਤਾਂ ਉਸ ਦਾ ਇਰਾਦਾ ਜਾਂਦੈ।'

ਮੈਨੂੰ ਉਸ ਦੀ ਮੂਰਖਤਾ 'ਤੇ ਹੈਰਾਨੀ ਹੋਈ ਕਿ ਉਸ ਨੂੰ ਆਪਣਾ ਦਰਦ ਕਿਸੇ ਨਾਲ ਤਾਂ ਸਾਂਝਾ ਕਰਨਾ ਚਾਹੀਦਾ ਸੀ। ਇੱਥੇ ਤਾਂ ਆਦਮੀ ਦੀ ਉਹ ਜ਼ਾਤ ਰਹਿੰਦੀ ਹੈ ਜੋ ਦੂਜੇ ਦੇ ਦੁੱਖ-ਦਰਦ ਵਿਚ ਭਾਵੇਂ ਸਹਾਈ ਨਾ ਹੋਵੇ, ਪਰ ਆਪਣੀ ਉਂਗਲ ਵਿਚ ਮਾਮੂਲੀ ਕੰਡਾ ਵੱਜੇ ਤੋਂ ਹੀ ਉਂਗਲ ਹਵਾ ਵਿਚ ਲਹਿਰਾਉਂਦੀ ਫਿਰੇਗੀ ਕਿ ਉਸ ਦੇ ਜੋ ਕੰਡਾ ਵੱਜਾ ਹੈ, ਉਹ ਕੋਈ ਸਾਧਾਰਨ ਕੰਡਾ ਨਹੀਂ। ਖਬਰੇ ਇਹ ਉਪਰ ਕਿਸੇ ਭਿਆਨਕ ਵਿਸੀਅਰ ਨਾਗ ਨੇ ਹੀ ਜ਼ਹਿਰ ਉਗਲੱਛ ਦਿੱਤਾ ਹੋਵੇ, ਪਰ ਇਹ ਸ਼ਾਮੂ ਕਿਸ ਮਿੱਟੀ ਦਾ ਬਣਿਆ ਹੋਇਆ ਸੀ? ਹੁਣ ਤਾਂ ਜੀਵਨ ਦੀ ਤੋਰ ਹੀ ਬਦਲ ਰਹੀ ਹੈ। ਅਨੇਕਾਂ ਜੱਥੇਬੰਦੀਆਂ ਵੀ ਹਨ। ਉਸ ਦੀ ਥਾਂ ਮੈਂ ਹੁੰਦਾ ਤਾਂ ਕਿਸੇ ਜਥੇਬੰਦੀ ਦਾ ਜਨਰਲ ਸਕੱਤਰ ਹੋਣਾ ਸੀ।

ਉਸਨੇ ਦੱਸਿਆ ਕਿ ਜਿਹੜਾ ਕਲਰਕ ਮੇਰੀ ਥਾਂ 'ਤੇ ਆਇਆ ਸੀ, ਘਰ ਦਾ ਕੰਮ ਕਰਨ ਤੋਂ ਜਵਾਬ ਦੇਣ ਕਰਕੇ ਬਹੁਤ ਹੀ ਤੰਗ ਪਰੇਸ਼ਾਨ ਕਰਨ ਲੱਗ ਪਿਆ। ਨਵੇਂ ਸਾਹਿਬ ਦੇ ਕੰਨ ਭਰ ਕੇ ਉਹਨੇ ਉਸ ਦੀ ਪੋਸਟ ਮਾਲੀ ਕਮ ਵਾਟਰਮੈਨ ਤੋਂ ਬਦਲ ਕੇ ਸਵੀਪਰ ਕਮ ਚੌਕੀਦਾਰ ਕਰਵਾ ਦਿੱਤੀ। 'ਮੈਂ ਅੜ ਗਿਆ, ਸਾਹਿਬ। ਦੇਖੋ ਨਾ ਜਨਾਬ, ਜੋ ਪਹਿਲੇ ਆਰਡਰਾਂ 'ਤੇ ਲਿਖਿਆ ਹੋਇਐ ਤੇ ਜਿਸ ਦੀ ਐਂਟਰੀ ਸਰਵਿਸ ਬੁੱਕ ਵਿਚ ਹੋਈ ਹੋਈ ਐ, ਅਸਲ ਪੋਸਟ ਤਾਂ ਮੇਰੀ ਉਹੀ ਹੋਈ। ਮੈਂ ਕਿਹਾ-ਮੈਂ ਤਾਂ ਕਾਨੂੰਨ ਦੀ ਪਾਲਣਾ ਕਰੂੰ।'

ਉਸ ਦੀ ਅਗਲੀ ਗੱਲ ਨੇ ਤਾਂ ਮੈਨੂੰ ਵਲੂੰਧਰ ਕੇ ਰੱਖ ਦਿੱਤਾ ਕਿ ਉਸ ਚਮਚੇ ਨੇ ਬਰਾੜ ਸਾਹਿਬ ਦੇ ਕੰਨ ਭਰੇ ਕਿ ਸ਼ਾਮ ਲਾਲ ਮੇਰੇ ਘਰ ਦਾ ਸਾਰਾ ਕੰਮ ਤਾਂ ਕਰਦਾ ਸੀ, ਕਿਉਂਕਿ ਉਸ ਦੇ ਕੁਸ਼ੱਲਿਆ ਨਾਲ ਨਾਜਾਇਜ਼ ਸਬੰਧ ਸਨ 'ਤੇ ਮੈਂ ਆਪਣੀ ਮਾਂ ਬਾਰੇ ਇਹ ਕੁਝ ਕਿਵੇਂ ਸੁਣ ਸਕਦਾ ਸੀ?' ਸ਼ਾਮੂ ਰੋਹ ਵਿਚ ਆ ਗਿਆ ਅਤੇ ਉਸ ਦੀਆਂ ਅੱਖਾਂ ਛਲਕ ਪਈਆਂ ਜੋ ਉਸ ਨੇ ਦੱਬ ਕੇ ਘੁੱਟ ਲਈਆਂ।

ਮੇਰਾ ਧਿਆਨ ਉਸ ਦੀਆਂ ਗੱਲਾਂ ਤੋਂ ਉਖੜ ਗਿਆ। ਮੈਂ ਸੋਚ ਰਿਹਾ ਸਾਂ ਕਿ ਮੈਂ ਕੱਲ੍ਹ ਨੂੰ ਹੀ ਮਲੇਰਕੋਟਲੇ ਜਾਵਾਂ ਤੇ ਉਸ ਐਸ.ਡੀ.ਓ. ਦੇ ਬੱਚੇ ਅਤੇ ਨਾਲੇ ਉਸ ਦੇ ਦੱਲਿਆਂ ਨੂੰ ਗਲਵੇਂ ਤੋਂ ਫੜ ਕੇ ਪੁੱਛਾਂ ਕਿ ਉਨ੍ਹਾਂ ਨੂੰ ਕੀ ਤਕਲੀਫ ਹੈ? ਮੈਂ ਪੰਦਰਾਂ-ਸੋਲ੍ਹਾਂ ਸਾਲ ਪੁਰਾਣੀਆਂ ਘਟਨਾਵਾਂ ਦੀਆਂ ਲੜੀਆਂ ਜੋੜਦਾ ਰਿਹਾ। ਮੈਂ ਉਦੋਂ ਆਪਣੇ-ਆਪ ਵਿਚ ਆਇਆ ਜਦੋਂ ਸ਼ਾਮ ਲਾਲ ਦੱਸ ਰਿਹਾ ਸੀ ਕਿ ਉਸ ਨੇ ਚੁਗਲਖੋਰ ਕਲਰਕ ਮੂਹਰੇ ਝੱਗਾ ਚੁੱਕ ਦਿੱਤਾ। 'ਮੇਰਾ ਦੁੰਬ ਪਕੜ ਲੈ ਸਾਲੇ, ਤੇਰੀ ਭੈਣ...।' ਸ਼ਾਮੂ ਖਾਸ ਹੀ ਅੰਦਾਜ਼ ਵਿਚ ਬੋਲ ਰਿਹਾ ਸੀ।

ਉਸ ਦੀ ਗੁਪਤ ਰਿਪੋਰਟ ਖਰਾਬ ਕਰ ਦਿੱਤੀ। ਉਸ ਦੀਆਂ ਜਵਾਬ-ਤਲਬੀਆਂ ਨੂੰ ਲੈ ਕੇ ਕਲਰਕਾਂ ਨੇ ਉਸ ਨੂੰ ਦੱਬ ਕੇ ਤੰਗ ਕੀਤਾ...ਵਿਚੋਂ ਗੱਲ ਸੀ ਘਰ ਦਾ ਕੰਮ ਕਰਾਉਣ ਦੀ। ਪ੍ਰਬੰਧਕੀ ਅਧਾਰ 'ਤੇ ਉਸ ਦੀ ਬਦਲੀ ਹੋ ਗਈ। ਉਸ ਦੀ ਗੁਪਤ ਰਿਪੋਰਟ, ਜਿਸ ਵਿਚ ਉਸ ਨੂੰ ਖਬਤੀ, ਝਗੜਾਲੂ ਅਤੇ ਹੁਕਮ ਦੀ ਅਵੱਗਿਆ ਕਰਨ ਵਾਲਾ, ਨਾ-ਮਿਲਣਸਾਰ ਆਦਿ ਦੱਸਿਆ ਗਿਆ ਸੀ, ਨਵੇਂ ਅਫਸਰ ਲਈ ਤੰਗ ਕਰਕੇ ਰੱਖਣ ਲਈ ਕਾਫੀ ਸੀ। ਕਦੇ ਚਿਤਾਵਨੀ, ਕਦੇ ਤਾਂਛੀ ਦਾ ਡਰ ਤੇ ਕਦੇ ਤਰੱਕੀ ਬੰਦ ਆਦਿ ਸ਼ਜਾਵਾਂ ਨਾਲ ਉਸ ਨੂੰ ਨਿਵਾਜਿਆ ਗਿਆ। ਜਿੰਨੀ ਵਾਰ ਵੀ ਉਸ ਨੇ ਉਪਰ ਲਿਖਾ-ਪੜ੍ਹੀ ਕੀਤੀ ਤਾਂ ਸਬੰਧਤ ਅਰਜ਼ੀ ਉਸ ਦੇ ਸਬੰਧਤ ਅਫਸਰ ਕੋਲ ਪਹੁੰਚ ਜਾਂਦੀ, ਜਿਸ ਦੇ ਬਦਲੇ ਉਸ ਦਾ ਉਚਿਤ ਪ੍ਰਣਾਲੀ ਦੀ ਵਰਤੋਂ ਨਾ ਕਰਨ ਕਰਕੇ ਹੋਰ ਜਵਾਬ-ਤਲਬੀ ਹੋ ਜਾਂਦੀ।

'ਐਸ.ਡੀ.ਓ. ਨਾਲ ਕੀ ਹੋ ਗਿਆ ਸੀ?' ਮੇਰਾ ਧਿਆਨ ਉਖੜ ਗਿਆ, ਜਿਸ ਕਰਕੇ ਮੈਨੂੰ ਪੂਰੀ ਗੱਲ ਦੀ ਸਮਝ ਨਾ ਆਈ ਕਿ ਉਸ ਨਾਲ ਉਹ ਕਿਵੇਂ ਉਲਝ ਪਿਆ ਸੀ। ਅਫਸਰ ਨੇ ਉਸ ਨੂੰ 'ਸਾਲਾ ਚੂੜ੍ਹਾ' ਕਹਿ ਦਿੱਤਾ ਸੀ। ਇਸੇ ਕਰਕੇ ਮੈਂ ਉਸ ਨੂੰ ਦੁਬਾਰਾ ਦੱਸਣ ਲਈ ਕਿਹਾ।

'ਮੇਰੇ ਤਾਂ ਭੈਣ ਨਹੀਂ, ਸਾਹਿਬ...ਮੈਨੂੰ ਸਾਲਾ ਨਾ ਕਹੋ...ਮੈਂ ਸਾਲਾ ਬਣਨਾ ਨਹੀਂ, ਬਣਾਉਣਾ ਜਾਣਦਾ ਹਾਂ।' ਉਸ ਦੀ ਇਸ ਮਜ਼ਾਲ 'ਤੇ ਐਸ.ਡੀ.ਓ. ਬਰਾੜ ਨੇ ਉਸ ਦੇ ਉਪਰੋ-ਥਲੀ ਦੋ ਤਿੰਨ ਥੱਪੜ ਮਾਰ ਦਿੱਤੇ ਸਨ। ਅਗੋਂ ਉਸ ਨੇ ਕਿਹਾੜਾ ਵੰਗਾ ਪਾਈਆਂ ਹੋਈਆਂ ਸਨ- 'ਇਕੋ ਤਕੜੇ ਘਸੁੰਨ ਨਾਲ ਖੱਬੀ ਖਾਨ ਦੇ ਦੰਦਾਂ 'ਚੋਂ ਖੂਨ ਕੱਢ ਦਿੱਤਾ। ਸਾਲਾ ਕੋਈ ਵੀ ਹਮਾਇਤੀ ਨਾ ਬਣਿਆ। ਕੋਈ ਸੀਟਾਂ 'ਚੋਂ ਵੀ ਨਾ ਉਠਿਆ, ਖੁੰਬ ਠੱਪ 'ਤੀ ਵੱਡੇ ਅਫਸਰ ਦੀ।' ਸ਼ਾਮੂ ਨੇ ਹਾਲੇ ਵੀ ਮੁੱਠੀ ਘੁੱਟੀ ਹੋਈ ਸੀ। 'ਮਾਰ ਮਾਰ ਕੇ ਚਾਂਦੀ ਬਣਾ 'ਤੀ ਸਾਲੇ ਬਹਿਨ ਚੋ...।'

ਦੂਜੇ ਦਿਨ ਡਿਊਟੀ ਆਫ ਹੋਣ ਤੋਂ ਮਗਰੋਂ ਐਸ.ਡੀ.ਓ. ਨੇ ਮੁੰਡਿਆਂ ਨੂੰ ਸ਼ਰਾਬ ਪਿਆ ਕੇ ਉਸ 'ਤੇ ਹਮਲਾ ਕਰਵਾ ਦਿੱਤਾ। ਉਸੇ ਝੜਪ ਵਿਚ ਉਸ ਦੇ ਦੋ ਦੰਦ ਉਖੜੇ ਸਨ, 'ਇਹ ਕੋਈ ਸੂਰਮਗਤੀ ਤਾਂ ਨਾ ਹੋਈ, ਸਾਹਿਬ' ਸ਼ਾਮ ਲਾਲ ਨਾਲੋ-ਨਾਲ ਆਪਣੀ ਪ੍ਰੌੜਤਾ ਆਪ ਹੀ ਕਰੀ ਜਾਂਦਾ ਸੀ।

'ਤੂੰ ਮੈਨੂੰ ਯਾਦ ਕਿਉਂ ਨਾ ਕੀਤਾ?' ਮੈਂ ਸਾਮ੍ਹਣੇ ਬੈਠਾ ਮਾਣ ਅਤੇ ਆਪਣੇ ਆਪ ਨੂੰ ਕਿਸੇ ਦੇਵੀ ਸ਼ਕਤੀ ਦਾ ਮਾਲਕ ਅਨੁਭਵ ਕਰ ਰਿਹਾ ਸਾਂ...'ਮੈਂ ਵੇਖਦਾ ਉਸ ਉਲੂ ਦੇ ਪੱਠੇ ਨੂੰ।'

'ਉਸ ਨਾਲ ਕੀ ਹੋਣਾ ਸੀ, ਸਾਹਿਬ? ਵੇਖ ਤਾਂ ਮੈਂ ਹੀ ਲਿਆ ਸੀ ਉਹਨੂੰ। ਬੇਸ਼ੱਕ ਇਸ ਦਾ ਮੁੱਲ ਮੈਨੂੰ ਬਹੁਤ ਉਤਾਰਨਾ ਪਿਆ...ਇਹ ਤਾਂ ਉਤਾਰਨਾ ਹੀ ਪੈਂਦੈ... ਨਹੀਂ?' ਸ਼ਾਮ ਨੇ ਇੱਕ ਪੈਰ ਬੈਂਚ 'ਤੇ ਰੱਖ ਲਿਆ। ਇਸ ਨਾਲ ਮੈਨੂੰ ਉਸ ਕੋਲ ਬੈਠਣ ਵਿਚ ਕੁਝ ਹੱਤਕ ਜੇਹੀ ਵੀ ਮਹਿਸੂਸ ਹੋਈ ਕਿ ਵੇਖਣ ਵਾਲੇ ਪਤਾ ਨਹੀਂ ਕੀ ਸੋਚਣਗੇ ਕਿ ਅਸਿਸਟੈਂਟ ਸੁਪਰਿਨਟੈਂਡੈਂਟ ਬਾਬੂ ਪਰਸ਼ੋਤਮ ਲਾਲ ਦੇ ਕਿਹੋ ਜਿਹੇ ਚਗਲ ਬੰਦਿਆਂ ਨਾਲ ਸਬੰਧ ਹਨ। ਸ਼ਾਮੂ ਨੇ ਅੱਗੇ ਦੱਸਿਆ ਕਿ ਉਸੇ ਰਾਤ ਉਹ ਆਪ ਸ਼ਰਾਬ ਪੀ ਕੇ ਐਸ.ਡੀ.ਓ. ਦੀ ਕੋਠੀ ਮੂਹਰੇ ਜਾ ਬੁੱਕਿਆ: 'ਨਿੱਕਲ ਵੱਡਾ ਸੂਰਮਾ...ਤੇਰਾ ਭਣੌਈਆ ਖੜੈ ਬਾਹਰ...ਆਹ ਰੱਖ ਛੁਹਾਰਾ ਇਹਦੇ ਹੱਥ 'ਤੇ। ਵੱਡਾ ਸਾਹਿਬ, ਬਣਿਆ ਫਿਰਦਾ ਸੀ, ਬਾਹਰ ਵੀ ਨਾ ਨਿਕਲਿਆ?'

ਅੱਜਕਲ ਉਹ ਜ਼ਮਾਨਤ 'ਤੇ ਆਇਆ ਹੋਇਆ ਸੀ। 'ਮੈਂ ਆਪਣਾ ਰਾਹ ਬਦਲਣ ਲਈ ਕਦੀ ਵੀ ਤਿਆਰ ਨਹੀਂ, ਸਾਹਿਬ! ਆਪ ਦੇ ਸਾਮ੍ਹਣੇ ਤਾਂ ਮੈਂ ਇੱਕ ਅਦਨਾ ਇਨਸਾਨ ਹਾਂ...ਇੱਕ ਮਾਮੂਲੀ ਆਦਮੀ।'

'ਤੇਰੇ ਬੀਵੀ-ਬੱਚੇ?' ਮੈਂ ਪੁੱਛਿਆ। ਉਸ ਨੇ ਦੱਸਿਆ ਕਿ ਉਹ ਬਹੁਤ ਭੈੜੀ ਹਾਲਤ ਵਿਚ ਰਹਿ ਰਹੇ ਸਨ। ਪਤਨੀ ਗੋਬਿੰਦਗੜ੍ਹ ਆਪਣੇ ਹੀ ਘਰ ਰਹਿੰਦੀ ਸੀ ਅਤੇ ਉਸ ਕੋਲ ਕਈ ਵੱਡੇ ਘਰਾਂ ਦਾ ਕੰਮ ਸੀ। ਮੈਂ ਕਲਪਣਾ ਕੀਤੀ ਕਿ ਸਾਇਕਲ ਦੇ ਮਡਗਾਰਡ ਦਾ ਕੜਛਾ ਜੇਹਾ ਬਣਾ ਕੇ ਮੋਢੇ 'ਤੇ ਗੰਦਗੀ ਵਾਲਾ ਮੱਖੀਆਂ ਦਾ ਭਰਿਆ ਪੀਪਾ ਚੁੱਕੀ, ਉਹ ਘਰ-ਘਰ ਫਿਰਦੀ ਹੋਵੇਗੀ, ਤੇ ਫਿਰ ਕਮੇਟੀ ਵਾਲਿਆਂ ਵਲੋਂ ਦਿੱਤੀ ਗਈ ਦੋ ਪਹੀਆਂ ਵਾਲੀ ਰੇੜ੍ਹੀ, ਜਿਸ ਉਪਰ 'ਮ.ਕ.ਗੋਬਿੰਦਗੜ੍ਹ' ਲਿਖਿਆ ਹੋਵੇਗਾ, ਦੁਹਾਂ ਹੱਥਾਂ ਨਾਲ ਧੱਕਦੀ ਸੜਕ ਦੇ ਉਤੇ ਹੀ ਲੱਗੇ ਗੰਦਗੀ ਦੇ ਢੇਰ ਉਤੇ ਉਲਟਾ ਆਉਂਦੀ ਹੋਵੇਗੀ, ਅਤੇ ਦੁਪਹਿਰ ਵੇਲੇ ਸਾਰਾ ਮੂੰਹ ਘੁੰਡ ਵਿਚ ਕੱਜੀ, ਸਿਰ 'ਤੇ ਛਾਬਾ ਰੱਖੀ ਰੋਟੀਆਂ ਮੰਗਦੀ ਫਿਰਦੀ ਹੋਵੇਗੀ। ਗਰਮ ਸਮੋਸੇ ਦੀ ਬੁਰਕੀ ਚਮਚੇ ਨਾਲ ਮੂੰਹ ਵਿਚ ਪਾਉਂਦਿਆਂ ਮੈਨੂੰ ਕੁਝ ਕਚਿਆਣ ਜੇਹੀ ਆਈ: 'ਸਾਲੀ ਕਿਆ ਜ਼ਿੰਦਗੀ ਹੈ...ਇਨਸਾਨ ਦੀ, ਇਸ ਸਮਾਜ ਵਿਚ...ਇਹ ਵੀ ਤਾਂ ਇਨਸਾਨ ਹੀ ਨੇ...।' ਮੈਂ ਚਿੱਤ ਵਿਚ ਕਿਹਾ।

'ਦੇਖ ਬਈ ਸ਼ਾਮ ਲਾ', ਮੈਂ ਬਾਬੂਆਂ ਵਾਲੀ ਭਾਸ਼ਾ ਵਿਚ ਕਿਹਾ, 'ਆਖਰ ਤੂੰ ਇੱਕ ਗਰੀਬ ਆਦਮੀ ਸੈਂ, ਤੈਨੂੰ ਆਪਣੇ ਬੀਵੀ-ਬੱਚਿਆਂ ਦਾ ਤਾਂ ਖਿਆਲ ਰੱਖਣਾ ਚਾਹੀਦਾ ਸੀ।' ਮੈਨੂੰ ਤਾ ਇਹ ਖਿਆਲ ਹੀ ਨਹੀਂ ਸੀ ਰਿਹਾ ਕਿ ਮੇਰੀ ਸੱਚੇ ਦਿਲੋਂ ਕੀਤੀ ਹਮਦਰਦੀ ਦੇ ਅਰਥ ਸ਼ਾਮੂ ਲਈ ਉਸ ਗਾਲ੍ਹ ਨਾਲੋਂ ਵੀ ਚੰਦਰੇ ਸਨ ਜਿਨ੍ਹਾਂ ਨੂੰ ਉਹ ਗੁਲਾਮੀ ਦਾ ਪ੍ਰਤੀਕ ਕਿਹਾ ਕਰਦਾ ਸੀ। ਉਹ ਇਕਦਮ ਹੀ ਮੇਰੇ ਵੱਲ ਕੋੜ-ਕੌੜ ਕੇ ਵੇਖਣ ਲੱਗ ਪਿਆ।

'ਸਾਹਿਬ! ਆਪ ਵੀ ਐਸਾ ਸੋਚਦੇ ਓਂ?' ਉਹ ਇਕਦਮ ਜ਼ਜਬਾਤੀ ਹੋ ਗਿਆ। ਸ਼ਾਇਦ ਉਹ ਨਹੀਂ ਸੀ ਜਾਣਦਾ ਕਿ ਮੈਂ ਅੱਜ ਕੱਲ੍ਹ ਬਹੁਤ ਸਮਝਦਾਰੀ ਤੋਂ ਕੰਮ ਲੈਣ ਲੱਗ ਪਿਆ ਸਾਂ। ਸ਼ਾਮੂ ਨੂੰ ਮੇਰੀ ਇਹ ਸਚਾਈ ਵੀ ਚੰਗੀ ਨਹੀਂ ਸੀ ਲੱਗਣੀ ਕਿ ਮੇਰੇ ਵਾਲੇ ਅੱਜ ਕੱਲ੍ਹ ਸਾਡੇ ਅਚਾਰ-ਵਿਵਹਾਰ ਦਾ ਅੰਗ ਹਨ। ਅਫਸਰ ਲੋਕ ਮੇਰੇ 'ਤੇ ਬਾਗੋ-ਬਾਗ ਸਨ। ਉਹ ਮੈਨੂੰ ਸਿਆਣਾ, ਇਮਾਨਦਾਰ, ਸਮਝਦਾਰ ਅਤੇ ਨੇਕ ਆਚਰਣ ਵਾਲਾ ਸਮਝਦੇ ਸਨ। ਸ਼ਾਮੂ ਇਸ ਮਾਮਲੇ ਵਿਚ ਬਹੁਤ ਪਛੜ ਗਿਆ ਸੀ। ਇਹ ਮੇਰੀ ਹੀ ਨਹੀਂ ਸਾਡੇ ਸਮੁੱਚੇ ਬਾਬੂ ਵਰਗ ਦੀ ਸੋਚ ਸੀ।

ਮੈਂ ਉਸ ਦੀ ਤੱਕਣੀ ਦਾ ਮੁਕਾਬਲਾ ਨਾ ਕਰ ਸਕਿਆ- 'ਠੀਕ ਐ, ਸੰਘਰਸ਼ ਵੀ ਇਨਸਾਨੀ ਜੀਵਨ ਦਾ ਕਰਤੱਵ ਹੈ,' ਸ਼ਾਮੂ ਵਿਅੰਗ ਭਰੇ ਅੰਦਾਜ਼ ਵਿਚ ਮੁਸਕ੍ਰਾਇਆ। ਸ਼ਾਇਦ ਉਹ ਮੈਨੂੰ ਦੋਗਲੀ ਨਸਲ ਦਾ ਘੋੜਾ ਸਮਝਦਾ ਹੋਵੇ- 'ਠੀਕ ਐ ਸੰਘਰਸ਼ ਵੀ ਜੀਵਨ ਹੁੰਦਾ ਹੈ।' ਮੈਂ ਔਕੜ ਵਿਚ ਪਏ ਵਿਅਕਤੀ ਵਾਂਗ ਦੂਹਰਾ ਗਿਆ।

'ਨਹੀਂ ਸੰਘਰਸ਼ ਹੀ ਜੀਵਨ ਹੁੰਦਾ ਹੈ।' ਉਸ ਨੇ ਜ਼ੋਰ ਦੇ ਕੇ ਕਿਹਾ- 'ਮੈਨੂੰ ਸਮਝਾਉਣ ਵਾਲੇ ਬਹੁਤ ਸੀਗੇ...ਕੋਈ ਕਹਿੰਦਾ ਕਿ ਸਾਹਿਬ ਕੋਲੋਂ ਮੁਆਫੀ ਮੰਗ ਲਵਾਂ, ਪਰ 'ਮੁਆਫੀ' ਨਾਂ ਦਾ ਸ਼ਬਦ ਤਾਂ ਮੈਂ ਜ਼ਿੰਦਗੀ 'ਚ ਸਿੱਖਿਆ ਹੀ ਨਹੀਂ। ਮੁਆਫੀ ਮੰਗਣ ਨਾਲ ਤਾਂ ਅੱਧੀ ਮੌਤ ਹੋ ਜਾਂਦੀ ਐ, ਆਦਮੀ ਦੀ।' ਬੋਲਦਿਆਂ ਬੋਲਦਿਆਂ ਉਸ ਨੂੰ ਜ਼ੋਰ ਦਾ ਅੱਥੂ ਆ ਗਿਆ। ਉਸ ਦੀਆਂ ਅੱਖਾਂ ਅਤੇ ਗਰਦਨ ਦੀਆਂ ਨਾੜਾਂ ਉਭਰ ਆਈਆਂ- 'ਬਾਪ ਰੇ'- ਆਖ ਕੇ ਉਹ ਖੰਘਦਾ-ਖੰਘਦਾ ਬਾਹਰ ਚਲਾ ਗਿਆ। ਮੇਰਾ ਜੀਅ ਮਤਲਾ ਗਿਆ, ਕਿਉਂਕਿ ਉਸ ਦੇ ਬਾਹਰ ਜਾਣ ਮਗਰੋਂ ਵੀ ਉਸ ਦੀ ਖੰਘਦੇ ਦੀ ਤਸਵੀਰ ਅਤੇ ਨਿੱਕੇ ਨਿੱਕੇ ਕਾਲੇ-ਪੀਲੇ ਦੰਦ ਮੇਰੀਆਂ ਅੱਖਾਂ ਅੱਗੋਂ ਹਟ ਨਹੀਂ ਸਨ ਰਹੇ। ਉਸ ਦਾ ਕਰੂਪ ਚਿਹਰਾ ਉਵੇਂ ਜਿਵੇਂ ਦਿਸ ਰਿਹਾ ਸੀ।

ਠੀਕ ਹੋ ਕੇ ਉਹ ਆਪਣੀ ਕੁਰਸੀ 'ਤੇ ਆ ਬੈਠਾ। ਮੈਂ ਸੋਚਿਆ- 'ਆਦਮੀ ਸੱਚ-ਮੁੱਚੀ ਆਦਮੀ ਹੈ...ਖਾ ਕੇ ਰੂੜੀਆਂ ਗੰਦੀਆਂ ਕਰਨ ਵਾਲੇ ਤਾਂ ਬਥੇਰੇ ਐ ਪਰ ਜ਼ਮਾਨੇ ਵਿਚ ਆਦਮੀ ਘੱਟ ਨੇ।' ਉਸ ਨੇ ਬੀੜੀਆਂ ਦਾ ਬੰਡਲ ਕੱਢਿਆ ਤੇ ਬੀੜੀ ਸੁਲਘਾ ਲਈ- 'ਬਾਊ ਜੀ!' ਉਹ 'ਸਾਹਿਬ' ਤੋਂ 'ਬਾਊ ਜੀ' 'ਤੇ ਆ ਗਿਆ, 'ਮੈਂ ਤਾਂ ਇੱਕ ਅਦਨਾ ਇਨਸਾਨ ਹਾਂ...ਆਪ ਜੇਹੇ ਲੋਕਾਂ ਦੀ ਤਾਂ ਮੈਂ ਪੈਰਾਂ ਦੀ ਖਾਕ ਵੀ ਨਹੀਂ।' ਮੈਨੂੰ ਕੁਝ ਹੀਣਤ ਜੇਹੀ ਆਈ ਤੇ ਮੈਨੂੰ ਆਪਣਾ ਆਪਾ ਉਸ ਦੇ ਸਾਮ੍ਹਣੇ ਸੁੰਗੜਦਾ ਮਹਿਸੂਸ ਹੋਇਆ।- 'ਨਹੀਂ ਐਸੀ ਤਾਂ ਕੀ ਗੱਲ ਹੈ?' ਮੇਰੀ ਇਹ ਗੱਲ ਉਸ ਦੇ ਅਗਲੇ ਸ਼ਬਦਾਂ ਵਿਚ ਦਬ ਕੇ ਰਹਿ ਗਈ ਸੀ।

'ਆਖਰ ਮੇਰੀ ਵੀ ਤਾਂ ਕੋਈ ਇੱਜ਼ਤ ਹੈ।'

ਉਸ ਤੋਂ ਬਾਅਦ ਤਾਂ ਉਸ ਨੇ ਬੀੜੀ ਬੁੱਝਣ ਹੀ ਨਹੀਂ ਦਿੱਤੀ। ਇੱਕ ਤੋਂ ਬਾਅਦ ਇੱਕ ਸੁਲਘਾ ਲੈਂਦਾ ਰਿਹਾ। ਮੇਰੇ ਆਸ-ਪਾਸ ਤੰਬਾਕੂ ਦੀ ਕੌੜੀ ਬੂ ਫੈਲੀ ਹੋਈ ਸੀ।

'ਬੱਸ ਇਨਸਾਫ ਮਿਲਦੇ ਪੈਸੇ ਵਾਲਿਆਂ ਨੂੰ...ਮੇਰੇ ਵਰਗੇ ਅਦਨੇ ਆਦਮੀ ਨੂੰ ਕੌਣ ਪੁੱਛਦੈ। ਪੁਲਸ ਵਾਲਿਆਂ ਨੇ ਵੀ ਅਫਸਰ ਦੀ ਸੁਣੀ। ਐਫ.ਆਈ.ਆਰ. ਠੋਕ ਕੇ ਲਿਖੀ ਗਈ ਹੈ। ਉਹ ਅਫਸਰ ਸੀ- ਉਹਦੀ ਸੁਣੀ ਗਈ। ਮੈਨੂੰ ਕਿਸੇ ਨੇ ਸ਼ਰੀਫ ਆਦਮੀ ਹੀ ਨਹੀਂ ਗਿਣਿਆ...ਬਲਕਿ ਆਦਮੀ ਹੀ ਨਹੀਂ ਗਿਣਿਆ...ਇਹ ਸਭ ਮੇਰੀ ਨੀਵੀ ਜ਼ਾਤ ਕਰਕੇ ਈ ਹੋਇਆ। ਜੇ ਮੇਰੇ ਕੋਲ ਪੈਸਾ ਹੁੰਦਾ...ਫੇਰ ਗੱਲ ਏਦੂੰ ਉਲਟ ਨਾ ਕਰ ਵਿਖਾਉਂਦਾ!'- ਹੁਣ ਉਸ ਉਪਰ ਗੁੰਡਾ-ਗਰਦੀ ਦਾ ਕੇਸ ਚੱਲ ਰਿਹਾ ਸੀ।

ਮੈਂ ਸੋਚ ਰਿਹਾ ਸਾਂ ਕਿ ਜੇ ਉਹ ਕੇਸ ਹਾਰ ਗਿਆ ਤਾਂ ਉਹ ਜ਼ਰੂਰ ਹੀ ਨੌਕਰੀ ਤੋਂ ਹੱਥ ਧੋ ਬੈਠੇਗਾ। ਫਿਰ ਉਸ ਦਾ ਜੀਵਨ-ਪੰਧ ਕਿਵੇਂ ਤੁਰੇਗਾ; ਜਦੋਂ ਕਿ ਮਨੁੱਖੀ ਜੀਵਨ ਤਾਂ ਦਿਨ-ਬਦਿਨ ਤੰਗ ਤੇ ਸਾਹ-ਘੋਟੂ ਹੁੰਦਾ ਜਾ ਰਿਹਾ ਹੈ।

'ਤੂੰ ਇਹ ਸਭ ਕੁਝ ਕਾਹਦੇ ਲਈ ਕਰ ਰਿਹੈ, ਮੇਰੇ ਮਿੱਤਰ?' ਮੈਨੂੰ ਉਸ ਉਤੇ ਤਰਸ ਆ ਰਿਹਾ ਸੀ- 'ਤੂੰ ਜ਼ਮਾਨੇ ਦੀ 'ਵਾ ਵੱਲ ਵੀ ਵੇਖ...ਸਿਆਣੇ ਕਹਿੰਦੇ ਐ ਜਿਹੋ ਜਿਹੀ ਹਵਾ ਵਗਦੀ ਹੋਵੇ, ਉਹੋ ਜਿਹਾ ਓਹਲਾ ਕਰ ਲਈਦੈ...ਤੂੰ ਵੀ ਢਾਲ ਆਪਣੇ ਆਪ ਨੂੰ...ਇੱਕ ਵਾਰ ਦਾ ਵੇਲਾ ਖੁੰਝਿਆ ਮੁੜ ਕੇ ਹੱਥ ਨਹੀਂ ਆਉਂਦਾ।' ਜ਼ਿੰਦਗੀ ਦੇ ਕੌੜੇ ਤਜਰਬੇ ਨੇ ਮੈਨੂੰ ਇਹੀ ਸਿੱਖਿਆ ਦਿੱਤੀ ਸੀ ਜੋ ਹੁਣ ਮੈਂ ਆਪਣੇ ਸਨੇਹੀ ਨੂੰ ਦੇ ਸਕਦਾ ਸਾਂ।

ਪਰ ਸ਼ਾਮ ਲਾਲ ਨੂੰ ਤਾਂ ਮੇਰੀ ਗੱਲ ਦੀ ਔਖ ਹੋ ਗਈ ਸੀ- 'ਬਾਊ ਜੀ!' ਉਹ ਟੁਣਕ ਪਿਆ ਸੀ- 'ਇਹ ਸ਼ਾਮ ਲਾਲ ਚੂੜ੍ਹੇ ਦਾ ਪੁੱਤ ਐ, ਚੂੜ੍ਹੇ ਦਾ। ਹਾਂ ਇਹ ਵਿਚਕਾਰੋਂ ਟੁੱਟ ਜਾਏਗਾ ਪਰ ਕਿਸੇ ਦਾ ਲਿਫਾਇਆ ਲਿਫੇਗਾ ਨਹੀਂ।' ਉਸ ਨੇ ਇੰਨੇ ਨਿੱਗਰ ਬੋਲ ਸੁਣ ਕੇ ਮੈਂ ਝੇਪ ਮੰਨ ਗਿਆ ਸਾਂ। ਕੁੱਝ ਚਿਰ ਉਹ ਵੀ ਚੁੱਪ ਰਿਹਾ। ਉਸ ਦੇ ਚਿਹਰੇ 'ਤੋਂ ਪਤਾ ਲੱਗਦਾ ਸੀ ਕਿ ਉਹ ਮੈਨੂੰ ਪਸੰਦ ਕਰਨੋਂ ਹਟ ਗਿਆ ਸੀ ਤੇ ਉਠ ਕੇ ਜਾਣਾ ਚਾਹੁੰਦਾ ਸੀ।

'ਸਾਹਿਬ ਕੈਸਾ ਬੰਦਾ ਐ?' ਉਸ ਨੇ ਮੇਰੇ ਵੱਲ ਸਰਸਰੀ ਵੇਖਿਆ। ਉਸ ਦੀ ਤੱਕਣੀ ਵਿਚ ਕੋਈ ਅਪਣੱਤ ਨਹੀਂ ਸੀ, ਤਾਂ ਵੀ ਮੈਂ ਉਸ ਦੇ ਦਵੰਧ ਨੂੰ ਸਮਝਣ ਦਾ ਜਤਨ ਕੀਤਾ ਕਿ ਉਹ ਨਾ ਚਾਹੁੰਦਿਆਂ ਵੀ ਮੇਰੀ ਮੱਦਦ ਚਾਹੁੰਦਾ ਸੀ। ਜੇਕਰ ਮੈਂ ਸਾਹਿਬ 'ਤੇ ਜ਼ੋਰ ਪਾਉਂਦਾ ਤਾਂ ਉਸ ਨੇ ਮੇਰੀ ਉਲਟਾਉਣੀ ਵੀ ਨਹੀਂ ਸੀ, ਪਰ ਜਦੋਂ ਸਾਹਿਬ ਨੂੰ ਜਾਂ ਬਾਕੀ ਬਾਬੂਆਂ ਨੂੰ ਪਤਾ ਲੱਗਣਾ ਸੀ ਕਿ ਮੇਰੇ ਕਿਹੋ ਜਿਹੇ ਵਿਅਕਤੀ ਨਾਲ ਸਬੰਧ ਹਨ ਤਾਂ ਮੇਰਾ ਖਰੇ ਪ੍ਰਭਾਵ ਹੀ ਚੁੱਕਿਆ ਜਾਣਾ ਸੀ। ਮੈਂ ਵਿਚਕਾਰ ਫਸਣਾ ਠੀਕ ਨਾ ਸਮਝਦਿਆਂ ਕਹਿ ਦਿੱਤਾ- 'ਬੱਸ ਜੀ! ਠੀਕ ਈ ਠੀਕ ਐ। ਚੰਗਾ ਤਾਂ ਇੱਥੇ ਬੱਸ ਭਗਵਾਨ ਦਾ ਨਾਂ ਹੀ ਹੈ।'

'ਤੁਸੀਂ ਮੇਰੀ ਕੋਈ ਮੱਦਦ ਨਹੀਂ ਕਰ ਸਕਦੇ?' ਸ਼ਾਮ ਲਾਲ ਦਾ ਚਿਹਰਾ ਬਿਲਕੁਲ ਹੀ ਮੱਦਦ ਮੰਗਣ ਵਾਲਾ ਨਹੀਂ ਸੀ ਜਦੋਂ ਕਿ ਉਸ ਦੇ ਕਾਲੇ ਚਿਹਰੇ ਉਪਰ ਤਾਂ ਪੂਰੀ ਤਸੱਲੀ ਤੇ ਗੰਭੀਰਤਾ ਛਾਈ ਹੋਈ ਸੀ ਤੇ ਉਸ ਦੇ ਕਾਲੇ ਬੁੱਲ੍ਹਾਂ 'ਤੇ ਇੱਕ ਮੰਦ ਮੁਸਕ੍ਰਾਹਟ ਸੀ- 'ਇਸ 'ਅਦਨੇ ਇਨਸਾਨ' ਦੀ ਕੁਝ ਮੱਦਦ ਕਰੋ।'

'ਉਸ ਤਰ੍ਹਾਂ ਮੈਂ ਹਾਜ਼ਰ ਆਂ ਪਰ ਸਾਹਿਬ ਨਾਲ ਮੇਰੀ ਅੱਖ ਮੈਲੀ ਐ'- ਮੇਰੇ ਇਨ੍ਹਾਂ ਸ਼ਬਦਾਂ 'ਤੇ ਉਸ ਨੇ ਤੇਜ਼ੀ ਨਾਲ ਸਿਰ ਉਠਾਇਆ ਤੇ ਮੇਰੀਆਂ ਅੱਖਾਂ ਵਿਚ ਡੂੰਘਾ ਉਤਰਨਾ ਚਾਹਿਆ, ਪਰ ਮੇਰੀ ਉਸ ਦੇ ਸਾਮ੍ਹਣੇ ਨੀਵੀਂ ਪੈ ਗਈ- 'ਤੇਰੇ ਵਾਂਗ, ਮਿੱਤਰਾ ਆਪਾਂ ਵੀ ਨਹੁੰ ਜਿੰਨਾ ਨੁਕਸ ਨਹੀਂ ਨਿਕਲਣ ਦਿੰਦੇ, ਤੂੰ ਆਪ ਈ ਸਿਆਣੈ...ਆਪਣੇ ਵਰਗੇ ਬੰਦਿਆਂ ਲਈ ਇਸ ਰਾਜ ਵਿਚ ਕੀ ਪਿਆ ਹੈ?'

'ਇੱਕ ਮੋਟੇ ਜਿਹੇ ਬਾਬੂ ਜੀ ਤਾਂ ਕਹਿੰਦੇ ਸੀ, 'ਸਾਹਿਬ' ਤੁਹਾਡੀ ਉਲਟ ਹੀ ਨਹੀਂ ਸਕਦਾ ਜੇ ਸਿਫਾਰਸ਼ ਕਰੋ ਤਾਂ। ਉਹ ਕਹਿੰਦੇ ਸੀ ਬਈ ਸਾਹਿਬ ਨਾਲ ਤੁਹਾਡੇ ਅੱਛੇ ਤੱਲੁਕ ਹਨ।' ਇਸ ਗੱਲ ਦਾ ਵੀ ਮੈਨੂੰ ਪਤਾ ਲੱਗ ਗਿਆ ਸੀ ਤੇ ਯਾਦ ਆ ਗਿਆ ਸੀ ਕਿ ਇਹ ਪਹਿਲਾਂ ਮੋਟੇ ਕਲਰਕ ਘਣਸ਼ਿਆਮ ਨੂੰ ਹੀ ਮਿਲਿਆ ਸੀ ਤੇ ਇਹ ਉਸੇ ਦੀ ਸ਼ਰਾਰਤ ਸੀ ਜਿਸ ਨੇ ਇਸ ਨੂੰ ਮੇਰੀ ਜਾਣਕਾਰੀ ਦਿੱਤੀ ਸੀ।

'ਨਾ! ਨਾ!! ਮੈਂ ਅੰਗੂਠੇ ਦੀ ਉਂਗਲ ਹਵਾ ਵਿਚ ਲਹਿਰਾਈ- 'ਜੇ ਸਾਹਿਬ ਨੂੰ ਇਹ ਵੀ ਪਤਾ ਲੱਗ ਗਿਆ ਕਿ ਤੂੰ ਮੈਨੂੰ ਜਾਣਦਾ ਹੈਂ ਤਾਂ ਉਸ ਨੇ ਬਿਲਕੁਲ ਹੀ ਜੁਆਇਨ ਨਹੀਂ ਕਰਾਉਣਾ। ਇੱਕ ਪਟਾਰੀ ਵਿਚ ਉਹ ਦੋ ਸੱਪ ਕਿਵੇਂ ਪਾਊਗਾ? ਹੈਂ ਤੂੰ ਆਪ ਦੱਸ।'

ਸ਼ਾਮ ਲਾਲ ਬੀੜੀ ਤੇ ਬੀੜੀ ਖਿੱਚੀ ਜਾ ਰਿਹਾ ਸੀ। ਉਸ ਦੀਆਂ ਅੱਖਾਂ ਵਿਚ ਲਾਲ ਰੰਗ ਦੇ ਡੋਰੇ ਹੋਰ ਗੂੜ੍ਹੇ ਹੋ ਗਏ ਸਨ ਤੇ ਮੈਂ ਉਥੋਂ ਉਠਣ ਤੋਂ ਪਹਿਲਾਂ ਤਰਸਯੋਗ ਹਾਲਤ ਵਿਚ ਪੈ ਗਿਆ ਸਾਂ। 'ਕਾਹਨੂੰ ਟਾਲਣਾ ਸੀ ਵਿਚਾਰੇ ਨੂੰ...ਮੇਰਾ ਕੀ ਭਾਰ ਲੱਗਦਾ ਸੀ।' ਸ਼ਾਮ ਲਾਲ ਕੰਟੀਨ ਵਾਲੇ ਨੂੰ ਪੈਸੇ ਦੇ ਰਿਹਾ ਸੀ। ਤੇ ਮੈਂ ਸੋਚ ਰਿਹਾ ਸੀ ਕਿ ਸ਼ਾਮ ਲਾਲ ਅਦਨਾ ਇਨਸਾਨ ਨਹੀਂ- ਅਦਨਾ ਇਨਸਾਨ ਤਾਂ ਮੈਂ ਹਾਂ- ਸਾਰੀ ਕਲਰਕ ਬਰਾਦਰੀ ਤੇ ਅਫਸਰਸ਼ਾਹੀ ਹੈ।

'ਸ਼ਾਮ ਬਾਈ, ਪੈਸੇ ਦੇਣੇ ਮੇਰਾ ਫਰਜ਼ ਹੈ।' ਮੈਂ ਛੇਤੀ ਦੇਣੇ ਅੱਗੇ ਹੋ ਕੇ ਉਸ ਦਾ ਮੋਢਾ ਫੜ ਲਿਆ।

'ਨਹੀਂ ਬਾਊ ਜੀ! ਅੱਜ ਮੈਂ ਤੁਹਾਡਾ ਨਮਕ ਨਹੀਂ ਖਾਊਂਗਾ।' ਸੁਣਦਿਆਂ ਹੀ ਮੈਨੂੰ ਆਪਣੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਪੀ।

# ਫ਼ਿਲਮ ਲੋਕ

## ਅੰਤਰਰਾਸ਼ਟਰੀ ਫ਼ਿਲਮ ਮੇਲਾ

# ਪੰਜਾਬੀ ਫ਼ਿਲਮਾਂ ਅਤੇ ਵੱਡੇ ਚਿਹਰਿਆਂ ਦੀ ਘਾਟ ਰੜਕੀ




ਗੋਆ ਵਿਚ ਹੋਏ ਭਾਰਤ ਦੇ 56ਵੇਂ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ 'ਚ ਉਹ ਸਭ ਕੁਝ ਸੀ ਜੋ ਇਕ ਫ਼ਿਲਮੀ ਗਲੈਮਰ ਨਾਲ ਭਰੇ ਸਮਾਗਮ 'ਚ ਹੋਣਾ ਚਾਹੀਦਾ ਸੀ : ਰੈੱਡ ਕਾਰਪੇਟ, ਖੇਤਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਫ਼ਿਲਮਾਂ, ਚਰਚੇ, ਵਰਕਸ਼ਾਪ, ਫ਼ਿਲਮ ਉਦਯੋਗ ਨਾਲ ਜੁੜਨ ਵਾਲੇ ਹੁਨਰਮੰਦ ਲੋਕਾਂ ਲਈ ਮੰਚ, ਫ਼ਿਲਮਾਂ ਨੂੰ ਵੇਖਣ ਦੀ ਕਵਾਇਦ ਨੂੰ ਹੁਲਾਰਾ ਦੇਣ ਦਾ ਯਤਨ ਆਦਿ। ਪਰ ਇਸ ਵੱਡੇ ਆਯੋਜਨ 'ਚ ਕੁਝ ਨਿਰਾਸ਼ਾ ਵੀ ਹੱਥ ਲੱਗੀਆਂ। ਜਿਨ੍ਹਾਂ 'ਚ ਸਭ ਤੋਂ ਪਹਿਲੀ ਅਤੇ ਅਹਿਮ ਸੀ ਇਸ ਅੰਤਰਰਾਸ਼ਟਰੀ ਪੱਧਰ ਦੇ ਸਮਾਗਮ 'ਚ ਪੰਜਾਬੀ ਫ਼ਿਲਮਾਂ ਦੀ ਗ਼ੈਰ-ਮੌਜੂਦਗੀ। ਦੂਜੀ ਵੱਡੇ ਫ਼ਿਲਮ ਸਟਾਰਾਂ ਦੀ ਇਸ ਫ਼ਿਲਮ ਮੇਲੇ ਤੋਂ ਦੂਰੀ।

### ਪੰਜਾਬੀ ਫ਼ਿਲਮਾਂ ਦੀ ਗ਼ੈਰ-ਮੌਜੂਦਗੀ

ਭਾਰਤ ਦੇ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ 'ਚ ਇੰਡੀਅਨ ਪੈਨੋਰਮਾ ਸੈਕਸ਼ਨ ਤਹਿਤ ਹਰ ਵਾਰ ਖੇਤਰੀ ਭਾਸ਼ਾਵਾਂ ਦੀਆਂ ਚੋਣਵੀਆਂ ਫੀਚਰ ਫ਼ਿਲਮਾਂ ਅਤੇ ਗ਼ੈਰ-ਫੀਚਰ ਫ਼ਿਲਮਾਂ/ਦਸਤਾਵੇਜ਼ੀ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ। ਇਸੇ ਰਵਾਇਤ ਸਦਕਾ ਭਾਰਤ ਦੇ 56ਵੇਂ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ (ਆਈ.ਐਫ.ਐਫ.ਆਈ.) 'ਚ 25 ਫੀਚਰ ਫ਼ਿਲਮਾਂ ਅਤੇ 20 ਗ਼ੈਰ-ਫੀਚਰ ਫ਼ਿਲਮਾਂ ਦੀ ਸਕ੍ਰੀਨਿੰਗ ਕੀਤੀ ਗਈ, ਪਰ ਦੋਵਾਂ ਵਰਗਾਂ 'ਚ ਇਕ ਵੀ ਪੰਜਾਬੀ ਫ਼ਿਲਮ ਨਹੀਂ ਸੀ।

ਅਫ਼ਸੋਸਨਾਕ ਗੱਲ ਇਹ ਵੀ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਪੰਜਾਬੀ ਫ਼ਿਲਮਾਂ ਦੀ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ 'ਚੋਂ ਗ਼ੈਰ-ਹਾਜ਼ਰੀ ਰਹੀ ਹੋਵੇ। ਸਗੋਂ ਇਹ ਕਹਿਣਾ ਵਧੇਰੇ ਮੁਫੀਦ ਹੋਵੇਗਾ ਕਿ ਪੰਜਾਬੀ ਫ਼ਿਲਮਾਂ ਨੂੰ ਇਹ ਮਾਣ ਬਹੁਤ ਹੀ ਘੱਟ ਵਾਰ ਹਾਸਿਲ ਹੋਇਆ ਹੈ। ਇਸ ਲੜੀ ਦੇ ਹਾਲ 2012, 2014 ਭਡੇ 2021 ਦਾ ਨਾਂਅ ਅਸੀਂ ਫ਼ਖ਼ਰ ਨਾਲ ਲੈ ਸਕਦੇ ਹਾਂ। 2014 'ਚ ਕਵਿਤਾ ਬਹਿਲ ਅਤੇ ਨੰਦਨ ਸਕਨੰਦਾ ਵਲੋਂ ਨਿਰਦੇਸ਼ਿਤ ਫ਼ਿਲਮ 'ਛਓਿਧਓਿੀ ਠੁਓ ੀਧ' ਨੇ ਚੋਣਵੀਆਂ ਗ਼ੈਰ-ਫੀਚਰ ਫ਼ਿਲਮਾਂ ਦੇ ਵਰਗ 'ਚ ਆਪਣੀ ਥਾਂ ਬਣਾਈ ਸੀ। ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ 'ਚ ਬਣੀ ਇਹ ਫ਼ਿਲਮ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ 'ਤੇ ਆਧਾਰਿਤ ਸੀ, ਜਿਸ 'ਚ ਉਸ ਦੀ ਮੌਤ ਤੋਂ ਬਾਅਦ ਪਰਿਵਾਰ ਦੇ ਹਾਲਾਤ ਦਾ ਦਿਲ-ਚੀਰਵਾਂ ਚਿਤਰਨ ਕੀਤਾ ਗਿਆ ਸੀ।

2012 'ਚ ਗੁਰਵਿੰਦਰ ਸਿੰਘ ਵਲੋਂ ਨਿਰਦੇਸਿਤ 'ਚੌਥੀ ਕੂੰਟ' ਨੂੰ ਵੀ ਚੋਣਵੀਆਂ ਖੇਤਰੀ ਭਾਸ਼ਾਵਾਂ ਦੀਆਂ ਗ਼ੈਰ ਫੀਚਰ ਫ਼ਿਲਮਾਂ ਦੀ ਸੂਚੀ 'ਚ ਥਾਂ ਮਿਲੀ ਸੀ। ਇਹ ਫ਼ਿਲਮ 80 ਦੇ ਦਹਾਕੇ 'ਚ ਪੰਜਾਬ ਦੇ ਹਾਲਾਤ 'ਤੇ ਆਧਾਰਿਤ ਸੀ। ਉਦੋਂ ਅੱਤਵਾਦ ਸਿਖ਼ਰਾਂ 'ਤੇ ਸੀ। ਇਹ ਫ਼ਿਲਮ 2015 'ਚ ਕਾਨਸ ਫ਼ਿਲਮ ਫੈਸਟੀਵਲ 'ਚ ਪ੍ਰੀਮੀਅਰ ਹੋਣ ਵਾਲੀ ਪਹਿਲੀ ਪੰਜਾਬੀ ਫ਼ਿਲਮ ਵੀ ਬਣੀ ਸੀ। ਇਸ ਫ਼ਿਲਮ ਨੂੰ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ 2012 'ਚ ਬਿਹਤਰੀਨ ਫਿਲਮ ਦਾ 'ਗੋਲਡਨ ਪੀਕੌਕ' ਐਵਾਰਡ ਵੀ ਹਾਸਿਲ ਹੋਇਆ ਸੀ।




ਇਸ ਤੋਂ ਇਲਾਵਾ 2012 'ਚ ਹੀ ਪੰਜਾਬੀ ਫ਼ਿਲਮ ਧਰਤੀ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ 'ਚ ਸ਼ੁਰੂਆਤ ਭਾਵ ਓਪਨਿੰਗ ਵਾਲੇ ਦਿਨ ਸਕਰੀਨ ਕੀਤੀ ਜਾਣ ਵਾਲੀ ਪਹਿਲੀ ਖੇਤਰੀ ਫ਼ਿਲਮ ਵੀ ਬਣੀ ਸੀ। ਧਰਤੀ ਦੇ ਨਾਲ ਦੇ ਹੋਰ ਖੇਤਰੀ ਫ਼ਿਲਮਾਂ ਤੇਲਗੂ ਅਤੇ ਮਰਾਠੀ ਵੀ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ ਦੇ ਪਹਿਲੇ ਦਿਨ ਦੀ ਸਕ੍ਰੀਨਿੰਗ ਦੀ ਸੂਚੀ 'ਚ ਸ਼ਾਮਿਲ ਸਨ। ਨਵਨੀਅਤ ਸਿੰਘ ਵਲੋਂ ਨਿਰਦੇਸ਼ਤ ਇਹ ਫ਼ਿਲਮ ਪੰਜਾਬ ਦੇ ਕਿਸਾਨਾਂ ਦੇ ਸੰਘਰਸ਼, ਖੇਤਰੀ ਪਛਾਣ ਅਤੇ ਸਮਾਜਿਕ ਮੁੱਦਿਆਂ 'ਤੇ ਆਧਾਰਿਤ ਸੀ।

ਲੰਮੇ ਸਮੇਂ 'ਤੇ ਚਲ ਰਹੇ ਅੰਤਰਰਾਸ਼ਟਰੀ ਪੱਧਰ ਦੇ ਸਮਾਗਮ 'ਚ ਪੰਜਾਬੀ ਫ਼ਿਲਮਾਂ ਦੀ ਪੋਟਿਆਂ 'ਤੇ ਗਿਣੀ ਜਾਣ ਵਾਲੀ ਨੁਮਾਇੰਦਗੀ ਵਿਚਾਰਨ ਵਾਲੀ ਗੱਲ ਹੈ। ਦੱਸਣਯੋਗ ਹੈ ਕਿ ਪੰਜਾਬੀ ਫ਼ਿਲਮਾਂ ਦਾ ਇਤਿਹਾਸ 9 ਦਹਾਕਿਆਂ ਤੋਂ ਵੀ ਪੁਰਾਣਾ ਹੈ। ਆਜ਼ਾਦੀ ਤੋਂ ਬਾਅਦ ਦੇ ਇਤਿਹਾਸ ਵੱਲ ਝਾਤ ਮਾਰੀਏ ਤਾਂ 1948 'ਚ ਰੂਪ ਕੁਮਾਰ ਸ਼ੋਰੀ ਦੀ ਨਿਰਦੇਸ਼ਤ ਫ਼ਿਲਮ 'ਚਮਨ' ਦੇ ਨਾਲ ਪੰਜਾਬੀ ਫ਼ਿਲਮਾਂ ਦਾ ਆਗਾਜ਼ ਹੋਇਆ ਸੀ। 1951 'ਚ ਕੇ.ਡੀ. ਮਹਿਰਾ ਵਲੋਂ ਨਿਰਦੇਸ਼ਤ ਫ਼ਿਲਮ 'ਪੋਸਤੀ' ਪਹਿਲੀ ਪੰਜਾਬੀ ਕਾਮੇਡੀ ਫ਼ਿਲਮ ਸੀ ਅਤੇ 1969 'ਚ ਪੰਜਾਬੀ ਫ਼ਿਲਮਾਂ ਨੇ ਤਕਨਾਲੋਜੀ ਨਾਲ ਜੁੜਦਿਆਂ 'ਨਾਨਕ ਨਾਮ ਜਹਾਜ਼ ਹੈ' ਫ਼ਿਲਮ ਬਣਾਈ ਜੋ ਕਿ ਪਹਿਲੀ ਰੰਗਦਾਰ ਫ਼ਿਲਮ ਸੀ। ਪੰਜਾਬੀ ਫ਼ਿਲਮਾਂ 'ਚ 80 ਦੇ ਦਹਾਕੇ ਤੋਂ ਬਾਅਦ ਦਾ ਕੁਝ ਸਮਾਂ ਖੜੋਤ ਦਾ ਸਮਾਂ ਰਿਹਾ, ਜਿਥੇ ਸੁਰੱਖਿਆ ਥੀਏਟਰਾਂ ਤੋਂ ਪਾਸਾ ਵੱਟੀ ਰੱਖਿਆ।

### ਸਾਲ 2000 ਤੋਂ ਬਾਅਦ ਗਿਣਤੀ 'ਚ ਖਾਸਾ ਵਾਧਾ ਹੋਇਆ

ਸਾਲ 2012 ਵਿੱਚ 24, ਸਾਲ 2013 ਵਿੱਚ 42 ਅਤੇਸਾਲ 2019ਵਿੱਚ 61 ਪੰਜਾਬੀ ਫ਼ਿਲਮਾਂ ਰਿਲੀਜ਼ ਹੋਈਆਂ ਅਤੇ ਉਸ ਤੋਂ ਬਾਅਦ ਤਾਂ ਇਹ ਗਿਣਤੀ ਲਗਾਤਾਰ ਇਸੇ ਹੀ ਗੇੜ 'ਚ ਰਹੀ। ਹੁਣ ਸਵਾਲ ਇਹ ਹੈ ਕਿ ਸਾਲ 'ਚ 50 ਤੋਂ ਵੱਧ ਪੰਜਾਬੀ ਫ਼ਿਲਮਾਂ ਬਣਾਉਣ ਵਾਲੀ ਇੰਡਸਟਰੀ ਕੋਲ ਇਕ ਵੀ ਅਜਿਹੀ ਫ਼ਿਲਮ ਨਹੀਂ ਹੈ ਜੋ ਅੰਤਰਰਾਸ਼ਟਰੀ ਫਿਲਮ ਮੇਲੇ 'ਚ ਪੰਜਾਬ ਦੀ ਨੁਮਾਇੰਦਗੀ ਕਰ ਸਕੇ ? ਜਦੋਂ ਇਹ ਸਵਾਲ ਅੰਤਰਰਾਸ਼ਟਰੀ ਫ਼ਿਲਮ ਮੇਲੇ ਦੇ ਜਿਊਰੀ ਦੇ ਚੇਅਰਪਰਸਨ ਰਾਜਾ ਬੁੰਦੇਲਾ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਹਾਲੇ ਪੰਜਾਬੀ ਫ਼ਿਲਮਾਂ ਨੂੰ ਆਪਣਾ ਪੱਧਰ ਹੋਰ ਵਧਾਉਣ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਇੰਡੀਅਨ ਪੈਨੋਰਮਾ ਵਰਗ 'ਚ ਇਕ 'ਵਾਰ 4 ਪੰਜਾਬੀ ਫ਼ਿਲਮਾਂ ਨਾਮਜ਼ਦ ਸਨ, ਪਰ ਕਿਸੇ ਨੂੰ ਵੀ ਫਾਈਨਲ ਸੂਚੀ 'ਚ ਥਾਂ ਨਹੀਂ ਸੀ ਮਿਲੀ। ਜਿਊਰੀ ਦੇ ਹੀ ਇਕ ਮੈਂਬਰ ਅਰੁਣ ਬਖ਼ਸ਼ੀ, ਜੋ ਆਪ ਵੀ ਪੰਜਾਬੀ ਫ਼ਿਲਮ ਇੰਡਸਟਰੀ ਨਾਲ ਜੁੜੇ ਹੋਏ। ਹਨ, ਮੁਤਾਬਿਕ ਪੰਜਾਬੀ ਫ਼ਿਲਮ ਇੰਡਸਟਰੀ, ਜੋ ਕਿ ਇਕ ਨਿਸ਼ਚਿਤ ਦਰਸ਼ਕ ਵਰਗ ਤੱਕ ਹੀ ਮਹਿਦੂਦ ਹੈ, ਨੂੰ ਆਪਣਾ ਦਾਇਰਾ ਵਧਾਉਣ ਲਈ ਹੋਰਨਾਂ ਖੇਤਰੀ ਫਿਲਮਾਂ, ਖਾਸ ਤੌਰ 'ਤੇ ਜਿਹੜੀਆਂ ਫ਼ਿਲਮਾਂ ਮਿਆਰੀ ਫ਼ਿਲਮ ਫੈਸਟੀਵਲ ਦਾ ਹਿੱਸਾ ਬਣੀਆਂ ਹੋਣ, ਦੇ ਕੰਟੈਂਟ 'ਤੇ ਬਾਰੀਕੀ ਨਾਲ ਝਾਤ ਮਾਰਨ ਦੀ ਲੋੜ ਹੈ, ਤਾਂ ਜੋ ਉਹ ਸਮਝ ਸਕਣ ਕਿ ਉਹ ਕਿਹੜੇ ਪੌਡੇ 'ਤੇ ਖੜ੍ਹੇ ਹਨ ਅਤੇ ਹੋਰ ਕਿੰਨੀਆਂ ਪੁਲਾਂਘਾਂ ਪੁੱਟਣ ਦੀ ਲੋੜ ਹੈ।




### ਵੱਡੇ ਚਿਹਰਿਆਂ ਦੀ ਫ਼ਿਲਮ ਮੇਲੇ ਤੋਂ ਦੂਰੀ

ਦੂਜੀ ਨਿਰਾਸ਼ਾ ਅੰਤਰਰਾਸ਼ਟਰੀ ਫ਼ਿਲਮ ਮੇਲੇ ਤੋਂ ਵੱਡੇ ਅਦਾਕਾਰਾਂ ਅਤੇ ਡਾਇਰੈਕਟਰਾਂ ਸਮੇਤ ਪ੍ਰਸਿੱਧ ਚਿਹਰਿਆਂ ਦੀ ਗੈਰ-ਮੌਜੂਦਗੀ ਨੂੰ ਲੈ ਕੇ ਸੀ। ਅੰਤਰਰਾਸ਼ਟਰੀ ਫ਼ਿਲਮ ਮੇਲਾ ਭਾਰਤ ਸਰਕਾਰ, ਗੋਆ ਦੀ ਸੂਬਾ ਸਰਕਾਰ ਅਤੇ ਐਨ.ਡੀ.ਐਫ.ਸੀ. ਵਲੋਂ ਕਰਵਾਇਆ ਜਾਣ ਵਾਲਾ ਸਾਲਾਨਾ ਫ਼ਿਲਮ ਫੈਸਟੀਵਲ ਹੈ। ਅੰਤਰਰਾਸ਼ਟਰੀ ਪੱਧਰ ਦਾ ਹੋਣ ਕਾਰਨ ਇਸ ਦਾ ਮਿਆਰ ਕਾਨਸ, ਬਰਲਿਨ ਅਤੇ ਵੀਨਸ ਨਾਲ ਮੇਚ 'ਚ ਵੇਖਿਆ ਜਾਂਦਾ ਹੈ। ਪਰ ਆਪਣੇ ਹੀ ਦੇਸ਼ ਦੇ ਵੱਡੇ ਚਿਹਰਿਆਂ ਵਲੋਂ ਇਸ ਫ਼ਿਲਮ ਮੇਲੇ ਤੋਂ ਦੂਰੀ ਬਣਾਉਣ ਦੇ ਕਾਰਨ ਇਸ ਦੇ ਪੱਧਰ ਅਤੇ ਆਯੋਜਨ 'ਤੇ ਸਵਾਲ ਖੜ੍ਹੇ ਹੁੰਦੇ ਹਨ। ਬਿਨਾਂ ਸ਼ੱਕ ਗੋਆ 'ਚ ਹੋਏ 56ਵੇਂ ਅੰਤਰਰਾਸ਼ਟਰੀ ਫ਼ਿਲਮ ਮੇਲੇ 'ਚ ਵੱਡੀ ਪੱਧਰ 'ਤੇ ਲੋਕਾਂ ਨੇ ਸ਼ਮੂਲੀਅਤ ਕੀਤੀ।




ਇਸ 'ਚ ਸਿਰਫ਼ ਫ਼ਿਲਮ ਜਗਤ ਨਾਲ ਸੰਬੰਧਿਤ ਲੋਕ ਹੀ ਨਹੀਂ ਡੇਲੀਗੇਟ ਵੀ ਸ਼ਾਮਿਲ ਸਨ। ਇਸ ਨਾਲ ਪਹਿਲੀ ਵਾਰ ਭਾਰਤ ਦੇ ਵੱਖ-ਵੱਖ ਸੱਭਿਆਚਾਰਾਂ ਦਾ ਪ੍ਰਗਟਾਵਾ ਕਰਦੀ ਕਾਰਨਿਲ ਪਰੇਡ ਵੀ ਕੱਢੀ ਗਈ। ਫ਼ਿਲਮਾਂ ਦੀ ਕੋ-ਪ੍ਰੋਡਕਸ਼ਨ 'ਦੇ ਮੌਕਿਆਂ ਬਾਰੇ ਸਜਿਆ ਵੇਵਜ਼ (ਅਵਇਸ) ਫ਼ਿਲਮ ਨਗਰ, ਸਿਨੇਮਾ ? ਬਾਰੇ ਪ੍ਰਭਾਵੀ ਚਰਚਾਵਾਂ ਲਈ ਵਰਕਸ਼ਾਪ ਅਤੇ ਗੱਲਬਾਤ ਅਤੇ 127 ! ਦੇਸ਼ਾਂ ਦੀਆਂ 240 ਤੋਂ ਵੱਧ ਫ਼ਿਲਮਾਂ ਦੀ ਸਕ੍ਰੀਨਿੰਗ, ਇਹ ਸਭ ਕੁਝ ਰ ਅੰਤਰਰਾਸ਼ਟਰੀ ਫ਼ਿਲਮ ਮੇਲੇ ਦੀ ਹਾਲੀਆ ਸਾਲਾਂ 'ਚ ਵਧ ਰਹੀ ਸ਼ਮੂਲੀਅਤ ਦੇ ਕਾਰਨ ਹੈ।

ਪਰ ਘਰੇਲੂ ਦੌਰ ਤੇ ਮੁੰਬਈ ਫ਼ਿਲਮ ਫੈਸਟੀਵਲ ਅਤੇ 6 ਧਰਮਸ਼ਾਲਾ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਭਾਰਤੀ ਫ਼ਿਲਮ ਜਗਤ ਅਤੇ ਨੌਜਵਾਨ ਫ਼ਿਲਮ ਨਿਰਮਾਤਾਵਾਂ 'ਚ ਵਧੇਰੇ ਮਕਬੂਲ ਹਨ। ਇਸ ਸੰਬੰਧ 'ਚ ਮੌਜੂਦ ਫ਼ਿਲਮ ਜਗਤ ਨਾਲ ਜੁੜੇ ਕੁਝ ਲੋਕਾਂ 1 ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਫ਼ਿਲਮ ਮੇਲੇ ਦੀ ਰਹਿਨੁਮਾਈ ਕਰਨ ਲਈ ਕੋਈ ਸਿੰਗਲ ਵਿਜ਼ਨ ਜਾਂ ਸਮਰਪਿਤ ਸ਼ਖ਼ਸੀਅਤ ਦੀ ਘਾਟ ਹੈ। ਸਪੇਨ ਜੋ 56ਵੇਂ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ 'ਚ ਭਾਰਤ ਦਾ ਭਾਈਵਾਲ ਦੇਸ਼ ਵੀ ਰਿਹਾ, ਦੇ ਇਕ ਡਾਇਰੈਕਟਰ ਨੇ 'ਅਜੀਤ' ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨਿਦੇਂ ਵਿ ਵਾਂਤ 'ਚ ਠਹਇਰਰੇ 'ਰਇਮਅੁਣ 2004 3 ਓਰਟਮਿਟਚਿ ਧਰਿਏਚਟੋਰ ਹਨ, ਜਿਸ ਦੀ ਅਗਵਾਈ ਹੇਠ ਨਵੇਂ ਹੁਨਰ ਵੀ ਅੱਗੇ ਆ ਰਹੇ ਹਨ। ਅਜਿਹੇ ਵਿਜ਼ਨ ਅਤੇ ਸਮਰਪਣ ਦੀ ਇਸ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ 'ਚ ਘਾਟ ਹੈ।

ਉਸ ਮਿਆਰ 'ਤੇ ਲੈ ਜਾਣ ਲਈ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ ਦਾ ਏਸ਼ੀਆ ਦੇ ਸਭ ਤੋਂ ਵੱਡੇ ਫ਼ਿਲਮ ਫੈਸਟੀਵਲ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ, ਨੂੰ ਬਾਲੀਵੁੱਡ ਸਟਾਰਜ਼ ਦੇ ਨਾਲ- ਨਾਲ ਨਵੇਂ ਪੇਸ ਨੂੰ ਵੀ ਆਪਣੇ ਨਾਲ ਜੋੜਨਾ ਹੋਵੇਗਾ ਅਤੇ ਇਕ ਸਮਰਪਿਤ ਵਿਜ਼ਨ ਦੇ ਨਾਲ ਇਸ ਨੂੰ ਅਗੇ ਲੈ ਕੇ ਜਾਣਾ ਹੋਵੇਗਾ, ਜਿਸ ਦੇ ਫੋਕਸ 'ਚ ਸਿਨੇਮਾ ਹੋਵੇ।

-0-

# Golden State Realty

## ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ, ਦੋਸਤਾਂ-ਮਿੱਤਰਾਂ ਤੇ ਸਨੇਹੀਆਂ ਨੂੰ ਨਵੇਂ ਸਾਲ 2026 ਦੀਆਂ ਲੱਖ ਲੱਖ ਮੁਬਾਰਕਾਂ!

ਨਵਾਂ ਸਾਲ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਜੀਵਨ ਵਿਚ ਖੁਸ਼ੀਆਂ, ਖੇੜੇ, ਖੁਸ਼ਹਾਲੀ ਤੇ ਤਰੱਕੀ ਲੈ ਕੇ ਆਵੇ। ਸਫਲਤਾ ਤੁਹਾਡੇ ਪੈਰ ਚੁੰਮੇ ਤੇ ਪਰਮਾਤਮਾ ਤੁਹਾਡੀ ਹਰ ਮੁਰਾਦ ਪੂਰੀ ਕਰੇ।

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



**Anmol Singh Gill**
REALTOR
Bre. # 02062952



**Armaan Singh Gill**
Sales Agent
Bre. # 02161166
Ph: 510-709-7987



**Jaswinder (Jassi) Gill**
M.Sc (PAU)
CA BRE# 00966763
Broker/Owner



**Harjot Singh Gill**
REALTOR
Bre. # 02036421
Ph: 408.413.8350



**Rakesh Pabla**
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 7722 Curry Dr Gilroy CA 95020
2. 5645 Evergreen terr Fremont CA 94536
3. 1916 Ticino Ct Pleasanton CA 94566
4. 4643 Sloan St Fremont CA 94538
5. 30252 Cedarbrook Dr Hayward ca 94544
6. 4452 Alice Way Union city CA 94587
7. 776 Vereda ct San Jose CA 95123
8. 8455 Peachtree Ave Newark CA 94560
9. 2169 Charger Dr San Jose CA 95131
10. 9810 Bobcat Ct Gilroy CA 95020
11. 1777 Osage Ave Hayward CA 94545
12. 2249 moody ave Hayward ca 94545
13. 985 Silver Birch Ln Hayward CA 94544
14. 9550 Appaloosa Pl Elk Grove CA 95624

## Purchase Loan and Refinance

Call Sukhveer (Sukhi) Gill
DHMS, Loan Broker
Ph: 510-207-9067
CA BRE Lic.#01180969
NMLS# 352095

19-20